Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE# 00966763
CA DRE Lic.#01180969

Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 38; September 19, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਪੰਜਾਬ ਨੂੰ ਅਸਥਿਰ ਕਰਨ ਦਾ ਅਸਰ ਪੂਰੇ ਦੇਸ਼ 'ਤੇ ਪਵੇਗਾ: ਮਾਨ

### ਭਾਜਪਾ ਦੀ ਨਸ਼ਾ ਵਿਰੋਧੀ ਮੁਹਿੰਮ ਉਤੇ ਜਵਾਬੀ ਹਮਲਾ

**ਚੰਡੀਗੜ੍ਹ:**ਭਾਜਪਾ ਦੀ ਨਸ਼ਾ ਵਿਰੋਧੀ ਮੁਹਿੰਮ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ 'ਤੇ ਪਲਟਵਾਰ ਕੀਤਾ ਹੈ। ਉਨ੍ਹਾਂ ਗੁਜਰਾਤ ਦੀ ਮੁੰਦਰਾ ਬੰਦਰਗਾਹ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਾਕਿਸਤਾਨੀ ਸਰਹੱਦ ਤੋਂ ਪੰਜਾਬ 'ਚ ਤਾਂ ਹੈਰੋਇਨ ਦੀ ਇਕ-ਦੋ, ਪੰਜ ਜਾਂ 10 ਕਿਲੋ ਦੀ ਖੇਪ ਫੜੀ ਜਾਂਦੀ ਹੈ, ਜਦਕਿ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ ਤਿੰਨ-ਤਿੰਨ ਹਜ਼ਾਰ ਕਿਲੋ ਦੀਆਂ ਖੇਪਾਂ ਫੜੀਆਂ ਜਾ ਰਹੀਆਂ ਹਨ। ਮਾਨ ਨੇ ਕਿਹਾ ਕਿ ਇਕ ਪਾਸੇ ਪੰਜਾਬ ਨੂੰ ਨਸ਼ਿਆਂ ਲਈ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਦੂਜੇ ਸੂਬਿਆਂ ਤੋਂ ਵੱਡੀਆਂ ਖੇਪਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਨਸ਼ਿਆਂ ਖ਼ਿਲਾਫ਼ ਯਾਤਰਾ ਕੱਢਣ ਤੋਂ ਪਹਿਲਾਂ ਮੁੰਦਰਾ ਬੰਦਰਗਾਹ ਨੂੰ ਸੰਭਾਲਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਗੁਜਰਾਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਗ੍ਰਹਿ ਸੂਬਾ ਹੈ। ਪੰਜਾਬ ਪੁਲਿਸ ਸੂਚਨਾ ਮਿਲਣ 'ਤੇ ਗੁਜਰਾਤ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੱਕ ਜਾ ਕੇ ਨਸ਼ਿਆਂ ਦੀਆਂ ਖੇਪਾਂ ਫੜ ਰਹੀ ਹੈ। ਅਜਿਹੇ 'ਚ ਸਿਰਫ਼ ਪੰਜਾਬ ਨੂੰ ਬਦਨਾਮ ਕਰਨ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਦੇਸ਼ 'ਚ ਐਨਡੀਪੀਐੱਸ ਮਾਮਲਿਆਂ 'ਚ ਹੋਣ ਵਾਲੀ ਹੈਰੋਇਨ ਦੀ ਬਰਾਮਦਗੀ 'ਚ ਪੰਜਾਬ ਦਾ ਯੋਗਦਾਨ ਕਰੀਬ 60 ਫ਼ੀਸਦੀ ਹੈ, ਪਰ ਨਸ਼ਿਆਂ ਦੀ ਸਪਲਾਈ ਦੇ ਸਰੋਤਾਂ 'ਤੇ ਵੀ ਕਾਰਵਾਈ ਜ਼ਰੂਰੀ ਹੈ। ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਨੇ 54 ਏਕੇ-47 ਫੜੀਆਂ ਹਨ। ਕੇਂਦਰੀ ਗ੍ਰਹਿ ਮੰਤਰੀ ਦੱਸਣ ਕਿ ਇਹ ਕਿੱਥੋਂ ਆ ਰਹੀਆਂ ਹਨ, ਸਰਹੱਦ 'ਤੇ ਤਾਂ ਸਖ਼ਤ ਪਹਿਰਾ ਹੈ। ਇਸ ਦੌਰਾਨ ਡੀਜੀਪੀ ਗੌਰਵ ਯਾਦਵ, ਇੰਟੈਲੀਜੈਂਸ ਮੁਖੀ ਅਮਿਤ ਪ੍ਰਸਾਦ, ਏਐੱਨਟੀਐੱਫ ਮੁਖੀ ਨੀਲਾਭ ਕਿਸ਼ੋਰ ਅਤੇ ਏਜੀਟੀਐੱਫ ਮੁਖੀ ਪ੍ਰਮੋਦ ਬਾਣੇ ਨੇ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸ਼ਾਂਤੀਪਸੰਦ ਸੂਬਾ ਹੈ ਅਤੇ ਦੇਸ਼ ਦੀ ਸੁਰੱਖਿਆ 'ਚ ਇਸ ਦਾ ਯੋਗਦਾਨ ਵੱਡਾ ਹੈ। ਪਾਕਿਸਤਾਨ ਨਾਲ ਪੰਜਾਬ ਦੀ 533 ਕਿਲੋਮੀਟਰ ਸਰਹੱਦ ਹੈ ਅਤੇ ਸਰਹੱਦ ਪਾਰ ਤੋਂ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਭਾਰਤ ਦਾ ਦਿਲ ਹੈ। ਜੇਕਰ ਪੰਜਾਬ ਨੂੰ ਅਸਥਿਰ ਕੀਤਾ ਜਾਵੇਗਾ ਤਾਂ ਇਸ ਦਾ ਅਸਰ ਪੂਰੇ ਦੇਸ਼ 'ਤੇ ਪਵੇਗਾ। ਪੰਜਾਬ ਪੁਲਿਸ ਸਿਰਫ਼ ਸੂਬੇ ਦੀ ਨਹੀਂ, ਸਗੋਂ ਦੇਸ਼ ਦੀ ਸੁਰੱਖਿਆ 'ਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਕਰੀਬ 40 ਫ਼ੀਸਦੀ ਪੰਜਾਬ ਪੁਲਿਸ ਬੀਐੱਸਐੱਫ ਨਾਲ ਮਿਲ ਕੇ ਸਰਹੱਦ 'ਤੇ ਕੰਮ ਕਰ ਰਹੀ ਹੈ। ਡ੍ਰੋਨ ਜਾਂ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਮਿਲਣ 'ਤੇ ਫ਼ੌਜ ਅਤੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕੀਤਾ ਜਾਂਦਾ ਹੈ। ਗ੍ਰਹਿ ਮੰਤਰਾਲੇ, ਆਈਬੀ ਅਤੇ ਦੇਸ਼ ਦੀਆਂ ਹੋਰ ਏਜੰਸੀਆਂ ਨਾਲ ਪੰਜਾਬ ਪੁਲਿਸ ਲਗਾਤਾਰ ਸੰਪਰਕ 'ਚ ਹੈ।



ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਗੈਂਗਸਟਰਾਂ ਨੂੰ ਲੈ ਕੇ ਸਰਕਾਰ 'ਤੇ ਕੀਤੇ ਜਾ ਰਹੇ ਹਮਲਿਆਂ ਬਾਰੇ ਮਾਨ ਨੇ ਕਿਹਾ ਕਿ ਅਜਿਹੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਹਾਸਾ ਆਉਂਦਾ ਹੈ। ਉਨ੍ਹਾਂ ਕਾਂਗਰਸ ਅਤੇ ਅਕਾਲੀ ਦਲ ਦੇ ਸ਼ਾਸਨਕਾਲ ਨੂੰ ਪੰਜਾਬ ਦੇ ਉਸ ਦੌਰ ਨਾਲ ਜੋੜਿਆ, ਜਦੋਂ ਲੋਕ ਸ਼ਾਮ ਚਾਰ ਵਜੇ ਹੀ ਦਰਵਾਜ਼ੇ

*(ਬਾਕੀ ਸਫ਼ਾ 4 'ਤੇ)*

## ਚੰਨੀ ਅਤੇ ਵੜਿੰਗ ਨੂੰ ਇੱਕ ਮੰਚ 'ਤੇ ਲੈ ਕੇ ਆਏ ਸਚਿਨ ਪਾਇਲਟ



**ਚੰਡੀਗੜ੍ਹ :**ਗੁਲਜ਼ਾਰ ਸਿੰਘ ਖੁਦਕੁਸ਼ੀ ਮਾਮਲੇ ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਦੀ ਰਿਹਾਇਸ਼ ਵੱਲ ਪੰਜਾਬ ਕਾਂਗਰਸ ਵੱਲੋਂ ਰੋਸ ਮਾਰਚ ਕੀਤਾ ਗਿਆ । ਇਹ ਮਾਰਚ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਦੀ ਅਗਵਾਈ ਹੇਠ ਕੀਤਾ ਗਿਆ ਜਿਨ੍ਹਾਂ ਨੇ ਵੱਖ-ਵੱਖ ਧੜਿਆਂ ਵਿੱਚ ਵੰਡੀ ਹੋਈ ਕਾਂਗਰਸ ਨੂੰ ਇੱਕ ਮੰਚ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ। ਇਸ ਰੋਸ ਪ੍ਰਦਰਸ਼ਨ ਦੌਰਾਨ ਸਚਿਨ ਪਾਇਲਟ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਰੰਧਾਵਾ ਇੱਕੋ ਮੰਚ 'ਤੇ ਨਜ਼ਰ ਆਏ।

ਸਚਿਨ ਪਾਇਲਟ ਨੇ ਸਪਸ਼ਟ ਸੁਨੇਹਾ ਦਿੱਤਾ ਕਿ ਪੰਜਾਬ ਵਿਚ ਕੋਈ ਧੜੇਬੰਦੀ ਨਹੀਂ ਹੈ ਤੇ ਜੇ ਕੋਈ ਵੀ ਆਗੂ ਕਿਸੇ ਵਰਕਰ ਦੀ ਗੱਲ ਨਹੀਂ ਸੁਣਦਾ ਤਾਂ ਇਸ ਹਾਲਤ ਵਿਚ ਉਨ੍ਹਾਂ (ਪਾਇਲਟ) ਨਾਲ ਸਿੱਧਾ ਸੰਪਰਕ ਕੀਤਾ ਜਾਵੇ । ਸਚਿਨ ਨੇ ਕਿਹਾ ਕਿ ਪੰਜਾਬ ਕਾਂਗਰਸ ਵਿਚ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾਵੇਗੀ।ਉਨ੍ਹਾਂ ਵਰਕਰਾਂ ਵਿਚ ਜੋਸ਼ ਭਰਦਿਆਂ ਕਿਹਾ ਕਿ ਪੰਜਾਬ ਦੀ ਲੜਾਈ ਵਿਚ ਉਹ ਸਭ ਤੋਂ ਅੱਗੇ ਹਨ।

ਪਾਇਲਟ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਉਨ੍ਹਾਂ ਨੂੰ ਸੂਬੇ ਤੋਂ ਲੈ ਕੇ ਕੇਂਦਰ ਤਕ ਦਾ ਤਜਰਬਾ ਹੈ। ਉਹ ਸੱਤਾ ਵਿਚ ਵੀ ਰਹੇ ਹਨ ਤੇ ਵਿਰੋਧੀ ਧਿਰ ਵਿਚ ਵੀ ਤੇ ਉਹ ਹਰ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਹਨ।

ਪਾਇਲਟ ਨੇ ਜਨਤਕ ਤੌਰ 'ਤੇ ਏਕਤਾ ਦਾ ਪ੍ਰਦਰਸ਼ਨ ਕਰਦਿਆਂ ਮੰਚ 'ਤੇ ਚੰਨੀ ਅਤੇ ਵੜਿੰਗ ਦੇ ਹੱਥ ਵੀ ਮਿਲਾਏ । ਸਚਿਨ ਪਾਇਲਟ ਦੀ ਅਗਵਾਈ ਹੇਠ ਕੱਢੇ ਗਏ ਇਸ ਮਾਰਚ ਨੂੰ ਚੰਡੀਗੜ੍ਹ ਪੁਲੀਸ ਨੇ ਰਸਤੇ ਵਿੱਚ ਹੀ ਰੋਕ ਲਿਆ ਅਤੇ ਪਾਇਲਟ, ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਹਿਰਾਸਤ ਵਿੱਚ ਲੈ ਲਿਆ । ਚੰਨੀ ਅਤੇ ਉਨ੍ਹਾਂ ਦੇ ਸਮੂਹ ਦੇ ਹੋਰ

*(ਬਾਕੀ ਸਫ਼ਾ 4 'ਤੇ)*

DHILLON
IMMIGRATION LAW FIRM, PC
101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | 516-620-3656
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS




Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਸ੍ਰੀ ਅੰਮ੍ਰਿਤਸਰ ਸਾਹਿਬ ਦੀ 450ਵੀਂ ਵਰ੍ਹੇਗੰਢ ਲਈ 13-ਸੂਤਰੀ ਕਾਰਜ-ਏਜੰਡਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਾਲ 2027 ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੀ 450ਵੀਂ ਵਰ੍ਹੇਗੰਢ ਨੂੰ ਸਮਰਪਿਤ ਇੱਕ ਵਿਸਤ੍ਰਿਤ 13-ਸੂਤਰੀ ਕਾਰਜ-ਏਜੰਡੇ ਦਾ ਐਲਾਨ ਕੀਤਾ ਗਿਆ ਹੈ। ਇਸ ਇਤਿਹਾਸਕ ਮੌਕੇ ਨੂੰ ਕੇਵਲ ਸ਼ਹਿਰ ਦੇ ਸ਼ਾਨਾਮੱਤੇ ਅਤੀਤ ਦੇ ਜਸ਼ਨ ਵਜੋਂ ਨਹੀਂ, ਸਗੋਂ ਇਸ ਦੇ ਵਰਤਮਾਨ ਨੂੰ ਸਮਝਣ ਅਤੇ ਸਾਂਝੇ ਤੌਰ 'ਤੇ ਇਸ ਦੇ ਭਵਿੱਖ ਦੀ ਕਲਪਨਾ ਕਰਨ ਦੇ ਮੌਕੇ ਵਜੋਂ ਦੇਖਿਆ ਗਿਆ ਹੈ।



ਇਹ ਜਾਣਕਾਰੀ ਇੱਥੇ ਵਿਸ਼ੇਸ਼ ਪ੍ਰੈਸ-ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਦਿੱਤੀ।ਇਸ ਮੌਕੇ ਪ੍ਰੋ. ਐੱਚ.ਐੱਸ. ਸੈਣੀ, ਡੀਨ ਅਕਾਦਮਿਕ ਮਾਮਲੇ, ਪ੍ਰੋ. ਕੇ.ਐੱਸ. ਚਾਹਲ, ਰਜਿਸਟਰਾਰ, ਪ੍ਰੋ. ਸਤਨਾਮ ਸਿੰਘ ਦਿਓਲ, ਡੀਨ ਵਿਦਿਆਰਥੀ ਭਲਾਈ, ਪ੍ਰੋ. ਵਸੁਧਾ ਸਾਂਬਿਆਲ, ਡਿਪਟੀ ਕੋਆਰਡੀਨੇਟਰ, ਡਾ. ਅਮਰਜੀਤ ਸਿੰਘ, ਡਾਇਰੈਕਟਰ ਸਿੱਖ ਚੇਅਰ, ਪ੍ਰੋ. ਰਵਿੰਦਰ ਕੁਮਾਰ, ਪ੍ਰੋਫੈਸਰ ਇੰਚਾਰਜ (ਲੋਕ ਸੰਪਰਕ) ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਸਾਲ-ਭਰ ਚੱਲਣ ਵਾਲੀ ਪਹਿਲ ਵਿਦਵਾਨਾਂ, ਨਾਗਰਿਕਾਂ, ਸੰਸਥਾਵਾਂ, ਮਾਹਿਰਾਂ, ਕਲਾਕਾਰਾਂ, ਵਿਦਿਆਰਥੀਆਂ ਅਤੇ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀ ਅਤੇ ਸਿੱਖ ਪ੍ਰਵਾਸੀ ਭਾਈਚਾਰੇ ਨੂੰ ਇੱਕ ਸਾਂਝੇ ਮੰਚ 'ਤੇ ਲਿਆਵੇਗੀ। ਇਸ ਦਾ ਮਾਰਗਦਰਸ਼ਕ ਵਿਸ਼ਾ ਹੈ:"ਅਤੀਤ ਨੂੰ ਯਾਦ ਕਰਦਿਆਂ ਵਰਤਮਾਨ ਨੂੰ ਸਮਝਦਿਆਂ ਭਵਿੱਖ ਦੀ ਕਲਪਨਾ ਕਰਦਿਆਂ।"

ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਅੰਮ੍ਰਿਤਸਰ ਕੇਵਲ ਇੱਕ ਭੂਗੋਲਿਕ ਸਥਾਨ ਨਹੀਂ ਹੈ। ਉਨ੍ਹਾਂ ਕਿਹਾ, "ਸ੍ਰੀ ਅੰਮ੍ਰਿਤਸਰ ਸਾਹਿਬ ਅਧਿਆਤਮਿਕਤਾ, ਸੇਵਾ, ਮਨੁੱਖੀ ਮਰਿਆਦਾ, ਸਹਿ-ਹੋਂਦ ਅਤੇ ਸਰਬੱਤ ਦਾ ਭਲਾ ਦੇ ਸਰਵਵਿਆਪੀ ਸੰਦੇਸ਼ ਨਾਲ ਜੁੜਿਆ ਹੋਇਆ ਹੈ। 450ਵੀਂ ਵਰ੍ਹੇਗੰਢ ਸਾਨੂੰ ਨਾ ਸਿਰਫ਼ ਇਹ ਮਨਾਉਣ ਦਾ ਮੌਕਾ ਦਿੰਦੀ ਹੈ ਕਿ ਅੰਮ੍ਰਿਤਸਰ ਨੇ ਦੁਨੀਆ ਨੂੰ ਕੀ ਦਿੱਤਾ ਹੈ, ਸਗੋਂ ਇਹ ਵਿਚਾਰ ਕਰਨ ਦਾ ਵੀ ਮੌਕਾ ਦਿੰਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਅਸੀਂ ਕਿਹੋ ਜਿਹਾ ਅੰਮ੍ਰਿਤਸਰ ਸਿਰਜਣਾ ਚਾਹੁੰਦੇ ਹਾਂ।" ਉਨ੍ਹਾਂ ਦੱਸਿਆ ਕਿ ਇਸ 13 ਸੂਤਰੀ ਕਾਰਜ-ਏਜੰਡੇ ਵਿਚ ਜੋ ਨੁਕਤੇ ਸ਼ਾਮਿਲ ਕੀਤੇ ਗਏ ਹਨ ਉਨ੍ਹਾਂ ਵਿਚ ਅੰਮ੍ਰਿਤਸਰ 450 ਗਲੋਬਲ ਕਨਕਲੇਵ, ਅੰਮ੍ਰਿਤਸਰ 2052 25 ਸਾਲਾ ਦ੍ਰਿਸ਼ਟੀ ਦਸਤਾਵੇਜ਼, ਵਿਸ਼ੇਸ਼ ਦਸਤਾਵੇਜ਼ੀ ਫ਼ਿਲਮ "ਅੰਮ੍ਰਿਤਸਰ: ਦੁਨੀਆ ਲਈ ਇੱਕ ਸ਼ਹਿਰ", "ਅੰਮ੍ਰਿਤਸਰ ਦੀਆਂ 450 ਆਵਾਜ਼ਾਂ" ਮੌਖਿਕ ਇਤਿਹਾਸ ਪ੍ਰੋਜੈਕਟ, ਹਰਾ-ਭਰਾ ਅਤੇ ਸਾਫ਼-ਸੁਥਰਾ ਅੰਮ੍ਰਿਤਸਰ ਮਾਡਲ ਪ੍ਰੋਜੈਕਟ, ਸੱਭਿਆਚਾਰਕ ਵਿਰਾਸਤ ਪ੍ਰੋਗਰਾਮ ਲਾਈਟ ਐਂਡ ਸਾਊਂਡ, ਪ੍ਰਦਰਸ਼ਨੀਆਂ ਅਤੇ ਵਿਰਾਸਤੀ ਅਨੁਭਵ, ਪੁਸਤਕ ਪ੍ਰਕਾਸ਼ਨ "450 ਸਾਲਾਂ ਦਾ ਅੰਮ੍ਰਿਤਸਰ",ਗਲੋਬਲ ਅੰਮ੍ਰਿਤਸਰ ਸੰਵਾਦ ਗੱਲਬਾਤਾਂ, ਵਿਚਾਰ, ਵਿਰਾਸਤੀ ਸੈਰ ਅੰਮ੍ਰਿਤਸਰ ਦਾ ਪੁਰਾਣਾ ਸ਼ਹਿਰ, ਭੋਜਨ ਅਤੇ ਸੱਭਿਆਚਾਰਕ ਮੇਲਾ, ਅੰਮ੍ਰਿਤਸਰ 450 ਪੁਸਤਕ ਮੇਲਾ ਅਤੇ ਦੁਰਲੱਭ ਪੁਸਤਕਾਂ, ਚਿੱਤਰਾਂ ਅਤੇ ਪਾਂਡੁਲਿਪੀਆਂ ਦੀ ਪ੍ਰਦਰਸ਼ਨੀ,ਕਵੀ ਦਰਬਾਰ, ਰਾਗ ਦਰਬਾਰ ਅਤੇ ਢਾਡੀ ਦਰਬਾਰ, ਅਤੇ ਅੰਮ੍ਰਿਤਸਰ ਘੋਸ਼ਣਾ ਵਿਸ਼ਵ ਪੱਧਰੀ ਯੁੱਗ ਲਈ ਸਰਬੱਤ ਦਾ ਭਲਾ ਸ਼ਾਮਿਲ ਹਨ।

# 'ਮੇਰਾ ਪਿੰਡ 360 ਫਾਊਂਡੇਸ਼ਨ' ਨਾਲ 'ਡਾਕਟਰ ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ' ਨੇ ਮਿਲਾਇਆ ਹੱਥ



**ਚੰਡੀਗੜ੍ਹ:** ਮਸ਼ਹੂਰ ਕਾਮੇਡੀਅਨ ਅਤੇ ਅਦਾਕਾਰ ਮਰਹੂਮ ਡਾਕਟਰ ਜਸਵਿੰਦਰ ਸਿੰਘ ਭੱਲਾ ਦੇ ਜੀਵਨ ਨੂੰ ਸਮਰਪਿਤ 'ਡਾਕਟਰ ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ' ਦੀ ਨੁਮਾਇੰਦਗੀ ਕਰਦਿਆਂ ਉਨ੍ਹਾਂ ਦੇ ਸਪੁੱਤਰ ਅਤੇ ਅਦਾਕਾਰ ਪੁਖਰਾਜ ਭੱਲਾ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪਿਤਾ ਦੀ ਯਾਦ ਅਤੇ ਉਨ੍ਹਾਂ ਦੇ ਜੀਵਨ ਨੂੰ ਸਮਰਪਿਤ ਇਹ ਫਾਊਂਡੇਸ਼ਨ ਬਣਾਈ ਹੈ, ਜੋ ਮੇਰਾ ਪਿੰਡ 360 ਫਾਊਂਡੇਸ਼ਨ ਨਾਲ ਰਲ ਕੇ ਕੰਮ ਕਰੇਗੀ ਅਤੇ ਪਿੰਡਾਂ ਵਿਚ ਮਨੁੱਖੀ ਵਿਕਾਸ ਅਤੇ ਪਿੰਡਾਂ ਦੇ ਚੌਤਰਫਾ ਵਿਕਾਸ ਵਿਚ ਸਹਿਯੋਗ ਦੇਵੇਗੀ। ਉਨ੍ਹਾਂ ਦੱਸਿਆ ਕਿ 'ਮੇਰਾ ਪਿੰਡ ਫਾਊਂਡੇਸ਼ਨ' ਪੰਜਾਬ ਦੇ ਪਿੰਡਾਂ ਵਿਚ ਮਨੁੱਖੀ ਵਿਕਾਸ ਕਰਕੇ ਅਦੁੱਤੀ ਮਿਸਾਲ ਕਾਇਮ ਕਰ ਰਹੀ ਹੈ। ਉਨ੍ਹਾਂ ਦੋਹਾਂ ਸੰਸਥਾਵਾਂ ਦੇ ਸੁਮੇਲ ਨੂੰ ਅਗਾਂਹਵਧੂ ਕਦਮ ਦੱਸਦਿਆਂ ਵਧੀਆ ਭਵਿੱਖ ਦੀ ਕਾਮਨਾ ਕੀਤੀ।

ਫਾਊਂਡੇਸ਼ਨ ਦੇ ਸੰਸਥਾਪਕ ਭੁਪਿੰਦਰ ਸਿੰਘ ਹੁੰਦਲ ਅਮਰੀਕਾ ਤੋਂ ਆਨਲਾਈਨ ਇਸ ਸਮਾਗਮ ਨਾਲ ਜੁੜੇ। ਉਨ੍ਹਾਂ ਐਨ.ਆਰ.ਆਈਜ਼ ਨੂੰ ਆਪਣੇ ਪਿੰਡਾਂ ਵਿਚ ਜੱਦੀ ਘਰਾਂ ਨੂੰ ਮੁੜ ਸਰਗਰਮ ਕਰਕੇ ਪਿੰਡਾਂ ਦੀ ਸੇਵਾ ਲਈ ਵਰਤਣ ਦੀ ਅਪੀਲ ਕੀਤੀ ਅਤੇ ਨਵੇਂ ਸੈਂਟਰ ਸ਼ੁਰੂ ਕਰਨ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਮੇਰਾ ਪਿੰਡ 360 ਫਾਊਂਡੇਸ਼ਨ ਦੇ ਸਾਰੇ 8 ਕੇਂਦਰ ਪੇਂਡੂ ਪੰਜਾਬ ਵਿਚ ਪਿੰਡ ਵਾਸੀਆਂ ਨੂੰ 'ਮਨੁੱਖੀ ਵਿਕਾਸ' ਦੇ ਹਰ ਖੇਤਰ ਵਿਚ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਾਰੀਆਂ ਸੇਵਾਵਾਂ ਬਿਲਕੁਲ ਮੁਫ਼ਤ ਹਨ। ਜ਼ਰੂਰਤਮੰਦਾਂ ਨੂੰ ਵਿੱਤੀ ਮਦਦ, ਉਨ੍ਹਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਹਾਇਤਾ। ਲਾਇਬ੍ਰੇਰੀ, ਇਤਿਹਾਸਕ ਦਿਵਸ ਮੁਕਾਬਲੇ, ਕੰਪਿਊਟਰ ਲੈਬ ਰਾਹੀਂ ਆਈ.ਟੀ. ਟ੍ਰੇਨਿੰਗ, ਹੁਨਰ ਵਿਕਾਸ ਟ੍ਰੇਨਿੰਗ, ਮਿੱਟੀ ਟੈਸਟਿੰਗ, ਕਿਸਾਨਾਂ ਲਈ ਖੇਤੀ ਸਬਸਿਡੀਆਂ ਅਤੇ ਹੋਰ ਸੇਵਾਵਾਂ। ਐਨ.ਆਰ.ਆਈ. ਡਾਕਟਰ ਪਿੰਡ ਵਾਸੀਆਂ ਲਈ ਈ-ਕਲੀਨਿਕ ਚਲਾਉਂਦੇ ਹਨ, ਰਿਮੋਟ ਵੈਬਿਨਾਰ/ਸੈਮੀਨਾਰ ਅਤੇ ਸਾਰੀਆਂ ਸਰਕਾਰੀ ਸੇਵਾਵਾਂ ਪਿੰਡਾਂ ਵਿਚ ਹੀ ਦਿੱਤੀਆਂ ਜਾਂਦੀਆਂ ਹਨ। ਇਹ ਕੇਂਦਰ ਐਨ.ਆਰ.ਆਈ ਭਰਾਵਾਂ ਵੱਲੋਂ ਆਪਣੇ ਬਜ਼ੁਰਗਾਂ ਦੇ ਖਾਲੀ ਪਏ ਘਰਾਂ ਵਿਚ ਖੋਲ੍ਹੇ ਗਏ ਹਨ। ਸ਼ਿਕਾਗੋ ਦੇ ਭੁਪਿੰਦਰ ਸਿੰਘ ਹੁੰਦਲ (+1630-802-2179) ਇਸ ਕਾਰਜ ਦੀ ਅਗਵਾਈ ਕਰ ਰਹੇ ਹਨ।

# ਕੱਚੇ ਸਹਾਇਕ ਪ੍ਰੋਫ਼ੈਸਰਾਂ ਨੇ ਮੰਗੀ ਸਮੂਹਿਕ ਆਤਮਦਾਹ ਦੀ ਇਜਾਜ਼ਤ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਠੇਕਾ ਸਹਾਇਕ ਪ੍ਰੋਫ਼ੈਸਰਾਂ ਨੇ ਲੰਬੇ ਸਮੇਂ ਤੋਂ ਲਟਕ ਰਹੀਆਂ ਤਨਖ਼ਾਹ ਸਬੰਧੀ ਮੰਗਾਂ ਦੇ ਹੱਲ ਲਈ ਭਾਰਤ ਦੀ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਪੱਤਰ ਭੇਜਿਆ ਹੈ। ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰਜ਼ ਐਸੋਸੀਏਸ਼ਨ ਵੱਲੋਂ ਭੇਜੀ ਗਈ ਪ੍ਰਤੀਨਿਧਤਾ 'ਤੇ 100 ਤੋਂ ਵੱਧ ਅਧਿਆਪਕਾਂ ਨੇ ਹਸਤਾਖਰ ਕੀਤੇ ਹਨ। ਅਧਿਆਪਕਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਕਾਨੂੰਨੀ ਅਤੇ -ਨਿਆਂਇਕ ਹੱਕ ਲਾਗੂ ਨਹੀਂ ਕੀਤੇ ਜਾਂਦੇ ਤਾਂ ਉਨ੍ਹਾਂ ਨੂੰ ਸਮੂਹਿਕ ਆਤਮਦਾਹ ਦੀ ਇਜਾਜ਼ਤ ਦਿੱਤੀ ਜਾਵੇ।

ਐਸੋਸੀਏਸ਼ਨ ਦੀ ਪ੍ਰਧਾਨ ਡਾ. ਤਰਨਜੀਤ ਕੌਰ ਨੇ ਦੱਸਿਆ ਕਿ ਮੁੱਖ ਕੈਂਪਸ, ਖੇਤਰੀ ਕੈਂਪਸਾਂ ਅਤੇ ਕੰਸਟੀਚੂਐਂਟ ਕਾਲਜਾਂ 'ਵਿੱਚ ਕੰਮ ਕਰ ਰਹੇ ਇਹ ਅਧਿਆਪਕ ਪਿਛਲੇ 10 ਤੋਂ 15 ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਦੀ ਭਰਤੀ ਰਾਸ਼ਟਰੀ ਪੱਧਰ ' 'ਤੇ ਇਸ਼ਤਿਹਾਰ ਜਾਰੀ ਕਰਕੇ ਯੂਜੀਸੀ ਨਿਯਮਾਂ ਅਨੁਸਾਰ ਕਾਨੂੰਨੀ ਚੋਣ ਕਮੇਟੀ ਰਾਹੀਂ ਕੀਤੀ ਗਈ ਸੀ। ਕਈ ਅਧਿਆਪਕ ਠੇਕੇ 'ਤੇ ਹੀ ਸੇਵਾਮੁਕਤ ਹੋ ਚੁੱਕੇ ਹਨ, ਜਦਕਿ ਕੁਝ ਦੀ ਸੇਵਾ ਦੌਰਾਨ ਮੌਤ ਵੀ ਹੋ ਚੁੱਕੀ ਹੈ। ਜਨਰਲ ਸਕੱਤਰ ਰਮਨ ਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਯੂਨੀਵਰਸਿਟੀ ਵੱਲੋਂ ਯੂਜੀਸੀ ਰੈਗੂਲੇਸ਼ਨਜ਼ 2010 ਅਤੇ 2018 ਅਪਣਾਏ ਜਾਣ ਦੇ ਬਾਵਜੂਦ ਠੇਕਾ ਅਧਿਆਪਕਾਂ ਨੂੰ ਨਿਯਮਤ ਸਹਾਇਕ ਪ੍ਰੋਫ਼ੈਸਰਾਂ ਦੇ ਬਰਾਬਰ ਤਨਖ਼ਾਹ ਸਕੇਲ ਨਹੀਂ ਦਿੱਤਾ ਜਾ ਰਿਹਾ।


ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ

18 ਸਤੰਬਰ 2026 (ਸ਼ੁੱਕਰਵਾਰ)
ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ
20 ਸਤੰਬਰ 2026 (ਐਤਵਾਰ)
ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਪੰਥ ਪ੍ਰਸਿਧ ਜਥਿਆਂ ਵਲੋਂ ਗੁਰਬਾਣੀ ਕੀਰਤਨ ਉਪਰੰਤ ਬਾਬਾ ਫਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।
ਸੰਗਤ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702; ਤਰਸੇਮ ਲਾਲ ਪ੍ਰਧਾਨ ਫਰੀਦਕੋਟ, ਫੋਨ: 510-258-9266; ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਜਸਵੀਰ ਸਿੰਘ ਸੰਧੂ, ਫੋਨ: 510-303-8789

# ‘ਛਾਤਰੋਂ ਕੀ ਗੂੰਜ’ ਨਾਲ ਸਾਰੇ ਜੁੜੋ: ਰਾਹੁਲ



**ਨਵੀਂ ਦਿੱਲੀ:** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਦੀ ‘ਛਾਤਰੋਂ ਕੀ ਗੂੰਜ’ ਪਹਿਲ ਉਨ੍ਹਾਂ ਵਿਦਿਆਰਥੀਆਂ ਲਈ ਇਕ ਮੌਕਾ ਹੈ ਜੋ ਸਿੱਖਿਆ ਪ੍ਰਣਾਲੀ ਤੋਂ ਪਰੇਸ਼ਾਨ ਹਨ ਅਤੇ ਇਸਨੂੰ ਬਦਲਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਹਨ।

ਰਾਹੁਲ ਗਾਂਧੀ ਨੇ ਐਕਸ ‘ਤੇ ਹਿੰਦੀ ਵਿਚ ਇਕ ਪੋਸਟ ਪਾਈ ਤੇ ਕਿਹਾ, ‘ਮੈਂ 19 ਸਤੰਬਰ ਨੂੰ ਇੰਦੌਰ ਆ ਰਿਹਾ ਹਾਂ। ਵਿਦਿਆਰਥੀਆਂ ਨਾਲ ਮਿਲਣ, ਵਿਚਾਰ ਸੁਣਨ ਅਤੇ . ਗੱਲਬਾਤ ਕਰਨ ਲਈ। ਰਾਹੁਲ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਾਂਝੇ ਕੀਤੇ ਗਏ ਲਿੰਕ ਰਾਹੀਂ ਰਜਿਸਟਰ ਕਰਨ ਅਤੇ ਵੱਡੀ ਗਿਣਤੀ ਵਿਚ ਸ਼ਾਮਲ ਹੋਣ।


**ਇੰਡੀਅਨ ਰੈਸਟੋਰੈਂਟ ਲਈ ਹੈਲਪਰ ਦੀ ਲੋੜ ਹੈ।**

ਸੈਂਟਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰਾਂ ਦੀ ਜ਼ਰੂਰਤ ਹੈ।
* ਮੀਆਂ-ਬੀਵੀ ਨੂੰ ਪਹਿਲ ਦਿੱਤੀ ਜਾਵੇਗੀ।
*ਚੰਗੀ ਤਨਖਾਹ
*ਖਾਣਾ-ਪੀਣਾ ਅਤੇ ਰਿਹਾਇਸ਼ ਦਾ ਪ੍ਰਬੰਧ
ਚਾਹਵਾਨ ਸੰਪਰਕ ਕਰੋ:
651-353-9584










**UMA TRAVELS**

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares
**Call: 773-338-5603**



**SUPER TRAVEL**

847-676-9090, 773-465-5566
*E-mail: supertravel2003@live.com*
Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available


# Matrimonials

## ਲੜਕੇ ਦੀ ਲੋੜ ਹੈ

Jat Sikh parents are looking for a suitable match, only from Jat Sikh families for their daughter. She is a medical student, currently in MD program in USA, born and raised in USA, 24 years old, 5'4" tall. Looking for a match from medical field only, who is born and raised in USA/Canada. Canada born please contact only if they are willing to move to USA. Please contact at 262-443-2395 or email at caprisingh8@yahoo.com for more information.

34-37

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 ‘ਤੇ ਸੰਪਰਕ ਕਰਨ।

Khatri Punjabi family looking for a well educated US citizen Hindu/Sikh match for their August 92 born height 5’6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

Gursikh parents are looking for a suitable match, for their USA born vegetarian son. 29 years old, height 6 ft. He has done MSc, BSc ( Exercise Science) and is a Licensed and Certified Athletic Trainer in Department of Sports Medicine (Future job in 3 years - Doctor of Physical Therapy). Family is well settled in North Carolina and owned two family homes. He has one elder sister (married). Looking for a Gursikh Amritdhari Girl with Dumala/Keski. Contact us at 919-599-0464 (WhatsApp Message Only).
For Detailed Bio Data email at: Sanjog97ds@gmail.com

**Jatt Sikh family seeks suitable match for their son, 31 years old, 6’4", raised in Canada from a young age and well established here. He holds a university degree in Business and works in a technology role with a bank. Seeking an educated and professionally established match. Open to relocating to the USA and building a life there. Please contact 604-725-9033 if interested.**

“USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, 1987 Born, 5’-11" ਕੱਦ, ਅਮਰੀਕਾ ਤੋ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship ‘ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ ‘ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਧੇਰੀ ਜਾਣਕਾਰੀ ਲਈ ਅੱਜ ਹੀ +1 (510) 291 7676 ‘ਤੇ ਕਾਲ ਕਰੋ ਜਾਂ + (91) 98993 79442 ‘ਤੇ ਵਟਸਐਪ ਕਰੋ ਜਾਂ singhmat001@gmail.com ‘ਤੇ ਈਮੇਲ ਕਰੋ।

37-40

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5’7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਲੈਨਿਨ, ਮਾਰਕਸ ਅਤੇ ਹੋਚੀਮਿਨ੍ਹ ਦਾ ਨਾਮ ਮਿਟਾਏਗੀ ਭਾਜਪਾ

**ਕੋਲਕਾਤਾ:**ਖੱਬੇ-ਪੱਖੀ ਯੁੱਗ ਦੀ ਪਛਾਣ ਨਾਲ ਜੁੜੀਆਂ ਕੋਲਕਾਤਾ ਦੀਆਂ ਲੈਨਿਨ, ਕਾਰਲ ਮਾਰਕਸ ਅਤੇ ਹੋ-ਚੀ-ਮਿਨ੍ਹ ਨਾਂ ਵਾਲੀਆਂ ਸੜਕਾਂ ਸਮੇਤ ਕਈ ਪ੍ਰਮੁੱਖ ਮਾਰਗਾਂ ਦੇ ਨਾਂ ਬਦਲਣ ਦੀ ਤਿਆਰੀ ਕੀਤੀ ਜਾ ਰਹੀ ਹੈ। ਮੇਯੋ ਰੋਡ ਜਾਂ ਸਟੈਂਡ ਰੋਡ ਦਾ ਨਾਂ ਸਰਦਾਰ ਵੱਲਭਭਾਈ ਪਟੇਲ ਦੇ ਨਾਂ 'ਤੇ ਰੱਖਣ ਦਾ ਪ੍ਰਸਤਾਵ ਵੀ ਵਿਚਾਰਧੀਨ ਹੈ।



ਸੂਬਾ ਸਰਕਾਰ ਨੇ ਸੜਕਾਂ, ਪੁਲਾਂ ਅਤੇ ਜਨਤਕ ਥਾਵਾਂ ਦੇ ਨਾਵਾਂ ਦੀ ਸਮੀਖਿਆ ਲਈ 10 ਮੈਂਬਰਾਂ ਦੀ ਸਲਾਹਕਾਰ ਕਮੇਟੀ ਬਣਾਈ ਹੈ। ਕਮੇਟੀ ਦੁਰਗਾ ਪੂਜਾ ਤੋਂ ਬਾਅਦ ਆਪਣੀ ਪਹਿਲੀ ਬੈਠਕ ਕਰ ਸਕਦੀ ਹੈ।

ਕਮੇਟੀ ਨਾਂ ਬਦਲਣ ਦੇ ਪ੍ਰਸਤਾਵਾਂ 'ਤੇ ਵਿਚਾਰ ਕਰ ਕੇ ਸਿਫ਼ਾਰਸ਼ਾਂ ਵਿਧਾਨ ਸਭਾ ਨੂੰ ਭੇਜੇਗੀ। ਇਸ ਤੋਂ ਪਹਿਲਾਂ, ਰਾਜ ਸਰਕਾਰ ਮੁਗਲਾਂ ਅਤੇ ਪਠਾਣਾਂ ਦੇ ਨਾਵਾਂ 'ਤੇ ਆਧਾਰਤ ਕੋਲਕਾਤਾ ਦੀਆਂ ਸੜਕਾਂ ਦੇ ਨਾਂ ਬਦਲਣ ਦੀ ਐਲਾਨ ਕਰ ਚੁੱਕੀ ਹੈ। ਸੁਹਰਾਵਰਦੀ ਐਵੇਨਿਊ ਦਾ ਨਾਂ ਬਦਲ ਕੇ ਗੋਪਾਲ ਮੁਖਰਜੀ ਰੋਡ ਵੀ ਕੀਤਾ ਜਾ ਚੁੱਕਾ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਸ਼ੁਤੇਂਦੂ ਅਧਿਕਾਰੀ ਨੇ ਕਿਹਾ ਸੀ ਕਿ ਕੋਲਕਾਤਾ ਵਿਚ ਮੁਗਲ, ਪਠਾਨ ਅਤੇ ਜ਼ਾਲਮ ਬ੍ਰਿਟਿਸ਼ ਸ਼ਾਸਕਾਂ ਦੇ ਨਾਵਾਂ 'ਤੇ ਸੜਕਾਂ ਨਹੀਂ ਹੋਣਗੀਆਂ। ਕਮੇਟੀ ਵਿਚ ਮੇਘਾਲਿਆ ਦੇ ਸਾਬਕਾ ਰਾਜਪਾਲ ਤਥਾਗਤੇ ਰਾਏ, ਮੁੱਖ ਮੰਤਰੀ ਦੇ ਸਲਾਹਕਾਰ ਸੁਬਰਤ ਗੁਪਤਾ ਅਤੇ ਕੋਲਕਾਤਾ ਨਗਰ ਨਿਗਮ ਦੀ ਕਮਿਸ਼ਨਰ ਸਿਮਤਾ ਪਾਂਡੇ ਸ਼ਾਮਲ ਹਨ।

# ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਫ਼ੋਟੋ ਕਲਾਕਾਰ ਹਰਭਜਨ ਸਿੰਘ ਬਾਜਵਾ ਨਹੀਂ ਰਹੇ

**ਬਟਾਲਾ:**ਜਿੰਦਾਦਿਲ ਇਨਸਾਨ, ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਪੰਜਾਬੀ ਫੋਟੋਗਰਾਫਰ ਅਤੇ ਪੰਜਾਬੀ ਹਰਭਜਨ ਬਾਜਵਾ ਨਹੀ ਰਹੇ! ਹਰਭਜਨ ਬਾਜਵਾ ਨੇ ਸੋਭਾ ਸਿੰਘ ਆਰਟਿਸਟ ਕੋਲੋਂ ਅੰਦਰੇਟਾ ਜਾ ਕੇ ਚਿੱਤਰਕਾਰੀ ਸਿੱਖੀ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਬਾਜਵਾ ਨੇ ਬਟਾਲਾ ਵਿਖੇ ਹੰਸਲੀ ਨੇੜੇ ਸਿਨੇਮਾ ਰੋਡ ਤੇ ਆਪਣਾ ਸਟੂਡੀਓ ਸਥਾਪਤ ਕਰ ਲਿਆ ਸੀ। ਪਰ ਹੁਣ ਪਿਛਲੇ ਲੰਮੇ ਸਮਾਂ ਤੋਂ ਹੀ ਕਾਹਨੂੰਵਾਨ ਰੋਡ ਤੇ ਆਪਣੇ ਖੇਤਾਂ ਵਿੱਚ ਹੀ ਘਰ ਬਣਾ ਕੇ ਰਹਿ ਰਹੇ ਸਨ ਅਤੇ ਸਟੂਡੀਓ ਚਲਾ ਰਹੇ ਸਨ।



ਬਾਜਵਾ ਨੇ ਆਪਣੀਆਂ ਖਿੱਚੀਆਂ ਤਸਵੀਰਾਂ, ਸਲਾਈਡਾਂ ਤੇ ਹੋਰ ਇਤਿਹਾਸਕ ਤਸਵੀਰਾਂ ਪੰਜਾਬੀ ਸੱਥ ਲਾਂਬੜਾ ਨੂੰ ਭੇਟ ਕਰ ਦਿੱਤੀਆਂ ਸਨ ਜਦ ਕਿ ਆਪਣੀ ਲਾਇਬਰੇਰੀ ਬਾਬਾ ਆਇਆ ਸਿੰਘ ਰਿਆੜਕੀ ਕਾਲਿਜ ਤੁਗਲਵਾਲਾ (ਗੁਰਦਾਸਪੁਰ) ਨੂੰ ਸੌਂਪ ਦਿੱਤੀ ਸੀ। ਬਾਜਵਾ ਨੇ ਬਤੌਰ ਫੋਟੋ ਰੀਪੋਰਟਰ ਕਈ ਉੱਘੇ ਅਖਬਾਰਾਂ ਤੇ ਮੈਗਜ਼ੀਨਾਂ ਲਈ ਕੰਮ ਕੀਤਾ। ਸ. ਬਾਜਵਾ ਪੰਜਾਬੀ ਵਿੱਚ ਕਵਿਤਾ ਵੀ ਲਿਖਦੇ ਸਨ। ਉਨ੍ਹਾਂ ਦੇ ਤਿੰਨ ਕਾਵਿ ਸੰਗ੍ਰਹਿ ਸੁੱਕੇ ਕੱਖਾਂ ਥੱਲੇ ਅੱਗ, ਮੌਤ ਇੱਕ ਆਸ ਦੀ ਤੇ ਤਰੇਲ ਦੀ ਇੱਕ ਬੂੰਦ ਵੀ ਛਪ ਚੁੱਕੇ ਹਨ।

ਬਾਬਾ ਆਇਆ ਸਿੰਘ ਰਿਆੜਕੀ ਕਾਲਿਜ ਤੁਗਲਵਾਲਾ (ਗੁਰਦਾਸਪੁਰ) ਵਿਖੇ 14 ਅਪ੍ਰੈਲ 2024 ਨੂੰ ਹਰਭਜਨ ਸਿੰਘ ਬਾਜਵਾ ਨੂੰ ਸ. ਉੱਤਮ ਸਿੰਘ ਨਿੱਝਰ ਫਾਊਂਡੇਸ਼ਨ ਵੱਲੋਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਵੀ ਕੀਤਾ ਗਿਆ ਸੀ।ਉਹ ਸ਼ਨੀਵਾਰ ਨੂੰ ਸਾਥੋਂ ਵਿਛੜ ਗਏ ਅਤੇ ਐਤਵਾਰ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਬਟਾਲਾ ਵਿਖੇ ਕੀਤਾ ਗਿਆ।

# ਈ.ਡੀ. ਦੇ ਡੀ.ਜੀ.ਪੀ. ਨੂੰ ਭੇਜੇ ਪੱਤਰ 'ਤੇ ਢਾਈ ਘੰਟੇ ਬਹਿਸ

**ਚੰਡੀਗੜ੍ਹ:**ਈਡੀ ਵੱਲੋਂ ਪੰਜਾਬ ਦੇ ਪੁਲਿਸ ਮਹਾਨਿਰਦੇਸ਼ਕ (ਡੀਜੀਪੀ) ਨੂੰ ਭੇਜੇ ਪੱਤਰ 'ਤੇ ਕਾਰਵਾਈ ਦੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕਰੀਬ ਢਾਈ ਘੰਟੇ ਬਹਿਸ ਹੋਈ। ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਫ਼ੈਸਲਾ ਸੁਰੱਖਿਅਤ ਰੱਖ ਲਿਆ। ਅਦਾਲਤ ਨੇ ਕਿਹਾ ਕਿ ਜੇ ਕਿਸੇ ਧਿਰ ਕੋਲ ਵਾਧੂ ਦਲੀਲ ਜਾਂ ਤੱਥ ਹਨ ਤਾਂ ਮੰਗਲਵਾਰ ਨੂੰ ਲਿਖਤੀ ਤੌਰ ਤੇ ਪੇਸ਼ ਕੀਤੇ ਜਾ ਸਕਦੇ ਹਨ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਪਟੀਸ਼ਨ ਦੀ ਸੁਣਵਾਈਯੋਗਤਾ 'ਤੇ ਸਵਾਲ ਚੁੱਕਿਆ। ਹਾਲਾਂਕਿ ਬਾਅਦ ਵਿੱਚ ਸਰਕਾਰ ਨੇ ਤਿੰਨ ਹਫ਼ਤਿਆਂ ਦਾ ਸਮਾਂ ਮੰਗਦਿਆਂ ਕਿਹਾ ਕਿ ਇਸ ਦੌਰਾਨ ਕਾਨੂੰਨ ਮੁਤਾਬਕ ਕਾਰਵਾਈ ਕਰਕੇ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਜਾਵੇਗੀ। ਈਡੀ ਨੇ ਸਰਕਾਰ ਦੇ ਇਸ ਦਾਅਵੇ ਨੂੰ ਰੱਦ 'ਕੀਤਾ ਕਿ ਕਾਰਵਾਈ ਲਈ ਸਮੱਗਰੀ ਦੇਣ ਵਿੱਚ ਦੇਰੀ ਕੀਤੀ ਗਈ। ਈਡੀ ਮੁਤਾਬਕ ਮਈ ਵਿੱਚ ਛਾਪੇ ਤੇ ਗ੍ਰਿਫ਼ਤਾਰੀਆਂ ਤੋਂ ਬਾਅਦ ਜੁਲਾਈ ਵਿੱਚ ਸਬੰਧਤ ਸਮੱਗਰੀ ਡੀਜੀਪੀ ਦਫ਼ਤਰ ਨੂੰ ਈ-ਮੇਲ ਰਾਹੀਂ ਭੇਜੀ ਗਈ ਅਤੇ ਬਾਅਦ ਵਿੱਚ ਸ਼ਾਇਲੈਂਡ ਵੀ ਦਿੱਤੀ ਗਈ।



# ਇਮਰਾਨ ਖਾਨ ਦੀ ਸਾਬਕਾ ਪਤਨੀ ਨੇ ਕਰਾਇਆ ਨਵਾਂ ਵਿਆਹ

**ਲੰਡਨ:**ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਾਬਕਾ ਪਤਨੀ ਜੇਮਿਮਾ ਗੋਲਡਸਮਿਥ ਨੇ ਅਰਬਪਤੀ ਫਾਇਨੈਂਸਰ ਕੈਮਰਨ ਓਰੇਲੀ ਨਾਲ ਵਿਆਹ ਕਰ ਲਿਆ ਹੈ। 52 ਸਾਲਾ ਫਿਲਮਮੇਕਰ ਦੀ ਵਿਆਹੁਤਾ ਜ਼ਿੰਦਗੀ ਇਮਰਾਨ ਖਾਨ ਨਾਲ ਕਰੀਬ ਨੌ ਸਾਲ ਤੱਕ ਚਲੀ, ਜਿਸ ਤੋਂ ਬਾਅਦ 2004 ਵਿਚ ਉਨ੍ਹਾਂ ਦਾ ਤਲਾਕ ਹੋ ਗਿਆ।



ਉਨ੍ਹਾਂ ਦੇ ਦੋ ਪੁੱਤਰ, ਸੁਲੇਮਾਨ ਅਤੇ ਕਾਸਿਮ ਹਨ, ਜੋ ਰਾਵਲਪਿੰਡੀ ਦੀ ਜੇਲ ਵਿਚ ਬੰਦ ਆਪਣੇ ਪਿਤਾ ਦੀ ਸਿਹਤ ਲਈ ਮੁਹਿੰਮ ਚਲਾ ਰਹੇ ਹਨ। ਮੰਨਿਆ ਜਾਂਦਾ ਹੈ ਕਿ 62 ਸਾਲਾ ਆਇਰਿਸ਼-ਆਸਟ੍ਰੇਲਿਆਈ ਵਪਾਰੀ ਓਰੇਲੀ ਅਤੇ ਜੇਮਿਮਾ ਗੋਲਡਸਮਿਥ ਨੇ ਇਕ ਸ਼ਾਨਦਾਰ ਸਮਾਰੋਹ ਵਿਚ ਵਿਆਹ ਦੀ ਰਸਮ ਪੂਰੀ ਕੀਤੀ। ਇਹ ਨਵਾਂ ਜੋੜਾ ਫਿਲਮਾਂ ਅਤੇ ਡਾਕਯੂਮੈਂਟਰੀਜ਼ ਵਿਚ ਆਪਣੀ ਸਾਂਝੀ ਦਿਲਚਸਪੀ ਕਾਰਨ ਇਕ ਦੂਜੇ ਨਾਲ ਮਿਲਿਆ ਸੀ। ਪ੍ਰੋਡਕਸ਼ਨ ਕੰਪਨੀ ਇੰਸਟਿੰਕਟ ਪ੍ਰੋਡਕਸ਼ਨਜ਼ ਦੀ ਸਥਾਪਕ ਜੇਮਿਮਾ ਗੋਲਡਸਮਿਥ ਨੇ ਕਈ ਸ਼ੋਅ ਅਤੇ ਫਿਲਮਾਂ ਨੂੰ ਲਿਖਿਆ ਅਤੇ ਪ੍ਰੋਡਿਊਸ ਕੀਤਾ ਹੈ, ਜਿਨ੍ਹਾਂ ਵਿਚ ਸ਼ੇਖਰ ਕਪੂਰ ਦੁਆਰਾ ਡਾਇਰੈਕਟ 'ਵਟਸ ਲਵ ਗਾਟ ਟੂ ਡੂ ਵਿਦ ਇਟ' ਵੀ ਸ਼ਾਮਲ ਹੈ।

# ਪਾਵਰਕਾਮ ਦੇ ਸੀ.ਐੱਮ.ਡੀ. ਗਰਗ ਨੂੰ ਬਦਲ ਕੇ ਗੁਰਕੀਰਤ ਕ੍ਰਿਪਾਲ ਸਿੰਘ ਨੂੰ ਲਗਾਇਆ

**ਚੰਡੀਗੜ੍ਹ:**ਸੂਬੇ 'ਚ ਜਾਰੀ ਬਿਜਲੀ ਸੰਕਟ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਨੇ ਕਈ ਅਹਿਮ ਤੇ ਸਖ਼ਤ ਕਦਮ ਚੁੱਕੇ। ਸੂਬਾ ਸਰਕਾਰ ਨੇ ਬਿਜਲੀ ਸੰਕਟ ਦੂਰ ਕਰਨ 'ਚ ਨਾਕਾਮ ਰਹਿਣ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐੱਸ ਪੀ ਸੀ ਐੱਲ) ਦੇ ਸੀਐੱਮਡੀ ਬਸੰਤ ਗਰਗ ਨੂੰ ਅਹੁਦੇ ਤੋਂ ਹਟਾ ਕੇ ਗੁਰਕੀਰਤ ਕ੍ਰਿਪਾਲ ਸਿੰਘ ਨੂੰ ਚਾਰਜ ਦੇ ਦਿੱਤਾ। ਇਸ ਦੇ ਨਾਲ ਹੀ ਥਰਮਲ ਪਲਾਂਟਾਂ ਲਈ ਕੋਲੇ ਦੀ ਸਪਲਾਈ ਬਹਾਲ ਕਰਨ ਲਈ ਵੀ ਸਰਕਾਰ ਨੇ ਝਾਰਖੰਡ ਦੇ ਮੁੱਖ ਮੰਤਰੀ ਨਾ ਗੱਲਬਾਤ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਛੇਤੀ ਬਿਜਲੀ ਸੰਕਟ ਖ਼ਤਮ ਹੋ ਜਾਵੇਗਾ।



## ਪੰਜਾਬ ਨੂੰ ਅਸਥਿਰ....

(ਪਹਿਲੇ ਸਫ਼ੇ ਦਾ ਬਾਕੀ)

ਬੰਦ ਕਰ ਲੈਂਦੇ ਸਨ। ਉਨ੍ਹਾਂ ਕਿਹਾ ਕਿ ਉਸ ਸਮੇਂ ਬਰਾਤਾਂ ਨਿਕਲਣੀਆਂ ਬੰਦ ਹੋ ਗਈਆਂ ਸਨ ਅਤੇ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਸੀ ਕਿ ਘਰੋਂ ਨਿਕਲਿਆ ਵਿਅਕਤੀ ਵਾਪਸ ਆਵੇਗਾ ਵੀ ਜਾਂ ਨਹੀਂ। ਉਨ੍ਹਾਂ ਵਿਰੋਧੀ ਧਿਰ ਨੂੰ ਉਸ ਦੌਰ ਨੂੰ ਮੁੜ ਲਿਆਉਣ ਵਾਲੀ ਰਾਜਨੀਤੀ ਨਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹਰ ਛੋਟੀ ਘਟਨਾ 'ਤੇ ਧਰਨਾ, ਪ੍ਰਦਰਸ਼ਨ ਅਤੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਨ ਦੀ ਬਜਾਏ ਵਿਰੋਧੀ ਧਿਰ ਪੰਜਾਬ ਦਾ ਰੋਡਮੈਪ ਅਤੇ ਸੂਬੇ ਦੀ ਤਸਵੀਰ ਬਦਲਣ ਦੀ ਯੋਜਨਾ ਲੈ ਕੇ ਆਵੇ। ਉਨ੍ਹਾਂ ਅਜਿਹੀ ਰਾਜਨੀਤੀ ਨੂੰ 'ਗਿੱਧ ਰਾਜਨੀਤੀ' ਕਰਾਰ ਦਿੰਦਿਆਂ ਕਿਹਾ ਕਿ ਜਿੱਥੇ ਥੋੜ੍ਹੀ ਜਿਹੀ ਲਾਸ਼ ਦੀ ਬੂ ਆਉਂਦੀ ਹੈ, ਉੱਥੇ ਸਾਰੇ ਪਹੁੰਚ ਜਾਂਦੇ ਹਨ।

## ਚੰਨੀ ਅਤੇ ਵੜਿੰਗ ਨੂੰ...

(ਪਹਿਲੇ ਸਫ਼ੇ ਦਾ ਬਾਕੀ)

ਆਗੂ ਮਾਰਚ ਵਿੱਚ ਤਾਂ ਸ਼ਾਮਲ ਹੋਏ ਪਰ ਉਹ ਪੁਲੀਸ ਸਟੇਸ਼ਨ ਵਿੱਚ ਵੜਿੰਗ ਦੇ ਨਾਲ ਨਹੀਂ ਗਏ।

## ਗੁਲਜ਼ਾਰ ਸਿੰਘ ਦੀ ਮੌਤ ਬਾਰੇ 'ਆਪ' ਸਰਕਾਰ 'ਤੇ ਸ਼ਬਦੀ ਹਮਲੇ

ਇਕੱਠ ਨੂੰ ਸੰਬੋਧਨ ਕਰਦਿਆਂ ਸਚਿਨ ਪਾਇਲਟ ਨੇ ਗੁਲਜ਼ਾਰ ਸਿੰਘ ਦੀ ਮੌਤ ਦੀ ਸੁਤੰਤਰ ਜਾਂਚ ਕਰਵਾਉਣ ਅਤੇ ਐੱਫ.ਆਈ.ਆਰ. ਵਿੱਚ ਹਰਪਾਲ ਚੀਮਾ ਦਾ ਨਾਂ ਸ਼ਾਮਲ ਕਰਨ ਦੀ ਮੰਗ ਕੀਤੀ। ਗੁਲਜ਼ਾਰ ਸਿੰਘ ਖੁਦਕੁਸ਼ੀ ਮਾਮਲੇ ਨੂੰ ਲੈ ਕੇ ਆਪ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਸ਼ੇ ਦੀ ਸਮੱਸਿਆ ਆਪਣੇ ਸਿਖਰ 'ਤੇ ਪਹੁੰਚ ਚੁੱਕੀ ਹੈ। ਪਾਇਲਟ ਨੇ ਸਵਾਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਹਰਪਾਲ ਚੀਮਾ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ ਪਰ ਤੁਸੀਂ ਅਹੁਦੇ 'ਤੇ ਬੈਠੇ ਹੋ ਅਤੇ ਵਿੱਤ ਮੰਤਰੀ ਹੋ। ਜਦੋਂ ਇੱਕ ਵਿਅਕਤੀ ਆਪਣੀ ਜਾਨ ਦੇ ਰਿਹਾ ਹੈ ਅਤੇ ਵੀਡੀਓ ਵਿੱਚ ਇਹ ਕਹਿ ਰਿਹਾ ਹੈ ਕਿ ਉਹ ਇਸ ਕਾਰਨ ਆਪਣੀ ਜਾਨ ਦੇ ਰਿਹਾ ਹੈ ਤਾਂ ਕਾਨੂੰਨ ਅਨੁਸਾਰ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪਾਕਿਸਤਾਨ ਨੇ ਮਸੂਦ ਅਜ਼ਹਰ ’ਤੇ ਵਧਾਇਆ ਇਨਾਮ

**ਸ੍ਰੀਨਗਰ:** ਐੱਫਏਟੀਐੱਫ ਦੀ ਮੀਟਿੰਗ ਤੋਂ ਪਹਿਲਾਂ ਪਾਕਿਸਤਾਨ ਨੇ ਫਿਰ ਚਲਾਕੀ ਦਿਖਾਈ ਹੈ। ਉਸ ਨੇ ਆਪਣੀ ਮੋਸਟ ਵਾਂਟੇਡ ਅੱਤਵਾਦੀਆਂ ਦੀ ਸੋਧੀ ਹੋਈ ਸੂਚੀ (ਰੈੱਡ ਬੁੱਕ) ਵਿਚ ਪੁਲਵਾਮਾ ਹਮਲੇ ਦੇ ਮੁੱਖ ਗੁਨਾਹਗਾਰ ਜੈਸ਼-ਏ-ਮੁਹੰਮਦ ਦੇ ਸਰਗਨਾ ਮਸੂਦ ਅਜ਼ਹਰ ਨੂੰ ਭਗੌੜਾ ਦੱਸਦੇ ਹੋਏ ਉਸ ‘ਤੇ ਪਾਕਿਸਤਾਨੀ ਕਰੰਸੀ ਵਿਚ ਇਨਾਮੀ ਰਕਮ 50 ਲੱਖ ਤੋਂ ਵਧਾ ਕੇ 70 ਲੱਖ ਕਰ ਦਿੱਤੀ ਹੈ। ਇਹ ਗੱਲ ਵੱਖਰੀ ਹੈ ਕਿ ਮਸੂਦ ਅਜ਼ਹਰ ਪਾਕਿਸਤਾਨ ਵਿਚ ਹੀ ਲੁਕਿਆ ਹੋਇਆ ਹੈ। ਪਾਕਿਸਤਾਨ ਸਰਕਾਰ ਅਤੇ ਉਸ ਦੀ ਫ਼ੌਜ ਮਸੂਦ ਅਤੇ ਜੈਸ਼ ਦੀ ਲਗਾਤਾਰ ਪੁਸ਼ਤ- ਪਨਾਹੀ ਕਰ ਰਹੀ ਹੈ। ਮਸੂਦ ‘ਤੇ ਇਨਾਮ ਦੀ ਰਕਮ ਵਧਾਉਣ ਦਾ ਮਤਲਬ ਸਾਫ਼ ਹੈ ਕਿ ਪਾਕਿਸਤਾਨ ਐੱਫਏਟੀਐੱਫ ਦੀ ਕਾਰਵਾਈ ਤੋਂ ਬਚਣਾ ਚਾਹੁੰਦਾ ਹੈ। ਉਸ ਦੀ ਦੋਹਰੀ ਖੇਡ ਇੱਥੇ ਹੀ ਖ਼ਤਮ ਨਹੀਂ ਹੁੰਦੀ। ਉਸ ਨੇ 26/11 ਮੁੰਬਈ ਅੱਤਵਾਦੀ ਹਮਲੇ ਨਾਲ ਜੁੜੇ 17 ਅੱਤਵਾਦੀਆਂ ਦੀ ਸੂਚੀ ਵਿੱਚੋਂ ਦੋ ਅੱਤਵਾਦੀਆਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਦੇ ਲਸ਼ਕਰ ਨਾਲ ਸਬੰਧ ਦੀ ਗੱਲ ਵੀ ਹਟਾ ਦਿੱਤੀ ਹੈ। ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀਐੱਫ) ਦੀ ਮੀਟਿੰਗ 26 ਤੋਂ 30 ਅਕਤੂਬਰ ਤੱਕ ਪੈਰਿਸ ਵਿਚ ਹੋਵੇਗੀ। ਪਾਕਿਸਤਾਨ ਕੋਸ਼ਿਸ਼ ਕਰ ਰਿਹਾ ਹੈ ਕਿ ਐੱਫਏਟੀਐੱਫ ਉਸ ਨੂੰ ਗ੍ਰੇ ਸੂਚੀ ਵਿਚ ਸ਼ਾਮਲ



ਨਾ ਕਰੇ। ਜੇਕਰ ਇਹ ਹੁੰਦਾ ਹੈ ਤਾਂ ਵਾਲੀਆ ਹੋਣ ਦੇ ਕੰਢੇ ਖੜ੍ਹੇ ਪਾਕਿਸਤਾਨ ਦੀ ਵਿੱਤੀ ਮਦਦ ਬੰਦ ਹੋ ਸਕਦੀ ਹੈ। ਅਫ਼ਗਾਨਿਸਤਾਨ ਤੇ ਭਾਰਤੀ ਖ਼ੁਫੀਆ ਏਜੰਸੀਆਂ ਅਨੁਸਾਰ ਉਹ ਪਾਕਿਸਤਾਨ ਵਿਚ ਹੀ ਹੈ। ਪਾਕਿਸਤਾਨ ਨੇ ਮਸੂਦ ਅਜ਼ਹਰ ‘ਤੇ ਇਨਾਮੀ ਰਾਸ਼ੀ ਵਧਾਉਣ ਦੇ ਨਾਲ ਅੱਤਵਾਦੀਆਂ ਦੀ ਜੋ ਨਵੀਂ ਸੂਚੀ ਜਾਰੀ ਕੀਤੀ, ਉਸ ਵਿਚ ਅਨੇਕਾਂ ਅਜਿਹੇ ਨਾਂ ਹਨ, ਜੋ ਭਾਰਤ ਵਿਚ ਅੱਤਵਾਦੀ ਹਮਲਿਆਂ ਲਈ ਜ਼ਿੰਮੇਵਾਰ ਹਨ ਜਦਕਿ ਪਹਿਲਾਂ ਦੀ ਸੂਚੀ ਵਿਚ ਉਨ੍ਹਾਂ ਦੇ ਫੋਟੋ ਤੇ ਇਸ ਦਾ ਬਿਓਰਾ ਸੀ ਕਿ ਉਹ ਕਿਸ ਅੱਤਵਾਦੀ ਸੰਗਠਨ ਲਈ ਕੰਮ ਕਰਦੇ ਹਨ। ਪਤਾ ਨਹੀਂ, ਐੱਫਏਟੀਐੱਫ ਪਾਕਿਸਤਾਨ ਦੇ ਧੋਖੇ ਨੂੰ ਮਹਿਸੂਸ ਕਰੇਗਾ ਜਾਂ ਨਹੀਂ, ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੇਕਰ ਉਹ ਸਖ਼ਤ ਹੋਣ ਦਾ ਪ੍ਰਮਾਣ ਨਹੀਂ ਦਿੰਦਾ ਤਾਂ ਅੱਤਵਾਦ ਨਾਲ ਲੜਨ ਵਿਚ ਸਮਰੱਥ ਨਹੀਂ ਹੋ ਸਕੇਗਾ। ਐੱਫਏਟੀਐੱਫ ਨੇ 2022 ‘ਚ ਪਾਕਿਸਤਾਨ ਨੂੰ ਇਸ ਲਈ ਆਪਣੀ ਕਾਲੀ ਸੂਚੀ ਤੋਂ ਨਹੀਂ ਹਟਾਇਆ ਸੀ, ਕਿਉਂਕਿ ਇਹ ਲੱਗ ਰਿਹਾ ਸੀ ਕਿ ਉਹ ਆਪਣੇ ਇੱਥੋਂ ਦੇ ਅੱਤਵਾਦੀ ਢਾਂਚੇ ਨੂੰ ਖ਼ਤਮ ਕਰ ਰਿਹਾ ਪਰ ਅਜਿਹਾ ਹੁੰਦੇ ਹੀ ਉਹ ਫਿਰ ਤੋਂ ਅੱਤਵਾਦੀਆਂ ਨੂੰ ਪਾਲਣ-ਪੋਸਣ ਵਿਚ ਲੱਗ ਗਿਆ। ਪਾਕਿਸਤਾਨ ਵਿਚ ਜੈਸ਼ ਤੇ ਲਸ਼ਕਰ ਸਰੀਖੇ ਅੱਤਵਾਦੀ ਸੰਗਠਨ ਪਹਿਲਾਂ ਵਾਂਗ ਨਾ ਸਿਰਫ਼ ਸਰਗਰਮ ਹਨ, ਸਗੋਂ ਵਧ-ਫੁੱਲ ਵੀ ਰਹੇ ਹਨ। ਉਹ ਚੰਦਾ ਇਕੱਠਾ ਕਰਨ ਦੇ ਨਾਲ ਹੀ ਅੱਤਵਾਦੀਆਂ ਦੀ ਭਰਤੀ ਵੀ ਕਰਦੇ ਰਹਿੰਦੇ ਹਨ।




Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

T B F
THE BAINS FIRM



Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City



WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes
Harminder Singh Gill
Homeopathic Consultant and Practitioner
D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100



Harminder S. Gill
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਮੋਦੀ, ਸ਼ੀ ਤੇ ਪੂਤਿਨ ਨੇ ਦਿਖਾਈ ਇੱਕਜੁੱਟਤਾ

## ਹੱਥਾਂ ’ਚ ਹੱਥ ਪਾ ਕੇ ਖਿਚਵਾਈ ਤਸਵੀਰ

**ਨਵੀਂ ਦਿੱਲੀ:**ਇੱਥੇ 18ਵੇਂ ਬਰਿਕਸ ਸੰਮੇਲਨ ਦੀ ਉਸ ਤਸਵੀਰ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਸਕਰਾਉਂਦੇ ਹੋਏ। ਨਜ਼ਰ ਆ ਰਹੇ ਹਨ ਅਤੇ ਉਨ੍ਹਾਂ ਨਾਲ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ’ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵੀ ਖੜ੍ਹੇ ਹਨ ਅਤੇ ਉਨ੍ਹਾਂ ਇੱਕ-ਦੂਜੇ ਦਾ ਹੱਥ ਫੜਿਆ ਹੋਇਆ ਹੈ। ਪ੍ਰਧਾਨ ਮੰਤਰੀ ਦੇ ਇੰਸਟਾਗ੍ਰਾਮ ‘ਤੇ ਭਾਰਤ ਮੰਡਪਮ ਦੀ ਉਹ ਤਸਵੀਰ ਪੋਸਟ ਕੀਤੀ ਗਈ ਹੈ ਜਿੱਥੇ ਬਰਿਕਸ ਨੇਤਾਵਾਂ ਨੇ ਸੰਮੇਲਨ ਵਿੱਚ ਹਿੱਸਾ। ਲਿਆ। ਇਸ ਤਸਵੀਰ ਦੇ ਪਿਛੋਕੜ ਵਿੱਚ ‘ਕਿੰਗਡਮ ਬੀ ਜੀ ਐੱਮ’ ਨਾਮ ਦਾ ਗਾਣਾ ਵੱਜ ਰਿਹਾ ਹੈ। ਮੋਦੀ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ‘ਤੇ ਕੁਝ ਹੋਰ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ। ਇੱਕ ਤਸਵੀਰ ਵਿੱਚ ਪ੍ਰਧਾਨ ਮੰਤਰੀ, ਪੂਤਿਨ, ਸ਼ੀ, ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਅਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਪ੍ਰੋਗਰਾਮ ਵਾਲੀ ਥਾਂ ਅੰਦਰ ਇੱਕਠੇ ਤੁਰਦੇ ਦਿਖਾਈ ਦੇ ਰਹੇ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰਿਕਸ ਸੰਮੇਲਨ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਹਾਸਾ-ਠੱਠਾ ਕਰਦੇ ਹੋਏ।

ਇੱਕ ਹੋਰ ਤਸਵੀਰ ਵਿੱਚ ਮੋਦੀ, ਪੂਤਿਨ, ਸ਼ੀ ਅਤੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਾਬੋਵੋ ਸੂਬੀਆਂਤੋ ਨਾਲ ਗੱਲਬਾਤ ਕਰਦੇ ਦਿਖਾਈ ਦੇ ਰਹੇ ਹਨ।ਇੱਕ ਤਸਵੀਰ ਵਿੱਚ ਪ੍ਰਧਾਨ ਮੰਤਰੀ ਅਤੇ ਰੂਸੀ ਨੇਤਾ ਸੁਰੱਖਿਆ ਕਰਮੀਆਂ ਅਤੇ ਅਨੁਵਾਦਕਾਂ ਨਾਲ ਮੁਸਕਰਾਉਂਦੇ ਹੋਏ ਜਾਂਦੇ ਦਿਖਾਈ ਦੇ ਰਹੇ ਹਨ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਬਿਨ ਇਬਰਾਹਿਮ, ਅਬੂ ਧਾਬੀ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਜ਼ਾਇਦ ਅਲ ਨਾਹਿਆਨ, ਵੀਅਤਨਾਮ ਦੇ ਪ੍ਰਧਾਨ ਲੀ ਮਿਨ੍ਹ ਹੁੰਗ, ਇਥੋਪੀਆ ਦੇ ਪ੍ਰਧਾਨ ਮੰਤਰੀ ਏ ਅਹਿਮਦ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ ਅਤੇ ਅਹਿਮ ਖਣਿਜਾਂ, ਊਰਜਾ ਅਤੇ ਖ਼ੁਰਾਕ ਸੁਰੱਖਿਆ ਤੋਂ ਇਲਾਵਾ ਵਪਾਰ ਤੇ ਸਪਲਾਈ ਲੜੀਆਂ ਬਾਰੇ ਵਿਚਾਰ-ਚਰਚਾ ਕੀਤੀ।



# ਬ੍ਰਿਕਸ ਐਲਾਨਨਾਮੇ ’ਤੇ ਸਹਿਮਤੀ

## ਪਹਿਲਗਾਮ ਹਮਲੇ ਦੀ ਸਖ਼ਤ ਨਿੰਦਾ

## ਜੰਗ ਅਤੇ ਪਰਮਾਣੂ ਖ਼ਤਰੇ ’ਤੇ ਚਿੰਤਾ

**ਨਵੀਂ ਦਿੱਲੀ:**ਕਈ ਮੁੱਦਿਆਂ ‘ਤੇ ਮਤਭੇਦ ਦੇ ਬਾਵਜੂਦ ਭਾਰਤ ਨੇ ਸ਼ਨਿਚਰਵਾਰ ਨੂੰ 18ਵੇਂ ਬ੍ਰਿਕਸ ਸਿਖ਼ਰ ਸੰਮੇਲਨ ਤੋਂ ਬਾਅਦ ਨਵੀਂ ਦਿੱਲੀ ਐਲਾਨਨਾਮਾ ਜਾਰੀ ਕਰਾਉਣ ‘ਚ ਕਾਮਯਾਬੀ ਹਾਸਲ ਕੀਤੀ। ਐਲਾਨਨਾਮੇ ‘ਚ ਜੰਮੂ-ਕਸ਼ਮੀਰ ਦੇ ਪਹਿਲਗਾਮ ‘ਚ ਹੋਏ ਅੱਤਵਾਦੀ ਹਮਲੇ ਦੀ ਸਪੱਸ਼ਟ ਨਿੰਦਾ ਤੋਂ ਲੈ ਕੇ ਅੱਤਵਾਦ ਦੇ ਸੁਰੱਖਿਅਤ ਟਿਕਾਣਿਆਂ ਤੇ ਸਰਹੱਦ ਪਾਰ ਅੱਤਵਾਦੀ ਆਵਾਜਾਈ ਦੇ ਖ਼ਿਲਾਫ਼ ਕਾਰਵਾਈ ਦਾ ਸੰਕਲਪ ਲਿਆ ਗਿਆ। ਪੱਛਮੀ ਏਸ਼ੀਆ ‘ਚ ਵਧਦੇ ਤਣਾਅ ‘ਤੇ ਸੰਜਮ ਤੇ ਸੰਵਾਦ ਦੀ ਅਪੀਲ ਦੇ ਨਾਲ ਜੰਗਾਂ ਨੂੰ ਰੋਕਣ, ਪਰਮਾਣੂ ਖ਼ਤਰੇ ਘੱਟ ਕਰਨ ਤੇ ਵਿਵਾਦਾਂ ਦਾ ਸ਼ਾਂਤੀਪੂਰਣ ਹੱਲ ਕੱਢਣ ‘ਤੇ ਜ਼ੋਰ ਦਿੱਤਾ ਗਿਆ। ਉੱਥੇ ਇਕਪਾਸੜ ਟੈਰਿਫ ਤੇ ਵਪਾਰ ਪਾਬੰਦੀਆਂ ਨੂੰ ਲੈ ਕੇ ਪੱਛਮੀ ਦੇਸ਼ਾਂ ਨੂੰ ਵੀ ਸਖ਼ਤ ਸੰਦੇਸ਼ ਦਿੱਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਸਿਖ਼ਰ ਸੰਮੇਲਨ ਦੇ ਪਹਿਲੇ ਸੈਸ਼ਨ ਦੀ ਸਮਾਪਤੀ ਤੋਂ ਬਾਅਦ ਐਲਾਨਨਾਮੇ ‘ਤੇ ਸਹਿਮਤੀ ਬਣਨ ਦੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਖਦਸ਼ਿਆਂ ‘ਤੇ ਵਿਰਾਮ ਲੱਗ ਗਿਆ ਕਿ ਪੱਛਮੀ ਏਸ਼ੀਆ ਦੇ ਮੁੱਦੇ ‘ਤੇ ਮੈਂਬਰ ਦੇਸ਼ਾਂ ਦੇ ਮਤਭੇਦ ਦੇ ਕਾਰਨ ਇਸ ਵਾਰ ਸਾਂਝਾ ਐਲਾਨ ਜਾਰੀ ਨਹੀਂ ਹੋ ਸਕੇਗਾ। ਜ਼ਿਕਰਯੋਗ ਹੈ ਕਿ ਬ੍ਰਿਕਸ ‘ਚ ਫ਼ੈਸਲੇ ਆਮ ਸਹਿਮਤੀ ਨਾਲ ਹੁੰਦੇ ਹਨ ਤੇ ਕਿਸੇ ਇਕ ਮੈਂਬਰ ਦੀ ਅਸਹਿਮਤੀ ਵੀ ਸਾਂਝੇ ਐਲਾਨ ਨੂੰ ਰੋਕ ਸਕਦੀ ਹੈ।




# ਅੱਧੀ ਰਾਤ ਤੱਕ ਚੱਲੀ ਕੂਟਨੀਤਕ ਕਵਾਇਦ

**ਨਵੀਂ ਦਿੱਲੀ:**ਐਲਾਨਨਾਮੇ ‘ਤੇ ਸਹਿਮਤੀ ਬਣਾਉਣ ਲਈ ਭਾਰਤੀ ਅਧਿਕਾਰੀਆਂ ਨੂੰ ਦੇਰ ਰਾਤ ਤੱਕ ਗੱਲਬਾਤ ਕਰਨੀ ਪਈ। ਸੂਤਰਾਂ ਦੇ ਮੁਤਾਬਕ, 11 ਸਤੰਬਰ ਦੀ ਦੇਰ ਸ਼ਾਮ ਤੱਕ ਦਸਤਾਵੇਜ਼ ਦੇ ਕਰੀਬ 90 ਫ਼ੀਸਦੀ ਹਿੱਸੇ ‘ਤੇ ਸਹਿਮਤੀ ਬਣ ਚੁੱਕੀ ਸੀ। ਅਸਲੀ ਰੁਕਾਵਟ ਪੱਛਮੀ ਏਸ਼ੀਆ ਦੀ ਸਥਿਤੀ ‘ਤੇ ਇਸਤੇਮਾਲ ਕੀਤੀ ਜਾਣ ਵਾਲੀ ਭਾਸ਼ਾ ਨੂੰ ਲੈ ਕੇ ਸੀ। ਪੀਟੀਆਈ ਦੇ ਮੁਤਾਬਕ, ਈਰਾਨ ‘ਤੇ ਹਮਲਿਆਂ ਦੇ ਸੰਦਰਭ ‘ਚ ਅਮਰੀਕਾ ਦੇ ਸਿੱਧੇ ਜ਼ਿਕਰ ਨੂੰ ਲੈ ਕੇ ਈਰਾਨ ਤੇ ਸੰਯੁਕਤ ਅਰਬ ਅਮੀਰਾਤ ਵਿਚਾਲੇ ਮਤਭੇਦ ਸੀ। ਭਾਰਤੀ ਅਧਿਕਾਰੀਆਂ ਨੇ ਸ਼ਨਿਚਰਵਾਰ ਤੜਕੇ ਕਰੀਬ 2.45 ਵਜੇ ਤੱਕ ਗੱਲਬਾਤ ਜਾਰੀ ਰੱਖੀ। ਇਸ ਤੋਂ ਬਾਅਦ ਸੋਧਿਆ ਖਰੜਾ ਸਾਰੇ ਦੇਸ਼ਾਂ ਨੂੰ ਭੇਜਿਆ ਗਿਆ। ਰੂਸ ਤੇ ਚੀਨ ਸਮੇਤ ਹੋਰ ਮੈਂਬਰ ਦੇਸ਼ਾਂ ਨਾਲ ਗੱਲਬਾਤ ਨੇ ਵੀ ਸਹਿਮਤੀ ਬਣਾਉਣ ‘ਚ ਮਦਦ ਕੀਤੀ। ਸ਼ਾਮ ਸਾਢੇ ਤਿੰਨ ਵਜੇ ਤੱਕ ਸਾਰੇ ਮੈਂਬਰਾਂ ਦੀ ਸਹਿਮਤੀ ਮਿਲਣ ਤੋਂ ਬਾਅਦ ਐਲਾਨਨਾਮੇ ਨੂੰ ਅੰਤਿਮ ਰੂਪ ਦਿੱਤਾ ਗਿਆ। ਪੀਐੱਮ ਮੋਦੀ ਨੇ ਸ਼ਾਮ ਚਾਰ ਵਜੇ ਨਵੀਂ ਦਿੱਲੀ ਐਲਾਨਨਾਮਾ ਜਾਰੀ ਹੋਣ ਦਾ ਐਲਾਨ ਕੀਤਾ।

ਐਲਾਨਨਾਮੇ ‘ਚ 22 ਅਪ੍ਰੈਲ 2025 ਨੂੰ ਪਹਿਲਗਾਮ ‘ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਲਫ਼ਜ਼ਾਂ ‘ਚ ਨਿੰਦਾ ਕੀਤੀ ਗਈ ਹੈ। ਹਮਲੇ ‘ਚ 26 ਲੋਕਾਂ ਦੀ ਮੌਤ ਹੋਈ ਸੀ ਤੇ ਕਈ ਹੋਰ ਜ਼ਖ਼ਮੀ ਹੋਏ ਸਨ। ਬ੍ਰਿਕਸ ਦੇ ਆਗੂਆਂ ਨੇ ਅੱਤਵਾਦ ਦੇ ਸਾਰੇ ਰੂਪਾਂ ਨਾਲ ਨਜਿੱਠਣ ਦੀ ਵਚਨਬੱਧਤਾ ਦੋਹਰਾਉਂਦੇ ਹੋਏ ਅੱਤਵਾਦੀਆਂ ਦੀ ਸਰਹੱਦ ਪਾਰ ਆਵਾਜਾਈ ਰੋਕਣ, ਅੱਤਵਾਦ ਦੇ ਫੰਡਿੰਗ ਦੇ ਨੈੱਟਵਰਕ ਤੋੜਨ ਤੇ ਸੁਰੱਖਿਅਤ ਪਨਾਹਗਾਹਾਂ ਨਾਲ ਨਜਿੱਠਣ ਦੀ ਜ਼ਰੂਰਤ ‘ਤੇ ਜ਼ੋਰ ਦਿੱਤਾ ਹੈ।



### ਇਕਪਾਸੜ ਟੈਰਿਫ ’ਤੇ ਪੱਛਮੀ ਦੇਸ਼ਾਂ ਨੂੰ ਸਖ਼ਤ ਸੰਦੇਸ਼

ਵਪਾਰ ਦੇ ਮੋਰਚੇ ‘ਤੇ ਐਲਾਨਨਾਮੇ ‘ਚ ਇਕਪਾਸੜ ਟੈਰਿਫ ਤੇ ਵਪਾਰ ਪਾਬੰਦੀਆਂ ਦੀ ਆਲੋਚਨਾ ਕੀਤੀ ਗਈ ਹੈ। ਯੂਰਪੀ ਸੰਘ ਦੇ ਕਾਰਬਨ ਬਾਰਡਰ ਐਡਜਸਟਮੈਂਟ ਮੈਕੇਨਿਜ਼ਮ (ਸੀਬੀਏਐੱਮ) ਵਰਗੇ ਪੌਣ-ਪਾਣੀ ਆਧਾਰਤ ਵਪਾਰ ਉਪਾਵਾਂ ਨੂੰ ਲੈ ਕੇ ਵੀ ਚਿੰਤਾ ਪ੍ਰਗਟਾਈ ਗਈ ਹੈ। ਇਨ੍ਹਾਂ ਕਦਮਾਂ ਨੂੰ ਭੇਦਭਾਵਪੂਰਨ ਤੇ ਸੁਰੱਖਿਆਵਾਦੀ ਦੱਸਦੇ ਹੋਏ ਵਿਕਾਸਸ਼ੀਲ ਦੇਸ਼ਾਂ ਲਈ ਨੁਕਸਾਨਦਾਇਕ ਦੱਸਿਆ ਗਿਆ ਹੈ। ਪਹਿਲੀ ਵਾਰੀ ਸੀਬੀਏਐੱਮ ਦਾ ਸਪੱਸ਼ਟ ਨਾਂ ਲੈ ਕੇ ਪੱਛਮੀ ਵਪਾਰ ਰੁਕਾਵਟਾਂ ਦੀ ਨਿੰਦਾ ਕੀਤੀ ਗਈ ਹੈ। ਬ੍ਰਿਕਸ ਨੇ ਵਿਸ਼ਵ ਵਪਾਰ ਸੰਗਠਨ ‘ਚ ਵਿਆਪਕ ਸੁਧਾਰ ਦੀ ਜ਼ਰੂਰਤ ਦੋਹਰਾਉਂਦੇ ਹੋਏ ਅਜਿਹੀ ਵਿਸ਼ਵ ਵਪਾਰ ਵਿਵਸਥਾ ਦੀ ਮੰਗ 1 ਕੀਤੀ ਹੈ ਜਿਸ ਵਿਚ ਉੱਭਰਦੇ ਤੇ ਵਿਕਾਸਸ਼ੀਲ ਅਰਥਚਾਰਿਆਂ ਦੀ ਆਵਾਜ਼ ਨੂੰ ਜ਼ਿਆਦਾ ਮਹੱਤਵ ਮਿਲੇ ਤੇ ਵਿਸ਼ਵ ਬਾਜ਼ਾਰਾਂ ਤੱਕ ਉਨ੍ਹਾਂ ਦੀ ਬਰਾਬਰ ਪਹੁੰਚ ਹੋਵੇ।

# ਯੂਕਰੇਨ ’ਤੇ ਰੂਸੀ ਹਮਲਿਆਂ ਵਿਚ ਪੰਜ ਹਲਾਕ

## ਪੂਤਿਨ ਨੇ ਯੂਰੋਪ ਨੂੰ ਫ਼ੌਜਾਂ ਨਾ ਭੇਜਣ ਦੀ ਚਿਤਾਵਨੀ ਦਿੱਤੀ

**ਕੀਵ:**ਯੂਕਰੇਨ ਵਿੱਚ ਰੂਸੀ ਹਮਲਿਆਂ ਕਾਰਨ ਪੰਜ ਨਾਗਰਿਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਜ਼ਖ਼ਮੀ ਹੋ ਗਏ। ਇਹ ਨੂੰ ਹਮਲੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਉਸ ਚਿਤਾਵਨੀ ਤੋਂ ਬਾਅਦ ਹੋਏ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ . ਯੂਕਰੇਨ ‘ਚ ਯੂਰੋਪੀਅਨ ਫ਼ੌਜਾਂ ਨੂੰ ਜੋ ਭੇਜਣਾ ਰੂਸ ਨਾਲ ਸਿੱਧੀ ਜੰਗ ਦੇ ਬਰਾਬਰ ਹੋਵੇਗਾ। ਯੂਕਰੇਨ ਨੂੰ ਰੂਸ ਦੀ ਤੇਜ਼ ਹਵਾਈ ਮੁਹਿੰਮ ਦੇ ਵਧਦੇ ਦਬਾਅ ਦਾ ਸਾਹਮਣਾ ‘ ਕਰਨਾ ਪੈ ਰਿਹਾ ਹੈ, ਜੋ ਸੁਰੱਖਿਆ ਪ੍ਰਣਾਲੀਆਂ ਨੂੰ ਤੋੜਨ ਲਈ ਬੈਲਿਸਟਿਕ 4 ਮਿਜ਼ਾਈਲਾਂ ਅਤੇ ਜੈੱਟ-ਸੰਚਾਲਿਤ ਡਰੋਨਾਂ ਦੀ ਵਰਤੋਂ ਕਰ ਰਿਹਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਦੀਆਂ ਤੋਂ ਪਹਿਲਾਂ ਮਾਸਕੋ ਦੇ ਹਮਲਿਆਂ ਦਾ ਮਕਸਦ ਯੂਕਰੇਨ ਦੇ ਪਾਵਰ ਗਰਿੱਡ ਨੂੰ ਤਬਾਹ ਕਰਨਾ ਹੈ ਤਾਂ ਕਿ ਨਾਗਰਿਕਾਂ ਦੇ ਹੌਸਲੇ ਤੋੜੇ ਜਾ ਸਕਣ। ਖੇਤਰੀ ਮੁਖੀ ਇਵਾਨ ਫੈਦੋਰੋਵ ਨੇ ਅੱਜ ਦੱਸਿਆ ਕਿ ਯੂਕਰੇਨੀ ਸ਼ਹਿਰ ਜ਼ਾਪੋਰਿਜ਼ੀਆ ਵਿੱਚ ਰਾਤੋ-ਰਾਤ ਰੂਸੀ ਡਰੋਨਾਂ ਦੇ ਹਮਲੇ ਕਾਰਨ ਇੱਕ ਰਿਹਾਇਸ਼ੀ ਇਲਾਕੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇੱਕ ਜ਼ਖ਼ਮੀ ਹੋ ਗਿਆ। ਸਥਾਨਕ ਅਧਿਕਾਰੀਆਂ ਅਨੁਸਾਰ, ਕ੍ਰਿਵੀ ਰਿਹ ਉੱਤੇ ਹੋਏ ਹਮਲਿਆਂ ਵਿੱਚ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਕਾਲਾ ਸਾਗਰ ਦੀ ਬੰਦਰਗਾਹ ਓਡੇਸਾ ਅਤੇ ਆਸਪਾਸ ਦੇ ਇਲਾਕੇ ਵਿੱਚ ਹੋਏ ਭਾਰੀ ਹਮਲਿਆਂ ਵਿੱਚ 28 ਲੋਕ ਜ਼ਖ਼ਮੀ ਹੋ ਗਏ। ਨਿਸ਼ਾਨਾ ਬਣਾਈਆਂ ਗਈਆਂ ਇਮਾਰਤਾਂ ਵਿੱਚ ਇੱਕ ਰਿਹਾਇਸ਼ੀ ਉੱਚੀ ਇਮਾਰਤ ਵੀ ਸ਼ਾਮਲ ਹੈ, ਜਿਸ ਦੀਆਂ ਉੱਪਰਲੀਆਂ ਮੰਜ਼ਿਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ।



# ਸੀਰੀਆ ਦੀ ਜੇਲ੍ਹ ’ਚ ਦੰਗੇ ਭੜਕਣ ਕਾਰਨ ਸੱਤ ਹਲਾਕ

**ਦਮਿਸ਼ਕ**:ਸਰਕਾਰੀ ਮੀਡੀਆ ਦੀ ਰਿਪੋਰਟ ਅਨੁਸਾਰ ਅੱਜ ਉੱਤਰੀ ਸੀਰੀਆ ਦੇ ਮੁੱਖ ਤੌਰ ‘ਤੇ ਕੁਰਦ ਅਬਾਦੀ ਵਾਲੇ ਸ਼ਹਿਰ ਦੀ ਜੇਲ੍ਹ ‘ਚ ਅੱਗ ਲੱਗ ਗਈ ਅਤੇ ਦੰਗੇ ਭੜਕ ਗਏ ਜਿਸ ਕਾਰਨ ਘੱਟੋ-ਘੱਟ 7 ਜਣਿਆਂ ਦੀ ਮੌਤ ਹੋ ਗਈ ਹੈ। ਖ਼ਬਰ ਏਜੰਸੀ ‘ਸਨਾ’ ਨੇ ਦੱਸਿਆ ਕਿ ਅੱਗ ਉਸ ਸਮੇਂ ਲੱਗੀ ਜਦੋਂ ਕੋਬਾਨੀ ਜੇਲ੍ਹ ‘ਚ ਕੈਦੀਆਂ ਨੇ ਦੰਗਾ ਕਰ ਦਿੱਤਾ। ਇਹ ਦੰਗਾ ਸ਼ਹਿਰ ‘ਚ ਪਿਛਲੇ ਦਿਨ ਕੁਰਦ ਅਤੇ ਅਰਬ ਲੋਕਾਂ ਦਰਮਿਆਨ ਬਣੇ ਤਣਾਅ ਕਾਰਨ ਹੋਇਆ ਹੈ।



ਸੀਰੀਆ ਦੀ ਸਰਕਾਰੀ ਫ਼ੌਜ ਹਾਲ ਹੀ ‘ਚ ਤੁਰਕੀ ਦੀ ਸਰਹੱਦ ਨਾਲ ਲਗਦੇ ਇਸ ਸ਼ਹਿਰ ਅੰਦਰ ਦਾਖ਼ਲ ਹੋਈ ਹੈ ਪਰ ਜੇਲ੍ਹ ਹਾਲੇ ਵੀ ਕੁਰਦ ਲੜਾਕਿਆਂ ਦੇ ਕੰਟਰੋਲ ਹੇਠ ਹੈ।

ਬਰਤਾਨੀਆ ਸਥਿਤ ‘ਸੀਰੀਅਨ ਅਬਜ਼ਰਵੇਟਰੀ ਫੋਰ ਹਿਊਮਨ ਰਾਈਟਸ’ ਨੇ ਕਿਹਾ ਕਿ ਦੰਗੇ ਉਸ ਸਮੇਂ ਸ਼ੁਰੂ ਹੋਏ ਜਦੋਂ ਅਧਿਕਾਰੀਆਂ ਨੇ ਕੁਝ ਕੈਦੀਆਂ ਨੂੰ ਉੱਤਰੀ ਸ਼ਹਿਰ ਅਲੈਪੋ ਦੀ ਜੇਲ੍ਹ ‘ਚ ਤਬਦੀਲ ਕਰਨ ਦੀ ਯੋਜਨਾ ਬਣਾਈ ਸੀ। ਜੇਲ੍ਹ ‘ਚ ਕੁਰਦਾਂ ਨੇ ਅਰਬੀ ਕੈਦੀਆਂ ‘ਤੇ ਇੱਕ ਕੁਰਦ ਦੀ ਹੱਤਿਆ ਕਰਨ ਦਾ ਦੋਸ਼ ਲਾਇਆ ਹੈ।

# ਇਰਾਨ ਨਾਲ ਜੰਗ ਮੱਧਕਾਲੀ ਚੋਣਾਂ ਮਗਰੋਂ ਖ਼ਤਮ ਹੋਵੇਗੀ: ਟਰੰਪ

**ਡਬਲਿਨ:**ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਾ ਮੰਨਣਾ ਹੈ ਕਿ ਇਰਾਨ ਨਾਲ ਜੰਗ ਨਵੰਬਰ ‘ਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਤੋਂ ਬਾਅਦ ਖ਼ਤਮ ਹੋਵੇਗੀ। ਉਨ੍ਹਾਂ ਕਿਹਾ ਕਿ ਜੰਗ ਖ਼ਤਮ ਹੋਣ ਸਾਰ ਹੀ ਤੇਲ ਦੀਆਂ ਕੀਮਤਾਂ ਮੁੜ ਡਿੱਗ ਜਾਣਗੀਆਂ। ਟਰੰਪ ਨੇ ਕਿਹਾ ਕਿ ਸਾਊਦੀ ਅਰਬ ‘ਚ ਪਾਈਪਲਾਈਨ ‘ਤੇ ਹੋਏ ਡਰੋਨ ਹਮਲੇ ਲਈ ਇਰਾਨ ਜ਼ਿੰਮੇਵਾਰ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਰਾਨ ਚੋਣ ਨਤੀਜੇ ਬਦਲਣ ਲਈ ਜੰਗ ਨੂੰ ਖਿੱਚਣਾ ਚਾਹੁੰਦਾ ਹੈ ਪਰ ਉਹ ਜਾਣਦੇ ਹਨ ਕਿ ਵੋਟਰ ਸੂਝਵਾਨ ਹਨ। ਉਨ੍ਹਾਂ ਦੁਹਰਾਇਆ ਕਿ ਚੋਣਾਂ ਤੋਂ ਬਾਅਦ ਜੰਗ ਖ਼ਤਮ ਹੋਣ ਦੇ ਨਾਲ ਹੀ ਤੇਲ ਦੀਆਂ ਕੀਮਤਾਂ ‘ਚ ਗਿਰਾਵਟ ਦਰਜ ਹੋਵੇਗੀ।



# ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰਧਾਨ ਸ. ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ 'ਸ਼ਗਨਾਂ ਦਾ ਕਾਰਡ' ਦਾ ਯਾਦਗਾਰੀ ਲੋਕ-ਅਰਪਣ ਸਮਾਰੋਹ

**ਕੈਂਟ, ਵਾਸ਼ਿੰਗਟਨ:** ਰੰਧਾਵਾ ਫਾਉਂਡੇਸ਼ਨ, ਕੈਂਟ ਵਾਸ਼ਿੰਗਟਨ ਲੰਘੇ ਸ਼ਨਿਚਰਵਾਰ, ਸਾਹਿਤਕਾਰ ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ 'ਸ਼ਗਨਾਂ ਦਾ ਕਾਰਡ' ਦਾ ਲੋਕ-ਅਰਪਣ ਸਮਾਰੋਹ ਨੂੰ ਸਾਹਿਤਕਾਰਾਂ, ਕਵੀਆਂ, ਸਮਾਜਿਕ ਸ਼ਖ਼ਸੀਅਤਾਂ ਅਤੇ ਪੰਜਾਬੀ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਨੇ ਇੱਕ ਯਾਦਗਾਰੀ ਸਾਹਿਤਕ ਮਿਲਣੀ ਦਾ ਰੂਪ ਦੇ ਦਿੱਤਾ। ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੰਚ ਤੋਂ ਸਿਰਫ਼ ਕਿਤਾਬ ਦੀ ਰਿਲੀਜ਼ ਹੀ ਨਹੀਂ ਕੀਤੀ ਗਈ, ਸਗੋਂ ਕਰਨੈਲ ਸਿੰਘ ਕੈਲ ਦੀ ਕਹਾਣੀ-ਕਲਾ, ਸਮਾਜਕ ਚੇਤਨਾ, ਪਰਵਾਸੀ ਜੀਵਨ, ਮਨੁੱਖੀ ਰਿਸ਼ਤਿਆਂ, ਔਰਤ ਦੀ ਸਥਿਤੀ, ਦਾਜ, ਜਾਤ-ਪਾਤ, ਸਮਾਜਕ ਵਿਸੰਗਤੀਆਂ ਅਤੇ ਪੰਜਾਬ ਦੇ ਇਤਿਹਾਸਕ ਤੇ ਸਮਾਜਕ ਦੁੱਖਾਂ ਨਾਲ ਜੁੜੇ ਵੱਖ-ਵੱਖ ਪੱਖਾਂ ਉੱਤੇ ਵੀ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ ਗਏ। ਬੁਲਾਰਿਆਂ ਨੇ ਕਿਹਾ ਕਿ 'ਸ਼ਗਨਾਂ ਦਾ ਕਾਰਡ' ਦੀਆਂ ਕਹਾਣੀਆਂ ਸਿਰਫ਼ ਮਨੋਰੰਜਨ ਨਹੀਂ ਕਰਦੀਆਂ, ਸਗੋਂ ਪਾਠਕ ਨੂੰ ਆਪਣੇ ਸਮਾਜ, ਰਿਸ਼ਤਿਆਂ ਅਤੇ ਮਨੁੱਖੀ ਵਰਤਾਰੇ ਬਾਰੇ ਮੁੜ ਸੋਚਣ ਲਈ ਮਜਬੂਰ ਕਰਦੀਆਂ ਹਨ।



ਸਮਾਗਮ ਵਿਚ ਨਾਮਵਰ ਸ਼ਖ਼ਸੀਅਤ ਜਗਰੂਪ ਸਿੰਘ ਜਰਖੜ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਜਗਰੂਪ ਸਿੰਘ ਜਰਖੜ ਨੂੰ ਖੇਡ ਜਗਤ ਅਤੇ ਪੰਜਾਬੀ ਭਾਸ਼ਾ ਲਈ ਪਾਏ ਵਡਮੁੱਲੇ ਯੋਗਦਾਨ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਅਮਰਜੀਤ ਸਿੰਘ ਤਰਸਿੱਕਾ, ਹਰਦਿਆਲ ਸਿੰਘ ਚੀਮਾ, ਨੋਬਲਦੀਪ ਕੌਰ, ਬਲਬੀਰ ਸਿੰਘ ਲਹਿਰਾ, ਸੰਤੋਖ ਸਿੰਘ ਬਿੰਦ, ਮਨਜੀਤ ਕੌਰ ਗਿੱਲ, ਹਰਿੰਦਰਪਾਲ ਸਿੰਘ ਬੈਂਸ, ਅਵਤਾਰ ਸਿੰਘ ਆਦਮਪੁਰੀ, ਸ਼ਾਨ ਦਿਓਲ, ਮਲਕੀਤ ਸਿੰਘ ਗਿੱਲ, ਮਨਜੀਤ ਸਿੰਘ ਚਹਿਲ, ਸਿੰਗਾਰ ਸਿੰਘ ਸਿੱਧੂ, ਜਗਜੀਤ ਸਿੰਘ ਉੱਪਲ, ਰਣਜੀਤ ਮੱਲੀ, ਸ਼ਿੰਦਰਪਾਲ ਔਜਲਾ, ਬਲਦੇਵ ਸਿੰਘ ਛੀਨਾ, ਹਰਜਿੰਦਰ ਸਿੰਘ ਸੰਧਾਵਾਲੀਆ, ਭੁਪਿੰਦਰ ਸਿੰਘ ਢੱਡਾ, ਰਾਜਵੀਰ ਸਿੰਘ, ਰਾਮ ਸਿੰਘ ਧਾਲੀਵਾਲ, ਸਾਧੂ ਸਿੰਘ ਝੱਜ, ਡਾ. ਸੁਖਵੀਰ ਬੀਹਲਾ, ਹਰਪਾਲ ਸਿੱਧੂ, ਸਰਬਜੀਤ ਸਿੰਘ ਨੂਰ, ਡਾ. ਹਰਚੰਦ ਸਿੰਘ, ਨਵਲਪ੍ਰੀਤ ਰੰਗੀ, ਡਾ. ਕੰਵਲਜੀਤ ਸਿੰਘ ਹੁੰਦਲ, ਦਵਿੰਦਰ ਸਿੰਘ ਹੀਰਾ ਅਤੇ ਗੁਰਪ੍ਰੀਤ ਸਿੰਘ ਸੋਹਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਰਨੈਲ ਸਿੰਘ ਕੈਲ ਨੂੰ ਉਨ੍ਹਾਂ ਦੇ ਪਲੇਠੇ ਕਹਾਣੀ-ਸੰਗ੍ਰਹਿ ਲਈ ਵਧਾਈ ਦਿੱਤੀ ਅਤੇ ਪਾਠਕਾਂ ਨੂੰ ਪੁਰਜ਼ੋਰ ਬੇਨਤੀ ਕੀਤੀ ਕਿ "ਸ਼ਗਨਾਂ ਦਾ ਕਾਰਡ" ਇਕ ਬੇਹਤਰੀਨ ਕਿਤਾਬ ਹੈ ਅਤੇ ਜਰੂਰ ਪੜੀ ਜਾਣੀ ਚਾਹੀਦੀ ਹੈ।

ਸਮਾਗਮ ਦਾ ਇੱਕ ਹੋਰ ਵਿਸ਼ੇਸ਼ ਆਕਰਸ਼ਣ ਪਰਮਿੰਦਰ ਗਿੱਲ ਦੀ ਲੋਕ-ਰੰਗ ਨਾਲ ਭਰੀ ਪੇਸ਼ਕਾਰੀ ਰਹੀ। ਉਨ੍ਹਾਂ ਨੇ ਤੁੰਬੇ ਦੀ ਟੇਕ ਲੈ ਕੇ ਵਿਸਰਦੇ ਜਾ ਰਹੇ ਪੰਜਾਬੀ ਵਿਰਸੇ ਦੇ ਫੋਕ ਰੰਗਾਂ ਨੂੰ ਜੀਵੰਤ ਅੰਦਾਜ਼ ਵਿੱਚ ਪੇਸ਼ ਕੀਤਾ।

ਮਨਜੀਤ ਸਿੰਘ ਚਹਿਲ, Balloon Decor Northwest ਅਤੇ ਅਮਰੀਕ ਸਿੰਘ ਰੰਧਾਵਾ ਨੂੰ ਉਨ੍ਹਾਂ ਵਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੀਆਂ ਸੇਵਾਵਾਂ ਵਿਚ ਯੋਗਦਾਨ ਪਾਉਣ ਲਈ ਸਨਮਾਨਿਤ ਕੀਤਾ ਗਿਆ। ਯਾਦ ਰਹੇ ਕਿ ਪਿਛਲੇ ਦਿਨੀਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਬੈਨਰ ਹੇਠ ਕਰਵਾਈ ਗਈ ਪੰਜਾਬੀ ਕਾਨਫਰੰਸ ਦੀ ਸਫਲਤਾ ਵਿੱਚ ਵੀ ਮਨਜੀਤ ਸਿੰਘ ਚਹਿਲ ਵੱਲੋਂ ਵਡਮੁੱਲਾ ਯੋਗਦਾਨ ਪਾਇਆ ਗਿਆ ਸੀ। ਉਨ੍ਹਾਂ ਦੀ ਇਸ ਸੇਵਾ ਅਤੇ ਸਹਿਯੋਗ ਨੂੰ ਮੱਦੇਨਜ਼ਰ ਰੱਖਦਿਆਂ ਸਮਾਗਮ ਵਿੱਚ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਪੂਰੇ ਸਮਾਗਮ ਦਾ ਮੰਚ ਸੰਚਾਲਨ ਗੁਰਪ੍ਰੀਤ ਸਿੰਘ ਸੋਹਲ ਨੇ ਬਹੁਤ ਹੀ ਸੁਚੱਜੇ, ਸੰਜਮਿਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

ਇਸ ਸਾਹਿਤਕ ਸਮਾਗਮ ਨੂੰ ਪਰਿਵਾਰਕ ਖੁਸ਼ੀ ਦੀ ਇੱਕ ਵਿਸ਼ੇਸ਼ ਛੋਹ ਵੀ ਮਿਲੀ। ਮਸ਼ਹੂਰ ਗਾਇਕ ਅਤੇ ਲੇਖਕ ਸਰਦਾਰ ਬਲਬੀਰ ਲਹਿਰਾ ਨੇ ਆਪਣੇ ਪੋਤਰੇ ਦੇ ਜਨਮ ਦੀ ਖ਼ੁਸ਼ੀ ਸਾਰਿਆਂ ਨਾਲ ਸਾਂਝੀ ਕਰਦਿਆਂ ਸਮਾਗਮ ਵਿੱਚ ਹਾਜ਼ਰ ਮਹਿਮਾਨਾਂ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਹਾਜ਼ਰੀਨ ਨੇ ਇਸ ਖ਼ੁਸ਼ੀ ਲਈ ਬਲਬੀਰ ਲਹਿਰਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ।

ਇਸ ਮੌਕੇ ਸਰੋਤਿਆਂ ਵਜੋਂ ਵੀ ਸਾਹਿਤ ਅਤੇ ਸਮਾਜ ਨਾਲ ਜੁੜੀਆਂ ਕਈ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਇਨ੍ਹਾਂ ਵਿੱਚ ਗੁਰਦੀਪ ਸਿੰਘ ਸਿੱਧੂ, ਜਸਬੀਰ ਸੰਧਾਵਾਲੀਆ, ਮੀਨਾ ਦੀਵਾਨ, ਬਲਜੀਤ ਸਿੰਘ ਬਰਾੜ, ਮੋਹਣ ਧਾਲੀਵਾਲ, ਜਸਪ੍ਰੀਤ ਕੌਰ, ਜਗਰੂਪ ਸਿੰਘ ਬਾਠ, ਅਜੀਤ ਕੌਰ, ਮਨੋਹਰ ਸਿੰਘ ਸੰਧੂ, ਤਰਸੇਮ ਸਿੰਘ, ਬਲਵਿੰਦਰ ਕੌਰ, ਮਲਕੀਤ ਕੌਰ, ਬਲਜੀਤ ਸਿੱਧੂ, ਪ੍ਰੀਤਮ ਬਰਾੜ, ਕੁਲਵੰਤ ਸ਼ਾਹ, ਜਸਵੀਰ ਸਹੋਤਾ, ਈਸ਼ਰ ਸਿੰਘ ਅਤੇ ਗੁਰਪ੍ਰੀਤ ਧੰਜੂ, ਗੁਰਸ਼ਾਨ ਸਿੰਘ ਰੰਧਾਵਾ, ਸ਼ਰਨ ਕੌਰ ਸ਼ੋਕਰ, ਸੁਰਿੰਦਰ ਕੌਰ ਬ੍ਰਹਮ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

ਸਮਾਗਮ ਦੌਰਾਨ ਕਈ ਬੁਲਾਰਿਆਂ ਨੇ ਇਹ ਗੱਲ ਵਿਸ਼ੇਸ਼ ਤੌਰ 'ਤੇ ਉਭਾਰੀ ਕਿ ਕਰਨੈਲ ਸਿੰਘ ਕੈਲ ਨੇ ਆਪਣੇ ਪਹਿਲੇ ਹੀ ਕਹਾਣੀ-ਸੰਗ੍ਰਹਿ ਵਿੱਚ ਜੀਵਨ ਦੇ ਅਨੇਕਾਂ ਸੰਵੇਦਨਸ਼ੀਲ ਪੱਖਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਪੰਜਾਬ ਵੀ ਹੈ, ਪਰਵਾਸ ਵੀ; ਪਿਆਰ ਵੀ ਹੈ, ਪੀੜ ਵੀ; ਟੁੱਟਦੇ ਰਿਸ਼ਤੇ ਵੀ ਹਨ ਅਤੇ ਮੁੜ ਜੁੜਨ ਦੀ ਆਸ ਵੀ। ਇਹੀ ਵਿਸ਼ਾਲਤਾ 'ਸ਼ਗਨਾਂ ਦਾ ਕਾਰਡ' ਨੂੰ ਇੱਕ ਵਿਲੱਖਣ ਪਛਾਣ ਦਿੰਦੀ ਹੈ।

ਅੰਤ ਵਿੱਚ ਕਰਨੈਲ ਸਿੰਘ ਕੈਲ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਹਿਤਕਾਰਾਂ, ਬੁਲਾਰਿਆਂ, ਸਰੋਤਿਆਂ ਅਤੇ ਸੱਜਣਾਂ ਦਾ ਧੰਨਵਾਦ ਕੀਤਾ। ਹਾਜ਼ਰੀਨ ਵੱਲੋਂ ਉਨ੍ਹਾਂ ਨੂੰ ਕਿਤਾਬ ਦੇ ਪ੍ਰਕਾਸ਼ਨ ਲਈ ਵਧਾਈਆਂ ਦਿੱਤੀਆਂ ਗਈਆਂ ਅਤੇ ਭਵਿੱਖ ਦੀ ਸਾਹਿਤਕ ਯਾਤਰਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ। ਕੁੱਲ ਮਿਲਾ ਕੇ 'ਸ਼ਗਨਾਂ ਦਾ ਕਾਰਡ' ਦਾ ਲੋਕ-ਅਰਪਣ ਸਮਾਰੋਹ ਸਿਰਫ਼ ਇੱਕ ਪੁਸਤਕ ਰਿਲੀਜ਼ ਤੱਕ ਸੀਮਿਤ ਨਾ ਰਹਿ ਕੇ ਪੰਜਾਬੀ ਸਾਹਿਤ, ਲੋਕ-ਵਿਰਸੇ, ਵਿਚਾਰ, ਸਾਂਝ ਅਤੇ ਸਨਮਾਨ ਦਾ ਇੱਕ ਯਾਦਗਾਰੀ ਉਤਸਵ ਬਣ ਗਿਆ। ਕੈਂਟ ਦੀ ਧਰਤੀ 'ਤੇ ਹੋਇਆ ਇਹ ਸਮਾਗਮ ਲੰਮੇ ਸਮੇਂ ਤੱਕ ਪੰਜਾਬੀ ਸਾਹਿਤ-ਪ੍ਰੇਮੀਆਂ ਦੀਆਂ ਯਾਦਾਂ ਵਿੱਚ ਤਾਜ਼ਾ ਰਹੇਗਾ।

# ਵਿਪਸਾ ਵੱਲੋਂ 27 ਸਤੰਬਰ ਨੂੰ ਕਰਵਾਈ ਜਾ ਰਹੀ ਅੰਤਰਰਾਸ਼ਟਰੀ ਕਾਨਫ਼ਰੰਸ ਦੀਆਂ ਤਿਆਰੀਆਂ ਮੁਕੰਮਲ

**ਹੇਵਰਡ:** ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਸਮਰਪਿਤ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵੱਲੋਂ 27 ਸਤੰਬਰ 2026 ਨੂੰ ਪੈਰਾਡਈਜ਼ ਬਾਲਰੂਮ (ਫਆਰਅਦਿਸਏ ਭਅਲਲ-ਰੋਮ), ਫਰੀਮੌਂਟ ਵਿਖੇ ਕਰਵਾਈ ਜਾ ਰਹੀ ਅੰਤਰਰਾਸ਼ਟਰੀ ਕਾਨਫ਼ਰੰਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਮੂਨ ਰੈਸਟੋਰੈਂਟ ਵਿਖੇ ਵਿਸ਼ੇਸ਼ ਮਿਲਣੀ ਕੀਤੀ ਗਈ।

ਵਿਪਸਾ ਦੇ ਪ੍ਰਧਾਨ ਕੁਲਵਿੰਦਰ ਨੇ ਕਾਨਫ਼ਰੰਸ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ 26 ਸਤੰਬਰ ਸ਼ਾਮ ਨੂੰ ਕਾਨਫ਼ਰੰਸ ਵਿਚ ਹਿੱਸਾ ਲੈ ਰਹੇ ਮਹਿਮਾਨ ਸਾਹਿਤਕਾਰ ਅਤੇ ਮੈਂਬਰ ਯੂਨੀਅਨ ਸਿਟੀ ਦੇ ਜੇਮਜ਼ ਲੋਗਨ ਹਾਈ ਸਕੂਲ ਵਿਖੇ ਪੰਜਾਬ ਲੋਕ ਰੰਗ ਵੱਲੋਂ ਪੇਸ਼ ਕੀਤੇ ਜਾ ਰਹੇ ਨਾਟਕ 'ਬੰਦਾ ਸਿੰਘ ਬਹਾਦਰ' ਦਾ ਆਨੰਦ ਮਾਣਨਗੇ। (ਹੋਰ ਦਰਸ਼ਕ ਵੀ ਇਸ ਨਾਟਕ ਦੀਆਂ ਟਿਕਟਾਂ ਪੰਜਾਬ ਲੋਕ ਰੰਗ ਤੋਂ ਖਰੀਦ ਸਕਦੇ ਹਨ)। ਨਾਟਕ ਤੋਂ ਬਾਅਦ ਹਾਜ਼ਰ ਮਹਿਮਾਨ ਅਤੇ ਮੈਂਬਰ ਰਾਤ ਦਾ ਭੋਜਨ ਕਰਨਗੇ ਅਤੇ ਅਗਲੇ ਦਿਨ 27 ਸਤੰਬਰ ਦਾ ਪੂਰਾ ਦਿਨ ਕਾਨਫ਼ਰੰਸ ਦਾ ਹੋਏਗਾ, ਜਿਸ ਵਿਚ ਬੋਲੀ ਅਤੇ ਸਾਹਿਤ ਦੇ ਵਿਸ਼ਿਆਂ ਉੱਪਰ ਸਵੇਰੇ 10 ਤੋਂ ਸ਼ਾਮ 7 ਵਜੇ ਤੱਕ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਪੰਜਾਬੀ ਪਿਆਰਿਆਂ ਵਲੋਂ ਗੱਲਬਾਤ ਵਿਚ ਹਿੱਸਾ ਲਿਆ ਜਾਏਗਾ। ਸ਼ਾਮ ਨੂੰ ਵਿਸ਼ਾਲ ਕਵੀ ਦਰਬਾਰ ਹੋਏਗਾ। ਸਾਰਾ ਦਿਨ ਆਏ ਮਹਿਮਾਨਾਂ ਅਤੇ ਸਰੋਤਿਆਂ ਲਈ ਖਾਣੇ ਦਾ ਪ੍ਰਬੰਧ ਹੋਏਗਾ।

ਪੰਜਾਬੀ ਭਾਸ਼ਾ ਨੂੰ ਸਮਰਪਿਤ ਇਸ ਅੰਤਰਰਾਸ਼ਟਰੀ ਕਾਨਫ਼ਰੰਸ ਵਿਚ ਡਾ. ਨਬੀਲਾ ਰਹਿਮਾਨ ਮੁੱਖ ਮਹਿਮਾਨ ਅਤੇ ਡਾ. ਆਤਮ ਰੰਧਾਵਾ ਅਤੇ ਡਾ. ਰਾਜੇਸ਼ ਸ਼ਰਮਾ ਵਿਸ਼ੇਸ਼ ਵਕਤਾ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਜੰਮੂ ਤੋਂ ਡਾ. ਮੋਨੋਜੀਤ ਸਿੰਘ, ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਕੈਨੇਡਾ ਤੋਂ ਪਿਆਰਾ ਸਿੰਘ ਕੁੱਦੋਵਾਲ, ਆਸਟ੍ਰੇਲੀਆ ਤੋਂ ਅਵੀ ਸੰਧੂ, ਇੰਗਲੈਂਡ ਤੋਂ ਨਛੱਤਰ ਭੋਗਲ, ਕਰਨੈਲ ਸਿੰਘ ਕੈਲ, ਗੁਰਪ੍ਰੀਤ ਸੋਹਲ, ਮਾਜੂਦ ਮੱਲੀ, ਡਾ. ਬੀਨਾ ਗੋਂਦੀ ਅਤੇ ਡਾ. ਅਬਦੁਲ ਜ਼ਬਾਰ ਸਮੇਤ ਕਈ ਪ੍ਰਮੁੱਖ ਸਾਹਿਤਕਾਰ ਅਤੇ ਵਿਦਵਾਨ ਪਹੁੰਚ ਰਹੇ ਹਨ।

ਕਾਨਫ਼ਰੰਸ ਦੌਰਾਨ ਇਸ ਵਰ੍ਹੇ ਦੀਆਂ ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਨੂੰ ਦਰਸਾਉਂਦਾ ਸਲਾਈਡ ਸ਼ੋਅ ਪੇਸ਼ ਕੀਤਾ ਜਾਵੇਗਾ। ਪੰਜਾਬੀ ਭਾਸ਼ਾ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਵਿਚਾਰ-ਵਟਾਂਦਰੇ ਲਈ ਵਿਸ਼ੇਸ਼ ਸੈਸ਼ਨ ਵੀ ਕਰਵਾਏ ਜਾਣਗੇ। ਇਸ ਮੌਕੇ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਅਤੇ ਨਵੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਜਾਣਗੀਆਂ।

ਕਾਨਫ਼ਰੰਸ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੇ ਸਨਮਾਨ ਤੋਂ ਇਲਾਵਾ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਵਿਪਸਾ ਵੱਲੋਂ ਕਰਵਾਈ ਜਾ ਰਹੀ ਇਹ ਕਾਨਫ਼ਰੰਸ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕਰਨ ਵੱਲ ਮਹੱਤਵਪੂਰਨ ਉਪਰਾਲਾ ਹੋਵੇਗੀ।




ਮਿਲਣੀ ਦੌਰਾਨ ਅਮਰਜੀਤ ਕੌਰ ਪੰਨੂੰ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਿੰਦਰ ਕੌਰ ਸੋਹੀ, ਅਮਰਜੀਤ ਸਿੰਘ ਜੌਹਲ, ਪ੍ਰੋ. ਸੁਰਿੰਦਰ ਸੀਰਤ, ਪ੍ਰੋ. ਸੁਖਦੇਵ ਸਿੰਘ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਮੁਕੇਸ਼ ਸ਼ਰਮਾ ਅਤੇ ਲਾਜ ਨੀਲਮ ਸੈਣੀ ਹਾਜ਼ਰ ਸਨ।

***ਰਿਪੋਰਟ: ਲਾਜ ਨੀਲਮ ਸੈਣੀ***
***ਸਾਹਿਤ ਸਕੱਤਰ***
***ਫ਼ੋਨ: 510-502-0551***

# ਕਵੀ ਤੇ ਸਾਹਿਤਕ ਫ਼ੋਟੋਗ੍ਰਾਫ਼ਰ ਹਰਭਜਨ ਸਿੰਘ ਬਾਜਵਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਪੰਜਾਬੀ ਦੇ ਕਵੀ ਅਤੇ ਬੇਹੱਦ ਜ਼ਹੀਨ ਸਾਹਿਤਕ ਫ਼ੋਟੋਗ੍ਰਾਫ਼ਰ ਹਰਭਜਨ ਸਿੰਘ ਬਾਜਵਾ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਅਤੇ ਕਥਾਕਾਰ ਮੰਚ, ਪੰਜਾਬ ਦੇ ਸੰਸਥਾਪਕ ਅਲਫ਼ਾਜ਼, ਮੁੱਖ ਪ੍ਰਬੰਧਕ ਪਵਿੱਤਰ ਕੌਰ ਮਾਟੀ, ਕਨਵੀਨਰ ਐਚ.ਐਸ. ਡਿੰਪਲ ਅਤੇ ਸਹਿ-ਕਨਵੀਨਰ ਕਮਲਜੀਤ ਕੌਰ ਬਾਂਗਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਹਰਭਜਨ ਸਿੰਘ ਬਾਜਵਾ ਦੇ ਵਿਛੋੜੇ ਨਾਲ ਪੰਜਾਬੀ ਸਾਹਿਤ ਅਤੇ ਸਾਹਿਤਕ ਫ਼ੋਟੋਗ੍ਰਾਫ਼ੀ ਦੇ ਖੇਤਰ ਨੂੰ ਗਹਿਰਾ ਘਾਟਾ ਪਿਆ ਹੈ। ਉਹ ਕਵੀ ਹੋਣ ਦੇ ਨਾਲ-ਨਾਲ ਚਿੱਤਰ ਅਤੇ ਫ਼ੋਟੋਗ੍ਰਾਫ਼ੀ ਦੀ ਕਲਾ ਦੀ ਡੂੰਘੀ ਸਮਝ ਰੱਖਣ ਵਾਲੇ ਸਿਰਜਕ ਸਨ।



ਦੱਸਣਯੋਗ ਹੈ ਕਿ ਹਰਭਜਨ ਸਿੰਘ ਬਾਜਵਾ ਦਾ ਪੰਜਾਬੀ ਸਾਹਿਤ ਅਤੇ ਕਲਾ ਨਾਲ ਰਿਸ਼ਤਾ ਬਹੁਪੱਖੀ ਸੀ। ਉਹ ਕਵਿਤਾ ਲਿਖਣ ਦੇ ਨਾਲ-ਨਾਲ ਫ਼ੋਟੋਗ੍ਰਾਫ਼ੀ ਨੂੰ ਵੀ ਸਿਰਫ਼ ਤਸਵੀਰ ਖਿੱਚਣ ਦੀ ਕਲਾ ਨਹੀਂ, ਸਗੋਂ ਆਪਣੇ ਸਮੇਂ, ਮਨੁੱਖ ਅਤੇ ਸਮਾਜ ਨੂੰ ਦੇਖਣ ਦਾ ਸਿਰਜਣਾਤਮਕ ਮਾਧਿਅਮ ਸਮਝਦੇ ਸਨ। ਉਨ੍ਹਾਂ ਨੇ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਕੋਲੋਂ ਚਿੱਤਰਕਾਰੀ ਦੀ ਸਿੱਖਿਆ ਹਾਸਲ ਕੀਤੀ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਬਟਾਲਾ ਵਿਖੇ ਆਪਣਾ ਸਟੂਡੀਓ ਸਥਾਪਤ ਕੀਤਾ। ਇਸ ਤੋਂ ਬਾਅਦ ਉਨ੍ਹਾਂ ਵੱਖ-ਵੱਖ ਅਖ਼ਬਾਰਾਂ ਅਤੇ ਰਸਾਲਿਆਂ ਲਈ ਫ਼ੋਟੋਗ੍ਰਾਫ਼ਰ ਵਜੋਂ ਕੰਮ ਕੀਤਾ ਅਤੇ ਸਾਹਿਤਕ ਤੇ ਕਲਾਤਮਕ ਸਰੋਕਾਰਾਂ ਨੂੰ ਆਪਣੀ ਫ਼ੋਟੋਗ੍ਰਾਫ਼ੀ ਰਾਹੀਂ ਪ੍ਰਗਟ ਕੀਤਾ। ਬਾਜਵਾ ਦੀਆਂ ਕਾਵਿ-ਕਿਰਤਾਂ ਵਿਚ 'ਸੁੱਕੇ ਕੱਖਾਂ ਥੱਲੇ ਅੱਗ', 'ਮੌਤ ਇਕ ਆਸ ਦੀ' ਅਤੇ 'ਤਰੇਲ ਦੀ ਇੱਕ ਬੂੰਦ' ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਇਸ ਤੋਂ ਇਲਾਵਾ 'ਜੇਲ੍ਹ ਦੀਆਂ ਭੁੱਲੀਆਂ ਵਿਸਰੀਆਂ ਯਾਦਾਂ' ਵੀ ਉਨ੍ਹਾਂ ਦੇ ਰਚਨਾਤਮਕ ਕੰਮ ਦਾ ਹਿੱਸਾ ਹੈ। ਉਨ੍ਹਾਂ ਦੀ ਕਵਿਤਾ ਵਿਚ ਜੀਵਨ, ਮੌਤ, ਆਸ ਅਤੇ ਮਨੁੱਖੀ ਸੰਵੇਦਨਾ ਦੇ ਡੂੰਘੇ ਅਹਿਸਾਸ ਮਿਲਦੇ ਹਨ।

ਕਥਾਕਾਰ ਮੰਚ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਆਗੂਆਂ ਨੇ ਕਿਹਾ ਕਿ ਹਰਭਜਨ ਸਿੰਘ ਬਾਜਵਾ ਦਾ ਵਿਛੋੜਾ ਇੱਕ ਅਜਿਹੇ ਸਿਰਜਕ ਦਾ ਵਿਛੋੜਾ ਹੈ ਜਿਸ ਨੇ ਕਵਿਤਾ ਅਤੇ ਫ਼ੋਟੋਗ੍ਰਾਫ਼ੀ ਦੋਵਾਂ ਖੇਤਰਾਂ ਵਿਚ ਵਿਲੱਖਣ ਪਛਾਣ ਬਣਾਈ। ਉਨ੍ਹਾਂ ਕਿਹਾ ਕਿ ਬਾਜਵਾ ਦੀਆਂ ਰਚਨਾਵਾਂ ਅਤੇ ਉਨ੍ਹਾਂ ਵੱਲੋਂ ਸਾਂਭੇ ਸਾਹਿਤਕ-ਸੱਭਿਆਚਾਰਕ ਪਲ ਉਨ੍ਹਾਂ ਦੀ ਯਾਦ ਨੂੰ ਲੰਮੇ ਸਮੇਂ ਤੱਕ ਜਿਉਂਦਾ ਰੱਖਣਗੇ। ਮੰਚ ਤੇ ਸਭਾ ਨੇ ਹਰਭਜਨ ਸਿੰਘ ਬਾਜਵਾ ਦੇ ਪਰਿਵਾਰ, ਸਨੇਹੀਆਂ ਅਤੇ ਸਾਹਿਤਕ ਸਾਥੀਆਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ।

## ਅੰਮ੍ਰਿਤਸਰ-ਚੰਡੀਗੜ੍ਹ ਐਕਸਪ੍ਰੈਸ ਇਕ ਮਹੀਨੇ ਲਈ ਰੱਦ

**ਅੰਮ੍ਰਿਤਸਰ:** ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਚੱਲ ਰਹੇ ਕੰਮ ਕਾਰਨ ਰੇਲਗੱਡੀ ਨੰਬਰ 14542/41 ਅੰਮ੍ਰਿਤਸਰ-ਚੰਡੀਗੜ੍ਹ ਐਕਸਪ੍ਰੈਸ ਨੂੰ ਲਗਭਗ ਇਕ ਮਹੀਨੇ ਲਈ ਰੱਦ ਕਰ ਦਿੱਤਾ ਗਿਆ ਹੈ। ਇਸ ਕਾਰਨ ਰੋਜ਼ਾਨਾ ਸਫ਼ਰ ਕਰਨ ਵਾਲੇ ਕਰੀਬ 2400 ਯਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯਾਤਰੀਆਂ ਨੂੰ ਚੰਡੀਗੜ੍ਹ ਜਾਣ ਲਈ ਹੋਰ ਕਨੈਕਟਡ ਰੇਲਗੱਡੀਆਂ ਦਾ ਸਹਾਰਾ ਲੈਣਾ ਪੈ ਰਿਹਾ ਹੈ ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾਣ ਵਾਲੀ ਇਹ ਐਕਸਪ੍ਰੈਸ ਰੋਜ਼ਾਨਾ ਸਵੇਰੇ 5:10 ਵਜੇ ਰਵਾਨਾ ਹੁੰਦੀ ਹੈ। ਸੋਮਵਾਰ ਨੂੰ ਟ੍ਰੇਨ ਰੱਦ ਹੋਣ ਕਾਰਨ ਚੰਡੀਗੜ੍ਹ ਜਾਣ ਵਾਲੇ ਯਾਤਰੀਆਂ ਨੂੰ ਟ੍ਰੇਨ ਨੰਬਰ 12926 ਪੱਛਮ ਐਕਸਪ੍ਰੈਸ ਰਾਹੀਂ ਸਫ਼ਰ ਕਰਨਾ ਪਿਆ। ਇਹ ਟ੍ਰੇਨ ਸਵੇਰੇ 7:20 ਵਜੇ ਰਵਾਨਾ ਹੁੰਦੀ ਹੈ, ਜਿਸ ਕਾਰਨ ਯਾਤਰੀਆਂ ਨੂੰ ਕਰੀਬ 2 ਘੰਟੇ 10 ਮਿੰਟ ਉਡੀਕ ਕਰਨੀ ਪਈ। ਇਸੇ ਤਰ੍ਹਾਂ ਚੰਡੀਗੜ੍ਹ ਤੋਂ ਅੰਮ੍ਰਿਤਸਰ ਆਉਣ ਵਾਲੀ 14541 ਅੰਮ੍ਰਿਤਸਰ ਐਕਸਪ੍ਰੈਸ ਵੀ ਅਗਲੇ ਮਹੀਨੇ ਤੱਕ ਰੱਦ ਰਹੇਗੀ।

# ਸਾਊਦੀ ਅਰਬ ਨੇ ਅਹਿਮ ਪਾਈਪਲਾਈਨ ਬੰਦ ਕੀਤੀ

## ਹੂਤੀਆਂ ਵੱਲੋਂ ਮਯੂਨ ਟਾਪੂ 'ਤੇ ਕਬਜ਼ੇ ਮਗਰੋਂ ਚੁੱਕਿਆ ਕਦਮ



**ਕਾਹਿਰਾ**:ਸਾਊਦੀ ਅਰਬ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਸ ਨੇ ਡਰੋਨ ਹਮਲੇ ਦੇ ਇੱਕ ਦਿਨ ਬਾਅਦ ਮੁਲਕ ਦੀ ਲਾਲ ਸਾਗਰ ਰਾਹੀਂ ਤੇਲ ਸਪਲਾਈ ਕਰਨ ਵਾਲੀ ਅਹਿਮ ਤੇਲ ਪਾਈਪਲਾਈਨ ਬੰਦ ਕਰ ਦਿੱਤੀ ਹੈ। ਉਧਰ ਹੂਤੀ ਬਾਗੀਆਂ ਨੇ ਲਾਲ ਸਾਗਰ ਦੇ ਦੱਖਣ ਵਾਲੇ ਪਾਸੇ ਸਥਿਤ (ਰਣਨੀਤਕ ਤੌਰ 'ਤੇ ਅਹਿਮ ਮਯੂਨ ਟਾਪੂ 'ਤੇ ਕਬਜ਼ਾ ਕਰ ਲਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਦੋਵੇਂ ਘਟਨਾਵਾਂ ਨੂੰ ਇਰਾਨ ਜੰਗ 'ਚ ਨਵੇਂ ਮੋਰਚੇ ਵਜੋਂ ਦੇਖਿਆ ਜਾ ਰਿਹਾ ਹੈ। ਹੂਤੀ ਬਾਗੀਆਂ ਨੇ ਲਾਲ ਸਾਗਰ ਵਿੱਚ ਜਾਣ ਵਾਲੇ ਜਲ ਮਾਰਗ ਬਾਬ ਅਲ-ਮੰਦੇਬ ਨੇੜੇ ਆਪਣਾ ਦਬਦਬਾ ਕਾਇਮ ਕਰ ਲਿਆ ਹੈ। ਇਹ ਦੁਨੀਆ ਦੇ ਪ੍ਰਮੁੱਖ ਸਮੁੰਦਰੀ ਵਪਾਰਕ ਮਾਰਗਾਂ 'ਚੋਂ ਇੱਕ ਹੈ। - ਇਸ ਕਦਮ ਨਾਲ ਇਰਾਨ ਦੀ ਉਸ ਰਣਨੀਤੀ ਨੂੰ ਹੱਲਾਸ਼ੇਰੀ ਮਿਲ ਸਕਦੀ ਹੈ ਜਿਸ ਤਹਿਤ ਉਹ ਅਮਰੀਕਾ 'ਤੇ ਦਬਾਅ ਬਣਾਉਣ ਲਈ ਆਲਮੀ ਤੇਲ ਅਤੇ ਗੈਸ ਦੀਆਂ ਕੀਮਤਾਂ ਵਧਾਉਣ ਦੀਆਂ ਕੋਸ਼ਿਸ਼ ਕਰ ਰਿਹਾ ਹੈ।

ਸਾਊਦੀ ਅਰਬ ਨੇ ਕਿਹਾ ਕਿ ਉਸ ਨੇ ਪੂਰਬੀ-ਪੱਛਮੀ ਪਾਈਪਲਾਈਨ ਨੂੰ ਬੰਦ ਕਰ ਦਿੱਤਾ ਹੈ। ਪਾਈਪਲਾਈਨ ਤੇ ਇੱਕ ਦਿਨ ਪਹਿਲਾਂ ਹਮਲਾ ਹੋਇਆ ਸੀ। ਸਾਊਦੀ ਅਰਬ ਦੇ ਊਰਜਾ ਮੰਤਰਾਲੇ ਨੇ ਕਿਹਾ ਕਿ ਇਹਤਿਆਤ ਵਜੋਂ ਪਾਈਪਲਾਈਨ ਬੰਦ ਕੀਤੀ ਗਈ ਹੈ। ਵਿਦੇਸ਼ ਮੰਤਰਾਲੇ ਨੇ ਹਮਲੇ ਲਈ ਇਰਾਕ ਤੋਂ ਆਏ ਕਈ ਡਰੋਨਾਂ- ਨੂੰ ਜ਼ਿੰਮੇਵਾਰ ਠਹਿਰਾਇਆ। ਉਸ ਨੇ ਕਿਹਾ ਕਿ ਉਹ ਜਵਾਬੀ ਕਾਰਵਾਈ ਨਹੀਂ ਕਰੇਗਾ ਤਾਂ, ਕਿ ਇਰਾਕੀ ਸਰਕਾਰ ਨੂੰ ਜ਼ਰੂਰੀ ਕਦਮ ਚੁੱਕਣ ਦਾ ਮੌਕਾ ਮਿਲ ਸਕੇ।

ਇਰਾਕ ਦੇ ਪ੍ਰਧਾਨ ਮੰਤਰੀ ਅਲੀ ਅਲ-ਜ਼ੈਦੀ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਜਾਂਚ ਦੌਰਾਨ ਅਧਿਕਾਰੀਆਂ ਨੂੰ ਪਤਾ ਲੱਗਾ ਕਿ ਸਾਊਦੀ ਅਰਬ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਮਾਇਸਾਨ ਸੂਬੇ 'ਚ ਸਥਿਤ ਇੱਕ ਸਥਾਨ ਤੋਂ ਕੀਤੇ ਗਏ ਸਨ।ਜਿਸ ਮਗਰੋਂ ਕਮਾਨ ਦੇ ਮੁਖੀ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ।

## ਇਰਾਨ ਵੱਲੋਂ ਸਾਊਦੀ-ਹੂਤੀ ਵਾਰਤਾ ਦਾ ਸੱਦਾ'

**ਤਹਿਰਾਨ:**ਇਰਾਨ ਸਰਕਾਰ ਨੇ ਸਾਊਦੀ ਅਰਬ ਅਤੇ ਹੂਤੀ ਬਾਗ਼ੀਆਂ ਵਿਚਾਲੇ ਗੱਲਬਾਤ ਦਾ ਸੱਦਾ ਦਿੱਤਾ ਹੈ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ ਨੇ ਕਿਹਾ ਕਿ ਉਨ੍ਹਾਂ ਸਾਊਦੀ ਅਰਬ ਦੇ ਮੰਤਰੀ ਨਾਲ ਗੱਲਬਾਤ ਕੀਤੀ ਹੈ ਤਾਂ



ਕਿ ਕੂਟਨੀਤਕ ਪੱਧਰ 'ਤੇ ਸਥਿਰਤਾ ਕਾਇਮ ਕੀਤੀ ਜਾ ਸਕੇ। ਯਮਨ ਦੀ ਸਾਊਦੀ ਸਮਰਥਿਤ ਸਰਕਾਰ ਨੇ ਹੂਤੀਆਂ ਖ਼ਿਲਾਫ਼ ਕੌਮਾਂਤਰੀ ਪੱਧਰ 'ਤੇ ਹਮਾਇਤ ਮੰਗੀ ਹੈ। ਯਮਨ 'ਚ ਹਾਲਾਤ ਵਿਗੜਨ ਕਾਰਨ 46 ਹਜ਼ਾਰ ਤੋਂ ਵੱਧ ਲੋਕ ਆਪਣਾ ਘਰ-ਬਾਰ ਛੱਡ ਕੇ ਸੁਰੱਖਿਅਤ - ਥਾਵਾਂ ਵੱਲ ਚਲੇ ਗਏ ਹਨ।

# ਸਿੰਘੂ ਬਾਰਡਰ 'ਤੇ ਖ਼ਾਲਿਸਤਾਨੀ ਨਾਅਰੇ ਲਿਖਣ ਦੇ ਦੋਸ਼ ਹੇਠ ਤਿੰਨ ਗ੍ਰਿਫ਼ਤਾਰ

## ਫਰੀਦਕੋਟ ਤੋਂ ਫੜੇ ਮੁਲਜ਼ਮ ਗੁਰਪਤਵੰਤ ਪੰਨੂ ਦੀਆਂ ਹਦਾਇਤਾਂ 'ਤੇ ਕੰਮ ਕਰ ਰਹੇ ਸੀ

**ਨਵੀਂ ਦਿੱਲੀ:**ਦਿੱਲੀ ਪੁਲੀਸ ਨੇ ਅਤਿਵਾਦੀ ਐਲਾਨੇ ਗੁਰਪਤਵੰਤ ਸਿੰਘ ਪੰਨੂ ਦੀਆਂ ਹਦਾਇਤਾਂ 'ਤੇ ਇੱਥੇ ਸਿੰਘ ਬਾਰਡਰ 'ਤੇ ਕਥਿਤ ਤੌਰ 'ਤੇ ਇਤਰਾਜ਼ਯੋਗ ਨਾਅਰੇ ਲਿਖਣ ਅਤੇ ਖ਼ਾਲਿਸਤਾਨ ਹਮਾਇਤੀ ਚਿੱਤਰ ਬਣਾਉਣ ਦੇ ਮਾਮਲੇ 'ਚ ਪੰਜਾਬ ਤੋਂ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਿੰਘ ਬਾਰਡਰ ਦੀਆਂ ਕੰਧਾਂ 'ਤੇ ਇਹ ਨਾਅਰੇ ਅਤੇ ਚਿੱਤਰ ਛੇ ਸਤੰਬਰ ਨੂੰ ਮਿਲੇ ਸਨ ਜਿਸ ਮਗਰੋਂ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਐੱਫ ਆਈ ਆਰ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਸੀ।ਪੁਲੀਸ ਅਨੁਸਾਰ ਪਾਬੰਦੀਸ਼ੁਦਾ ਖ਼ਾਲਿਸਤਾਨੀ ਹਮਾਇਤੀ ਜਥੇਬੰਦੀ 'ਸਿੱਖਜ਼ ਫਾਰ ਜਸਟਿਸ' ਦੇ ਮੁਖੀ ਪੰਨੂ ਨੇ ਐਕਸ 'ਤੇ ਪੋਸਟ ਸਾਂਝੀ ਕਰ ਕੇ



ਘਟਨਾ ਦੀ ਜ਼ਿੰਮੇਵਾਰੀ ਵੀ ਲਈ ਸੀ। ਮੁਲਜ਼ਮਾਂ ਦੀ ਪਛਾਣ ਪ੍ਰੀਤਪਾਲ, ਹਰਮਿੰਦਰ ਸਿੰਘ ਅਤੇ ਸ਼ੀਸ਼ਪਾਲ ਵਜੋਂ ਹੋਈ ਹੈ। ਜਾਂਚ ਟੀਮ ਨੇ ਸਿੰਘ ਬਾਰਡਰ ਦੀ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕਰ ਕੇ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਪਤਾ ਲਾਇਆ ਜਿਸ ਮਗਰੋਂ ਉਨ੍ਹਾਂ ਨੂੰ ਪੰਜਾਬ ਦੇ ਫਰੀਦਕੋਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਵੱਲੋਂ ਵਰਤੀ ਗਈ ਕਾਰ ਵੀ ਬਰਾਮਦ ਕਰ ਲਈ ਗਈ ਹੈ। ਪੁਲੀਸ ਸੂਤਰਾਂ ਅਨੁਸਾਰ ਪ੍ਰੀਤਪਾਲ ਕਥਿਤ ਤੌਰ 'ਤੇ ਪੰਨੂ ਦੇ ਸਿੱਧੇ ਸੰਪਰਕ 'ਚ ਸੀ ਅਤੇ ਪੰਨੂ ਨੇ ਹੀ ਉਸ ਨੂੰ ਸਿੰਘ ਬਾਰਡਰ ਦੀਆਂ ਕੰਧਾਂ 'ਤੇ ਨਾਅਰੇ ਲਿਖਣ ਦਾ ਨਿਰਦੇਸ਼ ਦਿੱਤਾ ਸੀ। ਪੁਲੀਸ ਇਸ ਗੱਲ ਦੀ ਵੀ ਪੜਤਾਲ ਕਰ ਰਹੀ ਹੈ। ਕਿ ਪ੍ਰੀਤਪਾਲ ਕਿਤੇ ਪਾਕਿਸਤਾਨ 'ਚ ਮੌਜੂਦ ਦਹਿਸ਼ਤੀ ਅਨਸਰਾਂ ਦੇ ਸੰਪਰਕ 'ਚ ਤਾਂ ਨਹੀਂ ਸੀ। ਪ੍ਰੀਤਪਾਲ ਖ਼ਿਲਾਫ਼ ਯੂ ਏ ਪੀ ਏ ਤਹਿਤ ਪਹਿਲਾਂ ਹੀ ਕੇਸ ਦਰਜ ਹੈ। ਤਿੰਨੇਂ ਮੁਲਜ਼ਮਾਂ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

# ਸਮਾਜ ਦੀ ਆਵਾਜ਼ ਨੂੰ ਸਰਕਾਰਾਂ ਤੱਕ ਪਹੁੰਚਾਉਣ ਵਿਚ ਮੀਡੀਆ ਦਾ ਅਹਿਮ ਯੋਗਦਾਨ: ਪ੍ਰਗਟ ਸਿੰਘ ਸੰਧੂ

## ਗਾਲਟ ਸਿਟੀ (ਸੈਕਰਾਮੈਂਟੋ) ਦੇ ਮੇਅਰ ਤੇ ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ ਵੱਲੋਂ ਪੱਤਰਕਾਰ ਨਿੱਝਰ ਦਾ ਵਿਸੇਸ਼ ਸਨਮਾਨ



*ਗਾਲਟ ਸਿਟੀ (ਸੈਕਰਾਮੈਂਟੋ) ਵਿਖੇ ਸਿਟੀ ਦੇ ਮੇਅਰ ਪ੍ਰਗਟ ਸਿੰਘ ਸੰਧੂ ਵੱਲੋਂ ਸੀਨੀਅਰ ਪੱਤਰਕਾਰ ਅਮਰਜੀਤ ਸਿੰਘ ਨਿੱਝਰ ਦੇ ਸਨਮਾਨ ਵਿੱਚ ਆਯੋਜਿਤ ਕੀਤੇ ਗਏ ਵਿਸ਼ੇਸ਼ ਸਮਾਗਮ ਦੀ ਇੱਕ ਯਾਦਗਾਰੀ ਤਸਵੀਰ !*

**ਗਾਲਟ ਸਿਟੀ (ਸੈਕਰਾਮੈਂਟੋ):**''ਸਮਾਜ ਦੀ ਆਵਾਜ਼ ਨੂੰ ਸਰਕਾਰਾਂ ਅਤੇ ਸੰਬੰਧਿਤ ਧਿਰਾਂ ਤੱਕ ਪਹੁੰਚਾਉਣ ਵਿੱਚ ਮੀਡੀਆ ਦੀ ਬਹੁਤ ਹੀ ਅਹਿਮ ਭੂਮਿਕਾ ਹੁੰਦੀ ਹੈ ਤੇ ਪੱਤਰਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ, ਜੋ ਲੋਕਾਂ ਦੀਆਂ ਸਮੱਸਿਆਵਾਂ, ਦੁੱਖ-ਤਕਲੀਫ਼ਾਂ ਅਤੇ ਜਨਤਕ ਮੁੱਦਿਆਂ ਨੂੰ ਆਪਣੀ ਕਲਮ ਅਤੇ ਖ਼ਬਰਾਂ ਰਾਹੀਂ ਉਜਾਗਰ ਕਰਦੇ ਹਨ।'' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ. ਪ੍ਰਗਟ ਸਿੰਘ ਸੰਧੂ ਮੇਅਰ ਗਾਲਟ ਸਿਟੀ (ਸੈਕਰਾਮੈਂਟੋ) ਅਤੇ ਪ੍ਰਧਾਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਪੰਜਾਬ ਤੋਂ ਅਮਰੀਕਾ ਦੌਰੇ 'ਤੇ ਪੁੱਜੇ ਸੀਨੀਅਰ ਪੱਤਰਕਾਰ ਅਮਰਜੀਤ ਸਿੰਘ ਨਿੱਝਰ (ਪੰਜਾਬ ਕੇਸਰੀ ਗਰੁੱਪ ਜਲੰਧਰ) ਦੇ ਸਨਮਾਨ ਵਿੱਚ ਬੀਤੇ ਦਿਨੀਂ ਮਾਊਂਟੈਨ ਮਾਈਕ ਪੀਜ਼ਾ ਗਾਲਟ ਸਿਟੀ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਕੀਤਾ ਗਿਆ । ਸੰਧੂ ਨੇ ਕਿਹਾ ਕਿ ਅੱਜ ਦੇ ਆਧੁਨਿਕ ਅਤੇ ਤੇਜ਼ ਰਫ਼ਤਾਰ ਯੁੱਗ ਵਿੱਚ ਮੀਡੀਆ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ। ਲੋਕਤੰਤਰ ਦੀ ਮਜ਼ਬੂਤੀ ਲਈ ਨਿਰਪੱਖ, ਨਿੱਡਰ ਅਤੇ ਜ਼ਿੰਮੇਵਾਰ ਪੱਤਰਕਾਰੀ ਬਹੁਤ ਜ਼ਰੂਰੀ ਹੈ।

ਪੱਤਰਕਾਰ ਆਪਣੀ ਕਲਮ ਰਾਹੀਂ ਜਿੱਥੇ ਸਰਕਾਰਾਂ ਦੀਆਂ ਨੀਤੀਆਂ ਅਤੇ ਲੋਕ-ਹਿੱਤ ਦੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਹਨ, ਉੱਥੇ ਹੀ ਆਮ ਲੋਕਾਂ ਨਾਲ ਸਬੰਧਤ ਮੁਸ਼ਕਲਾਂ ਨੂੰ ਸਰਕਾਰਾਂ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦੇ ਹੱਲ ਲਈ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਭਾਈਚਾਰਾ ਪੰਜਾਬ ਨਾਲ ਜੁੜੀਆਂ ਖ਼ਬਰਾਂ ਅਤੇ ਆਪਣੇ ਪਿੰਡਾਂ-ਸ਼ਹਿਰਾਂ ਦੀਆਂ ਸਰਗਰਮੀਆਂ ਨੂੰ ਮੀਡੀਆ ਰਾਹੀਂ ਨੇੜਿਓਂ ਜਾਣਦਾ ਹੈ। ਉਨ੍ਹਾਂ ਸੀਨੀਅਰ ਪੱਤਰਕਾਰ ਅਮਰਜੀਤ ਸਿੰਘ ਨਿੱਝਰ ਦੀ ਕਰੀਬ 32 ਸਾਲਾਂ ਦੀ ਨਿਸ਼ਕਾਮ ਪੱਤਰਕਾਰੀ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਲੰਮੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਸਰਗਰਮ ਰਹਿੰਦਿਆਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਸਮਾਜ ਨਾਲ ਜੁੜੇ ਵੱਖ-ਵੱਖ ਮੁੱਦਿਆਂ ਨੂੰ ਆਪਣੀ ਕਲਮ ਰਾਹੀਂ ਉਜਾਗਰ ਕੀਤਾ ਹੈ।

ਇਸ ਮੌਕੇ ਸਮਾਗਮ ਵਿੱਚ ਸ਼ਾਮਲ ਪ੍ਰਮੁੱਖ ਸ਼ਖ਼ਸੀਅਤਾਂ ਨਰਿੰਦਰ ਸਿੰਘ ਥਾਂਦੀ ਪ੍ਰਧਾਨ ਗੁਰਦੁਆਰਾ ਵੈਸਟ ਸੈਕਰਾਮੈਂਟੋ, ਲਖਬੀਰ ਸਿੰਘ ਔਜਲਾ ਪ੍ਰਧਾਨ ਗੁਰਦੁਆਰਾ ਬਰਾਡਸ਼ਾਹ, ਜਸਵਿੰਦਰ ਸਿੰਘ ਸੰਘਾ ਪ੍ਰਧਾਨ ਗੁਰਦੁਆਰਾ ਦਸਮੇਸ਼ ਦਰਬਾਰ, ਸੀਨੀਅਰ ਪੱਤਰਕਾਰ ਹੁਸਨ ਲੜੋਆ ਬੰਗਾ, ਚਾਚਾ ਸੁਖਦੇਵ ਸਿੰਘ ਲੰਬੜ, ਗੁਰਦਿਆਲ ਸਿੰਘ ਨਿੱਝਰ ,ਗੁਰਮੀਤ ਸਿੰਘ ਬੜੈਚ ਤੇ ਹੈਪੀ ਵਰਿਆਣਾ ਆਦਿ ਬੁਲਾਰਿਆਂ ਨੇ ਵੀ ਸੀਨੀਅਰ ਪੱਤਰਕਾਰ ਅਮਰਜੀਤ ਸਿੰਘ ਨਿੱਝਰ ਨੂੰ ਅਮਰੀਕਾ ਪਹੁੰਚਣ 'ਤੇ ਜੀ ਆਇਆਂ ਆਖਦਿਆਂ ਉਨ੍ਹਾਂ ਦੀਆਂ ਪੱਤਰਕਾਰੀ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ 'ਤੇ ਗਾਲਟ ਸਿਟੀ ਦੇ ਮੇਅਰ ਪ੍ਰਗਟ ਸਿੰਘ ਸੰਧੂ ਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਸੀਨੀਅਰ ਪੱਤਰਕਾਰ ਅਮਰਜੀਤ ਸਿੰਘ ਨਿੱਝਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸੇ ਦੌਰਾਨ ਸਨਮਾਨ ਉਪਰੰਤ ਆਪਣੇ ਧੰਨਵਾਦੀ ਸ਼ਬਦਾਂ ਵਿੱਚ ਅਮਰਜੀਤ ਸਿੰਘ ਨਿੱਝਰ ਨੇ ਕਿਹਾ ਕਿ ਵਿਦੇਸ਼ ਦੀ ਧਰਤੀ 'ਤੇ ਪੰਜਾਬੀ ਭਾਈਚਾਰੇ ਵੱਲੋਂ ਮਿਲਿਆ ਪਿਆਰ, ਸਤਿਕਾਰ ਅਤੇ ਮਾਣ ਉਨ੍ਹਾਂ ਲਈ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ। ਇਸ ਮੌਕੇ ਉੱਤੇ ਹੋਰਨਾਂ ਤੋਂ ਇਲਾਵਾ ਅਮਰੀਕ ਖੇਲਾ, ਹੈਰੀ ਸੰਘਾ ,ਰਵੀ ਨਾਗਰਾ, ਗੋਲਡੀ ਲਾਲੀ ਨਿਜ਼ਾਮਦੀਨਪੁਰ, ਬਿੱਟੂ ਰੰਧਾਵਾ, ਅਮਰਜੀਤ ਸਿੰਘ ਨਿੱਝਰ ਮੰਗੀ ਲੰਬੜ, ਬਲਵਿੰਦਰ ਸਿੰਘ ਸੰਧੂ, ਪਰਮਜੀਤ ਸਿੰਘ ਜੌਹਲ, ਸੁਖਵਿੰਦਰ ਸਿੰਘ ਕੁਲਾਰ, ਸ਼ਰਨਜੀਤ ਗਿੱਲ, ਸਾਬੀ ਨਿੱਝਰ, ਪ੍ਰਕੀਰਤ ਸਿੰਘ ਸੰਧੂ, ਕੇਪੀ ਗਿੱਲ, ਸ਼ੇਰੂ ਭਾਟੀਆ ,ਸੋਨੀ ਕੰਗ, ਤਰਲੋਚਨ ਸਿੰਘ ਅਟਵਾਲ, ਹੈਪੀ ਔਲਖ ਤੇ ਕਮਲ ਸਮੇਤ ਕਈ ਹੋਰ ਸ਼ਖ਼ਸੀਅਤਾਂ ਸਮਾਗਮ ਦੇ ਵਿੱਚ ਹਾਜ਼ਰ ਸਨ।

# ਲਾਰੈਂਸ ਨੂੰ ਪਤੀ ਮੰਨ ਚੁੱਕੀ ਧਮਕੀਬਾਜ਼ ਤੀਵੀਂ ਫੜੀ

**ਸ਼ਾਮਲੀ:**ਅਹਿਮਦਾਬਾਦ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਪਤੀ ਮੰਨ ਚੁੱਕੀ ਪੰਜ ਬੱਚਿਆਂ ਦੀ ਮਾਂ ਨੂੰ ਪੁਲਿਸ ਨੇ ਜੈਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਗਾਇਕ ਕਲਾਕਾਰ



ਅੰਕਿਤ ਬਾਲਿਆਨ ਦੇ ਕਤਲ ਲੈ ਕੇ ਜਾਟ ਮਹਾਸਭਾ ਨਾਲ ਸਬੰਧਤ ਦੋ ਜਣਿਆਂ ਨੇ ਲਾਰੈਂਸ ਖ਼ਿਲਾਫ਼ ਟਿੱਪਣੀ ਕੀਤੀ ਸੀ। ਇਸ ਤੋਂ ਬਾਅਦ ਖ਼ੁਦ ਨੂੰ ਲਾਰੈਂਸ ਦੀ ਪਤਨੀ ਦੱਸਣ ਵਾਲੀ ਔਰਤ ਨੇ ਦੋਵਾਂ ਨੂੰ ਕਤਲ ਦੀ ਧਮਕੀ ਦਿੱਤੀ ਸੀ।

ਜਾਣਕਾਰੀ ਮੁਤਾਬਕ ਔਰਤ ਨੇ ਅੱਠ ਸਾਲ ਪਹਿਲਾਂ ਆਪਣੇ ਪਤੀ ਨੂੰ ਤਲਾਕ ਦੇ ਦਿੱਤਾ ਸੀ ਅਤੇ ਪੰਜ ਬੱਚਿਆਂ ਨਾਲ ਜੈਪੁਰ ਵਿਚ ਰਹਿੰਦੀ ਹੈ। ਉਸ ਮੁਤਾਬਕ ਉਹ ਮਨ ਹੀ ਮਨ ਲਾਰੈਂਸ ਨਾਲ ਵਿਆਹ ਕਰਵਾ ਚੁੱਕੀ ਹੈ। ਫੜੀ ਗਈ ਔਰਤ ਦਾ ਨਾਂ ਬਿੰਦੂ ਦੇਵੀ ਹੈ ਤੇ ਉਹ ਬਾਊਂਸਰ ਦਾ ਕੰਮ ਕਰਦੀ ਹੈ।

# ਉੱਤਰ ਕੋਰੀਆ ਨੇ ਸਮੁੰਦਰ ਵੱਲ ਬੈਲਿਸਟਿਕ ਮਿਜ਼ਾਈਲਾਂ ਦਾਗ਼ੀਆਂ

**ਸਿਓਲ:**ਗੁਆਂਢੀ ਦੇਸ਼ਾਂ ਨੇ ਦੱਸਿਆ ਕਿ ਉੱਤਰ ਕੋਰੀਆ ਨੇ ਅੱਜ ਸਮੁੰਦਰ ਵੱਲ ਕਈ ਘੱਟ ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਦਾਗ਼ੀਆਂ। ਇਸ ਤੋਂ ਇੱਕ ਦਿਨ ਪਹਿਲਾਂ ਹੀ ਅਮਰੀਕਾ, ਦੱਖਣੀ ਕੋਰੀਆ ਅਤੇ ਜਪਾਨ ਨੇ ਤਿੰਨ ਧਿਰੀ ਫ਼ੌਜੀ ਮਸ਼ਕਾਂ ਖ਼ਤਮ ਕੀਤੀਆਂ ਸਨ, ਜਿਸ ਨੂੰ ਉੱਤਰ ਕੋਰੀਆ ਭੜਕਾਹਟ ਵਜੋਂ ਦੇਖਦਾ ਹੈ। ਲਗਪਗ ਤਿੰਨ ਹਫ਼ਤਿਆਂ ਵਿੱਚ ਉੱਤਰ ਕੋਰੀਆ ਵੱਲੋਂ ਮਿਜ਼ਾਈਲਾਂ ਦਾਗ਼ੇ ਜਾਣ ਦੀ ਇਹ ਪਹਿਲੀ ਘਟਨਾ ਹੈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ ਜਦੋਂ ਦੇਸ਼ ਆਪਣੇ ਹਥਿਆਰਾਂ ਦਾ ਪ੍ਰਦਰਸ਼ਨ ਜਾਰੀ ਰੱਖ ਰਿਹਾ ਸੀ, ਕਿਉਂਕਿ ਉਸ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਫ਼ੈਸਲੇ ਨੂੰ ਨਕਾਰ ਦਿੱਤਾ ਸੀ, ਜਿਸ ਵਿੱਚ ਉਨ੍ਹਾਂ ਨੇ ਸਦਭਾਵਨਾ ਵਜੋਂ ਦੱਖਣੀ ਕੋਰੀਆ ਨਾਲ ਵੱਡੀਆਂ ਦੁਵੱਲੀਆਂ ਫ਼ੌਜੀ ਮਸ਼ਕਾਂ ਘਟਾਉਣ ਦਾ ਫ਼ੈਸਲਾ ਕੀਤਾ ਸੀ।ਦੱਖਣੀ ਕੋਰੀਆ ਦੇ ਜੁਆਇੰਟ ਚੀਫ ਆਫ ਸਟਾਫ ਨੇ ਦੱਸਿਆ ਕਿ ਉਸ ਨੇ ਉੱਤਰ ਕੋਰੀਆ ਦੇ ਪੂਰਬੀ ਸਾਹਿਲ ਖੇਤਰ ਵਸਾਨ ਤੋਂ ਕਈ ਮਿਜ਼ਾਈਲਾਂ ਦੇ ਦਾਗ਼ੇ ਜਾਣ ਦਾ ਪਤਾ ਲਾਇਆ ਹੈ।



# ਐੱਨ.ਆਈ.ਏ. ਕਰੇਗੀ ਜੇਲ੍ਹ 'ਚ ਬੰਦ 3 ਮੁਲਜ਼ਮਾਂ ਤੋਂ ਪੁੱਛਗਿੱਛ

**ਮੁਹਾਲੀ:**ਅੰਮ੍ਰਿਤਸਰ ਦੇ ਛੇਹਰਟਾ ਥਾਣੇ ਅਧੀਨ ਸ਼ਾਂਤੀ ਸੇਠ ਹਸਪਤਾਲ ਨੇੜੇ ਮੰਦਰ ਦੇ ਬਾਹਰ ਮਾਰਚ 2025 ਵਿੱਚ ਹੋਏ ਗ੍ਰਨੇਡ 'ਧਮਾਕੇ ਦੇ ਮਾਮਲੇ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਵੱਡੀ ਸਫਲਤਾ ਮਿਲੀ ਹੈ। ਵਿਸ਼ੇਸ਼ ਅਦਾਲਤ ਨੇ ਨਿਆਇਕ ਹਿਰਾਸਤ ਵਿੱਚ ਬੰਦ ਤਿੰਨ ਮੁਲਜ਼ਮਾਂ ਤੋਂ ਪੁੱਛਗਿੱਛ ਕਰਨ ਦੀ ਏਜੰਸੀ ਨੂੰ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਦੀਵਾਨ ਸਿੰਘ ਉਰਫ਼ ਸੰਨੀ, ਵਿਸ਼ਾਲ ਅਤੇ ਭਗਵੰਤ ਸਿੰਘ ਉਰਫ਼ ਮੰਨਾ ਭੱਟੀ ਤੋਂ ਪੁੱਛਗਿੱਛ ਦੀ ਪ੍ਰਵਾਨਗੀ ਦਿੱਤੀ ਹੈ। ਤਿੰਨੋਂ ਮੁਲਜ਼ਮ ਇਸ ਸਮੇਂ ਕਪੂਰਥਲਾ, ਅੰਮ੍ਰਿਤਸਰ ਅਤੇ ਸ੍ਰੀ ਮੁਕਤਸਰ ਸਾਹਿਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਐੱਨਆਈਏ ਵੱਲੋਂ ਇਨ੍ਹਾਂ ਖ਼ਿਲਾਫ਼ ਚਾਰਜਸ਼ੀਟ ਵੀ ਦਾਖ਼ਲ ਕੀਤੀ ਜਾ ਚੁੱਕੀ ਹੈ।ਐੱਨਆਈਏ ਨੇ ਅਦਾਲਤ ਨੂੰ ਦੱਸਿਆ ਕਿ ਜਾਂਚ ਦੌਰਾਨ ਮਿਲੇ ਤਕਨੀਕੀ ਡਾਟੇ ਅਤੇ ਗਵਾਹਾਂ ਦੇ ਬਿਆਨਾਂ ਤੋਂ ਸਾਹਮਣੇ ਆਇਆ ਹੈ ਕਿ ਤਿੰਨੋਂ ਮੁਲਜ਼ਮ ਫ਼ਰਾਰ ਚੱਲ ਰਹੇ ਗੁਰਦੀਪ ਸਿੰਘ ਉਰਫ਼ ਗੁਰੀ ਬੱਗਾ ਦੇ ਸੰਪਰਕ ਵਿੱਚ ਸਨ। ਏਜੰਸੀ ਨੂੰ ਸ਼ੱਕ ਹੈ ਕਿ ਇਨ੍ਹਾਂ ਕੋਲ ਗ੍ਰਨੇਡ ਖਰੀਦਣ, ਉਸ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ, ਆਪਸੀ ਲੈਣ-ਦੇਣ ਅਤੇ ਮੰਦਰ 'ਤੇ ਹਮਲੇ ਦੀ ਕਥਿਤ ਸਾਜ਼ਿਸ਼ ਬਾਰੇ ਅਹਿਮ ਜਾਣਕਾਰੀ ਹੋ ਸਕਦੀ ਹੈ।




# ਯੂਕਰੇਨ ਤੇ ਰੂਸ ਨਹੀਂ ਕਰਨਗੇ ਊਰਜਾ ਟਿਕਾਣਿਆਂ 'ਤੇ ਹਮਲੇ



**ਵਾਸ਼ਿੰਗਟਨ:**ਸਾਊਦੀ ਅਰਬ 'ਤੇ ਹੂਤੀ ਲੜਾਕਿਆਂ ਦੇ ਹਮਲਿਆਂ ਨਾਲ ਵਿਸ਼ਵ ਬਾਜ਼ਾਰ ਵਿਚ ਕੱਚੇ ਤੇਲ ਦੀ ਆਮਦ ਘਟਣ ਦੇ ਮੱਦੇਨਜ਼ਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਖਲ ਦਿੱਤੀ ਹੈ। ਟਰੰਪ ਨੇ ਯੂਕਰੇਨ ਅਤੇ ਰੂਸ ਨੂੰ ਇਕ-ਦੂਜੇ ਦੀਆਂ ਊਰਜਾ ਟਿਕਾਣਿਆਂ ਤੇ ਸਪਲਾਈ 'ਤੇ ਹਮਲੇ ਨਾ ਕਰਨ ਲਈ ਸਹਿਮਤ ਕਰਵਾਇਆ ਹੈ। ਰੂਸੀ ਰਾਸ਼ਟਰਪਤੀ ਦੇ ਦਫਤਰ ਕੇਮਲਿਨ ਨੇ ਟਰੰਪ ਦੀ ਇਸ ਪਹਿਲ ਦਾ ਸਵਾਗਤ ਕੀਤਾ ਹੈ।

ਟਰੰਪ ਨੇ ਕਿਹਾ ਹੈ ਕਿ ਯੂਕਰੇਨ ਰੂਸੀ ਊਰਜਾ ਪਲਾਂਟਾਂ 'ਤੇ ਹਮਲੇ ਨਾ ਕਰਨ ਲਈ ਤਿਆਰ ਹੋ ਗਿਆ ਹੈ। ਇਸ ਨਾਲ ਵਿਸ਼ਵ ਬਾਜ਼ਾਰ ਵਿਚ ਕੱਚੇ ਤੇਲ ਅਤੇ ਡੀਜ਼ਲ ਦੀ ਸਪਲਾਈ ਵਧਾਉਣ ਅਤੇ ਤੇਲ ਦੀ ਕੀਮਤ ਨੂੰ ਕੰਟਰੋਲ ਕਰਨ ਵਿਚ ਮਦਦ ਮਿਲੇਗੀ। ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਟੈਲੀਫੋਨ 'ਤੇ ਗੱਲ ਕਰਨ ਮਗਰੋਂ ਇਹ ਬਿਆਨ ਦਿੱਤਾ। ਹੈ। ਯਾਦ ਰਹੇ ਕਿ ਯੂਕਰੇਨ ਨੇ ਪਿਛਲੇ ਛੇ ਮਹੀਨਿਆਂ ਵਿਚ ਰੂਸ ਦੀਆਂ ਕਰੀਬ 50 ਤੇਲ ਰਿਫਾਇਨਰੀਆਂ ਦੇ ਨਾਲ-ਨਾਲ ਗੈਸ ਟਿਕਾਣਿਆਂ, ਪਾਈਪਲਾਈਨਾਂ ਅਤੇ ਬੰਦਰਗਾਹਾਂ 'ਤੇ ਲਗਾਤਾਰ ਹਮਲੇ ਕਰ ਕੇ ਰੂਸੀ ਤੇਲ ਅਤੇ ਗੈਸ ਦੀ ਸਪਲਾਈ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।

ਇਸ ਦੌਰਾਨ, ਐਤਵਾਰ ਨੂੰ ਪੋਲੈਂਡ ਨਾਲ ਲੱਗਦੇ ਯੂਕਰੇਨ ਦੇ ਖੇਤਰ ਵਿਚੋਂ ਲੰਘ ਰਹੀ ਟ੍ਰੇਨ 'ਤੇ ਰੂਸ ਦੇ ਡ੍ਰੋਨ ਹਮਲੇ 'ਤੇ ਨਾਟੋ ਦੇ ਮੁਖੀ ਮਾਰਕ ਰੂਟ ਨੇ ਕਿਹਾ ਹੈ ਕਿ ਜੰਗ ਵਿਚ ਯੂਕਰੇਨ ਦੀ ਮਦਦ ਕਰਨ ਵਿਚ ਅਸੀਂ ਪਿੱਛੇ ਨਹੀਂ ਹਟਾਂਗੇ। ਰੂਸ ਦੀ ਨਾਟੋ ਨੂੰ ਡਰਾਉਣ ਦੀ ਕੋਸ਼ਿਸ਼ ਸਫਲ ਨਹੀਂ ਹੋਵੇਗੀ।

ਰੂਸ ਨਾਟੋ ਦੀ ਤਾਕਤ ਨੂੰ ਘੱਟ ਕਰ ਕੇ ਨਹੀਂ ਦੇਖ ਸਕਦਾ। ਏਐੱਨਆਈ ਅਨੁਸਾਰ, ਰੂਸ ਨੇ ਜਿਸ ਮਾਰਗ 'ਤੇ ਜਾ ਰਹੀ ਟ੍ਰੇਨ 'ਤੇ ਹਮਲਾ ਕੀਤਾ, ਉਸੇ ਮਾਰਗ 'ਤੇ ਕੁਝ ਸਮਾਂ ਪਹਿਲਾਂ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ, ਸਵੀਡਨ ਦੇ ਸਾਬਕਾ ਪ੍ਰਧਾਨ ਮੰਤਰੀ ਕਾਰਲ ਬਾਈਲਡ ਅਤੇ ਯੂਰਪੀ ਯੂਨੀਅਨ ਦੇ ਅਧਿਕਾਰੀਆਂ ਦਾ ਦਲ ਇਕ ਹੋਰ ਟ੍ਰੇਨ ਨਾਲ ਗੁਜ਼ਰਿਆ ਸੀ। ਇਸ ਤਰ੍ਹਾਂ, ਉਹ ਰੂਸੀ ਹਮਲੇ ਵਿਚ ਬਾਲ ਬਾਲ ਬਚ ਗਏ।

# ਹੂਤੀ ਵੱਲੋਂ ਸਾਊਦੀ ਹਵਾਈ ਫ਼ੌਜ ਦੇ ਅੱਡੇ 'ਤੇ ਹਮਲਾ

## ਕੱਚੇ ਤੇਲ ਦੀਆਂ ਕੀਮਤਾਂ 'ਚ ਚਾਰ ਫ਼ੀਸਦ ਤੋਂ ਜ਼ਿਆਦਾ ਵਾਧਾ

**ਦੁਬਈ:**ਓਮਾਨ ਵਿੱਚ ਹੋਣ ਵਾਲੀ ਅਰਬ ਦੇਸ਼ਾਂ ਅਤੇ ਈਰਾਨ ਵਿਚਕਾਰ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਇਸ ਮੀਟਿੰਗ ਦਾ ਮਕਸਦ ਅਮਰੀਕਾ-ਈਰਾਨ ਟਕਰਾਅ ਦੀ ਸੰਭਾਵਨਾ ਅਤੇ ਹੂਤੀ ਲੜਾਕਿਆਂ ਦੀ ਹਮਲਾਵਰ ਕਾਰਵਾਈ ਬਾਰੇ ਚਰਚਾ ਕਰਨਾ ਸੀ। ਇਸ ਦੌਰਾਨ, ਯਮਨ ਦੇ ਹੂਤੀ ਲੜਾਕਿਆਂ ਨੇ ਸਾਊਦੀ ਅਰਬ ਦੀ ਸਰਹੱਦ ਨੇੜੇ ਸਥਿਤ ਖਮੀਸ ਮੁਸ਼ੈਤ ਏਅਰਬੇਸ 'ਤੇ ਮਿਜ਼ਾਈਲ ਅਤੇ ਡ੍ਰੋਨ ਹਮਲੇ ਕੀਤੇ ਹਨ।

ਇਸ ਹਮਲੇ ਵਿਚ ਲੜਾਕੂ ਜਹਾਜ਼ਾਂ ਦੇ ਹੈਂਗਰਾਂ, ਰਾਡਾਰ ਪ੍ਰਣਾਲੀਆਂ, ਰਨਵੇਅ ਅਤੇ ਗੋਲਾ-ਬਾਰੂਦ ਦੇ ਭੰਡਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਹੂਤੀ ਹਮਲੇ ਵਿਚ ਨੁਕਸਾਨੀ ਗਈ ਪੂਰਬ-ਪੱਛਮ ਤੇਲ ਪਾਈਪਲਾਈਨ ਤੋਂ ਸਪਲਾਈ ਦੇ ਜਲਦੀ ਬਹਾਲ ਹੋਣ ਦੀ ਸੰਭਾਵਨਾ ਘੱਟ ਹੈ। ਨਤੀਜੇ ਵਜੋਂ, ਅਮਰੀਕਾ ਅਤੇ ਵਿਸ਼ਵ ਬਾਜ਼ਾਰਾਂ ਦੋਵਾਂ ਵਿਚ ਤੇਲ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਦੇਖਿਆ ਗਿਆ ਹੈ।



ਹੂਤੀਆਂ ਨੇ ਕਿਹਾ ਕਿ ਸਾਊਦੀ ਏਅਰਬੇਸ 'ਤੇ ਹਮਲਾ ਉਨ੍ਹਾਂ ਦੇ ਇਲਾਕੇ 'ਤੇ ਕੀਤੇ ਗਏ ਸੈਂਕੜੇ ਸਾਊਦੀ ਹਵਾਈ ਹਮਲਿਆਂ ਦੇ ਜਵਾਬ ਵਿਚ ਸੀ। ਏਅਰਬੇਸ 'ਤੇ ਹਮਲੇ ਤੋਂ ਬਾਅਦ, ਸਾਊਦੀ ਅਧਿਕਾਰੀਆਂ ਨੇ ਯਮਨ ਦੀ ਸਰਹੱਦ ਨੇੜੇ ਤਿੰਨ ਸ਼ਹਿਰਾਂ ਲਈ ਚਿਤਾਵਨੀ ਜਾਰੀ ਕੀਤੀ ਅਤੇ ਆਮ ਸਰਗਰਮੀਆਂ 'ਤੇ ਪਾਬੰਦੀਆਂ ਲਗਾ ਦਿੱਤੀਆਂ। ਇਸ ਦੌਰਾਨ, ਹੂਤੀ ਲੜਾਕਿਆਂ ਨੇ ਲਾਲ ਸਾਗਰ ਵਿਚ ਹੋਰ ਟਾਪੂਆਂ 'ਤੇ ਵੀ ਕਬਜ਼ਾ ਕਰ ਲਿਆ ਹੈ।ਇਸ ਨਾਲ ਬਾਬ-ਅਲ- ਮੰਦੇਬ ਜਲਡਮਰੂ (ਸਟ੍ਰੇਟ) ਰਾਹੀਂ ਜਹਾਜ਼ਾਂ ਦੀ ਆਵਾਜਾਈ ਨੂੰ ਲੈ ਕੇ ਚਿੰਤਾਵਾਂ ਪੈਦਾ ਹੋ ਗਈਆਂ ਹਨ। ਹਾਲਾਂਕਿ, ਜਿੱਥੇ ਹੂਤੀਆਂ ਨੇ ਇਸ ਰਸਤੇ 'ਤੇ, ਜੋ ਦੁਨੀਆ ਦੇ ਸਭ ਤੋਂ ਅਹਿਮ ਜਲ-ਮਾਰਗਾਂ ਵਿੱਚੋਂ ਇੱਕ ਹੈ, ਸਾਊਦੀ ਜਹਾਜ਼ਾਂ ਦੀ ਆਵਾਜਾਈ ਨੂੰ ਰੋਕ ਦਿੱਤਾ ਹੈ, ਉੱਥੇ ਹੀ ਹੋਰ ਦੇਸ਼ਾਂ ਦੇ ਵਪਾਰਕ ਜਹਾਜ਼ ਆਮ ਵਾਂਗ ਲੰਘ ਰਹੇ ਹਨ।

ਦੁਨੀਆ ਦੇ ਸਭ ਤੋਂ ਵੱਡੇ ਤੇਲ ਬਰਾਮਦਕਾਰ ਦੇਸ਼, ਸਾਊਦੀ ਅਰਬ 'ਤੇ ਹੋਏ ਹਮਲਿਆਂ ਅਤੇ ਤੇਲ ਦੀ ਸਪਲਾਈ ਵਿੱਚ ਆਈ ਰੁਕਾਵਟ ਕਾਰਨ ਕੱਚੇ ਤੇਲ ਦੀਆਂ ਕੌਮਾਂਤਰੀ ਕੀਮਤਾਂ ਵਿਚ ਚਾਰ ਫੀਸਦੀ ਤੱਕ ਦਾ ਉਛਾਲ ਆਇਆ, ਜਦਕਿ ਅਮਰੀਕਾ ਵਿਚ ਤੇਲ ਦੀਆਂ ਕੀਮਤਾਂ 6.23 ਡਾਲਰ ਪ੍ਰਤੀ ਗੈਲਨ ਦੇ ਉੱਚ ਪੱਧਰ 'ਤੇ ਪਹੁੰਚ ਗਈਆਂ। ਇਸ ਸਥਿਤੀ ਦਰਮਿਆਨ ਅਮਰੀਕਾ ਮੁਸ਼ਕਲ ਹਾਲਾਤ ਵਿਚ ਘਿਰਿਆ ਹੋਇਆ ਹੈ। ਉਹ ਹੂਤੀ ਬਾਗੀਆਂ ਦੇ ਹਮਲਿਆਂ ਦਾ ਮੁਕਾਬਲਾ ਕਰਨ ਵਿਚ ਆਪਣੇ ਮੁੱਖ ਸਹਿਯੋਗੀ ਸਾਊਦੀ ਅਰਬ ਨੂੰ ਕੋਈ ਵੱਡੀ ਮਦਦ ਦੇਣ ਤੋਂ ਅਸਮਰੱਥ ਹੈ ਅਤੇ ਫਿਲਹਾਲ ਸਿਰਫ਼ ਖੁਫੀਆ ਜਾਣਕਾਰੀ ਸਾਂਝੀ ਕਰਨ 'ਤੇ ਹੀ ਸਹਿਮਤ ਹੋਇਆ ਹੈ। ਇਸੇ ਤਰ੍ਹਾਂ, ਪਾਕਿਸਤਾਨ ਅਤੇ ਤੁਰਕੀ ਵੀ ਸਾਊਦੀ ਅਰਬ ਨੂੰ ਉਹ ਫੌਜੀ ਸਹਾਇਤਾ ਦੇਣ ਤੋਂ ਝਿਜਕ ਰਹੇ ਹਨ ਜਿਸ ਦੀ ਕਲਪਨਾ 'ਮੱਕਾ ਸਮਝੌਤੇ' ਤਹਿਤ ਕੀਤੀ ਗਈ ਸੀ। ਦੋਵੇਂ ਦੇਸ਼ ਸਮਾਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਮੀਦ ਕਰ ਰਹੇ ਹਨ ਕਿ ਸਾਊਦੀ-ਹੂਤੀ ਟਕਰਾਅ ਆਪਣੇ-ਆਪ ਹੱਲ ਹੋ ਜਾਵੇਗਾ।

# ਹਿਮਾਲਿਆ ਨਾਲ ਰੁੜ੍ਹ ਜਾਵੇਗੀ ਭਾਰਤ ਦੀ ਜੀ.ਡੀ.ਪੀ.

**ਨਵੀਂ ਦਿੱਲੀ:**ਹਿਮਾਲਿਆ ਇਕ ਬੇਹੱਦ ਖ਼ਤਰਨਾਕ ਮੋੜ 'ਤੇ ਖੜ੍ਹਾ ਹੈ, ਜਿੱਥੇ ਜਲਵਾਯੂ ਤਬਦੀਲੀ ਕਾਰਨ ਗਲੇਸ਼ੀਅਰ ਪਿਛਲੇ ਦਹਾਕੇ ਦੇ ਮੁਕਾਬਲੇ 65 ਫ਼ੀਸਦੀ ਤੇਜ਼ੀ ਨਾਲ ਪਿਘਲ ਰਹੇ ਹਨ। ਗਲੋਬਲ ਕੰਸਲਟੈਂਸੀ 'ਸਿਸਟੇਮਿਕ', 'ਇੰਟੀਗ੍ਰੇਟਿਡ ਮਾਊਂਟੇਨ ਇਨੀਸ਼ੀਏਟਿਵ', 'ਆਈਸੀਆਈਐੱਮਓਡੀ' ਅਤੇ ਜੀਬੀ ਪੰਤ ਨੈਸ਼ਨਲ ਇੰਸਟੀਚਿਊਟ ਆਫ ਹਿਮਾਲੀਅਨ ਐਨਵਾਇਰਨਮੈਂਟ ਦੀ ਹਾਲੀਆ ਰਿਪੋਰਟ ਮੁਤਾਬਕ ਪਹਾੜਾਂ ਦਾ ਤੇਜ਼ੀ ਨਾਲ ਬਦਲ ਰਿਹਾ ਵਾਤਾਵਰਨ ਸਿਰਫ਼ ਸਥਾਨਕ ਤਬਾਹੀ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸਿੱਧੇ ਤੌਰ 'ਤੇ ਭਾਰਤ ਦੀ ਆਰਥਿਕ ਰੀੜ੍ਹ ਨੂੰ ਪ੍ਰਭਾਵਿਤ ਕਰ ਚ ਰਿਹਾ ਰਿਹਾ ਹੈ। ਹੈ। ਨੇਪਾਲ ਅਤੇ ਤਿੱਬਤ ਵਿਚ ਹਾਲ ਹੀ ਵਿਚ ਆਏ ਭਿਆਨਕ ਹੜ੍ਹ, ਜਿਨ੍ਹਾਂ ਵਿਚ 1,300 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ, ਇਸ ਗੱਲ ਦਾ ਸੰਕੇਤ ਹਨ ਕਿ ਹਿਮਾਲੀਅਨ ਖੇਤਰ ਵਿਚ ਆਫ਼ਤਾਂ ਦਾ ਖ਼ਤਰਾ ਹੁਣ ਗੰਭੀਰ ਰੂਪ ਧਾਰ ਚੁੱਕਾ ਹੈ।



ਹਿਮਾਲਿਆ ਦਾ ਕੁਦਰਤੀ ਜਲਤੰਤਰ ਭਾਰਤ ਦੀ ਕਰੀਬ 20 ਫ਼ੀਸਦ ਜੀਡੀਪੀ ਨੂੰ ਆਧਾਰ ਦਿੰਦਾ ਹੈ। ਇਸ ਨਾਲ ਕਣਕ, ਚੌਲ, ਚਾਹ, ਪਣਬਿਜਲੀ ਅਤੇ ਧਾਰਮਿਕ ਸੈਰ-ਸਪਾਟੇ ਨਾਲ ਜੁੜੀਆਂ ਅਰਥਵਿਵਸਥਾਵਾਂ ਚੱਲਦੀਆਂ ਹਨ। ਜੇ ਸਮੇਂ ਸਿਰ ਲੋੜੀਂਦੇ ਕਦਮ ਨਾ ਚੁੱਕੇ ਗਏ ਅਤੇ ਗਲੇਸ਼ੀਅਰ ਇਸੇ ਰਫ਼ਤਾਰ ਨਾਲ ਪਿਘਲਦੇ ਰਹੇ ਤਾਂ ਭਾਰਤ ਦੀ 20 ਫ਼ੀਸਦ ਜੀਡੀਪੀ ਵਹਿ ਜਾਵੇਗੀ।ਲੰਡਨ ਸਕੂਲ ਆਫ ਇਕਨਾਮਿਕਸ ਦੇ ਅਰਥਸ਼ਾਸਤਰੀ ਲਾਰਡ ਨਿਕੋਲਸ ਸਟਰਨ ਨੇ ਚਿਤਾਵਨੀ ਦਿੱਤੀ ਹੈ ਕਿ ਆਰਕਟਿਕ ਜਾਂ ਅੰਟਾਰਕਟਿਕ ਦੇ ਉਲਟ ਇਸ 'ਥਰਡ ਪੋਲ' (ਤੀਜੇ ਧਰੁਵ) ਦੇ ਹੇਠਾਂ ਕਰੋੜਾਂ ਲੋਕ ਵੱਸਦੇ ਹਨ। ਇਹ ਇਕ ਰਾਸ਼ਟਰੀ ਅਤੇ ਕੌਮਾਂਤਰੀ ਬੁਨਿਆਦੀ ਢਾਂਚਾ ਹੈ, ਜਿਸ ਦਾ ਵਾਤਾਵਰਨ ਇਕ ਖ਼ਤਰਨਾਕ 'ਟਿਪਿੰਗ ਪੁਆਇੰਟ' ਦੇ ਨੇੜੇ ਪਹੁੰਚ ਰਿਹਾ ਹੈ। ਰਿਪੋਰਟ ਮੁਤਾਬਕ ਹਿਮਾਲਿਆ ਦੇ ਗਲੇਸ਼ੀਅਰਾਂ ਦੇ ਪਿਘਲਣ ਲਈ ਕਰੀਬ ਇਕ-ਤਿਹਾਈ ਹੱਦ ਤੱਕ 'ਬਲੈਕ ਕਾਰਬਨ' (ਕਾਲਾ ਧੂੰਆਂ) ਜ਼ਿੰਮੇਵਾਰ ਹੈ, ਜੋ ਮੁੱਖ ਤੌਰ 'ਤੇ ਮੈਦਾਨੀ ਇਲਾਕਿਆਂ ਦੀਆਂ ਇੱਟਾਂ ਦੀਆਂ ਭੱਠੀਆਂ ਵਿਚੋਂ ਨਿਕਲਦਾ ਹੈ। ਇਹ ਕਾਲਖ਼ ਬਰਫ਼ 'ਤੇ ਜਮ ਕੇ ਸੂਰਜ ਦੀ ਗਰਮੀ ਸੋਖਦੀ ਹੈ ਅਤੇ ਪਿਘਲਣ ਦੀ ਰਫ਼ਤਾਰ ਤੇਜ਼ ਕਰਦੀ ਹੈ। ਇਸ ਤੋਂ ਇਲਾਵਾ ਹਿਮਾਲਿਆ- ਕਾਰਾਕੋਰਮ ਖੇਤਰ ਦੇ ਅਨੁਮਾਨਿਤ 40 ਹਜ਼ਾਰ ਗਲੇਸ਼ੀਅਰਾਂ ਵਿਚੋਂ ਸਿਰਫ਼ 21 ਦੀ ਹੀ ਵਿਸਥਾਰਪੂਰਵਕ ਅਤੇ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ, ਜੋ ਨਿਗਰਾਨੀ ਦੀ ਗੰਭੀਰ ਘਾਟ ਨੂੰ ਦਰਸਾਉਂਦਾ ਹੈ।

## 56 ਗਲੇਸ਼ੀਅਰ ਝੀਲਾਂ ਨੂੰ ਦੱਸਿਆ 'ਬੇਹੱਦ ਸੰਵੇਦਨਸ਼ੀਲ'

ਭਾਰਤ ਦਾ ਕਰੀਬ 18 ਫ਼ੀਸਦ ਭੂ-ਭਾਗ ਹਿਮਾਲਿਆਈ ਖੇਤਰ ਵਿਚ ਆਉਂਦਾ ਹੈ, ਪਰ ਦੇਸ਼ ਵਿਚ ਆਉਣ ਵਾਲੀਆਂ ਕੁੱਲ ਆਫ਼ਤਾਂ ਦਾ 35 ਫ਼ੀਸਦ ਹਿੱਸਾ ਇਸੇ ਖੇਤਰ ਨਾਲ ਜੁੜਿਆ ਹੈ। ਜੋ ਸੰਸਦ ਵਿਚ ਦਿੱਤੀ ਜਾਣਕਾਰੀ ਮੁਤਾਬਕ ਭਾਰਤੀ ਹਿਮਾਲੀਅਨ ਖੇਤਰ ਵਿਚ ਉੱਚ ਖ਼ਤਰੇ ਵਾਲੀਆਂ 189 ਝੀਲਾਂ ਦਾ ਵਿਗਿਆਨਕ ਮੁਲਾਂਕਣ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 56 ਝੀਲਾਂ ਨੂੰ 'ਬੇਹੱਦ ਉੱਚ ਖ਼ਤਰੇ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਕੇਂਦਰੀ ਜਲ ਆਯੋਗ ਹਿਮਾਲਿਆ ਦੀਆਂ ਨਦੀ ਘਾਟੀਆਂ ਵਿਚ 10 ਹੈਕਟੇਅਰ ਤੋਂ ਵੱਡੀਆਂ 2,485 ਝੀਲਾਂ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਿਆ ਜਾ ਸਕੇ। ਬੀਤੇ ਦਿਨੀਂ ਤਿੱਬਤ ਰਸਤੇ ਨੇਪਾਲ 'ਚ ਆਏ ਹੜ੍ਹ ਦਾ ਅਸਰ ਭਾਰਤ ਤੱਕ ਦੇਖਣ ਨੂੰ ਮਿਲਿਆ। ਹੈ। ਇਸ ਕਾਰਨ ਇਹ ਨਿਗਰਾਨੀ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ।

## ਸੈਰ-ਸਪਾਟੇ ਦਾ ਮਾਡਲ ਬਦਲਣ ਅਤੇ ਸਰਹੱਦ ਪਾਰ ਸਹਿਯੋਗ ਦੀ ਲੋੜ

ਆਈਸੀਆਈਐੱਮਓਡੀ ਦੇ ਡਾਇਰੈਕਟਰ ਜਨਰਲ ਪੇਮਾ ਗਯਾਤਸੋ ਦਾ ਮੰਨਣਾ ਹੈ ਕਿ ਖ਼ਤਰੇ ਸਰਹੱਦਾਂ ਨੂੰ ਨਹੀਂ ਮੰਨਦੇ ਅਤੇ ਕੋਈ ਵੀ ਦੇਸ਼ ਇਕੱਲਾ ਇਸ ਸੰਕਟ ਨਾਲ ਨਹੀਂ ਨਜਿੱਠ ਸਕਦਾ। ਰਿਪੋਰਟ ਵਿਚ ਤਰਜੀਹ ਦੇ ਆਧਾਰ 'ਤੇ ਤਬਦੀਲੀਆਂ ਦਾ ਸੁਝਾਅ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਬਲੈਕ ਕਾਰਬਨ ਦੇ ਨਿਕਾਸ ਵਿਚ ਕਮੀ ਲਿਆਉਣਾ, ਗਲੇਸ਼ੀਅਰਾਂ ਦੀ ਨਿਗਰਾਨੀ ਵਧਾਉਣਾ ਅਤੇ ਆਫ਼ਤ ਤੋਂ ਪਹਿਲਾਂ ਚਿਤਾਵਨੀ ਦੇਣ ਵਾਲੀਆਂ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਇਸ ਦੇ ਨਾਲ ਹੀ ਭਾਰਤੀ ਹਿਮਾਲੀਅਨ ਖੇਤਰ ਵਿਚ ਸਾਲ ਭਰ ਆਉਣ ਵਾਲੇ ਕਰੀਬ 40 ਕਰੋੜ ਸੈਲਾਨੀਆਂ ਦੇ ਮੱਦੇਨਜ਼ਰ ਸੈਰ-ਸਪਾਟੇ ਦਾ ਮਾਡਲ ਵੀ ਬਦਲਣਾ ਪਵੇਗਾ ਤਾਂ ਜੋ 'ਸੈਲਾਨੀਆਂ ਦੀ ਵੱਧ ਤੋਂ ਵੱਧ ਗਿਣਤੀ ਦੀ ਬਜਾਏ ਸਥਾਨਕ ਪੱਧਰ 'ਤੇ ਮੁੱਲ ਸਿਰਜਣ ਅਤੇ ਵਾਤਾਵਰਨ ਦੀ ਸੰਭਾਲ ਨੂੰ ਤਰਜੀਹ ਦਿੱਤੀ ਜਾ ਸਕੇ। ਜੇ ਇਨ੍ਹਾਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਜੀਵਨ ਅਤੇ ਰੋਜ਼ੀ-ਰੋਟੀ ਦੋਵੇਂ ਖ਼ਤਰੇ ਵਿੱਚ ਪੈ ਜਾਣਗੇ।

## ਬੇਕਾਬੂ ਕੁਦਰਤੀ ਆਫ਼ਤਾਂ, ਜਲ ਸੰਕਟ ਦੀ ਆਹਟ

ਪਿਛਲੀਆਂ ਆਫ਼ਤਾਂ ਦੇ ਜ਼ਖ਼ਮ ਅੱਜ ਵੀ ਡੂੰਘੇ ਹਨ। 2023 ਵਿਚ ਸਿੱਕਿਮ ਅਤੇ 2021 ਵਿਚ ਉੱਤਰਾਖੰਡ ਦੀਆਂ ਰਿਸ਼ੀਗੰਗਾ ਅਤੇ ਧੌਲੀਗੰਗਾ ਘਾਟੀਆਂ ਵਿਚ ਆਏ ਹੜ੍ਹਾਂ ਵਿਚ ਸੈਂਕੜੇ ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। ਇਹ ਖ਼ਤਰਾ ਸਿਰਫ਼ ਅਚਾਨਕ ਆਉਣ ਵਾਲੇ ਹੜ੍ਹਾਂ ਤੱਕ ਸੀਮਤ ਨਹੀਂ ਹੈ, ਸਗੋਂ ਜੀਵਨਦਾਇਕ ਨਦੀਆਂ ਦੇ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ। ਰਿਪੋਰਟ ਮੁਤਾਬਕ ਹਿਮਾਲਿਆ ਦਾ ਕੁਦਰਤੀ ਜਲਤੰਤਰ ਭਾਰਤ ਦੀ ਕਰੀਬ 20 ਫ਼ੀਸਦ ਜੀਡੀਪੀ ਨੂੰ ਆਧਾਰ ਦਿੰਦਾ ਹੈ, ਜਿਸ ਨਾਲ ਕਣਕ, ਚੌਲ, ਚਾਹ, ਪਣਬਿਜਲੀ ਅਤੇ ਧਾਰਮਿਕ ਸੈਰ-ਸਪਾਟੇ ਦੀਆਂ ਅਰਥ-ਵਿਵਸਥਾਵਾਂ ਚੱਲਦੀਆਂ ਹਨ। ਬਦਕਿਸਮਤੀ ਇਹ ਹੈ ਕਿ ਆਰਥਿਕ ਮੁੱਲ ਦਾ ਸਿਰਫ਼ ਪੰਜ ਫ਼ੀਸਦ ਹੀ ਪਹਾੜੀ ਸੂਬਿਆਂ ਤੱਕ ਪਹੁੰਚਦਾ ਹੈ।

# ਇੰਡੋਨੇਸ਼ੀਆ 'ਚ ਫੈਰੀ ਡੁੱਬਣ ਮਗਰੋਂ 129 ਲੋਕ ਲਾਪਤਾ

**ਬੰਜ਼ਰਮਾਸੀਨ:**ਇੰਡੋਨੇਸ਼ੀਆ ਵਿਚ ਫੈਰੀ ਦੇ ਡੁੱਬਣ ਤੋਂ ਬਾਅਦ ਲਾਪਤਾ ਲੋਕਾਂ ਦੀ ਸੋਮਵਾਰ ਨੂੰ ਭਾਲ ਤੇਜ਼ ਕਰ ਦਿੱਤੀ ਗਈ ਹੈ। ਹਾਲਾਂਕਿ, ਲਾਪਤਾ 129 ਲੋਕਾਂ ਦਾ ਹੁਣ ਤੱਕ ਕੋਈ ਪਤਾ ਨਹੀਂ ਲੱਗਿਆ। ਇਕ ਦਿਨ ਪਹਿਲਾਂ ਜਾਵਾ ਸਾਗਰ ਵਿਚ ਖਰਾਬ ਮੌਸਮ ਕਾਰਨ ਫੈਰੀ ਪਲਟਣ ਨਾਲ ਛੇ ਯਾਤਰੀਆਂ ਦੀ ਮੌਤ ਹੋ ਗਈ ਅਤੇ 129 ਲੋਕ ਲਾਪਤਾ ਹੋ ਗਏ। 'ਵਰਕੋ ਟ੍ਰਾਂਸਪੋਰਟ-8' ਵਿਚ 240 ਤੋਂ ਵੱਧ ਲੋਕ ਸਵਾਰ ਸਨ। ਇਹ ਫੈਰੀ ਪੂਰਬੀ ਜਾਵਾ ਸੂਬਾ ਦੇ ਸੁਰਾਬਾਇਆ ਤੋਂ ਬੋਰਨੀਓ ਟਾਪੂ ਦੇ ਦੱਖਣੀ ਕਾਲੀਮੰਤਨ ਸੂਬੇ ਦੇ ਬੰਜ਼ਰਮਾਸੀਨ ਜਾ ਰਹੀ ਸੀ, ਜਦੋਂ ਇਸ ਦੇ ਕਪਤਾਨ ਨੇ ਮਦਦ ਲਈ ਕਾਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਫੈਰੀ ਸਮੁੰਦਰ ਵਿਚ 10 ਫੁੱਟ ਤੱਕ ਉੱਚੀਆਂ ਲਹਿਰਾਂ ਵਿਚਕਾਰ ਇਕ ਪਾਸੇ ਝੁਕ ਰਹੀ ਸੀ। ਸਵੇਰੇ ਕਰੀਬ ਦੋ ਵਜੇ ਫੈਰੀ ਨਾਲ ਸੰਪਰਕ ਟੁੱਟ ਗਈ ਅਤੇ ਇਹ ਬੰਜ਼ਰਮਾਸੀਨ ਤੋਂ ਕਰੀਬ 148 ਕਿਲੋਮੀਟਰ ਦੂਰ ਜਾਵਾ ਸਾਗਰ ਦੇ ਮਸਾਲੇਬੋ ਇਲਾਕੇ ਵਿਚ ਪਲਟ ਗਈ।

ਪੰਜਾਬ ਟਾਈਮਜ਼

*19 ਸਤੰਬਰ, ਸ਼ਨਿਚਰਵਾਰ*

# ਬ੍ਰਿਕਸ ਸੰਮੇਲਨ ਦੇ ਸਬਕ

*ਈਰਾਨ-ਅਮਰੀਕਾ-ਇਜ਼ਰਾਈਲ ਦੀ ਜੰਗ ਦੇ ਦਿਨਾਂ ਵਿਚ ਹੋਇਆ ਬ੍ਰਿਕਸ ਸੰਮੇਲਨ ਕਈ ਪੱਖਾਂ ਤੋਂ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਪਰ ਇਸ ਸੰਮੇਲਨ ਤੋਂ ਭਾਰਤ ਨੂੰ ਕੀ ਲਾਭ ਹੋਇਆ ਹੈ?*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਲਾਦੀਮੀਰ ਪੂਤਿਨ ਅਤੇ ਸ਼ੀ ਜਿਨਪਿੰਗ ਨਾਲ ਹੋਈ ਮਿਲਣੀ ਦੀਆਂ ਤਸਵੀਰਾਂ, ਭਾਰਤ ਦੀ ਵਿਦੇਸ਼ ਨੀਤੀ ਦੀ ਜੋ ਤਸਵੀਰ ਪੇਸ਼ ਕਰਦੀਆਂ ਹਨ, ਉਸ ਉਤੇ ਕੇਂਦਰਿਤ ਹੋਣਾ ਬਹੁਤ ਜ਼ਰੂਰੀ ਹੈ। ਇਹ ਤਸਵੀਰਾਂ ਅਹਿਸਾਸ ਕਰਵਾ ਰਹੀਆਂ ਹਨ ਕਿ ਭਾਰਤ ਦੀ ਵਿਦੇਸ਼ ਨੀਤੀ ਡੋਨਲਡ ਟਰੰਪ ਤੇ ਨੇਤਨਯਾਹੂ ਦੇ ਪਰਛਾਵੇਂ ਤੋਂ ਬਾਹਰ ਨਿਕਲ ਰਹੀ ਹੈ। ਇਸ ਸਮੇਂ ਅੰਤਰਰਾਸ਼ਟਰੀ ਕੂਟਨੀਤੀ 'ਚ ਜੋ ਉਥਲ-ਪੁਥਲ ਹੋ ਰਹੀ ਹੈ, ਉਸ ਨਾਲ ਦੁਨੀਆ ਭਰ 'ਚ ਮਚੇ ਕੋਹਰਾਮ ਤੋਂ ਭਾਰਤ ਵੀ ਅਛੂਤਾ ਨਹੀਂ ਹੈ। ਇਸ ਕਾਰਨ ਵਿਦੇਸ਼ ਨੀਤੀ ਦੇ ਮਾਮਲੇ 'ਚ ਭਾਰਤ ਸਮੇਤ ਹਰ ਦੇਸ਼ ਉਲਝਣ ਦਾ ਸ਼ਿਕਾਰ ਹੈ। ਅਮਰੀਕਾ ਜੋ ਕਰ ਰਿਹਾ ਹੈ, ਉਹ ਅਣਕਿਆਸਿਆ ਹੋਣ ਕਰਕੇ ਵਿਸ਼ਵ ਦੇ ਸਾਰੇ ਦੇਸ਼ ਆਪਣੇ-ਆਪਣੇ ਪੱਧਰ 'ਤੇ ਹਿਸਾਬ-ਕਿਤਾਬ ਲਗਾਉਣ ਲੱਗੇ ਹੋਏ ਹਨ। ਚੀਨ ਤੇ ਕੈਨੇਡਾ ਟਰੰਪ ਦੀਆਂ ਧਮਕੀਆਂ ਅੱਗੇ ਝੁਕਣ ਲਈ ਤਿਆਰ ਨਹੀਂ ਹਨ, ਰੂਸ ਤੇ ਈਰਾਨ ਵੀ ਆਪਣੀ ਜਗ੍ਹਾ 'ਤੇ ਅਡੋਲ ਖੜ੍ਹੇ ਹਨ।*

*ਮੋਦੀ ਦੀ ਟਰੰਪ ਤੇ ਨੇਤਨਯਾਹੂ ਦੋਹਾਂ ਨਾਲ ਨੇੜਤਾ ਨੂੰ ਦੇਖ ਕੇ ਦੁਨੀਆ ਨੂੰ ਲੱਗਿਆ ਸੀ ਕਿ ਭਾਰਤ, ਅਮਰੀਕਾ ਦੇ ਨਾਲ ਹੈ। ਪਰ ਸੱਚ ਇਹ ਹੈ ਕਿ ਟਰੰਪ ਤੇ ਨੇਤਨਯਾਹੂ ਕਿਸੇ ਦੇ ਵੀ ਸਕੇ ਨਹੀਂ ਹਨ।*

*ਟਰੰਪ ਵਾਰ-ਵਾਰ ਮੋਦੀ ਨੂੰ ਆਪਣਾ ਦੋਸਤ ਦੱਸਦੇ ਹਨ, ਪਰ ਉਸ ਨੇ ਭਾਰਤ ਨੂੰ ਅਪਮਾਨਿਤ ਕਰਨ ਦਾ ਕਦੇ ਵੀ ਕੋਈ ਮੌਕਾ ਨਹੀਂ ਛੱਡਿਆ। ਉਸ ਨੇ ਭਾਰਤ 'ਤੇ ਸਭ ਤੋਂ ਵੱਧ ਟੈਰਿਫ ਲਗਾਏ। ਅਮਰੀਕੀ ਸਰਕਾਰ ਨੇ ਭਾਰਤੀ ਪ੍ਰਵਾਸੀਆਂ ਨੂੰ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਭਾਰਤ ਭੇਜਿਆ। ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਕਿ 'ਆਪ੍ਰੇਸ਼ਨ ਸੰਧੂਰ' ਤੋਂ ਬਾਅਦ ਉਸ ਨੇ ਭਾਰਤ-ਪਾਕਿ ਵਿਚਾਲੇ ਜੰਗਬੰਦੀ ਕਰਵਾਈ ਹੈ। ਉਸ ਨੇ ਭਾਰਤ ਨੂੰ 'ਟੈਰਿਫ ਕਿੰਗ' ਦੱਸਦਿਆਂ 'ਮੋਦੀ ਦੇ ਕਰੀਅਰ ਨੂੰ ਖਤਮ ਕਰ ਸਕਦਾ ਹਾਂ'' ਜਿਹੇ ਬਿਆਨ ਦੇ ਕੇ ਅਪਮਾਨ ਕਰਨ ਦੀ ਕੋਸ਼ਿਸ਼ ਵੀ ਕੀਤੀ। ਈਰਾਨ ਯੁੱਧ ਸ਼ੁਰੂ ਹੋਣ ਤੋਂ ਸਿਰਫ਼ ਦੋ ਦਿਨ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦਾ ਇਜ਼ਰਾਈਲ ਜਾ ਕੇ ਨੇਤਨਯਾਹੂ ਨੂੰ ਗਲੇ ਲਗਾਉਣਾ, ਈਰਾਨ ਦੇ ਸੁਪਰੀਮ ਲੀਡਰ ਦੀ ਹੱਤਿਆ ਤੋਂ ਬਾਅਦ ਚੁੱਪ ਰਹਿਣਾ ਅਤੇ ਅਮਰੀਕਾ ਤੇ ਇਜ਼ਰਾਈਲ ਦੇ ਈਰਾਨ ਖ਼ਿਲਾਫ਼ ਇਕਪਾਸੜ ਯੁੱਧ ਦੀ ਆਲੋਚਨਾ ਤੱਕ ਨਾ ਕਰਨਾ ਕਿਸੇ ਨੂੰ ਵੀ ਚੰਗਾ ਨਹੀਂ ਲਗਿਆ। ਭਾਰਤ ਦੀ ਪਛਾਣ ਇਕ ਨੈਤਿਕਤਾਵਾਦੀ ਦੇਸ਼ ਦੀ ਹੈ। ਪਰ ਹੁਣ ਭਾਰਤ ਦੇ ਨੈਤਿਕ ਅਕਸ ਨੂੰ ਧੱਕਾ ਲੱਗਾ ਹੈ।*

*ਭਾਰਤ ਸਰਕਾਰ ਇਕ ਨਸਲਕੁਸ਼ੀ ਕਰਨ ਵਾਲੇ ਰਾਜ (ਇਜ਼ਰਾਈਲ) ਨਾਲ ਕਿਵੇਂ ਖੜ੍ਹਾ ਹੈ? ਇਸ ਸੰਦਰਭ 'ਚ ਬ੍ਰਿਕਸ ਸੰਮੇਲਨ ਦੇ ਦਿੱਲੀ ਐਲਾਨਨਾਮੇ 'ਚ ਗਾਜ਼ਾ ਵਿਚ ਨਸਲਕੁਸ਼ੀ ਦੀ ਨਿੰਦਾ ਕਰਨ ਵਾਲੇ ਮਤੇ ਅਤੇ ਫਿਲਸਤੀਨ ਮੁੱਦੇ ਨੂੰ ਸੁਲਝਾਉਣ ਲਈ 'ਟੂ-ਸਟੇਟ' ਫਾਰਮੂਲੇ 'ਤੇ ਦਸਤਖਤ ਕਰਨਾ ਭਾਰਤ ਦਾ ਇਕ ਸਹੀ ਕਦਮ ਹੈ। ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਨੇ ਇਕ ਵੱਡੀ ਗਲਤੀ ਨੂੰ ਸੁਧਾਰਨ ਲਈ ਇਕ ਵੱਡਾ ਕਦਮ ਉਠਾਇਆ ਹੈ। ਇਜ਼ਰਾਈਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਉਹ ਭਾਰਤ ਦਾ ਸਮਰਥਨ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਭਾਰਤ ਦੀ ਮਹਾਨ ਵਿਰਾਸਤ ਦੇ ਯੋਗ ਬਣਨਾ ਪਵੇਗਾ। ਬ੍ਰਿਕਸ ਐਲਾਨਨਾਮੇ ਵਿਚ ਬਿਨਾਂ ਕਿਸੇ ਦਾ ਨਾਂ ਲਿਆਂ ਇਕਪਾਸੜ ਟੈਰਿਫਾਂ ਦੀ ਵੀ ਤਿੱਖੀ ਆਲੋਚਨਾ ਕੀਤੀ ਗਈ ਹੈ। ਇਸ ਤੋਂ ਪਹਿਲਾਂ ਐਸ.ਸੀ.ਓ. ਦੀ ਬੈਠਕ 'ਚ ਵੀ ਈਰਾਨ ਵਿਰੁੱਧ ਅਮਰੀਕਾ ਤੇ ਇਜ਼ਰਾਈਲ ਦੀ ਇਕਪਾਸੜ ਜੰਗ ਦੀ ਨਿੰਦਾ ਕਰਦਿਆਂ ਮਤਾ ਪਾਸ ਕੀਤਾ ਗਿਆ। ਭਾਰਤ ਨੇ ਵੀ ਉਸ ਮਤੇ 'ਤੇ ਦਸਤਖਤ ਕਰ ਕੇ ਅਮਰੀਕਾ ਨੂੰ ਇਕ ਸਪੱਸ਼ਟ ਸੁਨੇਹਾ ਦਿੱਤਾ ਹੈ।*

*ਦਿੱਲੀ ਐਲਾਨਨਾਮੇ ਤੋਂ ਬਾਅਦ ਆਪਣੇ ਭਾਸ਼ਨ 'ਚ ਪ੍ਰਧਾਨ ਮੰਤਰੀ ਮੋਦੀ ਨੇ ਦੁਰਲੱਭ ਧਰਤੀ ਦੀਆਂ ਧਾਤਾਂ ਤੇ ਤਕਨਾਲੋਜੀ ਨੂੰ ਹਥਿਆਰਾਂ ਵਜੋਂ ਵਰਤਣ ਦੀ ਆਲੋਚਨਾ ਕੀਤੀ ਹੈ। ਇਹ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਲਈ ਇਕ ਸੁਨੇਹਾ ਹੈ। ਦੂਜੇ ਸ਼ਬਦਾਂ 'ਚ ਮੋਦੀ ਸਰਕਾਰ ਨੇ ਅਮਰੀਕਾ ਤੇ ਚੀਨ ਦੋਹਾਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਭਾਰਤ ਸਭ ਨਾਲ ਜੁੜਨਾ ਚਾਹੁੰਦਾ ਹੈ, ਪਰ ਆਪਣੀਆਂ ਸ਼ਰਤਾਂ 'ਤੇ ਅਤੇ ਕੋਈ ਵੀ ਭਾਰਤ ਨੂੰ ਕਮਜ਼ੋਰ ਸਮਝ ਕੇ ਦਬਾਉਣ ਜਾਂ ਬਲੈਕਮੇਲ ਕਰਨ ਦੀ ਕੋਸ਼ਿਸ਼ ਨਾ ਕਰੇ। ਬ੍ਰਿਕਸ ਐਲਾਨਨਾਮੇ 'ਚ ਮੋਦੀ ਸਰਕਾਰ ਨੇ ਸਪੱਸ਼ਟ ਰਣਨੀਤਕ ਰੁਖ਼ ਦਿਖਾਇਆ ਹੈ ਕਿ ਭਾਰਤ ਸਭ ਨੂੰ ਨਾਲ ਲੈ ਕੇ ਚੱਲਣਾ ਚਾਹੁੰਦਾ ਹੈ। ਇਹ ਰਣਨੀਤੀ ਕੰਮ ਕਰਦੀ ਦਿਖਾਈ ਦਿੱਤੀ ਹੈ ਤੇ ਭਵਿੱਖ 'ਚ ਵੀ ਇਸ 'ਤੇ ਦ੍ਰਿੜਤਾ ਨਾਲ ਚੱਲਦੇ ਰਹਿਣ ਨਾਲ ਭਾਰਤੀ ਵਿਦੇਸ਼ ਨੀਤੀ ਵਿਚ ਆਈ ਖੜੋਤ ਦਾ ਅੰਤ ਹੋ ਸਕੇਗਾ।*

*ਭਾਰਤ ਇਕ ਵਾਰ ਫਿਰ ਤੋਂ ਆਪਣੇ ਪੁਰਾਣੇ ਰਵਾਇਤੀ ਦ੍ਰਿਸ਼ਟੀਕੋਣ ਨੂੰ ਅਪਣਾਉਂਦਾ ਦੇਖਿਆ ਜਾਵੇਗਾ। ਬ੍ਰਿਕਸ ਦਾ ਸੰਦੇਸ਼ ਸਪੱਸ਼ਟ ਹੈ ਕਿ ਟਰੰਪ ਦੀਆਂ ਵਿਘਨਕਾਰੀ ਨੀਤੀਆਂ ਤੋਂ ਪੈਦਾ ਹੋਏ ਵਿਗਾੜ ਕਾਰਨ ਭਾਰਤ ਸਰਕਾਰ ਦੀ ਵਿਦੇਸ਼ ਨੀਤੀ 'ਚ ਜੋ ਬਦਲਾਅ ਆਇਆ ਸੀ, ਹੁਣ ਸਰਕਾਰ ਉਸ ਤੋਂ ਦੂਰ ਹੋ ਕੇ ਠੋਸ ਸੰਤੁਲਨ ਵੱਲ ਵਧ ਅਗੇ ਵਧ ਰਹੀ ਹੈ। ਹੁਣ ਇਹ ਗੱਲ ਵੀ ਸਪੱਸ਼ਟ ਹੋ ਗਈ ਹੈ ਕਿ ਵਿਦੇਸ਼ ਨੀਤੀ ਸਿਰਫ਼ ਜੱਫੀਆਂ ਪਾਉਣ ਨਾਲ ਨਹੀਂ ਚੱਲਦੀ, ਇਹ ਦੂਰਦ੍ਰਿਸ਼ਟੀ, ਠੋਸ ਯੋਜਨਾਬੰਦੀ ਤੇ ਬੌਧਿਕ ਪਹਿਲਕਦਮੀ ਨਾਲ ਚੱਲਦੀ ਹੈ। ਦੇਸ਼ ਨੂੰ ਅੱਗੇ ਲਿਜਾਣ ਅਤੇ ਆਪਣੇ ਹਿਤਾਂ ਦੀ ਪੂਰਤੀ ਲਈ ਢੁਕਵੀਆਂ ਰਣਨੀਤੀਆਂ ਹੀ ਅਹਿਮ ਰੋਲ ਅਦਾ ਕਰ ਸਕਦੀਆਂ ਹਨ, ਕਿਉਂਕਿ ਸਭ ਤੋਂ ਮਹੱਤਵਪੂਰਨ ਦੇਸ਼ ਦੇ ਹਿੱਤ ਹੁੰਦੇ ਹਨ। ਜਿਸ ਵੀ ਦੇਸ਼ ਦੇ ਸਹਿਯੋਗ ਨਾਲ ਇਹ ਅੱਗੇ ਵਧਣ, ਉਹੀ ਸਾਡਾ ਦੋਸਤ ਹੋ ਸਕਦਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਸਲਾ ਬੇਅਦਬੀਆਂ ਦਾ*

*ਹਰ ਸਰਕਾਰ ਨੇ ਇਹੋ ਹੀ ਕੰਮ ਕੀਤਾ, 'ਸਿਟ' ਨਵੀਂ ਤੋਂ ਨਵੀਂ ਬਣਾਈ ਗਏ।*
*ਬਣੀ ਟੀਮ ਦਾ ਬਦਲ ਕੇ 'ਰੂਪ' ਥੋੜ੍ਹਾ, ਮੈਂਬਰ ਨਵਾਂ ਕੋਈ ਹੋਰ ਫਸਾਈ ਗਏ।*
*'ਸਜ਼ਾ ਦਿਆਂ ਗੇ' ਆਖ ਕੇ ਲਈ ਸੱਤਾ, ਵਾਂਗ ਪਹਿਲਿਆਂ ਕੇਸ ਲਮਕਾਈ ਗਏ।*
*ਸਮਾਂ ਆ ਗਿਆ ਲੋਕਾਂ 'ਚ ਜਾਣ ਵਾ.ਲਾ, ਉਹ ਪੁੱਛਣਗੇ ਕਾਹਤੋਂ 'ਟਰਕਾਈ' ਗਏ।*
*'ਫੂਕ ਨਿਕ.ਲੀ' ਜਨਤਾ ਇਹ ਆਖਦੀ ਏ, ਮੁੱਖ ਮੰਤਰੀ ਵਾ.ਲੀਆਂ 'ਪਦਵੀਆਂ' ਦੀ।*
*ਸੰਮਨ ਭੇਜ ਕੇ ਕਈਆਂ ਨੂੰ ਸਵਾਲ ਕਰਨੇ, ਏਹੀ ਸਮਝੀਏ 'ਸਜ਼ਾ' ਬੇਅਦਬੀਆਂ ਦੀ?*

# ਖੂੰਖਾਰ ਲੜਾਈ ਦਾ ਇਕ ਹੋਰ ਅਖਾੜਾ



ਪੀ.ਐਸ.ਰੋਡੇ



ਅਰਬ ਉਪਦੀਪ 'ਚ ਜੰਗ ਦਾ ਇਕ ਹੋਰ ਅਖਾੜਾ ਮਘ ਗਿਆ ਹੈ। ਦੇਸ਼ ਯਮਨ 'ਚ ਹੂਥੀ ਦੇ ਨਾਮ ਨਾਲ ਜਾਣੀ ਜਾਂਦੀ ਅਨਸਰਅੱਲਾ (ਰੱਬ ਦੇ ਹਮਾਇਤੀ) ਨਾਮ ਦੀ ਜਥੇਬੰਦੀ ਨੇ ਸਰਕਾਰੀ ਫੌਜਾਂ 'ਤੇ ਜ਼ਬਰਦਸਤ ਹਮਲਾ ਕਰਕੇ 'ਲਾਲ ਸਾਗਰ' ਨਾਲ ਲੱਗਦੇ ਯਮਨ ਦੇ ਸਾਰੇ ਇਲਾਕੇ (ਬੰਦਰਗਾਹਾਂ) ਅਤੇ ਕੁੰਜੀਵਤ ਯੁੱਧਨੀਤਿਕ ਟਾਪੂਆਂ 'ਤੇ ਕਬਜ਼ਾ ਕਰ ਲਿਆ ਹੈ। ਜਿਵੇਂ ਈਰਾਨ ਨੇ ਪਰਸ਼ੀਅਨ ਗਲਫ 'ਚ ਹੋਰਮੂਜ ਸਟਰੇਟ ਦੇ ਨਾਮ ਨਾਲ ਜਾਣੇ ਜਾਂਦੇ ਗਲਘੋਟੂ ਸਮੁੰਦਰੀ ਲਾਂਘੇ 'ਤੇ ਕੰਟਰੋਲ ਕਰ ਲਿਆ ਸੀ, ਉਸੇ ਤਰ੍ਹਾਂ ਯਮਨ ਦੇ ਹੂਥੀ ਮਲੇਸ਼ੀਆ ਨੇ ਵੀ 'ਲਾਲ ਸਾਗਰ' ਦੀ ਇੰਟਰੀ 'ਤੇ 'ਬਾਬ ਅਲ-ਮੈਨਡੇਰ' ਨਾਮ ਦੇ ਨਾਜ਼ੁਕ ਸਮੁੰਦਰੀ ਲਾਂਘੇ ਨੂੰ ਪੂਰੀ ਤਰ੍ਹਾਂ ਆਪਣੀ ਮਾਰ ਹੇਠ ਲੈ ਆਂਦਾ ਹੈ! ਇਸ ਤਰ੍ਹਾਂ ਇਰਾਨ ਵਾਂਗ ਹੀ ਯਮਨ ਦੇ ਹੂਥੀ ਲੜਾਕੂਆਂ ਹੱਥ ਵੀ ਇਸ ਸਮੁੰਦਰੀ ਰੂਟ 'ਤੇ ਕੰਟਰੋਲ ਕਰਨ ਦਾ ਲੈਵਰੇਜ ਹੱਥ ਆ ਗਿਆ ਹੈ ਜੀਹਦੀ ਵਜ੍ਹਾ ਕਰਕੇ ਉਹ ਸਿਆਸੀ ਤੇ ਫੌਜੀ ਯੁਧਨੀਤੀ ਪੱਖੋਂ ਪਹਿਲਾਂ ਨਾਲੋਂ ਕਿਤੇ ਵੱਧ ਤਕੜੇ ਹੋ ਗਏ ਹਨ।

ਯੁੱਧ ਦਾ ਇਹ ਅਖਾੜਾ ਸਿਰਫ ਹੂਥੀ ਲੜਾਕੂਆਂ ਦਰਮਿਆਨ ਹੀ ਨਹੀਂ ਮਘਿਆ, ਇਸ ਦੇ ਘੇਰੇ 'ਚ ਸਾਊਦੀ ਅਰਬ ਅਤੇ ਦੇਸ਼ ਇਰਾਕ 'ਚ ਸਰਗਰਮ ਅਮਰੀਕਾ ਅਤੇ ਸਾਊਦੀ ਅਰਬ ਵਿਰੋਧੀ 'ਟਾਕਰੇ ਦਾ ਧੁਰਾ' (Axis of Resistance) ਵੀ ਆ ਗਏ ਹਨ। ਇਹ ਉਹ 'ਟਾਕਰੇ ਦਾ ਧੁਰਾ' ਨਾਮ ਦਾ ਮਲੇਸ਼ੀਆ ਗੱਠਜੋੜ ਹੈ, ਜੋ ਅਮਰੀਕਾ ਨੂੰ ਇਰਾਕ 'ਚੋਂ ਬਾਹਰ ਕੱਢਣ ਲਈ ਸਮੇਂ-ਸਮੇਂ ਇਰਾਕ 'ਚ ਸਥਿਤ ਅਮਰੀਕੀ ਮਿਲਟਰੀ ਬੇਸ 'ਤੇ ਹਮਲੇ ਕਰਦਾ ਰਹਿੰਦਾ ਹੈ। ਇਹ ਇਰਾਕ ਦੇ ਚਾਰ ਮਲੇਸ਼ੀਆ ਗਰੁਪਾਂ ਦਾ ਗੱਠਜੋੜ ਹੈ, ਜੀਹਦੇ 'ਤੇ ਦੋ ਮਹੀਨੇ ਪਹਿਲਾਂ ਹੀ ਅਮਰੀਕਾ ਅਤੇ ਸਾਊਦੀ ਅਰਬ ਨੇ ਸਾਂਝਾ ਫੌਜੀ ਹਮਲਾ ਕੀਤਾ ਸੀ।

ਕੁੱਝ ਦਿਨ ਪਹਿਲਾਂ ਸ਼ੁਰੂ ਹੋਈ ਜੰਗ 'ਚ, ਜਿੱਥੇ ਯਮਨੀ ਹੂਥੀ ਮਲੇਸ਼ੀਆ ਨੇ ਯਮਨੀ ਸਰਕਾਰੀ ਫ਼ੌਜ ਨੂੰ ਭਾਂਜ ਦਿੱਤੀ ਹੈ, ਉੱਥੇ ਉਨ੍ਹਾਂ ਨੇ ਯਮਨੀ ਸਰਕਾਰ ਦੇ ਹਮਾਇਤੀ ਅਤੇ ਯਮਨ 'ਚ ਸਿੱਧੀ ਦਖਲਅੰਦਾਜ਼ੀ ਕਰ ਰਹੇ ਦੇਸ਼ ਸਾਊਦੀ ਅਰਬ ਦੇ ਅੰਦਰ ਜਾ ਕੇ, ਉਸਦੇ ਫੌਜੀ ਠਿਕਾਣਿਆਂ, ਹਵਾਈ ਅੱਡਿਆਂ ਅਤੇ ਬੁਨਿਆਦੀ ਊਰਜਾ ਢਾਂਚੇ 'ਤੇ, ਡਰੋਨਾਂ ਤੇ ਮਿਜ਼ਾਈਲਾਂ ਰਾਹੀਂ ਵੱਡੇ ਹਮਲੇ ਕਰਕੇ ਤਬਾਹੀ ਮਚਾਈ ਹੈ। ਇਸ ਸ਼ੁੱਭ ਕਾਰਵਾਈ 'ਚ ਇਰਾਕ 'ਚ ਸਰਗਰਮ 'ਟਾਕਰੇ ਦਾ ਧੁਰਾ' ਮਲੇਸ਼ੀਆ ਵੀ ਪਿੱਛੇ ਨਹੀਂ ਰਿਹਾ! ਉਸਨੇ ਡਰੋਨਾਂ ਰਾਹੀਂ ਸਾਊਦੀ ਅਰਬ ਦੇ ਊਰਜਾ ਢਾਂਚੇ 'ਤੇ ਹਮਲੇ ਕਰਦਿਆਂ ਉਸ ਦੀ 'ਈਸਟ-ਵੈਸਟ ਪਾਈਪਲਾਈਨ' ਨੂੰ ਸੱਤ ਥਾਵਾਂ ਤੋਂ ਤਬਾਹ ਕਰ ਦਿੱਤਾ ਹੈ। ਇਹ ਸਾਊਦੀ ਆਰਥਿਕਤਾ ਦੀ ਲਾਈਫ-ਲਾਈਨ ਉਹ ਪਾਈਪਲਾਈਨ ਹੈ ਜੋ 'ਲਾਲ ਸਾਗਰ' ਤੱਕ ਜਾਂਦੀ ਹੈ ਅਤੇ ਜਦੋਂ ਈਰਾਨ ਨੇ 'ਸਟਰੇਟ ਆਫ ਹਾਰਮੂਜ' ਬੰਦ ਕਰ ਦਿੱਤੀ ਤਾਂ ਉਸ ਬਲਾਕੇਡ ਤੋਂ ਬਚਣ ਲਈ ਸਾਊਦੀ ਅਰਬ ਨੇ ਉਧਰ ਦੀ ਲੰਘਣ ਵਾਲੇ ਆਪਣੇ ਸਾਰੇ ਤੇਲ ਦਾ ਮੁਹਾਣ ਵੀ ਇਸ ਪਾਈਪਲਾਈਨ ਵੱਲ ਮੋੜ ਦਿੱਤਾ ਸੀ, ਪਰ ਹੁਣ ਨੁਕਸਾਨੀ ਜਾਣ ਕਰਕੇ ਸਾਊਦੀ ਅਰਬ ਨੂੰ ਇਹ ਪਾਈਪਲਾਈਨ ਵੀ ਇਕ ਵਾਰ ਬੰਦ ਕਰਨੀ ਪੈ ਗਈ ਹੈ।

ਇਸ ਘਟਨਾਕ੍ਰਮ ਦਾ ਮਹੱਤਵਪੂਰਨ ਅਤੇ ਦਿਲਚਸਪ ਪਹਿਲੂ ਇਹ ਹੈ ਕਿ ਸਾਊਦੀ ਅਰਬ ਇੱਕ ਬੇਵੱਸ ਤੇ ਬੇਸਹਾਰਾ ਸਥਿਤੀ 'ਚ ਪਹੁੰਚ ਗਿਆ ਹੈ। ਉਸ ਨੇ ਅੱਗੇ ਵੱਧ ਰਹੇ ਹੂਥੀ ਲੜਾਕਿਆਂ ਨੂੰ ਰੋਕਣ ਅਤੇ ਕੁਚਲਣ ਲਈ ਰਾਸ਼ਟਰਪਤੀ ਟਰੰਪ ਨੂੰ ਫੋਨ 'ਤੇ ਦੋ ਵਾਰ ਅਪੀਲ ਕੀਤੀ। ਪਰ ਪਹਿਲੀ ਵਾਰ ਤਾਂ ਟਰੰਪ ਨੇ ਕਿਸੇ ਵੀ ਕਿਸਮ ਦੀ ਮਦਦ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ! ਫਿਰ ਦੂਜੀ ਅਪੀਲ 'ਤੇ ਟਰੰਪ ਨੇ ਫੌਜੀ ਮਦਦ ਕਰਨ ਤੋਂ ਤਾਂ ਇਨਕਾਰ ਕਰ ਦਿੱਤਾ, ਪਰ ਖੁਫੀਆ ਸਹਿਯੋਗ ਦੇਣ ਲਈ 100 ਸਲਾਹਕਾਰ ਸਾਊਦੀ ਅਰਬ ਭੇਜ ਦਿੱਤੇ। ਸਿਰਫ ਪੰਜ ਹਫ਼ਤੇ ਪਹਿਲਾਂ 7 ਅਗਸਤ ਨੂੰ ਤਿੰਨ ਦੇਸ਼ਾਂ; ਸਾਊਦੀ ਅਰਬ, ਤੁਰਕੀ ਤੇ ਪਾਕਿਸਤਾਨ 'ਚ 'ਮੱਕਾ ਜੁਆਇੰਟ ਡੀਫੈਂਸ ਐਗਰੀਮੈਂਟ' ਹੋਇਆ ਸੀ, ਇਸ ਲਈ ਸਾਊਦੀ ਸਰਕਾਰ ਨੇ ਪਾਕਿਸਤਾਨ ਤੇ ਤੁਰਕੀ ਨੂੰ ਅਪੀਲ ਕੀਤੀ ਕਿ ਉਹ ਯਮਨ ਦੇ ਹੂਥੀ ਲੜਾਕਿਆਂ ਖ਼ਿਲਾਫ਼ ਜੰਗ 'ਚ ਉਸਦੀ ਮਦਦ ਕਰਨ, ਪਰ ਉਨ੍ਹਾਂ ਨੇ ਵੀ ਇਹ ਕਹਿ ਕੇ ਹਮਾਇਤ ਕਰਨ ਤੋਂ ਜਵਾਬ ਦੇ ਦਿੱਤਾ ਕਿ ਇਹ ਲੜਾਈ ਆਪਣੇ ਡੀਫੈਂਸ ਐਗਰੀਮੈਂਟ ਹੋਣ ਤੋਂ ਪਹਿਲਾਂ ਹੀ ਚੱਲ ਰਹੀ ਸੀ ਅਤੇ ਇਹ ਵੱਖਰੇ ਸੁਭਾਅ ਦੀ ਵੀ ਹੈ, ਇਸ ਲਈ ਇਹ ਡਿਫੈਂਸ ਐਗਰੀਮੈਂਟ ਦੇ ਘੇਰੇ 'ਚ ਨਹੀਂ ਆਉਂਦੀ! ਸਾਊਦੀ ਅਰਬ ਨੇ ਸਿਰਫ ਦੋ ਮਹੀਨੇ ਪਹਿਲਾਂ ਅਮਰੀਕਾ ਨਾਲ ਰਲ ਕੇ ਇਰਾਕ 'ਚ 'ਟਾਕਰੇ ਦਾ ਧੁਰਾ' ਦੇ ਮਲੀਸ਼ੀਆ 'ਤੇ ਸਾਂਝਾ ਹਮਲਾ ਕੀਤਾ ਸੀ। ਹੁਣ ਜਦੋਂ ਉਹੀ ਮਲੀਸ਼ੀਆ ਨੇ ਇਸ ਦੀ ਈਸਟ-ਵੈਸਟ ਪਾਈਪਲਾਈਨ ਤਬਾਹ ਕਰ ਦਿੱਤੀ ਹੈ ਤਾਂ ਸਾਊਦੀ ਅਰਬ ਉਨਾਂ ਖਿਲਾਫ਼ ਬਦਲੇ ਦੀ ਕਾਰਵਾਈ ਕਰਨ ਦੀ ਹਿੰਮਤ ਨਹੀਂ ਜੁਟਾ ਸਕਿਆ! ਇਸ ਨੇ ਸਿਰਫ ਇੰਨਾ ਕੀਤਾ ਕਿ ਇਰਾਕ ਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਲੀਸ਼ੀਆ ਨੂੰ ਉਸ 'ਤੇ ਦੁਬਾਰਾ ਹਮਲਾ ਕਰਨ ਤੋਂ ਰੋਕੇ! ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਯਮਨ ਦੀ ਹੂਥੀ ਸਰਕਾਰ ਨੇ ਰਾਸ਼ਟਰਪਤੀ ਟਰੰਪ ਨੂੰ ਫੋਨ ਕਰਕੇ ਕਿਹਾ ਹੈ ਕਿ ਅਮਰੀਕਾ, ਯਮਨ ਦੇ ਮਾਮਲਿਆਂ/ਜੰਗ 'ਚ ਦਖਲ ਨਾ ਦੇਵੇ ਅਤੇ ਜੇ ਉਸ ਨੇ ਅਜਿਹਾ ਕੀਤਾ ਤਾਂ ਬਾਬ ਅਲ-ਮੈਨਡੇਰ ਸਮੁੰਦਰੀ ਰੂਟ ਰਾਹੀਂ ਉਸ ਦਾ ਕੋਈ ਵੀ ਜਹਾਜ਼, ਲਾਲ ਸਾਗਰ 'ਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਰਾਸ਼ਟਰਪਤੀ ਟਰੰਪ ਨੇ ਇਹ ਤਾਂ ਦੱਸਿਆ ਹੈ ਕਿ ਹੂਥੀਆਂ ਦਾ ਫੋਨ ਆਇਆ ਹੈ ਪਰ ਇਹ ਨਹੀਂ ਦੱਸਿਆ ਕਿ ਜਹਾਜ਼ਾਂ ਦੀ ਆਵਾਜਾਈ ਸਬੰਧੀ ਉਨ੍ਹਾਂ ਨੇ ਕੋਈ ਧਮਕੀ ਵੀ ਦਿੱਤੀ ਹੈ।

ਹੂਥੀ ਲੜਾਕਿਆਂ ਨੇ, ਯਮਨ ਸਰਕਾਰ ਦੀਆਂ ਫੌਜਾਂ ਅਤੇ ਸਾਊਦੀ ਅਰਬ ਤੇ ਧਾਵਾ ਬੋਲਣ ਲਈ ਸਮੇਂ ਦੀ ਚੋਣ ਬਹੁਤ ਹੀ ਚਲਾਕੀ ਤੇ ਸਿਆਣਪ ਨਾਲ ਕੀਤੀ ਹੈ। ਇਨ੍ਹਾਂ ਦਾ ਯਮਨ ਦੀ ਰਾਜਧਾਨੀ ਸਾਨਾ (SAN'A'), ਸਾਨਾ ਅੰਤਰਰਾਸ਼ਟਰੀ ਏਅਰਪੋਰਟ ਅਤੇ ਦੇਸ਼ ਦੀ 70 ਪ੍ਰਤੀਸ਼ਤ ਆਬਾਦੀ ਵਾਲੇ ਇਲਾਕਿਆਂ 'ਤੇ ਤਾਂ ਪਹਿਲਾਂ ਹੀ ਕਬਜ਼ਾ ਸੀ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਵਗੈਰਾ ਚੁਣ ਕੇ ਬਕਾਇਦਾ ਅਨਸਰਅੱਲਾ ਹਕੂਮਤ ਕਾਇਮ ਕੀਤੀ ਹੋਈ ਸੀ! ਪਹਿਲੀ ਸਰਕਾਰ ਨੇ ਭੱਜ ਕੇ ਗਵਾਂਢੀ ਮੁਲਕ ਸਾਊਦੀ ਅਰਬ 'ਚ ਸ਼ਰਨ ਲੈ ਲਈ ਸੀ ਅਤੇ ਉਹ ਉੱਥੋਂ ਹੀ ਜਲਾਵਤਨ ਸਰਕਾਰ ਦੇ ਤੌਰ 'ਤੇ ਅਪਰੇਟ ਕਰਦਿਆਂ ਯਮਨ ਦੀ 25-30 ਪ੍ਰਤੀਸ਼ਤ ਅਬਾਦੀ 'ਤੇ ਹਕੂਮਤ ਕਰਦੀ ਸੀ। 2 ਅਪ੍ਰੈਲ 2022 'ਚ ਯੂਨਾਈਟਡ ਨੇਸ਼ਨਜ ਵੱਲੋਂ ਕਰਵਾਏ ਵਕਤੀ ਸਮਝੌਤੇ ਦੇ 2 ਅਕਤੂਬਰ 2022 'ਚ ਖ਼ਤਮ ਹੋਣ ਦੇ ਬਾਵਜੂਦ, ਦੋਵਾਂ ਸਰਕਾਰਾਂ 'ਚ ਮੁਕਾਬਲਤਨ ਸ਼ਾਂਤੀ ਦਾ ਦੌਰ ਚੱਲ ਰਿਹਾ ਸੀ। ਸਭ ਨੂੰ ਪਤਾ ਸੀ ਪਿਛਲੇ ਕੁਝ ਸਾਲਾਂ 'ਚ ਇਰਾਨ ਵਾਂਗ ਯਮਨ ਦੇ ਹੂਥੀ ਵੀ ਫ਼ੌਜੀ ਤੌਰ 'ਤੇ ਕਾਫ਼ੀ ਮਜ਼ਬੂਤ ਹੋਏ ਹਨ। ਇਹ ਵੀ ਦਿਸ ਰਿਹਾ ਸੀ ਕਿ ਯਮਨ ਦੀ ਜਲਾਵਤਨੀ ਸਰਕਾਰ, ਯਮਨ ਦੀ ਉਸ 25-30 ਪ੍ਰਤੀਸ਼ਤ ਆਬਾਦੀ 'ਚ ਵੀ ਬਦਨਾਮ ਹੋ ਚੁੱਕੀ ਹੈ, ਜਿਨ੍ਹਾਂ 'ਤੇ ਉਹ ਹਕੂਮਤ ਕਰਦੀ ਹੈ! ਪਰ ਫਿਰ ਵੀ ਹੂਥੀ ਫੌਜ, ਸਰਕਾਰੀ ਫੌਜਾਂ ਨੂੰ ਖਦੇੜ ਕੇ ਸਾਰੇ ਦੇਸ਼ 'ਚ ਹੂਥੀ (ਅਨਸਰਅੱਲਾ) ਹਕੂਮਤ ਕਾਇਮ ਕਰਨ ਲਈ ਜੰਗ ਕਿਉਂ ਨਹੀਂ ਸੀ ਛੇੜ ਰਹੀ? ਸਮਝ ਨਹੀਂ ਸੀ ਆ ਰਹੀ!

ਅਸਲ ਕਾਰਨ ਇਹ ਸੀ ਕਿ ਉਹ ਸਿਰਫ ਯਮਨ ਦੀਆਂ ਸਰਕਾਰੀ ਫੌਜਾਂ ਅਤੇ ਸਾਊਦੀ ਅਰਬ ਨਾਲ ਲੜਨਾ ਚਾਹੁੰਦਾ ਸੀ! ਉਹ ਨਹੀਂ ਸੀ ਚਾਹੁੰਦਾ ਕਿ ਇਸ ਜੰਗ 'ਚ ਅਮਰੀਕਾ ਅਤੇ ਇਜ਼ਰਾਈਲ ਵੀ ਇਨ੍ਹਾਂ ਦੋ ਦੁਸ਼ਮਣਾਂ ਦੀ ਸਹਾਇਤਾ ਲਈ ਆਉਣ! ਅਤੇ ਇਸ ਤਰ੍ਹਾਂ ਉਸ ਨੂੰ ਇੱਕੋ ਹੀ ਸਮੇਂ ਦੋ ਦੀ ਥਾਂ ਚਾਰ ਦੁਸ਼ਮਣ ਤਾਕਤਾਂ ਨਾਲ ਜੰਗ ਲੜਨੀ ਪਵੇ! ਉਸ ਦੀ ਇਹ ਇੱਛਾ, ਅਮਰੀਕਾ ਵੱਲੋਂ ਇਰਾਨ 'ਚ ਖਾਧੀ ਸ਼ਿਕਸਤ ਅਤੇ ਅਮਰੀਕਾ 'ਚ ਤਿੰਨ ਨਵੰਬਰ ਨੂੰ ਹੋ ਰਹੀਆਂ ਮੱਧ-ਕਾਲੀਨ ਚੋਣਾਂ ਦੇ ਮੁਕਾਬਲੇ ਨੇ ਪੂਰੀ ਕਰ ਦਿੱਤੀ। ਇਹ ਚੋਣਾਂ 'ਚ ਹੋਣ ਵਾਲੀ ਜਿੱਤ-ਹਾਰ ਦਾ ਤਕਾਜ਼ਾ ਹੈ ਕਿ ਰਾਸ਼ਟਰਪਤੀ ਟਰੰਪ ਇਨ੍ਹਾਂ ਚੋਣਾਂ ਤੋਂ ਪਹਿਲਾਂ ਇਰਾਨ ਤੇ ਯਮਨ ਨਾਲ ਯੁੱਧ ਨਹੀਂ ਚਾਹੁੰਦਾ! ਜੇ ਅਜਿਹਾ ਕਰਦਾ ਹੈ ਤਾਂ ਉਸ ਦੀ ਰਿਪਬਲਿਕ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਧਰ ਇਜ਼ਰਾਈਲ 'ਚ ਵੀ 27 ਅਕਤੂਬਰ ਨੂੰ ਵਿਧਾਨਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਜੀਹਦੇ 'ਚ ਨੇਤਨਯਾਹੂ ਦੁਬਾਰਾ ਪ੍ਰਧਾਨ ਮੰਤਰੀ ਬਣਨ ਦਾ ਇੱਛੁਕ ਹੈ। ਉਸਦੀ ਇਹ ਇੱਛਾ ਬਣਨ ਦੀ ਵੱਧ ਸੰਭਾਵਨਾ ਤਾਂ ਹੀ ਬਣ ਸਕਦੀ ਹੈ ਜੇ ਜੰਗ ਚੱਲਦੀ ਰਹੇ! ਇਸ ਲਈ ਉਹ ਫਲਸਤੀਨ ਅਤੇ ਲਿਬਨਾਨ 'ਚ ਤਾਂ ਇਕੱਲਾ ਜੰਗ ਜਾਰੀ ਰੱਖ ਸਕਦਾ ਹੈ, ਪਰ ਇਰਾਨ ਅਤੇ ਯਮਨ ਦੀ ਹੂਥੀ ਹਕੂਮਤ ਖਿਲਾਫ਼ ਜੰਗ ਲੜਨ ਲਈ ਉਸ ਨੂੰ ਅਮਰੀਕਾ ਦੀ ਇਸ ਜੰਗ 'ਚ ਸਿੱਧੀ ਸ਼ਮੂਲੀਅਤ ਅਤੇ ਸਹਾਇਤਾ ਦੀ ਲੋੜ ਹੈ, ਜੋ ਚੋਣਾਂ ਤੋਂ ਪਹਿਲਾਂ ਸੰਭਵ ਨਹੀਂ ਕਿਉਂਕਿ ਅਮਰੀਕਾ ਇਸ ਸਮੇਂ ਅਜਿਹੀ ਜੰਗ ਨਹੀਂ ਚਾਹੁੰਦਾ। ਸੋ ਹੂਥੀ ਫ਼ੌਜਾਂ ਲਈ ਯੁੱਧ ਲੜਨ ਤੇ ਜਿੱਤਣ ਦਾ ਇਹ ਇਕ ਗ਼ਨੀਮਤ ਮੌਕਾ ਹੈ।

ਇਹ ਸਪੱਸ਼ਟ ਹੈ ਕਿ ਇਸ ਸਮੇਂ ਯਮਨ ਦੇ ਹੂਥੀ, ਇਰਾਕ 'ਚ ਟਾਕਰੇ ਦਾ ਧੁਰਾ ਗੱਠਜੋੜ, ਲਿਬਨਾਨ ਚ ਹਜ਼ਬਉਲਾ ਅਤੇ ਫਲਸਤੀਨ 'ਚ ਕਿਸੇ ਹੱਦ ਤਕ ਹਮਾਸ ਵੀ ਇਰਾਨ ਨਾਲ ਤਾਲਮੇਲ 'ਚ ਹਨ। ਇਹ ਤਾਲਮੇਲ ਕਿਸੇ ਨਾਲ ਢਿੱਲਾ-ਮੱਠਾ ਅਤੇ ਕਿਸੇ ਨਾਲ ਪੀਡਾ ਹੋ ਸਕਦਾ ਹੈ, ਪਰ ਇੱਕ ਗੱਲ ਪੱਕੀ ਹੈ ਕਿ ਉਹ ਇਰਾਨ ਦੇ ਪ੍ਰਤੀਨਿਧੀ (Proxy) ਨਹੀਂ ਹਨ ਜਿਵੇਂ ਕਿ ਸਰਮਾਏਦਾਰ ਸਰਕਾਰਾਂ ਤੇ ਝੋਲੀ-ਚੁੱਕ ਮੀਡੀਆ ਉਨ੍ਹਾਂ ਨੂੰ ਪੇਸ਼ ਕਰਦਾ ਹੈ। ਉਨ੍ਹਾਂ ਦੇ ਆਪਣੇ ਦੇਸ਼ੀ/ਕੌਮੀ ਸਿਆਸੀ ਹਿੱਤ ਹਨ ਅਤੇ ਇਸੇ ਸੰਦਰਭ 'ਚ ਹੀ ਉਹ ਲੜਦੇ ਵੀ ਹਨ! ਇਸ ਗਲਤ ਸਮਝ ਦੇ ਸ਼ਿਕਾਰ ਭਾਰਤ ਦੇ ਕੁੱਝ ਕਮਿਊਨਿਸਟ ਇਨਕਲਾਬੀ ਵੀ ਹਨ ਜੋ ਦੁਨੀਆਂ 'ਚ ਚੱਲ ਰਹੀਆਂ ਸਭ ਜੰਗਾਂ ਨੂੰ ਸਾਮਰਾਜੀ ਪਰੌਕਸੀ ਜੰਗਾਂ ਵਜੋਂ ਪੇਸ਼ ਕਰਦੇ ਹਨ।

43 ਕਰੋੜ ਦੀ ਆਬਾਦੀ ਵਾਲਾ ਦੇਸ਼ ਯਮਨ ਇੱਕ ਗਰੀਬ ਮੁਲਕ ਹੈ। ਇਸ ਦੀ 80 ਪ੍ਰਤੀਸ਼ਤ ਆਬਾਦੀ ਗਰੀਬੀ ਦੀ ਰੇਖਾ ਦੇ ਹੇਠ ਜੀ ਰਹੀ ਹੈ। ਇਹ ਦੇਸ਼ ਕਿੰਨੇ ਹੀ ਆਰਥਿਕ ਜ਼ੋਨਾਂ 'ਚ ਵੰਡਿਆ ਹੈ। ਇੱਥੇ ਦੋ ਸਰਕਾਰਾਂ ਸਮਾਨੰਤਰ ਚੱਲ ਰਹੀਆਂ ਹਨ। ਇਕ ਹੈ ਯੂ.ਐਨ.ਓ. ਵਲੋਂ ਮਾਨਤਾ ਪ੍ਰਾਪਤ ਪਰ ਜਲਾਵਤਨ ਸਰਕਾਰ ਜੋ ਸਾਉਦੀ ਅਰਬ 'ਚ ਬੈਠ ਕੇ, ਯਮਨ ਦੀ ਤੀਹ ਪ੍ਰਤੀਸ਼ਤ ਆਬਾਦੀ 'ਤੇ ਹਕੂਮਤ ਚਲਾ ਰਹੀ ਸੀ। ਪਰ ਹੂਥੀਆਂ ਨੇ ਤਾਜ਼ਾ ਹਮਲੇ 'ਚ ਹੈਥੀ ਫੌਜਾਂ ਨੇ ਇਸ ਨੂੰ ਲਾਲ ਸਾਗਰ ਦੇ ਨਾਲ ਲੱਗਦੇ ਸਾਰੇ ਇਲਾਕੇ ਚੋਂ ਖਦੇੜ ਦਿੱਤਾ ਹੋਣ ਕਰਕੇ,ਇਸ ਦੀ ਹਕੂਮਤ ਹੇਠ ਦੀ ਸਿਰਫ 10-15 ਪ੍ਰਤੀਸ਼ਤ ਆਬਾਦੀ ਰਹਿ ਗਈ ਹੈ। ਦੂਜੀ ਹੈ ਹੂਥੀਆਂ ਦੀ ਅਨਸਰਅੱਲਾ ਸਰਕਾਰ ਜਿਸ ਦੇ ਅਧੀਨ ਯਮਨ ਦੀ 85-90 ਪ੍ਰਤੀਸ਼ਤ ਆਬਾਦੀ ਆਉਂਦੀ ਹੈ, ਪਰ ਇਹ ਯੂ.ਐਨ.ਓ. 'ਚ ਯਮਨ ਦੀ ਪ੍ਰਤੀਨਿਧਤਾ ਨਹੀਂ ਕਰਦੀ।

ਯਮਨ ਦਾ ਉਤਪਾਦਨ ਅਧਾਰ ਬਹੁਤ ਕਮਜ਼ੋਰ ਹੈ ਅਤੇ ਯੂ.ਐਨ.ਓ. ਵੱਲੋਂ ਮਾਨਤਾ ਪ੍ਰਾਪਤ ਪਰ ਯਲਾਵਤਨ ਸਰਕਾਰ ਹੇਠਲੇ ਇਲਾਕੇ 'ਚ, ਕਰੰਸੀ ਦੀ ਲਗਾਤਾਰ ਕਦਰ ਘਟਾਈ ਹੋ ਰਹੀ ਹੈ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਸਿਖਰਾਂ ਛੋਹ ਗਈ ਹੈ। ਹੂਥੀ ਸਰਕਾਰ ਦੇ ਅਧੀਨ ਆਉਂਦੇ ਇਲਾਕੇ 'ਚ ਕੈਸ਼ ਤਰਲਤਾ ਦੀ ਘਾਟ ਹੈ ਜਿਸ ਕਰਕੇ ਕੁਝ ਖਿੱਤਿਆਂ 'ਚ ਵਟਾਈ ਸਿਸਟਮ ਵੀ ਚੱਲ ਰਿਹਾ ਹੈ। ਪਰ ਅਲ ਯਾਜੀਰਾ ਦੀ ਰਿਪੋਰਟ ਮੁਤਾਬਕ ਪਿਛਲੇ ਕੁਝ ਸਾਲਾਂ 'ਚ ਹੂਥੀ ਸਰਕਾਰ ਨੇ ਆਰਥਿਕਤਾ ਦੀ ਮੁੜ ਉਸਾਰੀ ਕੀਤੀ ਹੈ ਅਤੇ ਕਮੱਰਸੀਅਲ ਅਤੇ ਕੈਸ਼ ਤਰਲਤਾ ਦੀ ਘਾਟ ਨੂੰ ਦੂਰ ਕਰਨ ਲਈ ਕਈ ਬਿਲੀਅਨ ਡਾਲਰ। ਇਕੱਠੇ ਕੀਤੇ ਹਨ।

ਜਿਸ ਗਤੀ ਨਾਲ ਹੂਥੀ ਫੌਜ ਅੱਗੇ ਵਧ ਰਹੀ ਹੈ, ਸੰਭਾਵਨਾ ਇਹ ਹੈ ਉਹ ਬਹੁਤ ਜਲਦ ਸਰਕਾਰੀ ਫ਼ੌਜ ਨੂੰ ਹਰਾ ਕੇ ਸਾਰੇ ਦੇਸ਼ 'ਚ ਹੂਥੀ ਸਰਕਾਰ ਕਾਇਮ ਕਰ ਲਵੇਗੀ। ਇਹ ਹੂਥੀ (ਅਨਸਰਅੱਲਾ) ਸਰਕਾਰ ਕੋਈ ਇਨਕਲਾਬੀ ਸਰਕਾਰ ਨਹੀਂ ਅਤੇ ਇਹ ਪਿਛਾਖੜੀ ਇਸਲਾਮੀ ਵਿਚਾਰਧਾਰਾ ਦੀ ਝੰਡਾ-ਬਰਦਾਰ ਹੈ। ਪਰ ਜਦੋਂ ਤੱਕ ਇਸ ਦੀ ਲੜਾਈ ਦਾ ਚੋਟ-ਨਿਸ਼ਾਨਾ ਸਾਮਰਾਜ ਅਤੇ ਖਾਸ ਕਰਕੇ ਅਮਰੀਕੀ ਤੇ ਪੱਛਮੀ ਸਾਮਰਾਜ ਹੈ, ਸਾਨੂੰ ਇਸ ਦੀ ਹਮਾਇਤ ਕਰਨੀ ਚਾਹੀਦੀ ਹੈ!

# ਆਰਥਕ ਵਿਕਾਸ: ਐਨੇ ਵੱਡੇ ਹੋਏ ਕਿਉਂ ਨੇ ਅਹਿਸਾਸ!

ਚਾਲੂ ਮਾਲੀ ਵਰ੍ਹੇ ਦੀ ਪਹਿਲੀ ਤਿਮਾਹੀ ਦੇ ਜੀ.ਡੀ.ਪੀ. ਅੰਕੜਿਆਂ ਨੂੰ ਲੈ ਕੇ ਛਿੜੇ ਵਿਵਾਦ ਨੇ ਆਖ਼ਿਰਕਾਰ ਬਹਿਸ ਨੂੰ ਉਸ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਲੋਕ ਇਹ ਪੁੱਛਣ ਲੱਗੇ ਹਨ ਕਿ ਜੇ ਆਰਥਕ ਵਾਧਾ ਤੇਜ਼ ਰਫ਼ਤਾਰ ਨਾਲ ਦਰਜ ਹੋ ਰਿਹਾ ਹੈ, ਤਾਂ ਉਹ ਆਮ ਜ਼ਿੰਦਗੀ ਵਿਚ ਮਹਿਸੂਸ ਕਿਉਂ ਨਹੀਂ ਹੋ ਰਿਹਾ? ਅੰਕੜਿਆਂ ਦੀ ਭਰੋਸੇਯੋਗਤਾ ਦਾ ਸਵਾਲ ਤਾਂ ਪੁਰਾਣਾ ਹੈ, ਪਰ ਤਾਜ਼ਾ ਬਹਿਸ ਦੌਰਾਨ ਆਮ ਤਜਰਬੇ ਦੇ ਉਲਟ ਆਏ ਅੰਕੜਿਆਂ ਬਾਰੇ ਕੁਝ ਸਿੱਧੇ-ਸਾਦੇ, ਪਰ ਕਿਤੇ ਵੱਧ ਮਹੱਤਵਪੂਰਨ ਸਵਾਲ ਉਠਾਏ ਗਏ ਹਨ।

**ਸਤੇਂਦਰ ਰੰਜਨ**
**(ਸੀਨੀਅਰ ਪੱਤਰਕਾਰ)**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

ਜਿੱਥੋਂ ਤੱਕ ਸਰਕਾਰੀ ਅੰਕੜਿਆਂ ਦੀ ਭਰੋਸੇਯੋਗਤਾ ਦਾ ਮਾਮਲਾ ਹੈ, ਇਹ ਸਵਾਲ ਉਸ ਸਮੇਂ ਤੋਂ ਹੀ ਅਣਸੁਲਝਿਆ ਹੈ ਕਿ ਨੋਟਬੰਦੀ ਤੋਂ ਬਾਅਦ, ਜਦੋਂ ਸਮੁੱਚੀ ਆਰਥਿਕਤਾ ਵਿਚ ਵਿਘਨ ਪਿਆ ਹੋਇਆ ਸੀ, ਤਾਂ ਸਰਕਾਰੀ ਅੰਕੜਿਆਂ ਵਿਚ ਦਿਖਾਈ ਗਈ ਉੱਚੀ ਆਰਥਕ ਵਿਕਾਸ ਦਰ ਕਿੱਥੋਂ ਆਈ? ਜਾਂ ਕੋਰੋਨਾ ਕਾਲ ਦੌਰਾਨ—ਖ਼ਾਸ ਕਰਕੇ ਉਸ ਦੇ ਦੂਜੇ ਪੜਾਅ ਵਿਚ—ਜਦੋਂ ਮਹਾਮਾਰੀ ਦੇ ਭਿਆਨਕ ਰੂਪ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ ਸੀ, ਤਾਂ ਸਰਕਾਰੀ ਮੌਤਾਂ ਦੇ ਅੰਕੜਿਆਂ ਵਿਚ ਉਹ ਸਥਿਤੀ ਕਿਉਂ ਨਹੀਂ ਝਲਕ ਰਹੀ ਸੀ?

ਫ਼ਿਲਹਾਲ ਇਹ ਗੱਲਾਂ ਇਸ ਲਈ ਮੁੜ ਪ੍ਰਸੰਗਿਕ ਹੋ ਗਈਆਂ ਹਨ ਕਿਉਂਕਿ ਅਪ੍ਰੈਲ ਤੋਂ ਜੂਨ 2026 ਤੱਕ ਦੀ ਮਿਆਦ ਦਾ ਵੱਡਾ ਹਿੱਸਾ ਉਹ ਸੀ, ਜਦੋਂ ਈਰਾਨ ਜੰਗ ਦੇ ਅਸਰ ਕਾਰਨ ਰਸੋਈ ਗੈਸ ਦੀ ਘਾਟ, ਪੈਟਰੋਲੀਅਮ ਪਦਾਰਥਾਂ ਦੀ ਮਹਿੰਗਾਈ, ਆਮ ਕੀਮਤਾਂ ਵਿਚ ਵਾਧੇ ਅਤੇ ਖਾਦਾਂ ਦੀ ਸੰਭਾਵਿਤ ਕਮੀ ਆਦਿ ਕਰਕੇ ਜਿੱਥੇ ਘਰਾਂ ਦੇ ਬਜਟ ਵਿਗੜ ਰਹੇ ਸਨ, ਉੱਥੇ ਮੁਲਕ ਦੀ ਵਿੱਤੀ ਹਾਲਤ ਅਜਿਹੀ ਸੀ ਕਿ ਪ੍ਰਧਾਨ ਮੰਤਰੀ ਨੂੰ ਲੋਕਾਂ ਨੂੰ ਸੋਨਾ ਨਾ ਖ਼ਰੀਦਣ, ਖਾਣ ਵਾਲੇ ਤੇਲ ਦੀ ਖਪਤ ਘਟਾਉਣ ਅਤੇ ਵਿਦੇਸ਼ੀ ਯਾਤਰਾਵਾਂ ਨਾ ਕਰਨ ਵਰਗੀਆਂ ਅਪੀਲਾਂ ਕਰਨੀਆਂ ਪਈਆਂ ਸਨ। ਹੁਣ ਜੇ ਸਰਕਾਰੀ ਅੰਕੜਿਆਂ ਰਾਹੀਂ ਇਹ ਦੱਸਿਆ ਗਿਆ ਹੈ ਕਿ ਉਸੇ ਦੌਰ ਵਿਚ ਭਾਰਤੀ ਆਰਥਿਕਤਾ ਨੇ ਉੱਚੀ ਵਿਕਾਸ ਦਰ ਹਾਸਲ ਕੀਤੀ, ਤਾਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਸਰਕਾਰੀ ਅੰਕੜੇ ਇਮਾਨਦਾਰ ਗਣਨਾ ਰਾਹੀਂ ਅਸਲ ਸਰੋਤਾਂ ਤੋਂ ਪ੍ਰਾਪਤ ਕੀਤੇ ਗਏ ਹਨ ਜਾਂ ਕਿਸੇ ਅੰਕੜਿਆਂ ਦੀ ਬਾਜ਼ੀਗਰੀ ਰਾਹੀਂ ਤਿਆਰ ਕੀਤੇ ਗਏ ਹਨ?

ਇਸੇ ਪਿਛੋਕੜ ਕਾਰਨ, ਜਦੋਂ ਸਾਬਕਾ ਵਿੱਤ ਸਕੱਤਰ ਸੁਭਾਸ਼ ਚੰਦਰ ਗਰਗ ਨੇ ਜੀ.ਡੀ.ਪੀ. ਦੀ ਗਣਨਾ ਵਾਲੀਆਂ ਨਵੀਂਆਂ ਅਤੇ ਪੁਰਾਣੀਆਂ ਲੜੀਆਂ ਵਿਚ ਆਏ ਫ਼ਰਕ ਅਤੇ ਉਨ੍ਹਾਂ ਤੋਂ ਸਾਹਮਣੇ ਆਏ ਅੰਕੜਿਆਂ ਦੀ ਤੁਲਨਾ ਕਰਦਿਆਂ ਸਰਕਾਰ ਦੇ ਜੀ.ਡੀ.ਪੀ. ਵਿਕਾਸ ਦਰ ਸਬੰਧੀ ਦਾਅਵੇ ਉੱਤੇ ਸਵਾਲ ਚੁੱਕਿਆ, ਤਾਂ ਉਨ੍ਹਾਂ ਦੀ ਗੱਲ ਵੱਲ ਧਿਆਨ ਦਿੱਤਾ ਗਿਆ। ਬੇਸ਼ੱਕ ਸਰਕਾਰ ਦੇ ਹਮਾਇਤੀਆਂ ਦੀ ਇਹ ਦਲੀਲ ਵਜ਼ਨਦਾਰ ਹੈ ਕਿ ਦੋ ਵੱਖ-ਵੱਖ ਲੜੀਆਂ ਦੇ ਅੰਕੜਿਆਂ ਦੀ ਆਪਸ ਵਿਚ ਤੁਲਨਾ ਨਹੀਂ ਕੀਤੀ ਜਾਣੀ ਚਾਹੀਦੀ, ਪਰ ਦੂਜੇ ਹਲਕਿਆਂ ਵਿਚ ਇਸ ਮੁੱਦੇ ਨੂੰ ਮਹਿਜ਼ ਇੱਕ ਤਕਨੀਕੀ ਸਵਾਲ ਵਜੋਂ ਨਹੀਂ ਦੇਖਿਆ ਗਿਆ। ਇਸ ਦੇ ਨਾਲ ਹੀ ਲੋਕਾਂ ਨੇ ਇਸ ਸਵਾਲ ਵੱਲ ਵੀ ਧਿਆਨ ਦਿੱਤਾ ਕਿ ਆਖ਼ਿਰ ਜੀ.ਡੀ.ਪੀ. ਦੀ ਗਣਨਾ ਵਿਚ ਅਜਿਹਾ ਕੀ ਬਦਲਾਅ ਕੀਤਾ ਗਿਆ ਕਿ 2025-26 ਦੀ ਪਹਿਲੀ ਤਿਮਾਹੀ ਵਿਚ ਦੋਵਾਂ ਲੜੀਆਂ ਦੇ ਅੰਕੜਿਆਂ ਦਰਮਿਆਨ ਛੇ ਲੱਖ ਕਰੋੜ ਰੁਪਏ ਦਾ ਫ਼ਰਕ ਪੈ ਗਿਆ? ਜੇ ਪੁਰਾਣੀ ਲੜੀ ਵਿਚ ਗਣਨਾ 86 ਲੱਖ ਕਰੋੜ ਰੁਪਏ ਦੀ ਹੋਈ ਸੀ, ਤਾਂ ਉਸ ਵਿਚ ਅਜਿਹਾ ਕੀ ਗ਼ਲਤ ਜੋੜਿਆ ਗਿਆ ਸੀ, ਜਿਸ ਨੂੰ ਹਟਾਉਣ ਤੋਂ ਬਾਅਦ ਨਵੀਂ ਲੜੀ ਵਿਚ ਇਹ ਅੰਕੜਾ ਸਿਰਫ਼ 80 ਲੱਖ ਕਰੋੜ ਰੁਪਏ ਰਹਿ ਗਿਆ?

ਸੰਭਵ ਹੈ ਕਿ ਅੱਗੇ ਚੱਲ ਕੇ ਜਦੋਂ ਸਰਕਾਰ ਗਣਨਾ ਦੀ ਵਿਧੀ ਅਤੇ ਸਰੋਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਵੇ, ਤਾਂ ਅਜਿਹੇ ਸਵਾਲਾਂ ਦੇ ਜਵਾਬ ਸਾਹਮਣੇ ਆ ਜਾਣ। ਪਰ ਫਿਰ ਇਹ ਸਵਾਲ ਉੱਠੇਗਾ ਕਿ ਕੀ ਸਰਕਾਰ ਪੁਰਾਣੀ ਲੜੀ ਵਿਚ ਸਾਲਾਂ ਤੱਕ ਗ਼ਲਤ ਗਣਨਾ ਦੇ ਆਧਾਰ 'ਤੇ ਉੱਚੀ ਵਿਕਾਸ ਦਰ ਦਾ ਦਾਅਵਾ ਕਰਦੀ ਰਹੀ? ਅਤੇ ਕਿਉਂਕਿ ਅਜਿਹੇ ਸਵਾਲ ਆਸਾਨੀ ਨਾਲ ਪਿੱਛਾ ਛੱਡਣ ਵਾਲੇ ਨਹੀਂ ਹਨ, ਇਸ ਲਈ ਆਖ਼ਿਰਕਾਰ ਇਸ ਚਰਚਾ ਰਾਹੀਂ ਇਹ ਹਕੀਕਤ ਜ਼ਰੂਰ ਸਾਹਮਣੇ ਆਵੇਗੀ ਕਿ ਅੰਕੜਿਆਂ ਨਾਲ ਜਾਣ-ਬੁੱਝ ਕੇ ਖੇਡਣਾ ਕਿੰਨਾ ਨੁਕਸਾਨਦੇਹ ਹੁੰਦਾ ਹੈ।

ਖ਼ੈਰ, ਹੁਣ ਇਸ ਬਹਿਸ ਨੂੰ ਅੱਗੇ ਲਿਜਾਣ ਦੀ ਲੋੜ ਹੈ। ਇਸ ਦੌਰਾਨ ਉੱਠੇ ਇਸ ਸਵਾਲ ਨੂੰ ਚਰਚਾ ਦੇ ਕੇਂਦਰ ਵਿਚ ਲਿਆਉਣ ਦੀ ਜ਼ਰੂਰਤ ਹੈ ਕਿ ਵਿਕਾਸ ਜਾਂ ਆਰਥਕ ਵਾਧੇ ਦੀ ਉੱਚੀ ਦਰ ਆਮ ਜ਼ਿੰਦਗੀ ਵਿਚ ਮਹਿਸੂਸ ਕਿਉਂ ਨਹੀਂ ਹੋ ਰਹੀ? ਇਸੇ ਸਿਲਸਿਲੇ ਵਿਚ ਇਹ ਮੁੱਦਾ ਵੀ ਉੱਠੇਗਾ ਕਿ ਇਹ ਵਿਕਾਸ ਆਖ਼ਿਰ ਕਿਸ ਨੂੰ ਮਹਿਸੂਸ ਨਹੀਂ ਹੋ ਰਿਹਾ—ਸਾਰਿਆਂ ਨੂੰ, ਕੁਝ ਲੋਕਾਂ ਨੂੰ ਜਾਂ ਸਮਾਜ ਦੇ ਬਹੁਗਿਣਤੀ ਹਿੱਸੇ ਨੂੰ? ਗ਼ੌਰਤਲਬ ਹੈ ਕਿ ਜੀ.ਡੀ.ਪੀ. ਦੇ ਅੰਕੜਿਆਂ ਬਾਰੇ ਚੱਲੀ ਬਹਿਸ ਵਿਚ ਮੁੱਖਧਾਰਾ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਅਜਿਹਾ ਕਹਿਣ ਵਾਲੇ ਲੋਕ ਵੀ ਸਾਹਮਣੇ ਆਏ ਹਨ ਕਿ ਉਨ੍ਹਾਂ ਨੂੰ ਵਿਕਾਸ ਮਹਿਸੂਸ ਹੋਇਆ ਹੈ। ਇਸ ਸਬੰਧ ਵਿਚ ਮਹਿੰਗੀਆਂ ਕਾਰਾਂ ਦੀ ਵਧੀ ਹੋਈ ਵਿਕਰੀ, ਕਾਰਪੋਰੇਟ ਖੇਤਰ ਦੇ ਵਧੇ ਮੁਨਾਫ਼ਿਆਂ ਅਤੇ ਵਿੱਤੀ ਸੰਪਤੀਆਂ ਵਿਚ ਨਿਵੇਸ਼ ਨਾਲ ਵਧੀ ਆਮਦਨ ਦਾ ਅਕਸਰ ਜ਼ਿਕਰ ਕੀਤਾ ਗਿਆ ਹੈ। ਇਹ ਅਜਿਹੇ ਪਹਿਲੂ ਹਨ, ਜਿਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪਰ ਸਾਡੇ ਸਾਹਮਣੇ ਇੱਕ ਹੋਰ ਕਹਾਣੀ ਵੀ ਮੌਜੂਦ ਹੈ। ਮਿਸਾਲ ਵਜੋਂ, ਇਸ ਖ਼ਬਰ ਉੱਤੇ ਗ਼ੌਰ ਕਰੋ:

**ਗ਼ੈਰ-ਸਰਕਾਰੀ ਸੰਸਥਾ 'ਸੈਂਟਰ ਫ਼ਾਰ ਮਾਨੀਟਰਿੰਗ ਆਫ਼ ਇੰਡੀਅਨ ਇਕਾਨਮੀ' (CMIE) ਦੇ ਤਾਜ਼ਾ ਅੰਕੜਿਆਂ ਅਨੁਸਾਰ:**

* ਜੁਲਾਈ ਵਿਚ ਮੁਲਕ ਦੀ ਔਸਤ ਮਜ਼ਦੂਰੀ ਦਰ ਵਿਚ 1.5 ਫ਼ੀਸਦੀ ਦੀ ਗਿਰਾਵਟ ਆਈ। ਪਿਛਲੇ 12 ਮਹੀਨਿਆਂ ਵਿਚ ਇਹ ਲਗਾਤਾਰ ਪੰਜਵੀਂ ਮਹੀਨਾਵਾਰ ਗਿਰਾਵਟ ਹੈ।

* ਦੇਰੀ ਨਾਲ ਆਏ ਮਾਨਸੂਨ ਨੇ ਸਾਉਣੀ ਦੀ ਬਿਜਾਈ ਨੂੰ ਪ੍ਰਭਾਵਿਤ ਕੀਤਾ, ਜਿਸ ਕਾਰਨ ਖਪਤਕਾਰਾਂ ਦਾ ਭਰੋਸਾ ਕਮਜ਼ੋਰ ਹੋਇਆ।

* ਜੁਲਾਈ ਵਿਚ ਖ਼ਤਮ ਹੋਏ ਤਿੰਨ ਮਹੀਨਿਆਂ ਦੌਰਾਨ ਅਸਲ—ਅਰਥਾਤ ਮਹਿੰਗਾਈ ਮੁਤਾਬਕ ਸਮਾਯੋਜਿਤ—ਪੇਂਡੂ ਮਜ਼ਦੂਰੀ ਵਿਚ 5.7 ਫ਼ੀਸਦੀ ਦੀ ਭਾਰੀ ਗਿਰਾਵਟ ਆਈ, ਜਦਕਿ ਇਸੇ ਅਰਸੇ ਦੌਰਾਨ ਖਪਤਕਾਰ ਮੁੱਲ ਸੂਚਕ ਅੰਕ 2.7 ਫ਼ੀਸਦੀ ਵਧਿਆ। ਨਤੀਜੇ ਵਜੋਂ ਅਸਲ ਪੇਂਡੂ ਮਜ਼ਦੂਰੀ 8.9 ਫ਼ੀਸਦੀ ਘਟ ਗਈ, ਜਦਕਿ ਸ਼ਹਿਰੀ ਖੇਤਰਾਂ ਵਿਚ ਵੀ ਇਸ ਵਿਚ 1.9 ਫ਼ੀਸਦੀ ਦੀ ਗਿਰਾਵਟ ਦਰਜ ਹੋਈ।

* ਅਪ੍ਰੈਲ ਤੋਂ ਜੁਲਾਈ ਦਰਮਿਆਨ ਔਸਤ ਪੇਂਡੂ ਮਜ਼ਦੂਰੀ 21,250 ਰੁਪਏ ਤੋਂ ਘਟ ਕੇ 19,922 ਰੁਪਏ ਪ੍ਰਤੀ ਮਹੀਨਾ ਰਹਿ ਗਈ, ਜਦਕਿ ਸ਼ਹਿਰੀ ਮਜ਼ਦੂਰੀ 32,078 ਰੁਪਏ ਤੋਂ ਵਧ ਕੇ 32,225 ਰੁਪਏ ਹੋ ਗਈ। ਪੇਂਡੂ ਖਪਤਕਾਰ ਮੁੱਲ ਸੂਚਕ ਅੰਕ ਵਿਚ 2.9 ਫ਼ੀਸਦੀ ਵਾਧਾ ਹੋਇਆ, ਜਦਕਿ ਸ਼ਹਿਰੀ ਖਪਤਕਾਰ ਮਹਿੰਗਾਈ ਵਿਚ ਇਹ ਵਾਧਾ 2.4 ਫ਼ੀਸਦੀ ਰਿਹਾ।

* ਇਸ ਲਈ ਜੁਲਾਈ ਵਿਚ—ਸਾਲ-ਦਰ-ਸਾਲ ਆਧਾਰ 'ਤੇ—ਸ਼ਹਿਰੀ ਤਨਖ਼ਾਹ ਵਾਧਾ ਦਰ ਘਟ ਕੇ 10.5 ਫ਼ੀਸਦੀ ਅਤੇ ਪੇਂਡੂ ਤਨਖ਼ਾਹ ਵਾਧਾ ਦਰ ਘਟ ਕੇ ਸਿਰਫ਼ 5.1 ਫ਼ੀਸਦੀ ਰਹਿ ਗਈ।

* CMIE ਅਨੁਸਾਰ, ਇਸ ਗ਼ੈਰਬਰਾਬਰ ਤਬਦੀਲੀ ਕਾਰਨ ਸ਼ਹਿਰੀ ਅਤੇ ਪੇਂਡੂ ਮਜ਼ਦੂਰੀ ਵਿਚਲਾ ਪਾੜਾ ਹੋਰ ਵਧ ਗਿਆ ਹੈ। ਪੇਂਡੂ ਮਜ਼ਦੂਰੀ ਹੁਣ ਸ਼ਹਿਰੀ ਮਜ਼ਦੂਰੀ ਦੀ ਸਿਰਫ਼ 62 ਫ਼ੀਸਦੀ ਰਹਿ ਗਈ ਹੈ, ਜਦਕਿ ਪਹਿਲਾਂ ਇਹ 66 ਫ਼ੀਸਦੀ ਸੀ।

ਇਨ੍ਹਾਂ ਅੰਕੜਿਆਂ ਨੂੰ ਧਿਆਨ ਵਿਚ ਰੱਖੀਏ ਤਾਂ ਇਹ ਸਮਝਿਆ ਜਾ ਸਕਦਾ ਹੈ ਕਿ ਆਖ਼ਿਰ ਸਮਾਜ ਦੇ ਉਹ ਕਿਹੜੇ ਵਰਗ ਹਨ, ਜਿਨ੍ਹਾਂ ਨੂੰ ਉੱਚੀ ਵਿਕਾਸ ਦਰ ਆਪਣੀ ਜ਼ਿੰਦਗੀ ਵਿਚ ਮਹਿਸੂਸ ਨਹੀਂ ਹੁੰਦੀ। ਸਗੋਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਲਗਾਤਾਰ ਹੋਰ ਦੁੱਭਰ ਹੁੰਦੀ ਜਾਪਦੀ ਹੈ।

ਇਸ ਸਿਲਸਿਲੇ ਵਿਚ ਅਮਰੀਕਾ ਤੋਂ ਪ੍ਰਕਾਸ਼ਿਤ ਹੋਣ ਵਾਲੇ ਪ੍ਰਸਿੱਧ ਸਮਾਜਵਾਦੀ ਰਸਾਲੇ 'ਮੰਥਲੀ ਰਿਵਿਊ' ਦੇ ਤਾਜ਼ਾ ਅੰਕ ਦੇ ਸੰਪਾਦਕੀ ਵਿਚ ਸ਼ਾਮਲ ਇਸ ਜ਼ਿਕਰ ਵੱਲ



ਧਿਆਨ ਦੇਣਾ ਲਾਭਦਾਇਕ ਹੋਵੇਗਾ:

'1845 ਵਿਚ ਬਰਤਾਨਵੀ ਮਜ਼ਦੂਰ ਜਮਾਤ ਦੀ ਹਾਲਤ ਬਾਰੇ ਦੋ ਕਾਲਜਈ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਸਨ: ਬੈਂਜਾਮਿਨ ਡਿਜ਼ਰੇਲੀ—ਜੋ ਦੋ ਵਾਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਹੇ ਅਤੇ ਬਰਤਾਨਵੀ ਜਗੀਰੂ ਵਰਗ ਦੇ ਨੁਮਾਇੰਦੇ ਸਨ—ਦਾ ਨਾਵਲ 'ਸਿਬਿਲ: ਔਰ ਦ ਟੂ ਨੇਸ਼ਨਜ਼' ਅਤੇ ਫਰੈਡਰਿਕ ਏਂਗਲਜ਼ ਦੀ 'ਦ ਕੰਡੀਸ਼ਨ ਆਫ਼ ਦ ਵਰਕਿੰਗ ਕਲਾਸ ਇਨ ਇੰਗਲੈਂਡ'। ਅੱਜ ਇਨ੍ਹਾਂ ਦੋਵਾਂ ਨੂੰ ਯਾਦ ਕਰਨਾ ਪ੍ਰਸੰਗਿਕ ਹੈ। ਡਿਜ਼ਰੇਲੀ ਦੇ 'ਸਿਬਿਲ' ਨੂੰ ਉੱਚ ਕੋਟੀ ਦੀ ਸਾਹਿਤਕ ਰਚਨਾ ਵਜੋਂ ਯਾਦ ਨਹੀਂ ਕੀਤਾ ਜਾਂਦਾ, ਕਿਉਂਕਿ ਉਨ੍ਹਾਂ ਕਸੌਟੀਆਂ ਉੱਤੇ ਇਸ ਦੇ ਦਾਅਵੇ ਕਾਫ਼ੀ ਕਮਜ਼ੋਰ ਸਨ। ਪਰ ਇਸ ਨੂੰ ਇੱਕ ਅਜਿਹੇ ਨਾਵਲ ਵਜੋਂ ਯਾਦ ਕੀਤਾ ਜਾਂਦਾ ਹੈ, ਜਿਸ ਨੇ ਕੁਲੀਨ-ਵਰਗੀ ਟੋਰੀ—ਰੂੜ੍ਹੀਵਾਦੀ—ਨਜ਼ਰੀਏ ਤੋਂ ਮਜ਼ਦੂਰ ਜਮਾਤ ਦੀ ਤਰਸਯੋਗ ਹਾਲਤ ਦਾ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਨਜ਼ਰੀਆ ਬੁਰਜੁਆ—ਉਸ ਸਮੇਂ ਉੱਭਰ ਰਹੇ ਸਰਮਾਏਦਾਰ—ਵਰਗ ਦਾ ਆਲੋਚਕ ਸੀ ਅਤੇ ਗ਼ਰੀਬਾਂ ਪ੍ਰਤੀ ਸਰਪ੍ਰਸਤ ਭਾਵਨਾ ਨਾਲ ਹਮਦਰਦੀ ਪ੍ਰਗਟ ਕਰਦਾ ਸੀ। ਸਮੇਂ ਦੇ ਨਾਲ ਇਸ ਦੀਆਂ ਸਭ ਤੋਂ ਯਾਦਗਾਰ ਸਤਰਾਂ—ਚਾਰਟਿਸਟ ਪੱਤਰਕਾਰ ਜੋ ਸਟੀਫ਼ਨ ਮੌਰਲੇ ਅਤੇ ਕੁਲੀਨ ਪਰਿਵਾਰ ਤੋਂ ਆਏ ਨਾਵਲ ਦੇ ਨਾਇਕ ਚਾਰਲਸ ਐਗ੍ਰੇਮੌਂਟ ਵਿਚਕਾਰ ਹੋਈ ਗੱਲਬਾਤ ਦਾ ਹਿੱਸਾ ਹਨ—ਵੱਖਰੀ ਹੀ ਛਾਪ ਛੱਡਦੀਆਂ ਹਨ।'

**ਉਸ ਸਮੇਂ ਬਣ ਰਹੇ ਸਮਾਜ ਦੀ ਹਾਲਤ ਬਾਰੇ ਮੌਰਲੇ ਨੇ ਕਿਹਾ:**

'ਦੋ ਰਾਸ਼ਟਰ, ਜਿਨ੍ਹਾਂ ਦਰਮਿਆਨ ਨਾ ਕੋਈ ਸੰਵਾਦ ਹੈ ਅਤੇ ਨਾ ਹੀ ਕੋਈ ਹਮਦਰਦੀ; ਜੋ ਇੱਕ-ਦੂਜੇ ਦੀਆਂ ਆਦਤਾਂ, ਵਿਚਾਰਾਂ ਅਤੇ ਭਾਵਨਾਵਾਂ ਤੋਂ ਓਨੇ ਹੀ ਅਣਜਾਣ ਹਨ, ਜਿਵੇਂ ਉਹ ਵੱਖ-ਵੱਖ ਖਿੱਤਿਆਂ ਦੇ ਵਸਨੀਕ ਜਾਂ ਵੱਖ-ਵੱਖ ਗ੍ਰਹਿਆਂ ਦੇ ਬਾਸ਼ਿੰਦੇ ਹੋਣ; ਜਿਨ੍ਹਾਂ ਦੀ ਪਰਵਰਿਸ਼ ਵੱਖੋ-ਵੱਖਰੇ ਢੰਗ ਨਾਲ ਹੋਈ ਹੋਵੇ, ਜਿਨ੍ਹਾਂ ਨੂੰ ਵੱਖਰਾ ਭੋਜਨ ਖੁਆਇਆ ਜਾਂਦਾ ਹੋਵੇ, ਜੋ ਵੱਖਰੇ ਤੌਰ-ਤਰੀਕਿਆਂ ਨਾਲ ਚਲਾਏ ਜਾਂਦੇ ਹੋਣ ਅਤੇ ਜਿਨ੍ਹਾਂ ਉੱਤੇ ਇੱਕੋ ਜਿਹੇ ਕਾਨੂੰਨ ਲਾਗੂ ਨਾ ਹੁੰਦੇ ਹੋਣ।'

ਭਾਵ, ਨਾਵਲ 'ਸਿਬਿਲ' ਦੇ ਪਾਤਰ ਨੇ ਕਿਹਾ ਕਿ ਸਨਅਤੀ ਇਨਕਲਾਬ ਦੇ ਨਾਲ ਉੱਭਰ ਰਹੇ ਬਰਤਾਨਵੀ ਸਮਾਜ ਵਿਚ ਲੋਟੂ ਸਰਮਾਏਦਾਰਾਂ ਅਤੇ ਲੁੱਟੇ ਜਾ ਰਹੇ ਮਜ਼ਦੂਰਾਂ ਦੇ ਰੂਪ ਵਿਚ ਦੋ ਵੱਖਰੇ ਰਾਸ਼ਟਰ ਬਣ ਗਏ ਸਨ। ਡਿਜ਼ਰੇਲੀ ਇਹ ਵੇਰਵਾ ਦੇ ਕੇ ਉੱਥੇ ਹੀ ਰੁਕ ਗਏ। ਪਰ ਫਰੈਡਰਿਕ ਏਂਗਲਜ਼ ਨੇ ਸਨਅਤੀ ਮਜ਼ਦੂਰਾਂ ਵਿਚ ਰਹਿ ਕੇ ਅਧਿਐਨ ਕੀਤਾ, ਲੁੱਟ-ਖਸੁੱਟ ਦੇ ਅਸਲ ਖ਼ਾਸੇ ਨੂੰ ਸਮਝਿਆ ਅਤੇ ਉਸ ਦਾ ਹੱਲ ਲੱਭਣ ਵੱਲ ਅੱਗੇ ਵਧੇ।

ਖ਼ੈਰ, ਮੌਜੂਦਾ ਭਾਰਤ ਵਿਚ ਜਦੋਂ ਵਿਕਾਸ ਦੇ ਮਹਿਸੂਸ ਹੋਣ ਜਾਂ ਨਾ ਹੋਣ ਬਾਰੇ ਚਰਚਾ ਚੱਲ ਰਹੀ ਹੈ, ਤਾਂ ਸੁਭਾਵਿਕ ਤੌਰ 'ਤੇ 'ਸਿਬਿਲ' ਦੇ ਪਾਤਰ ਵੱਲੋਂ ਇੱਕੋ ਸਮਾਜ ਵਿਚ ਦੱਸੇ ਗਏ ਦੋ ਰਾਸ਼ਟਰਾਂ ਦਾ ਰੂਪਕ ਪ੍ਰਸੰਗਿਕ ਹੋ ਜਾਂਦਾ ਹੈ। ਇਹ ਸਥਿਤੀ ਕਿਉਂ ਪੈਦਾ ਹੋਈ ਅਤੇ ਇਸ ਦਾ ਹੱਲ ਕੀ ਹੈ—ਇਸ ਵਿਚਾਰ-ਵਟਾਂਦਰੇ ਦਾ ਘੇਰਾ ਤਾਂ ਬਹੁਤ ਵਿਸ਼ਾਲ ਹੋਵੇਗਾ, ਪਰ ਸੰਖੇਪ ਵਿਚ ਕੁਝ ਗੱਲਾਂ ਦਾ ਜ਼ਿਕਰ ਜ਼ਰੂਰ ਕੀਤਾ ਜਾ ਸਕਦਾ ਹੈ।

ਮੁੰਬਈ ਸਥਿਤ ਸੰਸਥਾ 'ਦ ਰਿਸਰਚ ਯੂਨਿਟ ਫ਼ਾਰ ਪਾਲੀਟੀਕਲ ਇਕਾਨਮੀ' ਨੇ ਹਾਲ ਹੀ ਵਿਚ ਆਜ਼ਾਦੀ ਤੋਂ ਬਾਅਦ ਭਾਰਤੀ ਆਰਥਿਕਤਾ ਦੀ ਦਿਸ਼ਾ ਅਤੇ ਮੁਲਕ ਵਿਚ ਅਪਣਾਈਆਂ ਗਈਆਂ ਨੀਤੀਆਂ ਦਾ ਇੱਕ ਲੰਮਾ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਸ ਵਿਚ ਖ਼ਾਸ ਕਰਕੇ 2008 ਦੀ ਵਿਸ਼ਵ-ਵਿਆਪੀ ਮੰਦੀ ਤੋਂ ਬਾਅਦ ਦੀ ਸਥਿਤੀ ਦਾ ਜੋ ਜ਼ਿਕਰ ਕੀਤਾ ਗਿਆ ਹੈ, ਉਹ ਅੱਜ ਦੇ ਹਾਲਾਤ ਨੂੰ ਸਮਝਣ ਵਿਚ ਕਾਫ਼ੀ ਸਹਾਇਕ ਹੈ। ਇਸ ਮੁਤਾਬਕ:

2008 ਦੇ ਵਿਸ਼ਵ-ਵਿਆਪੀ ਵਿੱਤੀ ਸੰਕਟ ਦੇ ਕੇਂਦਰ ਵਿਚ ਮੌਜੂਦ ਵਿੱਤੀ ਸੰਪਤੀਆਂ ਨਾਲ ਭਾਰਤੀ ਆਰਥਿਕਤਾ ਦਾ ਸਿੱਧਾ ਜੁੜਾਅ ਬਹੁਤ ਘੱਟ ਸੀ। ਇਸ ਦੇ ਬਾਵਜੂਦ ਭਾਰਤੀ ਆਰਥਿਕਤਾ ਦਾ ਸਾਮਰਾਜਵਾਦ ਦੇ ਦਬਦਬੇ ਵਾਲੀ ਵਿਸ਼ਵ ਆਰਥਿਕਤਾ ਨਾਲ ਵਿਆਪਕ ਏਕੀਕਰਨ ਹੋ ਰਿਹਾ ਸੀ। ਇਸ ਲਈ ਉਸ ਵਿੱਤੀ ਸੰਕਟ ਨੇ ਵਪਾਰ, ਵਿੱਤ ਅਤੇ ਭਰੋਸੇ ਦੇ ਮਾਧਿਅਮਾਂ ਰਾਹੀਂ ਇੱਕ ਡੂੰਘਾ ਝਟਕਾ ਦਿੱਤਾ। ਉਸ ਤੋਂ ਬਾਅਦ ਸਾਮਰਾਜਵਾਦੀ ਮੁਲਕਾਂ ਨੇ ਭਾਰਤ ਵਰਗੇ ਤੀਜੀ ਦੁਨੀਆ ਦੇ ਮੁਲਕਾਂ ਉੱਤੇ ਇੱਕ ਤਾਲਮੇਲ ਵਾਲਾ ਰਾਜਕੋਸ਼ੀ ਅਤੇ ਮੁਦਰਾ ਪ੍ਰੇਰਕ (Fiscal and Monetary Stimulus) ਲਾਗੂ ਕਰਨ ਲਈ ਦਬਾਅ ਪਾਇਆ, ਜਿਸ ਨੇ ਵਿਕਾਸ ਦਰ ਦੀ ਤੇਜ਼ੀ ਨੂੰ ਮੁੜ ਬਹਾਲ ਕੀਤਾ। ਪਰ ਜਿਵੇਂ ਹੀ ਸਾਮਰਾਜਵਾਦੀ ਮੁਲਕਾਂ ਵਿਚ ਸੰਪਤੀਆਂ ਦੀਆਂ ਕੀਮਤਾਂ ਮੁੜ ਵਧੀਆਂ—ਅਰਥਾਤ ਉੱਥੇ ਫ਼ੌਰੀ ਸੰਕਟ ਟਲ ਗਿਆ—ਉਨ੍ਹਾਂ ਮੁਲਕਾਂ ਨੇ ਵਿਕਾਸਸ਼ੀਲ ਦੁਨੀਆ ਦੇ ਮੁਲਕਾਂ ਦੀ ਕਿਰਤ ਸ਼ਕਤੀ, ਮੁੱਢਲੀਆਂ ਵਸਤਾਂ (Primary Goods) ਅਤੇ ਉਤਪਾਦਕ ਸੰਪਤੀਆਂ ਦੀਆਂ ਕੀਮਤਾਂ ਹੇਠਾਂ ਲਿਆਉਣ ਅਤੇ ਪ੍ਰੇਰਕ ਵਾਪਸ ਲੈਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ।

ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਇਸ ਰਾਜਕੋਸ਼ੀ ਸੁੰਗੜਾਅ ਵਾਲੀ ਨੀਤੀ ਉੱਤੇ ਅੱਗੇ ਵਧੀ, ਜਿਸ ਕਾਰਨ 2011 ਤੋਂ ਬਾਅਦ ਆਰਥਕ ਵਿਕਾਸ ਦਰ ਅਤੇ ਨਿੱਜੀ ਕਾਰਪੋਰੇਟ ਨਿਵੇਸ਼ ਦਰਾਂ ਵਿਚ ਗਿਰਾਵਟ ਆਈ, ਜੋ ਫਿਰ ਕਦੇ ਪੂਰੀ ਤਰ੍ਹਾਂ ਸੰਭਲ ਨਹੀਂ ਸਕੀਆਂ। ਉਸ ਸਮੇਂ ਭਾਰਤ ਦੇ ਵੱਡੇ ਸਰਮਾਏਦਾਰਾਂ ਨੇ ਇਹ ਵਿਚਾਰ ਅੱਗੇ ਵਧਾਇਆ ਕਿ ਨਵ-ਉਦਾਰਵਾਦੀ ਸੁਧਾਰਾਂ ਨੂੰ ਤੇਜ਼ੀ ਨਾਲ ਲਾਗੂ ਕਰਕੇ ਵਿਕਾਸ ਦਰ ਨੂੰ ਮੁੜ ਜੀਵਤ ਕੀਤਾ ਜਾ ਸਕਦਾ ਹੈ। ਅਜਿਹਾ ਕਰ ਸਕਣ ਵਿਚ ਤਤਕਾਲੀ ਸਰਕਾਰ ਦੀ ਅਣਇੱਛਾ ਜਾਂ ਅਸਮਰੱਥਾ ਕਾਰਨ ਉਹ ਉਸ ਦੇ ਖ਼ਿਲਾਫ਼ ਹਮਲਾਵਰ ਹੋ ਗਏ ਅਤੇ ਉਸ ਉੱਤੇ 'ਨੀਤੀਗਤ ਅਧਰੰਗ' (Policy Paralysis) ਦਾ ਦੋਸ਼ ਮੜ੍ਹਨ ਲੱਗੇ।

2013 ਤੱਕ ਭਾਰਤ ਦੇ ਵੱਡੇ ਕਾਰਪੋਰੇਟ ਘਰਾਣਿਆਂ ਨੇ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ ਸੀ, ਜਿਸ ਦਾ ਉਦੇਸ਼ ਨਵ-ਉਦਾਰਵਾਦੀ ਉਪਾਵਾਂ ਰਾਹੀਂ ਵਿਕਾਸ ਦਰ ਨੂੰ ਮੁੜ ਜੀਵਤ ਕਰਨਾ ਸੀ। ਉਨ੍ਹਾਂ ਨੇ ਉਦਾਰੀਕਰਨ ਅਤੇ ਨਿੱਜੀਕਰਨ, ਜ਼ਮੀਨ ਪ੍ਰਾਪਤੀ ਲਈ ਮਨਜ਼ੂਰੀਆਂ, ਰਾਜਕੋਸ਼ੀ ਧਨ ਨੂੰ ਭਲਾਈ ਯੋਜਨਾਵਾਂ ਤੋਂ ਹਟਾ ਕੇ ਕਾਰਪੋਰੇਟ ਖੇਤਰ ਵੱਲ ਮੋੜਨ ਅਤੇ ਮਜ਼ਦੂਰਾਂ ਦੀ ਵਧੇਰੇ ਸਿਲਸਿਲੇਵਾਰ ਢੰਗ ਨਾਲ ਲੁੱਟ ਸੰਭਵ ਬਣਾਉਣ ਦਾ ਫ਼ਾਰਮੂਲਾ ਪੇਸ਼ ਕੀਤਾ। ਇਸ ਤਰ੍ਹਾਂ ਵੱਡੇ ਕਾਰੋਬਾਰੀਆਂ ਨੇ ਫ਼ਿਰਕੂ ਵਿਚਾਰਧਾਰਾ ਅਤੇ ਉਸ ਵਿਚਾਰਧਾਰਾ ਦੇ ਆਲੇ-ਦੁਆਲੇ ਬਣੇ ਸੰਗਠਨਾਂ ਨੂੰ ਸ਼ਾਸਨ ਦੇ ਇੱਕ ਅਜਿਹੇ ਤੰਤਰ ਵਜੋਂ ਅਪਣਾਇਆ, ਜੋ ਲੋਕ-ਵਿਰੋਧ ਦੀ ਸੰਭਾਵਨਾ ਨੂੰ ਕਾਬੂ ਹੇਠ ਰੱਖ ਸਕੇ।

ਇਹ ਆਮ ਤਜਰਬਾ ਹੈ ਕਿ 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਨਰਿੰਦਰ ਮੋਦੀ ਸਰਕਾਰ ਨੇ ਸਿੱਧੇ ਬਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਭਾਰਤ ਨੂੰ ਬਹੁਕੌਮੀ ਕੰਪਨੀਆਂ ਦੀਆਂ ਵਿਸ਼ਵ-ਵਿਆਪੀ ਸਪਲਾਈ ਚੇਨਾਂ ਨਾਲ ਜੋੜਨ ਦੇ ਉਪਾਵਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਹੈ। ਇਨ੍ਹਾਂ ਵਿਚੋਂ ਕੁਝ ਉਪਾਵਾਂ (ਖ਼ਾਸ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਉਪਾਵਾਂ) ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕੁਝ ਮਾਮਲਿਆਂ ਵਿਚ ਉਹ ਵਾਪਸ ਵੀ ਲੈਣੇ ਪਏ ਹਨ।

ਪਰ ਇਹ ਹਕੀਕਤ ਸਾਡੇ ਸਾਹਮਣੇ ਹੈ ਕਿ ਮੋਦੀ ਸਰਕਾਰ ਨੇ ਵੱਡੀ ਸਰਮਾਏਦਾਰ ਜਮਾਤ ਦੇ ਹੱਥਾਂ ਵਿਚ ਧਨ ਇਕੱਠਾ ਹੋਣ ਦੀ ਪਹਿਲਾਂ ਤੋਂ ਚੱਲ ਰਹੀ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤਾ ਹੈ। ਕਾਰਪੋਰੇਟ ਟੈਕਸ ਵਿਚ ਕਟੌਤੀ, ਕਾਰਪੋਰੇਟ ਕਰਜ਼ਿਆਂ ਦੀ ਮੁਆਫ਼ੀ, ਮਜ਼ਦੂਰਾਂ ਦੇ ਵੇਤਨ ਵਾਧੇ ਨੂੰ ਸੀਮਤ ਰੱਖਣ ਅਤੇ ਇਨ੍ਹਾਂ ਸਭ ਰਾਹੀਂ ਕਾਰਪੋਰੇਟ ਮੁਨਾਫ਼ਿਆਂ ਵਿਚ ਭਾਰੀ ਵਾਧਾ ਸੰਭਵ ਬਣਾਉਣ ਦਾ ਕੰਮ ਮੌਜੂਦਾ ਸਰਕਾਰ ਨੇ ਕੀਤਾ ਹੈ।

ਖ਼ੁਦ ਸਰਕਾਰ ਦੇ ਆਰਥਕ ਸਰਵੇਖਣ ਦਸਤਾਵੇਜ਼ ਵਿਚ ਇਹ ਕਿਹਾ ਜਾ ਚੁੱਕਾ ਹੈ ਕਿ 'ਵਿੱਤੀ ਕਾਰਗੁਜ਼ਾਰੀ ਦੇ ਮਾਮਲੇ ਵਿਚ ਕਾਰਪੋਰੇਟ ਖੇਤਰ ਲਈ ਇੰਨੀ ਚੰਗੀ ਸਥਿਤੀ ਪਹਿਲਾਂ ਕਦੇ ਨਹੀਂ ਰਹੀ।' ਖ਼ੈਰ, ਮੁਨਾਫ਼ੇ ਵਧਣ ਦੇ ਬਾਵਜੂਦ ਨਿੱਜੀ ਕਾਰਪੋਰੇਟ ਖੇਤਰ ਦਾ ਆਰਥਿਕਤਾ ਵਿਚ ਨਿਵੇਸ਼ ਹੇਠਲੇ ਪੱਧਰ ਉੱਤੇ ਬਣਿਆ ਹੋਇਆ ਹੈ। ਹਕੀਕਤ ਇਹ ਹੈ ਕਿ ਇਸ ਮਾਮਲੇ ਵਿਚ 2011 ਤੋਂ ਬਾਅਦ ਆਈ ਸੁਸਤੀ ਅਜੇ ਵੀ ਜਾਰੀ ਹੈ। ਕਾਰਪੋਰੇਟ ਘਰਾਣੇ ਨਿਵੇਸ਼ ਕਰਨ ਦੀ ਥਾਂ ਆਪਣੇ ਕੋਲ ਮੌਜੂਦ ਨਕਦੀ ਨੂੰ ਆਪਣੇ ਪਾਸ ਹੀ ਰੱਖ ਰਹੇ ਹਨ, ਉਸ ਨੂੰ ਵਿੱਤੀ ਸੰਪਤੀਆਂ ਵਿਚ ਲਾ ਰਹੇ ਹਨ, ਆਪਣਾ ਬਾਜ਼ਾਰੀ ਮੁੱਲ ਵਧਾਉਣ ਲਈ ਸ਼ੇਅਰਾਂ ਦੀ ਮੁੜ ਖ਼ਰੀਦ (Share Buyback) ਵਰਗੇ ਤਰੀਕਿਆਂ ਦਾ ਸਹਾਰਾ ਲੈ ਰਹੇ ਹਨ ਜਾਂ ਉਸ ਨੂੰ ਲਾਭਅੰਸ਼ਾਂ (Dividends) ਦੇ ਰੂਪ ਵਿਚ ਵੰਡ ਰਹੇ ਹਨ। ਇਸੇ ਦਾ ਨਤੀਜਾ ਹੈ ਕਿ ਆਰਥਿਕਤਾ ਵਿਚ ਮੰਗ ਹੇਠਲੇ ਪੱਧਰ ਉੱਤੇ ਬਣੀ ਹੋਈ ਹੈ। ਅਜਿਹੀ ਸਥਿਤੀ ਵਿਚ ਸਨਅਤਾਂ ਨੇ ਇਸ ਪੂਰੇ ਅਰਸੇ ਦੌਰਾਨ ਕਦੇ ਵੀ ਆਪਣੀ ਪੈਦਾਵਾਰੀ ਸਮਰੱਥਾ ਦੀ ਪੂਰੀ ਵਰਤੋਂ ਨਹੀਂ ਕੀਤੀ।

ਕਿਉਂਕਿ ਖਪਤਕਾਰ ਬਾਜ਼ਾਰ ਨਹੀਂ ਵਧ ਰਿਹਾ, ਇਸ ਲਈ ਹਾਕਮ ਜਮਾਤ ਹੋਰ ਤਰੀਕਿਆਂ ਰਾਹੀਂ ਧਨ ਇਕੱਠਾ ਕਰਨ ਵਿਚ ਲੱਗੀ ਹੋਈ ਹੈ। ਇਸ ਵਿਚ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਤੋਂ ਬੇਦਖ਼ਲ ਕਰਨਾ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਕਾਰਪੋਰੇਟ ਖੇਤਰ ਦਾ ਮੁਨਾਫ਼ਾ ਵਧਾਉਣ ਲਈ ਵਾਤਾਵਰਣ ਕਾਨੂੰਨਾਂ ਵਿਚ ਵਿਆਪਕ ਤਬਦੀਲੀਆਂ ਕੀਤੀਆਂ ਗਈਆਂ ਹਨ ਅਤੇ ਜੰਗਲੀ ਖੇਤਰਾਂ ਵਿਚ ਆਦਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਵੱਡੇ ਪੱਧਰ ਉੱਤੇ ਖਣਨ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਪ੍ਰਕਿਰਿਆ ਵਿਚ ਇੱਕ ਸਿਰੇ ਉੱਤੇ ਬੇਹੱਦ ਦੌਲਤ ਅਤੇ ਦੂਜੇ ਸਿਰੇ ਉੱਤੇ ਅਤਿਅੰਤ ਗ਼ਰੀਬੀ ਦਾ ਇਕੱਠਾ ਹੋਣਾ ਜਾਰੀ ਹੈ।

ਇਸ ਹਾਲਤ ਵਿਚ ਜੇ ਇੱਕ ਛੋਟਾ ਜਿਹਾ ਵਰਗ ਆਰਥਕ ਵਾਧੇ ਅਤੇ ਵਿਕਾਸ ਦੀਆਂ ਕਹਾਣੀਆਂ ਨੂੰ ਸੱਚ ਮੰਨਦਾ ਹੈ, ਜਦਕਿ ਬਹੁਗਿਣਤੀ ਆਵਾਮ ਨੂੰ ਅਜਿਹਾ ਮਹਿਸੂਸ ਨਹੀਂ ਹੁੰਦਾ, ਤਾਂ ਇਸ ਵਿਰੋਧਤਾਈ ਨੂੰ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ। ਅੱਜ ਅਸਲ ਚੁਣੌਤੀ ਬਹਿਸ ਨੂੰ ਇਸੇ ਵਿਰੋਧਤਾਈ ਦੇ ਨੁਕਤੇ ਉੱਤੇ ਲਿਆਉਣ ਦੀ ਹੈ। ਅੰਕੜਿਆਂ ਦੀ ਤਕਨੀਕੀ ਬਹਿਸ ਵਿਚ ਉਲਝੇ ਰਹਿਣ ਨਾਲ ਗੱਲ ਅੱਗੇ ਨਹੀਂ ਵਧੇਗੀ।

# 'ਪਾਣੀਆਂ ਦੇ ਮਸਲੇ ਅਤੇ ਸੁੱਕਦਾ ਡੁੱਬਦਾ ਪੰਜਾਬ'

ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਜੀਵਨ ਨਾਲ ਬਹੁਤ ਡੂੰਘਾ ਜੁੜਿਆ ਹੋਇਆ ਹੈ। ਪ੍ਰੋਫੈਸਰ ਸੁੱਚਾ ਸਿੰਘ ਗਿੱਲ ਦੀ ਕਿਤਾਬ, 'ਪਾਣੀਆਂ ਦੇ ਮਸਲੇ-ਸੁੱਕਦਾ ਡੁੱਬਦਾ ਪੰਜਾਬ', ਇਸ ਗੰਭੀਰ ਮਸਲੇ ਨੂੰ ਇਤਿਹਾਸਕ, ਕਾਨੂੰਨੀ ਅਤੇ ਆਰਥਿਕ ਪੱਖਾਂ ਤੋਂ ਸਮਝਣ ਦਾ ਇਕ ਨਿਗਰ ਯਤਨ ਹੈ। ਕਿਤਾਬ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਬੰਧਤ ਸਮਝੌਤਿਆਂ, ਫੈਸਲਿਆਂ ਅਤੇ ਵੱਖ-ਵੱਖ ਰਾਜਾਂ ਦੇ ਦਾਅਵਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਲੇਖਕ ਸਪੱਸ਼ਟ ਕਰਦਾ ਹੈ ਕਿ ਪਾਣੀ ਸਿਰਫ਼ ਕੁਦਰਤੀ ਸਰੋਤ ਨਹੀਂ, ਸਗੋਂ ਪੰਜਾਬ ਦੀ ਖੇਤੀਬਾੜੀ ਅਤੇ ਲੋਕਾਂ ਦੀ ਰੋਜ਼ੀ-ਰੋਟੀ ਦਾ ਮਹੱਤਵਪੂਰਨ ਆਧਾਰ ਹੈ। ਇਹ ਕਿਤਾਬ ਪਾਣੀਆਂ ਦੀ ਵੰਡ ਨਾਲ ਜੁੜੇ ਵਿਵਾਦਾਂ ਦੇ ਕਾਰਨਾਂ ਅਤੇ ਉਨ੍ਹਾਂ ਦੇ ਪੰਜਾਬ ਦੀ ਅਰਥਵਿਵਸਥਾ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਸਮਝਣ ਲਈ ਮਹੱਤਵਪੂਰਨ ਸਰੋਤ ਹੈ। ਇਸ ਰਾਹੀਂ ਪਾਠਕਾਂ ਨੂੰ ਪੰਜਾਬ ਦੇ ਪਾਣੀਆਂ ਦੇ ਸੰਕਟ ਦੀ ਗੰਭੀਰਤਾ ਅਤੇ ਨਿਆਂਪੂਰਨ ਤੇ ਟਿਕਾਊ ਪਾਣੀ-ਨੀਤੀ ਦੀ



**ਡਾ. ਕੇਸਰ ਸਿੰਘ ਭੰਗੂ**
**ਸਾਬਕਾ ਪ੍ਰੋਫੈਸਰ ਅਤੇ ਡੀਨ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

ਲੋੜ ਬਾਰੇ ਜਾਣਕਾਰੀ ਮਿਲਦੀ ਹੈ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਰਚਨਾ ਪਾਣੀਆਂ ਦੇ ਮਸਲੇ 'ਤੇ ਸਾਰਥਕ ਬਹਿਸ ਕੀਤੀ ਜਾ ਸਕੇ ਤਾਂ ਕਿ ਸਾਰਥਕ ਨਤੀਜੇ ਸਾਹਮਣੇ ਆ ਸਕਣ, ਦੇ ਮਨੋਰਥ ਨਾਲ ਲਿੱਖੀ ਗਈ ਹੈ। ਹਥਲਾ ਲੇਖ ਇਸ ਕਿਤਾਬ 'ਤੇ ਆਧਾਰਿਤ ਹੈ।

ਪੰਜਾਬ ਵਿਚ ਪਾਣੀਆਂ ਬਾਰੇ ਬਹਿਸ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਚੱਲ ਰਹੀ ਹੈ ਪਰ ਪਿਛਲੇ ਕੁੱਝ ਸਮੇਂ ਤੋਂ ਇਹ ਕਾਫੀ ਤਿੱਖੀ ਹੋਈ ਹੈ ਅਤੇ ਪੰਜਾਬ ਦੇ ਮੁੱਖ ਮੁੱਦਿਆਂ ਵਿਚ ਸ਼ਾਮਲ ਹੋ ਗਈ ਹੈ। ਪੰਜਾਬ ਦੇ ਪਾਣੀਆਂ ਨਾਲ ਸਬੰਧਤ ਬਹਿਸ ਵਿਚ ਬਹੁਤ ਸਾਰੇ ਅਹਿਮ ਮੁੱਦੇ ਇਸ ਦਾ ਹਿੱਸਾ ਨਹੀਂ ਬਣ ਸਕੇ ਜਿਵੇਂ ਕਿ ਦਰਿਆਵਾਂ ਦੇ ਪਾਣੀਆਂ ਦੀ ਭਾਰਤ ਅਤੇ ਪਾਕਿਸਤਾਨ ਵਿਚਾਲੇ ਵੰਡ ਦਾ ਇਤਿਹਾਸਕ ਪਿਛੋਕੜ ਦੀ ਗੱਲ ਨਹੀਂ ਕੀਤੀ ਜਾ ਰਹੀ। ਇਹ ਵੰਡ ਰਿਪੇਰੀਅਨ ਸਿਧਾਂਤ ਦੀ ਬਜਾਏ ਸਿੰਧ ਦਰਿਆ ਅਤੇ ਇਸ ਦੇ ਸਹਾਇਕ ਦਰਿਆਵਾਂ ਦੇ ਬੇਸਨ ਦੇ ਆਧਾਰ ਤੇ ਹੋਈ ਸੀ। ਦੂਸਰਾ ਮੁੱਦਾ ਪੰਜਾਬ ਦੇ ਪਾਣੀਆਂ ਦਾ ਅਦਿੱਖ/ਵਰਚੂਅਲ ਨਿਰਯਾਤ ਵੀ ਬਹਿਸ ਦਾ ਮੁੱਦਾ ਨਹੀਂ ਬਣ ਸਕਿਆ। ਉਦਾਹਰਣ ਦੇ ਤੌਰ ਤੇ 1965-70 ਨੇੜੇ ਪੰਜਾਬ ਦੇ ਕੁੱਲ ਖੇਤੀ ਅਧੀਨ ਰਕਬੇ ਦਾ 7-8 ਪ੍ਰਤੀਸ਼ਤ ਹੀ ਝੋਨੇ ਹੇਠ ਸੀ, ਜੋ ਹੁਣ ਵੱਧ ਕੇ 90 ਪ੍ਰਤੀਸ਼ਤ ਦੇ ਨੇੜੇ ਹੋ ਗਿਆ ਹੈ ਕਿਉਂਕਿ ਕਿ ਇੱਕ ਕਿਲੋ ਝੋਨਾ ਪੈਦਾ ਕਰਨ ਲਈ ਪੰਜਾਬ ਦਾ 5337 ਲੀਟਰ ਪਾਣੀ ਖ਼ਰਚ ਹੁੰਦਾ ਹੈ ਦੇਸ਼ ਪੱਧਰ ਤੇ 3837 ਲੀਟਰ ਖ਼ਰਚ ਹੁੰਦਾ ਹੈ। ਭਾਵ ਸਪਸ਼ਟ ਹੈ ਕਿ ਜੇਕਰ ਪੰਜਾਬ ਝੋਨਾ ਦੂਜੇ ਸੂਬਿਆਂ ਨੂੰ ਦਿੰਦਾ ਹੈ ਤਾਂ ਪੰਜਾਬ ਆਪਣਾ ਪਾਣੀ ਨਿਰਯਾਤ ਕਰ ਰਿਹਾ ਹੈ। ਇਸੇ ਤਰ੍ਹਾਂ ਕਾਫ਼ੀ ਹੋਰ ਵੀ ਅਹਿਮ ਮੁੱਦੇ ਇਸ ਬਹਿਸ ਦਾ ਹਿੱਸਾ ਨਹੀਂ ਬਣ ਸਕੇ ਇਹ ਪੁਰਜ਼ੋਰ ਸਲਾਹ ਦਿੱਤੀ ਗਈ ਹੈ ਕਿ ਇਹ ਮੁੱਦੇ ਵੀ ਭਵਿੱਖ ਵਿਚ ਪੰਜਾਬ ਦੇ ਪਾਣੀਆਂ ਤੇ ਹੋਣ ਵਾਲੀਆਂ ਬਹਿਸਾਂ ਵਿਚ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ ਤਾਂ ਹੀ ਬਹਿਸ ਕਿਸੇ ਸਾਰਥਕ ਨਤੀਜੇ ਤੇ ਪਹੁੰਚ ਸਕਦੀ ਹੈ।

ਮਨੁੱਖ ਤੇਜ਼ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਦਾ ਹੋਇਆ ਕੁਦਰਤੀ ਸੋਮਿਆਂ ਨੂੰ ਖ਼ਤਮ ਕਰਨ ਤੱਕ ਪਹੁੰਚ ਗਿਆ ਹੈ। ਇਸ ਖਾਤਮੇ ਵਿਚ ਖਣਿਜ ਪਦਾਰਥਾਂ ਦੇ ਨਾਲ ਨਾਲ ਤਾਜ਼ੇ ਪਾਣੀ ਦੇ ਸਰੋਤ, ਜੰਗਲ ਅਤੇ ਜ਼ਮੀਨ ਵੀ ਸ਼ਾਮਲ ਹਨ। ਇਨ੍ਹਾਂ ਸੋਮਿਆਂ ਦੇ ਖ਼ਤਮ ਹੋ ਜਾਣ ਉਪਰੰਤ ਉਤਪਾਦਨ ਅਤੇ ਵਿਕਾਸ ਦੇ ਕੰਮਾਂ ਵਿਚ ਗੰਭੀਰ ਮੁਸ਼ਕਲਾਂ ਆਉਣ ਲੱਗ ਪੈਣਗੀਆਂ। ਇਸ ਲਈ ਸੂਬੇ ਦੇ ਖੇਤੀ ਦੇ ਵਿਕਾਸ ਮਾਡਲ ਵਿਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਜਾਣ ਤਾਂ ਕਿ ਇਸ ਨੂੰ ਵਾਤਾਵਰਨ ਦੇ ਅਨੁਕੂਲ ਢਾਲ ਕੇ ਟਿਕਾਊ ਬਣਾਇਆਂ ਜਾ ਸਕੇ। ਕੁਦਰਤ ਵਿਰੋਧੀ ਵਿਕਾਸ ਮਾਡਲ ਬਹੁਤੀ ਦੇਰ ਤੱਕ ਨਹੀਂ ਚੱਲ ਸਕਦਾ ਇਸ ਲਈ ਇਸ ਮਾਮਲੇ ਵਿਚ ਅਣਗਹਿਲੀ ਸੂਬੇ ਦੇ ਲੋਕਾਂ ਨੂੰ ਭਾਰੀ ਬਿਪਤਾ ਵਿਚ ਪਾ ਸਕਦੀ ਹੈ। ਮਨੁੱਖ ਵਲੋਂ ਜਦੋਂ ਤਾਜ਼ੇ ਅਤੇ ਸਾਫ਼ ਪਾਣੀ ਨੂੰ ਅਣਗਹਿਲੀ ਨਾਲ ਵਰਤਿਆ ਜਾਂਦਾ ਹੈ ਤਾਂ ਇਹ ਸਰੋਤ ਘੱਟਣੇ ਸ਼ੁਰੂ ਹੋ ਜਾਂਦੇ ਹਨ। ਜੇਕਰ ਇਨ੍ਹਾਂ ਸਰੋਤਾਂ ਦੀ ਦੇਖਭਾਲ ਅਤੇ ਰੀਚਾਰਜ਼ ਨਾ ਕੀਤੇ ਜਾਣ ਤਾਂ ਇਹ ਖ਼ਤਮ ਵੀ ਹੋ ਸਕਦੇ ਹਨ।

ਪਾਣੀਆਂ ਦੀ ਗੁਣਵੱਤਾ ਬਹੁਤ ਖ਼ਰਾਬ ਅਤੇ ਖ਼ਤਰਨਾਕ ਪੱਧਰ ਤੱਕ ਪਲੀਤ ਹੋਣ ਦਾ ਮਸਲਾ ਵੀ ਬਹੁਤ ਗੰਭੀਰ ਅਤੇ ਚਣੌਤੀ ਭਰਪੂਰ ਹੈ। ਪੰਜਾਬ ਦੇ ਪਿੰਡਾਂ ਦੇ ਲੱਗਭਗ ਸਾਰੇ ਹੀ ਟੋਬੇ, ਛੱਪੜ ਅਤੇ ਪਾਣੀ ਦੇ ਹੋਰ ਸਰੋਤ ਸੀਵਰੇਜ਼ ਤੇ ਗੰਧਲੇ ਪਾਣੀ ਅਤੇ ਖੇਤੀ ਲਈ ਵਰਤੇ ਜਾਂਦੇ ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਰਸਾਇਣਾਂ ਕਾਰਨ ਬਹੁਤ ਪਲੀਤ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਪਾਣੀ ਵਰਤੋਂ-ਯੋਗ ਨਹੀਂ ਰਿਹਾ ਹੈ। ਇਸੇ ਹੀ ਤਰ੍ਹਾਂ ਦਰਿਆਵਾਂ ਅਤੇ ਨਹਿਰਾਂ ਵਿਚ ਸੁੱਟੇ ਜਾ ਰਹੇ ਸੀਵਰੇਜ਼, ਕਾਰਖਾਨਿਆਂ ਦੇ ਰਸਾਇਣਾਂ ਵਾਲੇ ਪਾਣੀ ਕਾਰਨ ਬਹੁਤ ਪਲੀਤ ਹੋ ਚੁੱਕੇ ਹਨ। ਬੁੱਢਾ ਦਰਿਆ ਗੰਦਾ ਨਾਲਾ ਬਣਦਾ ਸਾਰਿਆਂ ਨੇ ਵੇਖਿਆ ਹੈ। ਇਥੋਂ ਤੱਕ ਕਿ ਧਰਤੀ ਹੇਠਲਾ ਪਾਣੀ ਵੀ ਇਨ੍ਹਾਂ ਹੀ ਕਾਰਨਾਂ ਕਰਕੇ ਪਲੀਤ ਹੋ ਚੁੱਕਾ ਹੈ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਪਾਣੀ ਦੀ ਗੁਣਵੱਤਾ ਦਾ ਅਧਿਐਨ ਕਰਨ ਲਈ ਵੱਖ-ਵੱਖ ਖੂਹਾਂ 'ਤੋਂ ਪਾਣੀ ਦੇ ਜ਼ਹਿਰੀਲਾਪਣ, ਫਲੋਰਾਇਡ, ਖਾਰਾ, ਮੈਗਨੇਸ਼ਅਮ, ਕੈਲਸ਼ੀਅਮ, ਸੋਡੀਅਮ, ਪੋਟਾਸ਼ੀਅਮ, ਬਾਇਓ ਕਾਰਬੋਨੇਟ, ਨਾਈਟ੍ਰੇਟ ਦੀ ਮਾਤਰਾ ਆਦਿ-ਆਦਿ ਦੇ ਅਧਿਐਨ ਲਈ ਸੈਂਪਲ ਲਏ ਗਏ ਸਨ। ਬਹੁਤੇ ਥਾਈਂ ਇਹ ਸੈਂਪਲ ਫੇਲ੍ਹ ਹੋਣ ਕਰਕੇ ਬਹੁਤ ਸਾਰੀਆਂ ਸੰਸਥਾਵਾਂ ਨੇ ਸੂਬੇ ਲਈ ਚੇਤਾਵਨੀਆਂ ਜਾਰੀ ਕੀਤੀਆਂ ਹਨ। ਸੂਬੇ ਦੇ ਪਾਣੀਆਂ ਦੇ ਸਰੋਤਾਂ ਦੇ ਪਲੀਤ ਹੋਣ ਕਾਰਨ ਲੋਕ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਹੋਏ ਹਨ ਅਤੇ ਹੋ ਰਹੇ ਹਨ। ਲੇਖਕ ਨੇ ਪਾਣੀਆਂ ਦੇ ਪਲੀਤ ਹੋਣ ਦਾ ਮੁੱਦਾ ਬੜੀ ਗੰਭੀਰਤਾ ਨਾਲ ਉਠਾਇਆ ਹੈ ਅਤੇ ਸਲਾਹ ਦਿੱਤੀ ਹੈ ਕਿ ਹੁਣ ਸਮਾਂ ਆ ਗਿਆ ਹੈ, ਸਾਰੇ ਮਿਲ ਕੇ ਇਸ ਸਮੱਸਿਆਂ ਦਾ ਕੋਈ ਕਾਰਗਰ ਹੱਲ ਕਰਨ ਲਈ ਅੱਗੇ ਆਉਣ ਕਿਉਂਕਿ ਇਸ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਹੈ।

ਦੁਨੀਆਂ ਭਰ ਵਿਚ ਖੇਤੀ ਦੇ ਵਿਕਸਤ ਹੋਣ ਨਾਲ ਖੇਤੀ ਵਸਤਾਂ ਦਾ ਅੰਤਰਰਾਸ਼ਟਰੀ ਵਪਾਰ ਵੀ ਕਾਫੀ ਵੱਧ ਗਿਆ ਹੈ ਇਹ ਵਪਾਰ ਵਧਣ ਤੋਂ ਬਾਅਦ




ਖੇਤੀ ਵਿਕਸਤ ਖੇਤਰਾਂ ਤੋਂ ਪਾਣੀਆਂ ਦੀ ਅਦਿੱਖ/ਵਰਚਉਅਲ ਨਿਰਯਾਤ ਦਾ ਮੁੱਦਾ ਵੀ ਸਾਹਮਣੇ ਆਇਆ ਹੈ। ਇਸੇ ਹੀ ਤਰ੍ਹਾਂ ਪੰਜਾਬ ਤੋਂ ਦੂਜਿਆਂ ਖੇਤਰਾਂ ਨੂੰ ਜਦੋਂ ਬਹੁਤੇ ਪਾਣੀ ਨਾਲ ਪਕਾਈਆਂ ਫ਼ਸਲਾ, ਖ਼ਾਸ ਕਰਕੇ ਝੋਨਾ, ਨਿਰਯਾਤ ਕੀਤੀਆਂ ਜਾਂਦੀਆਂ ਹਨ, ਤਾਂ ਸਪਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਆਪਣੇ ਪਾਣੀਆਂ ਦੇ ਬਹੁਮੁੱਲੇ ਸਰੋਤ ਨਿਰਯਾਤ ਕਰ ਰਿਹਾ ਹੈ ਪਰ ਬਦਕਿਸਮਤੀ ਨਾਲ ਇਹ ਮੁੱਦਾ ਪਾਣੀਆਂ ਦੇ ਮਸਲੇ ਦੀ ਬਹਿਸ ਵਿਚੋਂ ਗਾਇਬ ਰਹਿੰਦਾ ਹੈ। ਇਸ ਮਸਲੇ ਨੂੰ ਕੁੱਝ ਕੁ ਵਿਦਵਾਨਾਂ ਨੇ 1986 'ਤੋਂ ਲਗਾਤਾਰ ਉਠਾਇਆ ਜਾ ਰਿਹਾ ਹੈ ਅਤੇ ਕਿਹਾ ਕਿ ਪੰਜਾਬ ਨੂੰ ਝੋਨੇ ਹੇਠ ਰਕਬੇ ਨੂੰ ਘਟਾਉਣ ਦੀ ਲੋੜ ਹੈ ਪਰ ਬਹੁਤੇ ਵਿਦਵਾਨ ਅਤੇ ਸਬੰਧਤ ਧਿਰਾਂ ਇਸ 'ਤੇ ਬਹਿਸ ਕਰਨ ਦੀ ਬਜਾਏ ਚੁੱਪ ਰਹਿਣਾ ਹੀ ਪਸੰਦ ਕਰਦੇ ਹਨ।

ਪਾਣੀਆਂ ਦੀ ਬਹੁਤਾਤ ਤੋਂ ਘਾਟ ਵੱਲ ਦੀ ਕਹਾਣੀ ਕਾਫ਼ੀ ਦਿਲਚਸਪ ਹੈ। ਜਦੋਂ 1970 ਵਿਚ ਸਿੰਧ ਜਲ ਸੰਧੀ ਮੁਤਾਬਿਕ ਰਾਵੀ ਅਤੇ ਸਤਲੁਜ ਦਰਿਆਵਾਂ ਦਾ ਨਹਿਰੀ ਪਾਣੀ ਪਾਕਿਸਤਾਨ ਨੂੰ ਦੇਣਾ ਬੰਦ ਕਰ ਦਿੱਤਾ ਗਿਆ ਸੀ ਤਾਂ ਪੰਜਾਬ ਵਿਚ ਪਾਣੀ ਦੀ ਮਾਤਰਾ ਬਹੁਤ ਵੱਧ ਗਈ ਸੀ ਅਤੇ ਕਈ ਇਲਾਕਿਆਂ ਵਿਚ ਸੇਮ ਦੀ ਸਮੱਸਿਆ ਸਾਹਮਣੇ ਆਈ ਅਤੇ ਇਸ ਦੇ ਹੱਲ ਲਈ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਡਰੇਨਾਂ ਪੁੱਟੀਆਂ ਗਈਆਂ। 1960ਵਿਆਂ ਦੌਰਾਨ ਹਰੀ ਕ੍ਰਾਂਤੀ, ਖੇਤੀ ਕੀਮਤਾਂ ਕਮਿਸ਼ਨ, ਘੱਟੋ ਘੱਟ ਸਮਰਥਨ ਮੁੱਲ ਅਤੇ 1970ਵਿਆਂ ਦੌਰਾਨ ਝੋਨੇ ਦੀ ਫ਼ਸਲ ਦੀ ਬਿਜਾਈ ਸ਼ੁਰੂ ਹੋਣ ਕਾਰਨ ਪੰਜਾਬ ਵਿਚ ਖੇਤੀ ਲਈ ਪਾਣੀ ਦੀ ਮੰਗ ਲਗਾਤਾਰ ਵੱਧਦੀ ਗਈ। ਪਹਿਲਾਂ ਝੋਨੇ ਦੀ ਕਾਸ਼ਤ 7-8 ਪ੍ਰਤੀਸ਼ਤ ਰਕਬੇ ਤੇ ਕੀਤੀ ਜਾਂਦੀ ਸੀ ਪਰ ਹੌਲੀ-ਹੌਲੀ ਵੱਧ ਕੇ 90 ਪ੍ਰਤੀਸ਼ਤ ਰਕਬੇ ਵਿਚ ਝੋਨੇ ਦੀ ਫ਼ਸਲ ਬੀਜੀ ਜਾਂਦੀ ਹੈ ਅਤੇ ਤਕਰੀਬਨ ਪੰਜਾਬ ਵਿਚ 70 ਪ੍ਰਤੀਸ਼ਤ ਪਾਣੀ ਦੀ ਵਰਤੋਂ ਖੇਤੀ ਲਈ ਕੀਤੀ ਜਾਂਦੀ ਹੈ। ਪਾਣੀਆਂ ਦੀ ਵਧੀ ਮੰਗ ਨੂੰ ਪੂਰਾ ਕਰਨ ਲਈ ਨਹਿਰਾਂ ਦਾ ਪਾਣੀ ਘੱਟ ਗਿਆ ਅਤੇ ਟਿਊਬਵੈਲਾਂ ਰਾਹੀਂ ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ ਕੀਤੀ ਜਾਣ ਲੱਗੀ। ਉਦਾਹਰਣ ਦੇ ਤੌਰ ਤੇ 2025 ਦੌਰਾਨ ਪੰਜਾਬ ਵਿਚ ਧਰਤੀ ਹੇਠਲਾ ਪਾਣੀ 16-17 ਬਿਲੀਅਨ ਕਿਊਬਿਕ ਮੀਟਰ ਸੁਰੱਖਿਅਤ ਮਾਤਰਾ ਵਿਚ ਕੱਢਣਾ ਚਾਹੀਦਾ ਸੀ ਪਰ ਸੂਬੇ ਵਿਚ 26-27 ਬਿਲੀਅਨ ਕਿਊਬਿਕ ਮੀਟਰ ਪਾਣੀ ਕੱਢਿਆ ਗਿਆ ਜਿਹੜਾ ਕਿ ਸੁਰੱਖਿਅਤ ਮਾਤਰਾ ਤੋਂ 156.36 ਪ੍ਰਤੀਸ਼ਤ ਜ਼ਿਆਦਾ ਸੀ। ਪ੍ਰੋ. ਗਿੱਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਪਾਣੀਆਂ ਦੀ ਬਹੁਤਾਤ ਤੋਂ ਬਿਲਕੁੱਲ ਘਾਟ ਵੱਲ ਚਲਾ ਗਿਆ ਹੈ। ਉਨ੍ਹਾਂ ਇਸ਼ਾਰਾ ਕੀਤਾ ਹੈ ਕਿ ਹੁਣ ਵੀ ਜੇਕਰ ਲੋਕ ਜਾਗਰੂਕ ਹੋ ਜਾਣ ਤਾਂ ਸਰਕਾਰਾਂ ਵੀ ਜਵਾਬਦੇਹ ਬਣ ਜਾਂਦੀਆਂ ਹਨ ਤਾਂ ਧਰਤੀ ਹੇਠਲੇ ਪਾਣੀ ਅਤੇ ਨਦੀਆਂ ਨਾਲਿਆਂ ਦੇ ਪਾਣੀਆਂ ਨੂੰ ਯੋਜਨਾਬੱਧ ਅਤੇ ਸਾਫ਼ ਸੁਥਰਾ ਰੱਖਿਆ ਜਾ ਸਕਦਾ ਹੈ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚਕਾਰ ਵੰਡ ਦਾ ਮਾਮਲਾ ਕਾਫ਼ੀ ਪੇਚੀਦਾ ਅਤੇ ਗੁੰਝਲਦਾਰ ਹੈ, ਕਿਉਂਕਿ ਇਸ ਦੀਆਂ ਕਈ ਪਰਤਾਂ ਅਤੇ ਪਹਿਲੂ ਹਨ। ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਚੱਲ ਰਹੀ ਬਹਿਸ ਆਮ ਕਰਕੇ ਸੌੜੇ ਹਿੱਤਾਂ ਅਤੇ ਸਿਆਸੀ ਰੋਟੀਆਂ ਸੇਕਣ ਤੱਕ ਸੀਮਤ ਹੋ ਕੇ ਰਹਿ ਗਈ ਹੈ ਅਤੇ ਇਸ ਬਹਿਸ ਵਿਚੋਂ ਇਤਿਹਾਸਕ ਪਿਛੋਕੜ ਅਤੇ ਸਿੰਧ ਜਲ ਸੰਧੀ ਨੂੰ ਸ਼ਾਮਲ ਨਹੀਂ ਕੀਤਾ ਜਾ ਰਿਹਾ। ਬਹੁਤ ਸਾਰੇ ਵਿਦਵਾਨ ਪਿਛਲੇ ਕੁਝ ਸਾਲਾਂ ਤੋਂ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਵਾਸਤੇ ਰਾਇਲਟੀ ਲੈਣ ਦੀ ਮੰਗ ਲਗਾਤਾਰ ਕਰ ਰਹੇ ਹਨ। ਮੌਜੂਦਾ ਸਰਕਾਰ ਨੇ ਤਾਂ ਲੱਗਭਗ 1,44,000 ਕਰੋੜ ਰੁਪਏ ਦਾ ਬਿੱਲ ਵੀ ਰਾਜਸਥਾਨ ਸਰਕਾਰ ਨੂੰ ਅਦਾਇਗੀ ਕਰਨ ਲਈ ਭੇਜਿਆ ਹੈ। ਪੰਜਾਬ ਤੋਂ ਦੂਜੇ ਸੂਬਿਆਂ ਨੂੰ ਦਿੱਤੇ ਜਾਂਦੇ ਪਾਣੀਆਂ ਨੂੰ ਰੋਕਣ ਲਈ ਅਤੇ ਰਾਇਲਟੀ ਲੈਣ ਲਈ ਕਈ ਕੇਸ ਕੋਰਟਾਂ ਵਿਚ ਦਾਖਲ ਵੀ ਕੀਤੇ ਗਏ ਹਨ ਪਰ ਕੋਈ ਕਾਨੂੰਨ ਨਾ ਹੋਣ ਕਾਰਨ ਅੱਗੇ ਨਹੀਂ ਚੱਲ ਸਕੇ। ਇਹ ਕਿਤਾਬ ਦਾਅਵਾ ਕਰਦੀ ਹੈ ਕਿ ਰਿਪੇਰੀਅਨ ਸਿਧਾਂਤ ਇਕ ਕਿਤਾਬੀ ਸਿਧਾਂਤ ਹੈ। ਦੁਨੀਆਂ ਭਰ ਵਿਚ ਕਿਤੇ ਵੀ ਕੋਈ ਰਿਪੇਰੀਅਨ ਕਾਨੂੰਨ ਦੀ ਹੋਂਦ ਨਹੀਂ ਹੈ। ਇਸ ਦੇ ਬਾਵਜੂਦ ਕੁਝ ਵਿਦਵਾਨ ਸਿਧਾਂਤ ਨੂੰ ਕਾਨੂੰਨ ਸਮਝ ਕੇ ਖ਼ਿਆਲੀ ਸੁਪਨੇ ਵੇਖ ਰਹੇ ਹਨ। ਕਾਫ਼ੀ ਵਿਦਵਾਨ ਇਸ ਦਲੀਲ ਨਾਲ ਸਹਿਮਤ ਹਨ ਕਿ ਪਾਕਿਸਤਾਨ ਨਾਲ ਪਾਣੀ ਦੀ ਵੰਡ ਸਮੇਂ ਦੇਸ਼ ਲਈ ਵਾਧੂ ਪਾਣੀ ਲੈਣ ਲਈ ਰਾਜਸਥਾਨ ਦੇ ਰੇਗਿਸਤਾਨ ਨੂੰ ਪੱਛਮੀ ਪੰਜਾਬ ਦੀ ਤਰਜ਼ 'ਤੇ ਆਬਾਦ ਕਰਨ ਲਈ ਦਿਖਾ ਦਿੱਤਾ ਗਿਆ ਸੀ। ਇਸ ਸਬੰਧੀ ਭਾਰਤ ਦੇ ਸਿੰਧ ਜਲ ਸੰਧੀ ਕਰਨ ਵੇਲੇ ਦੇ ਨੁਮਾਇੰਦੇ ਨਰਾਇਣ ਦਾਸ ਗੁਲਾਟੀ ਦੀ ਨਸੀਹਤ ਅਨੁਸਾਰ ਸਰਹਿੰਦ ਫੀਡਰ ਨਹਿਰ ਅਤੇ ਰਾਜਸਥਾਨ ਨਹਿਰ ਬਣਾਉਣ ਨਾਲ ਦੇਸ਼ ਦੀ ਪਾਣੀ ਦੀ ਜ਼ਰੂਰਤ ਦਾ ਸਭ ਤੋਂ ਵਧੀਆ ਸਬੂਤ ਪੇਸ਼ ਕੀਤੇ ਗਏ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਬਿਰਤਾਂਤ ਤੋਂ ਸਪੱਸ਼ਟ ਹੈ ਕਿ ਰਾਜਸਥਾਨ ਨੂੰ ਜਾਣ ਵਾਲੇ ਦਰਿਆਈ ਪਾਣੀ ਨੂੰ ਮੁੜ ਵਿਚਾਰਨ ਨਾਲ ਭਾਰਤ-ਪਾਕਿਸਤਾਨ ਵਿਚਾਲੇ ਸਿੰਧ ਜਲ ਸੰਧੀ ਤੇ ਅਸਰ ਪੈ ਸਕਦਾ ਹੈ ਪਾਕਿਸਤਾਨ ਤਾਂ ਪਹਿਲਾਂ ਹੀ ਇਸ ਸੰਧੀ ਨੂੰ ਮੁੜ ਵਿਚਾਰਨ ਲਈ ਕਈ ਵਾਰ ਮੰਗ ਉਠਾ ਚੁੱਕਾ ਹੈ। ਇਸੇ ਹੀ ਤਰ੍ਹਾਂ ਜਦੋਂ ਹਰਿਆਣਾ ਨੂੰ ਦਿੱਤੇ ਜਾਂਦੇ ਪਾਣੀ ਦੀ ਗੱਲ ਕੀਤੀ ਜਾਂਦੀ ਹੈ ਤਾਂ ਬਹਿਸ ਰਾਜਨੀਤੀ ਦਾ ਸ਼ਿਕਾਰ ਹੋ ਕਿਸੇ ਹੋਰ ਪਾਸੇ ਚਲੀ ਜਾਂਦੀ ਹੈ। ਪਰ ਸੱਚਾਈ ਇਹ ਹੈ ਕਿ ਜਦੋਂ ਤੱਕ ਪੰਜਾਬ ਪੁਨਰਗਠਨ ਐਕਟ 1966 ਦੀਆਂ 78, 79 ਅਤੇ 80 ਧਾਰਾਵਾਂ ਖ਼ਤਮ ਨਹੀਂ ਕੀਤੀਆਂ ਜਾਂਦੀਆਂ, ਉਦੋਂ ਤੱਕ ਪੰਜਾਬ ਹਰਿਆਣਾ ਨੂੰ ਦਰਿਆਈ ਪਾਣੀ ਦੇਣ ਤੋਂ ਇਨਕਾਰੀ ਨਹੀਂ ਹੋ ਸਕਦਾ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਾਰੇ ਪਾਣੀਆਂ ਦੇ ਮਸਲੇ ਗੱਲਬਾਤ ਕਰਦਿਆਂ ਅਤੇ ਭਾਈਚਾਰਕ ਸਾਂਝ ਨੂੰ ਬਣਾਈ ਰੱਖਦਿਆਂ ਹੱਲ ਕਰਨੇ ਚਾਹੀਦੇ ਹਨ।

**ਆਖ਼ਰ ਵਿਚ ਲੇਖਕ ਵਲੋਂ ਸਪੱਸ਼ਟ ਮਸ਼ਵਰਾ ਦਿੱਤਾ ਗਿਆ ਹੈ ਕਿ ਜਿਸ ਤਰ੍ਹਾਂ ਪਾਣੀ ਦੀ ਸਮੱਸਿਆ ਪੰਜਾਬ ਵਿਚ ਲਗਾਤਾਰ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ ਇਸ ਨਾਲ ਸੂਬੇ ਲਈ ਸਭਿਅਤਾ ਸੰਭਾਲ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਇਸ ਲਈ ਸੂਬੇ ਦੇ ਪਾਣੀਆਂ ਦੇ ਸੋਮਿਆਂ ਦੀ ਸੰਭਾਲ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਨਹਿਰੀ ਸਿਸਟਮ ਬਹੁਤ ਪੁਰਾਣਾ ਹੈ ਉਸ ਦੀ ਦੇਖਭਾਲ ਅਤੇ ਸਾਂਭ ਸੰਭਾਲ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਲੋੜੀਂਦੇ ਫੰਡ ਸਮੇਂ ਸਿਰ ਮੁੱਹਈਆ ਕਰਵਾਉਣੇ ਚਾਹੀਦੇ ਹਨ। ਨਾਲ ਹੀ ਕੁਦਰਤੀ ਜਲ ਸਰੋਤਾਂ ਦੀ ਸੰਭਾਲ ਕਰਨ ਲਈ ਵੀ ਉਚੇਚੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਬਰਸਾਤਾਂ ਦੌਰਾਨ ਸੂਬੇ ਨੂੰ ਹੜ੍ਹਾਂ ਤੋਂ ਬਚਾਉਣ ਲਈ ਕੰਡੀ ਖੇਤਰ ਵਿਚ ਚੈੱਕ ਡੈਮ ਬਣਾ ਕੇ ਪਾਣੀ ਨੂੰ ਰੀਚਾਰਜ਼ ਅਤੇ ਸਟੋਰ ਕਰਨਾ ਚਾਹੀਦਾ ਹੈ। ਪਾਣੀ ਦੀ ਘਾਟ ਦੇ ਮੱਦੇਨਜ਼ਰ ਨਵੀਆਂ ਸਿੰਚਾਈ ਤਕਨੀਕਾਂ ਜਿਵੇਂ ਕਿ ਤੁਪਕਾ ਸਿੰਚਾਈ ਅਤੇ ਫੁਆਰਾ ਸਿੰਚਾਈ ਨੂੰ ਅਪਣਾਉਣਾ ਚਾਹੀਦਾ ਹੈ। ਵਿਦਵਾਨਾਂ ਮੁਤਾਬਕ ਝੋਨੇ ਦੀ ਥਾਂ ਤੇ ਬਦਲਵੀਆਂ ਫ਼ਸਲਾਂ ਬੀਜਣ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਪਾਣੀਆਂ ਦੇ ਸਾਰੇ ਸਰੋਤਾਂ ਨੂੰ ਗੰਧਲਾ ਹੋਣ ਬਚਾਉਣ ਲਈ ਸਖ਼ਤ ਕਾਨੂੰਨੀ ਕਦਮ ਚੁੱਕਣ ਦੀ ਲੋੜ ਹੈ ਅਤੇ ਨਾਲ ਲੋਕਾਂ ਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ। ਖੇਤੀਬਾੜੀ ਮਾਹਿਰਾਂ ਨੂੰ ਆਪਣਾ ਰੋਲ ਪਛਾਨਣਾ ਪਵੇਗਾ ਅਤੇ ਨਵੀਆਂ ਜ਼ਹਿਰਾਂ ਮੁੱਕਤ ਫ਼ਸਲਾਂ ਦੇ ਬੀਜ ਖੋਜਣੇ ਚਾਹੀਦੇ ਹਨ। ਅਜਿਹੇ ਛੋਟੇ-ਛੋਟੇ ਪਰ ਬਹੁਤ ਜ਼ਰੂਰੀ ਕਦਮ ਚੁੱਕਣ ਨਾਲ ਸੂਬੇ ਵਿਚ ਪਾਣੀ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ।**

## ਸੰਪਾਦਕ ਦੇ ਨਾਂ ਡਾਕ

### ਪੜ੍ਹਨਯੋਗ, ਜਾਣਕਾਰੀ ਭਰਪੂਰ ਅਤੇ ਦਿਲਚਸਪ ਸਮੱਗਰੀ ਨਾਲ ਓਤਪੋਤ ਹੁੰਦਾ ਹੈ 'ਪੰਜਾਬ ਟਾਈਮਜ਼' ਦਾ ਹਰੇਕ ਅੰਕ

'ਪੰਜਾਬ ਟਾਈਮਜ਼' ਦਾ ਹਰ ਇਕ ਅੰਕ ਹੀ ਪੜ੍ਹਨਯੋਗ ਅਤੇ ਸੰਭਾਲਣਯੋਗ ਹੁੰਦਾ ਹੈ, ਪਰ 5 ਸਤੰਬਰ 2026 ਦਾ ਅੰਕ ਪਰਚੇ ਦੇ ਸੁਭਾਅ ਮੁਤਾਬਕ ਪੜ੍ਹਨਯੋਗ, ਭਰਪੂਰ ਜਾਣਕਾਰੀ ਨਾਲ ਓਤਪੋਤ ਅਤੇ ਦਿਲਚਸਪ ਸਮੱਗਰੀ ਲੈ ਕੇ ਪ੍ਰਗਟ ਹੁੰਦਾ ਹੈ। ਸਮੀਖਿਆਤਮਿਕ ਲੇਖ ਵੀ ਪਰਚੇ ਦੇ ਸਾਹਿਤਕ ਮੁੱਲ ਵਿਚ ਵਾਧਾ ਕਰਦੇ ਹਨ। ਡਾ.ਗੁਰਬਖ਼ਸ਼

**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 98885-10185**

ਸਿੰਘ ਭੰਡਾਲ ਦਾ ਨਿਬੰਧ 'ਸਮਾਜ ਦਾ ਸਿਆਣਪੀ ਰੰਗ-ਮੇਰੇ ਮਾਮਾ ਜੀ' ਬੜੇ ਮਹੱਤਵਪੂਰਨ ਵਿਸ਼ੇ ਸਮੇਤ ਉਸਰਦਾ ਹੈ। ਮਾਂ-ਬਾਪ ਤਾਂ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਵਿੱਤ/ਸਮਰੱਥਾ ਮੂਜਬ ਆਪਣੀ ਪੂਰੀ ਵਾਹ ਲਾ ਦਿੰਦੇ ਹਨ, ਪਹਿਲੇ ਸਮਿਆਂ ਵਿਚ ਕਈ ਦੂਰ-ਨੇੜੇ ਦੇ ਪੜ੍ਹੇ-ਲਿਖੇ ਤੇ ਜਾਗਰੂਕ ਰਿਸ਼ਤੇਦਾਰ ਵੀ ਆਪਣੇ ਭੈਣਾਂ-ਭਰਾਵਾਂ ਜਾਂ ਰਿਸ਼ਤੇਦਾਰੀ ਵਿਚੋਂ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਉਣ ਤੇ ਉਨ੍ਹਾਂ ਦੀ ਅਗਵਾਈ ਕਰਨ ਨੂੰ ਆਪਣਾ ਫ਼ਰਜ਼ ਸਮਝਦੇ ਸਨ। ਪ੍ਰੈੱਪ ਵਿੱਚ ਦਾਖਲਾ ਪ੍ਰਾਪਤ ਕਰ ਚੁੱਕੇ ਗੁਰਬਖ਼ਸ਼ ਵੱਲੋਂ ਆਰਟਸ ਵਿਸ਼ੇ ਪੜ੍ਹਨਾ ਉਸਦੇ ਅਧਿਆਪਕ ਮਾਮੇ ਸ. ਪਿਆਰਾ ਸਿੰਘ ਖੈੜਾ ਨੂੰ ਹਰਗਿਜ਼ ਪਸੰਦ ਨਹੀਂ। ਉਹ ਉਸਨੂੰ ਸਾਇੰਸ ਵਿਸ਼ੇ ਪੜ੍ਹਨ 'ਤੇ ਜ਼ੋਰ ਦਿੰਦੇ ਹਨ। ਹਾਲਾਤ ਵਸ ਅਗਲੇ ਸਾਲ ਜਦੋਂ ਮੁੜ ਉਸੇ ਜਮਾਤ ਵਿਚ ਸਾਇੰਸ ਵਿਸ਼ੇ ਵਿਚ ਦਾਖਲਾ ਲੈਣਾ ਹੁੰਦਾ ਹੈ ਤਾਂ ਸਿਫ਼ਾਰਸ਼ ਦਾ ਪ੍ਰਬੰਧ ਵੀ ਕਰਦੇ ਹਨ। ਗੱਲ ਕੀ ਗੁਰਬਖ਼ਸ਼ ਸਿੰਘ (ਭੰਡਾਲ) ਬੀ.ਐੱਸ.ਸੀ. ਪਾਸ ਕਰ ਲੈਂਦਾ ਹੈ। ਐੱਮ.ਐੱਸ.ਸੀ. ਕਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਾ ਦਾਖਲ ਹੁੰਦਾ ਹੈ ਤੇ ਪ੍ਰੋਫੈਸਰ ਲੱਗ ਜਾਂਦਾ ਹੈ। ਬਾਅਦ ਵਿਚ ਆਪਣੇ ਵਿਸ਼ੇ ਫਿਜ਼ਿਕਸ ਵਿਚ ਪੀ.ਐੱਚ.ਡੀ. ਕਰ ਲੈਂਦਾ ਹੈ। ਅਸਲ ਵਿਚ, ਇਸ ਸਭ ਕਾਸੇ ਪਿੱਛੇ ਲੇਖਕ ਦੇ ਮਾਮੇ ਵੱਲੋਂ ਮਿਲਿਆ ਹੌਸਲਾ ਤੇ ਸਾਕਾਰਾਤਮਿਕ ਊਰਜਾ ਅਸਰਅੰਦਾਜ਼ ਹੁੰਦੇ ਹਨ। ਜ਼ਿੰਦਗੀ ਸੰਵਰ ਜਾਂਦੀ ਹੈ। ਦੂਜੇ ਪਾਸੇ, ਸਾਡੇ ਸਮਾਜ ਵਿਚ ਰਿਸ਼ਤੇਦਾਰ ਕਿਸੇ ਨੂੰ ਬਰਬਾਦ ਕਰਨ, ਇਥੋਂ ਤੱਕ ਕਿ ਉਸਨੂੰ ਖਤਮ ਕਰਨ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ। ਰਿਸ਼ਤੇ ਸਵਾਰਥੀ ਹੋ ਗਏ ਹਨ। ਨਫਰਤ, ਸਾੜੇ, ਲਾਲਚ ਆਦਿ ਦੀ ਅੱਗ ਵਿਚ ਜਲ ਰਹੇ ਹਨ। ਲੇਖਕ ਦੇ ਮਾਮੇ ਦੇ ਡਿਪਰੈਸ਼ਨ ਵਿਚ ਚਲੇ ਜਾਣ, ਪਿੰਡ ਜਾਣ ਤੋਂ ਟਾਲ਼ਾ ਵੱਟਣ ਤੇ ਆਖਰ ਜਾਨ ਗਵਾ ਦੇਣ ਪਿੱਛੇ ਵੀ ਉਸਦੇ ਨੇੜਲੇ ਰਿਸ਼ਤਦਾਰ ਹੀ ਜ਼ਿੰਮੇਵਾਰ ਸਨ। ਗੁਰਬਖ਼ਸ਼ ਸਿੰਘ ਭੰਡਾਲ ਨੇ ਸਮਾਜਿਕ/ਆਰਥਿਕ ਰਿਸ਼ਤਿਆਂ ਵਿਚ ਪਲ਼ਦੀ ਆਪਣੇ-ਪਨ ਦੀ ਭਾਵਨਾ ਅਤੇ ਮਨਾਂ ਅੰਦਰ ਝੁਲਸਦੀ ਸਾੜੇ ਦੀ ਅੱਗ ਦੀ ਗੱਲ ਕਰਦਿਆਂ ਵੀ ਸੰਤੁਲਨ ਬਣਾਈ ਰੱਖਿਆ ਹੈ। ਇਹ ਨਿਬੰਧ ਸਮਾਜ ਲਈ ਰਾਹ ਦਸੇਰਾ ਬਣ ਸਕਦਾ ਹੈ। ਅਜਿਹੇ ਨਿਬੰਧ ਦੀ ਰਚਨਾ ਕਰਨ ਲਈ ਡਾ.ਗੁਰਬਖ਼ਸ਼ ਸਿੰਘ ਭੰਡਾਲ ਵਧਾਈ ਦਾ ਹੱਕਦਾਰ ਹੈ।

ਇਸੇ ਅੰਕ ਵਿੱਚ ਪ੍ਰਿੰ. ਸਰਵਣ ਸਿੰਘ ਦਾ 'ਵਿਸ਼ਵ ਦੇ ਮਹਾਨ ਖਿਡਾਰੀ' ਤਹਿਤ ਡਾ. ਅਜਮੇਰ ਸਿੰਘ ਬਾਰੇ ਲਿਖਿਆ ਰੇਖਾ ਚਿੱਤਰ 'ਆਲਰਾਊਂਡਰ ਸਪੋਰਟਸਮੈਨ ਅਜਮੇਰ ਸਿੰਘ' ਬਹੁਤ ਵੱਡੇ ਸਪੋਰਟਸਮੈਨ ਬਾਰੇ ਭਰਵੀਂ ਤੇ ਦਿਲਚਸਪ ਜਾਣਕਾਰੀ ਪ੍ਰਦਾਨ ਕਰਦਾ ਹੈ। ਡਾ.ਅਜਮੇਰ ਸਿੰਘ ਹੁਰਾਂ ਦਾ ਇਕ ਵਿਦਿਆਰਥੀ ਗੁਰਮੇਲ ਸਿੰਘ ਗਿੱਲ ਤੇ ਮੈਂ 1975-76 ਵਿਚ ਗੁਰੂ ਨਾਨਕ ਖਾਲਸਾ ਕਾਲਜ, ਡਰੋਲੀ ਕਲਾਂ ਵਿਖੇ ਨੌਕਰੀ ਕਰਦੇ ਸਾਂ। ਅਸੀਂ ਆਦਮਪੁਰ ਰਹਿੰਦੇ ਸਾਂ। ਉਨ੍ਹੀਂ ਦਿਨੀਂ ਅਜਮੇਰ ਸਿੰਘ ਹੁਰੀਂ ਸਾਡੇ ਕੋਲ ਦੋ ਦਿਨ ਰਹੇ ਸਨ। ਗਿੱਲ ਨੇ ਆਪਣੇ ਦੋ-ਤਿੰਨ ਹੋਰ ਦੋਸਤ ਵੀ ਬੁਲਾ ਲਏ ਸਨ। ਡਾ.ਅਜਮੇਰ ਸਿੰਘ ਹੁਰਾਂ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਸੀ। ਪਰ ਉਦੋਂ ਮੈਂ ਉਨ੍ਹਾਂ ਬਾਰੇ ਬਹੁਤਾ ਨਹੀਂ ਸੀ ਜਾਣਦਾ। ਵਿਦਿਆਰਥੀ ਜੀਵਨ ਵਿਚ ਜਦੋਂ ਉਹ ਖੇਡਦਾ ਸੀ ਤਾਂ ਕਮਾਲ ਕਰ ਵਿਖਾਉਂਦਾ ਸੀ। ਉਨ੍ਹਾਂ ਵੇਲਿਆਂ ਵਿੱਚ 'ਕੁੱਪ ਦੇ ਅਜਮੇਰ' ਦੀ ਬੱਲੇ-ਬੱਲੇ ਹੁੰਦੀ ਸੀ! ਹੌਲੀ ਹੌਲੀ ਪਤਾ ਲੱਗਿਆ ਕਿ ਡਾ. ਅਜਮੇਰ ਸਿੰਘ ਹੁਰੀਂ ਬਹੁਤ ਵੱਡੇ ਵਿਅਕਤੀ ਤੇ ਵਿਸ਼ਵ ਪ੍ਰਸਿੱਧ ਖਿਡਾਰੀ, ਪ੍ਰਾਧਿਆਪਕ ਤੇ ਪ੍ਰਬੰਧਕ ਹਨ। ਪ੍ਰਿੰ. ਸਰਵਣ ਸਿੰਘ ਨੇ ਡਾ. ਅਜਮੇਰ ਸਿੰਘ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਡਾ. ਅਜਮੇਰ ਸਿੰਘ ਆਪਣੇ ਹਜ਼ਾਰਾਂ ਵਿਦਿਆਰਥੀਆਂ ਲਈ ਪ੍ਰੇਰਣਾਸਰੋਤ ਹਨ, ਜੋ ਅਜੇ ਵੀ ਉਨ੍ਹਾਂ ਦੇ ਦਿਲਾਂ ਵਿੱਚ ਵੱਸਦੇ ਹਨ। ਡਾ. ਅਜਮੇਰ ਸਿੰਘ ਜਿਹੇ ਮਹਾਨ ਖਿਡਾਰੀ ਕਿਸੇ ਵੀ ਕੌਮ ਤੇ ਸਮਾਜ ਦਾ ਸਰਮਾਇਆ ਹੁੰਦੇ ਹਨ!

12 ਸਤੰਬਰ 2026 ਦੇ ਅੰਕ ਵਿੱਚ ਮਲਵਿੰਦਰ ਦਾ ਨਿਬੰਧ 'ਬਿਹਤਰ ਜੀਵਨ ਜੀਣ ਦੇ ਰਾਹ-ਰਸਤੇ' ਪੜ੍ਹਨ ਤੇ ਵਿਚਾਰਨ ਯੋਗ ਰਚਨਾ ਹੈ। ਮਲਵਿੰਦਰ ਮਨੁੱਖੀ ਮਨ, ਉਸਦੀਆਂ ਸੋਚਾਂ, ਵਿਚਾਰਾਂ ਤੇ ਉਸਦੀ ਤਰਜ਼-ਏ-ਜ਼ਿੰਦਗੀ ਬਾਰੇ ਵਿਗਿਆਨਕ ਆਧਾਰ 'ਤੇ ਆਪਣੀ ਗੱਲ ਦੀ ਉਸਾਰੀ ਕਰਦਾ ਹੈ। ਮਨੁੱਖ ਦੀਆਂ ਸੋਚਾਂ ਹੀ ਉਸਦਾ ਜੀਵਨ ਬਣਾਉਂਦੀਆਂ ਹਨ। ਉਸਦਾ ਵਰਤਮਾਨ ਤੇ ਭਵਿੱਖ ਬਣਾਉਂਦੀਆਂ ਹਨ। ਚੰਗੀ ਸੋਚ, ਵਿਚਾਰ, ਵਿਹਾਰ ਆਦਿ ਬਿਹਤਰ, ਸੁਖਾਵੇਂ ਤੇ ਕਾਮਯਾਬ ਜੀਵਨ ਦੀ ਸਿਰਜਣਾ ਕਰਦੇ ਹਨ। ਮਨੁੱਖ ਅੰਦਰਲੀ ਊਰਜਾ ਸਿਰਫ ਆਪਣਾ ਰੂਪ ਬਦਲਦੀ ਹੈ। ਮਨੁੱਖ ਨੇ ਆਪਣੇ ਅੰਦਰਲੇ ਖ਼ਲਾਅ ਨੂੰ ਭਰਨਾ ਹੁੰਦਾ ਹੈ। ਇਸ ਲਈ ਉਸਨੂੰ ਖੁਸ਼ੀ, ਪਿਆਰ, ਆਨੰਦ, ਰਾਹਤ, ਸਰਾਹਨਾ ਆਦਿ ਦੀ ਲੋੜ ਹੁੰਦੀ ਹੈ। ਸਿਹਤਮੰਦ ਸੋਚ ਲਈ ਚੰਗਾ ਸਾਹਿਤ ਪੜ੍ਹਨਾ, ਸਿਹਤਮੰਦ, ਉਸਾਰੂ ਵਿਚਾਰ ਧਾਰਨ ਕਰਨੇ, ਜ਼ਿੰਦਗੀ ਪ੍ਰਤੀ ਸਾਕਾਰਾਤਮਿਕ ਨਜ਼ਰੀਆ ਅਪਣਾਉਣਾ ਜ਼ਰੂਰੀ ਹੁੰਦਾ ਹੈ। ਬਿਹਤਰ ਜੀਵਨ ਜੀਣ ਲਈ ਚੌਗਿਰਦੇ ਨੂੰ ਵੀ ਬਿਹਤਰ ਤੇ ਖੂਬਸੂਰਤ ਬਣਾਉਣ ਦੀ ਲੋੜ ਹੁੰਦੀ ਹੈ। ਨਿਬੰਧ ਵਿਚ ਪ੍ਰਗਟਾਏ ਅਜਿਹੇ ਤੇ ਹੋਰ ਵਿਚਾਰ ਮਲਵਿੰਦਰ ਦੀ ਜ਼ਿੰਦਗੀ ਪ੍ਰਤੀ ਉਸਾਰੂ ਤੇ ਹਾਂਦਰੂ ਪਹੁੰਚ ਦੇ ਲਿਖਾਇਕ ਹਨ, ਜੋ ਜ਼ਿੰਦਗੀ ਨੂੰ ਸੁਨਹਿਰਾ ਬਣਾਉਣ ਦੇ ਜ਼ਾਮਨ ਹੋ ਸਕਦੇ ਹਨ।

# ਵੰਦੇ ਮਾਤਰਮ – ਸਿੱਖ ਨਜ਼ਰੀਆ

## (ਵਤਨ ਪ੍ਰਸਤੀ ਦੇ ਗੀਤ ਤੋਂ ਭਾਰਤ ਮਾਤਾ ਦੇਵੀ ਤਕ ਦਾ ਸਫ਼ਰ)

***24 ਜਨਵਰੀ, 1950 ਨੂੰ 'ਜਨ ਗਣ ਮਨ' ਨੂੰ ਕੌਮੀ ਤਰਾਨਾ ਪ੍ਰਵਾਨਾ ਕੀਤਾ ਗਿਆ। ਇਸਦੇ ਨਾਲ ਹੀ 'ਵੰਦੇ ਮਾਤਰਮ' ਨੂੰ ਰਾਸ਼ਟਰ ਗੀਤ ਮੰਨ ਲਿਆ ਗਿਆ ਪਰ ਇਸ ਨੂੰ ਕੋਈ ਸੰਵਿਧਾਨਿਕ ਮਾਨਤਾ ਨਹੀਂ ਦਿੱਤੀ ਗਈ। ਜਨ ਗਣ ਮਨ ਵਿਚ ਤਾਂ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦਾ ਜ਼ਿਕਰ ਹੈ ਪਰ ਵੰਦੇ ਮਾਤਰਮ ਵਿਚ ਤਾਂ ਕੇਂਦਰੀ ਭਾਵ ਦੁਰਗਾ, ਲਛਮੀ ਅਤੇ ਸਰਸਵਤੀ ਤੋਂ ਯਾਚਨਾ ਕੀਤੀ ਗਈ ਹੈ।***

ਵੰਦੇ ਮਾਤਰਮ ਯਾਨਿ 'ਏ ਮਾਤ ਭੂਮੀ ਮੈਂ ਤੇਰੇ ਅੱਗੇ ਸਿਜਦਾ ਕਰਦਾ ਹਾਂ', ਗੀਤ 1870 ਵਿਚ ਬੰਕਿਮ ਚੰਦ੍ਰ ਚੈਟਰਜੀ ਨੇ ਲਿਖਿਆ। ਉਪਰੰਤ 1882 ਵਿਚ ਇਸ ਗੀਤ ਨੂੰ ਉਸਨੇ ਆਪਣੇ ਨਾਵਲ ਅਨੰਦਮਠ ਵਿਚ ਸ਼ਾਮਲ ਕਰ ਲਿਆ। ਇਹ ਗੀਤ ਸੰਸਕ੍ਰਿਤ ਰਲੀ ਬੰਗਲਾ ਭਾਸ਼ਾ ਵਿਚ ਲਿਖਿਆ ਗਿਆ ਸੀ। ਇਸ ਗੀਤ ਨੂੰ 1896 ਵਿਚ ਰਬਿੰਦਰਨਾਥ ਟੈਗੋਰ ਨੇ ਕਾਂਗਰਸ ਸੈਸ਼ਨ ਵਿਚ ਗਾਇਆ। 1905 ਵਿਚ ਜਦੋਂ ਬੰਗਾਲ ਦਾ ਬਟਵਾਰਾ ਹੋਇਆ ਤਾਂ ਇਹ ਗੀਤ ਅੰਗਰੇਜ਼ੀ ਰਾਜ ਦੇ ਵਿਰੋਧ ਵਿਚ ਨਾਅਰੇ ਦੇ ਰੂਪ ਵਿਚ ਵਰਤਿਆ ਗਿਆ। ਆਮ ਤੌਰ 'ਤੇ 'ਇਨਕਲਾਬ ਜ਼ਿੰਦਾਬਾਦ' ਅਤੇ 'ਵੰਦੇ ਮਾਤਰਮ' ਨਾਅਰੇ ਅੰਗਰੇਜ਼ਾਂ ਦੇ ਖ਼ਿਲਾਫ਼ ਵਰਤੇ ਜਾਂਦੇ ਰਹੇ।

**ਗੁਰਚਰਜੀਤ ਸਿੰਘ ਲਾਂਬਾ**
santsipahi@gmail.com

ਇਸ ਗੀਤ ਦੇ ਛੇ ਪਦੇ ਸਨ ਅਤੇ ਪਹਿਲੇ ਦੋ ਪਦੇ ਭਾਰਤ ਭੂਮੀ ਨੂੰ ਸਮਰਪਤ ਸਨ।

ਵੰਦੇ ਮਾਤਰਮ। ਸੁਜਲਾਂ ਸੁਫਲਾਂ ਮਲਯਜਸ਼ੀਤਲਾਮ,
ਸ਼ਸਯਸ਼ਯਾਮਲਾਂ ਮਾਤਰਮ। ਵੰਦੇ ਮਾਤਰਮ।

(ਹੇ ਮਾਂ, ਮੈਂ ਤੈਨੂੰ ਪ੍ਰਣਾਮ ਕਰਦਾ ਹਾਂ, ਤੂੰ ਚੰਗੇ ਜਲ ਅਤੇ ਮਿੱਠੇ ਫਲਾਂ ਨੂੰ ਦੇਣ ਵਾਲੀ ਹੈਂ।

ਦੱਖਣ ਦੇ ਮਲਯ ਪਹਾਣਾਂ ਦੀਆਂ ਹਵਾਵਾਂ ਨਾਲ ਸ਼ੀਤਲ ਰਹਿਣ ਵਾਲੀ ਹੈ। ਅਤੇ ਹਰੀਆਂ ਭਰੀਆਂ ਫਸਲਾਂ ਨਾਲ ਸੁਸ਼ੋਭਿਤ ਮੇਰੀ ਮਾਂ ਹੈਂ।)

ਅਤੇ ਦੂਸਰਾ ਪਦਾ ਸੀ,

ਸ਼ੁਭ੍ਰਜਯੋਤਸਨਾ ਪੁਲਕਿਤ ਯਾਮਿਨੀਮ,
ਫੂੱਲਕੁਸੁਮਿਤ ਦ੍ਰੂਮ ਦਲ ਸ਼ੋਭਿਨੀਮ,
ਸੁਹਾਸਿਨੀਂ ਸੁਮਧੁਰ ਭਾਸ਼ਿਣੀਮ, ਸੁਖਦਾਂ ਵਰਦਾਂ ਮਾਤਰਮ। ਵੰਦੇ ਮਾਤਰਮ।

(ਤੇਰੀਆਂ ਚਿੱਟੀ ਚਾਂਦੀ ਵਰਗੀਆਂ ਰਾਤਾਂ ਤੇ ਖਿੜੇ ਫੁੱਲਾਂ ਅਤੇ ਰੁੱਖਾਂ ਦੇ ਪੱਤਿਆਂ ਨਾਲ ਸਜੀਆਂ ਹੋਈਆ ਹਨ। ਤੇਰੀ ਮੁਸਕਾਨ ਅਤੇ ਬੋਲੀ ਮਿੱਠੀ ਹੈ ਤੇ ਤੂੰ ਸੁਖ ਅਤੇ ਵਰਦਾਨ ਦੇਣ ਵਾਲੀ ਮੇਰੀ ਮਾਂ ਹੈਂ।)

ਪਰ ਇਸ ਗੀਤ ਦੇ ਬਾਅਦ ਦੇ ਪਦਿਆਂ ਵਿਚ ਭਾਰਤ ਮਾਤਾ ਨੂੰ ਦੇਵੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਦਾ ਸਰੂਪ ਮੰਨ ਕੇ ਮੁਸਲਿਮ ਹਾਕਮਾਂ ਦੇ ਵਿਰੁੱਧ ਲੜਾਈ ਲਈ ਵਰ ਮੰਗਿਆ ਗਿਆ ਸੀ। ਇਸ ਤੋਂ ਇਸ ਗੀਤ ਦਾ ਵਿਰੋਧ ਧਾਰਮਿਕ ਆਧਾਰ 'ਤੇ ਹੋਣਾ ਸ਼ੁਰੂ ਹੋਇਆ ਜੋ ਹਾਲੇ ਤਕ ਜਾਰੀ ਹੈ। 1930 ਤਕ ਇਹ ਵਿਰੋਧ ਵਿਸ਼ੇਸ਼ ਕਰਕੇ ਇਤਨਾ ਤਿੱਖਾ ਅਤੇ ਸਪਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਕਿ ਜਵਾਹਰਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਅਤੇ



ਰਬਿੰਦਰਨਾਥ ਟੈਗੋਰ ਨੇ ਵੀ ਇਹ ਨਿਰਣਾ ਲਿਆ ਕਿ ਇਸ ਗੀਤ ਦੇ ਪਹਿਲੇ ਦੋ ਪਦੇ ਹੀ ਗਾਇਨ ਕੀਤੇ ਜਾਣ।

24 ਜਨਵਰੀ, 1950 ਨੂੰ ਜਨ ਗਣ ਮਨ ਨੂੰ ਕੌਮੀ ਤਰਾਨਾ ਪ੍ਰਵਾਨਾ ਕੀਤਾ ਗਿਆ। ਇਸਦੇ ਨਾਲ ਹੀ ਵੰਦੇ ਮਾਤਰਮ ਨੂੰ ਰਾਸ਼ਟਰ ਗੀਤ ਮੰਨ ਲਿਆ ਗਿਆ ਪਰ ਇਸ ਨੂੰ ਕੋਈ ਸੰਵਿਧਾਨਿਕ ਮਾਨਤਾ ਨਹੀਂ ਦਿੱਤੀ ਗਈ। ਜਨ ਗਣ ਮਨ ਵਿਚ ਤਾਂ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਦਾ ਜ਼ਿਕਰ ਹੈ ਪਰ ਇਸ ਵੰਦੇ ਮਾਤਰਮ ਵਿਚ ਤਾਂ ਕੇਂਦਰੀ ਭਾਵ ਦੁਰਗਾ, ਲਛਮੀ ਅਤੇ ਸਰਸਵਤੀ ਤੋਂ ਯਾਚਨਾ ਕੀਤੀ ਗਈ ਹੈ।

ਜਿਸ ਗੀਤ ਨੇ ਦੇਸ਼ ਵਿਚ ਏਕਤਾ ਕਾਇਮ ਕਰਨੀ ਸੀ ਉਸ ਨੂੰ ਹੁਣ ਵੰਡੀਆਂ ਪਾਣ ਦਾ ਕਾਰਣ ਬਣਾ ਦਿੱਤਾ ਗਿਆ ਹੈ। 7 ਨਵੰਬਰ, 2025 ਨੂੰ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਕਿਹਾ, 'ਵੰਦੇ ਮਾਤਰਮ, ਇਹ ਇੱਕ ਸ਼ਬਦ ਮਾਂ ਭਾਰਤੀ ਦੀ ਸਾਧਨਾ ਹੈ, ਮਾਂ ਭਾਰਤੀ ਦੀ ਅਰਾਧਨਾ ਹੈ।... ਭਾਰਤ ਮਾਤਾ ਵਿਦਿਆ ਦੇਣ ਵਾਲੀ ਸਰਸਵਤੀ ਵੀ ਹੈ, ਖ਼ੁਸ਼ਹਾਲੀ ਦੇਣ ਵਾਲੀ ਲਕਸ਼ਮੀ ਵੀ ਹੈ, ਅਤੇ ਅਸਤਰ-ਸ਼ਸਤਰਾਂ ਨੂੰ ਧਾਰਨ ਕਰਨ ਵਾਲੀ ਦੁਰਗਾ ਵੀ ਹੈ।' ਜਿਸ ਭਾਰਤ ਮਾਤਾ ਦਾ ਸੰਕਲਪ ਭਾਰਤ ਦੇ ਨਕਸ਼ੇ ਦੇ ਰੂਪ ਵਿਚ ਸ਼ੁਰੂ ਹੋਇਆ ਸੀ ਉਸ ਨੂੰ ਹੁਣ ਨਿਰੋਲ ਹਿੰਦੂ ਦੇਵੀ ਦੁਰਗਾ ਦਾ ਰੂਪ ਬਣਾ ਕੇ ਹੱਥ ਵਿਚ ਭਗਵਾ ਧਵੱਜ ਪਕੜਾ ਕੇ ਸ਼ੇਰ ਦੀ ਸਵਾਰੀ ਕਰਦਿਆਂ ਵਿਖਾ ਕੇ ਸਰਕਾਰੀ ਤੌਰ 'ਤੇ ਵੀ ਭਾਰਤ ਮਾਤਾ ਕਹਿ ਦਿੱਤਾ ਗਿਆ। ਇਸਦੇ ਨਾਲ ਹੀ ਵੰਦੇ ਮਾਤਰਮ ਗੀਤ ਦੇ ਪੰਜਵੇਂ ਪਦੇ ਨੂੰ ਵੀ ਮੁੜ ਵਾਪਸ ਲੈ ਆਂਦਾ ਗਿਆ ਜੋ ਕਿ ਦੇਵੀ ਦੁਰਗਾ, ਲੱਛਮੀ ਅਤੇ ਸਰਸਵਤੀ ਦੀ ਪੂਜਾ ਅਰਚਨਾ ਦਾ ਸੀ।

ਤਵੰ ਹੀ ਦੁਰਗਾ ਦਸ਼ਪ੍ਰਹਰਣ ਧਾਰਿਣੀ, ਕਮਲਾ ਕਮਲ ਦਲ ਵਿਹਾਰਿਣੀ,
ਵਾਣੀ ਵਿਦਯਾ ਦਾਯਿਨੀ, ਨਮਾਮਿ ਤਵਾਮ।
ਨਮਾਮਿ ਕਮਲਾਂ ਅਮਲਾਂ ਅਤੁਲਾਂ, ਸੁਜਲਾਂ ਸੁਫਲਾਂ ਮਾਤਰਮ। ਵੰਦੇ ਮਾਤਰਮ।

(ਤੂੰ ਹੀ ਦਸ ਹੱਥਾਂ ਵਿਚ ਸ਼ਸਤਰ ਫੜਨ ਵਾਲੀ ਦੁਰਗਾ ਹੈਂ। ਤੂੰ ਹੀ ਕਮਲ ਦੇ ਫੁੱਲ 'ਤੇ ਬੈਠਣ ਵਾਲੀ ਲੱਛਮੀ ਹੈਂ, ਤੂੰ ਹੀ ਵਿੱਦਿਆ ਦਾਤੀ ਸਰਸਵਤੀ (ਵਾਣੀ) ਹੈਂ, ਮੈਂ ਤੈਨੂੰ ਨਮਨ ਕਰਦਾ ਹਾਂ। ਮੈਂ ਉਸ ਮਾਂ ਨੂੰ ਨਮਨ ਕਰਦਾ ਹਾਂ ਜੋ ਪਵਿੱਤਰ (ਅਮਲ) ਹੈ, ਜਿਸਦੀ ਕੋਈ ਤੁਲਨਾ ਨਹੀਂ (ਅਤੁਲ) ਹੈ, ਜੋ ਚੰਗੇ ਪਾਣੀ ਅਤੇ ਮਿੱਠੇ ਫਲਾਂ ਵਾਲੀ ਹੈ)

ਇਸ ਨਾਲ ਇਹ ਗੀਤ ਵਿਵਾਦ ਦਾ ਕਾਰਣ ਬਣਿਆ ਅਤੇ ਸਰਵ ਪ੍ਰਵਾਨਤ ਨਾ ਹੋ ਸਕਿਆ। ਸ਼ੰਕਰਾਚਾਰਯਾ ਸਵਾਮੀ ਅਵਿਮੁਕੇਸ਼ਵਰਾਨੰਦ ਨੇ ਵੀ ਇਸ ਬਾਰੇ ਸਪਸ਼ਟ ਤੌਰ 'ਤੇ ਬਿਆਨ ਦਿੱਤਾ ਹੈ ਕਿ ਭਾਰਤ ਮਾਤਾ ਨਾਮ ਦੀ ਕਿਸੇ ਵੀ ਦੇਵੀ ਦਾ ਕੋਈ ਸ੍ਰੋਤ ਕਿਸੇ ਹਿੰਦੂ ਗ੍ਰੰਥ ਵਿਚ ਨਹੀਂ ਹੈ। ਇਹ ਨਵੀਂ ਪਰੰਪਰਾ ਸ਼ੁਰੂ ਕੀਤੀ ਗਈ ਹੈ।

ਸਿੱਖ ਨਜ਼ਰੀਆ ਇਸ ਬਾਰੇ ਨਿਰਵਿਵਾਦਤ ਰੂਪ ਵਿਚ ਸਪਸ਼ਟ ਹੈ। ਸਿੱਖ ਦਾ ਇਸ਼ਟ ਕੇਵਲ ਅਤੇ ਕੇਵਲ ੴ(ਇਕ ਓਅੰਕਾਰ)ਹੈ। ਇਕ ਪ੍ਰਮਾਤਮਾ ਦੀ ਉਪਾਸਨਾ ਛਡ ਕੇ ਕਿਸੇ ਦੇਵੀ ਦੇਵਤੇ, ਮੂਰਤੀ ਆਦਿ ਜਾਂ ਕਿਸੇ ਭੌਤਿਕ ਚੀਜ਼ ਜਿਵੇਂ ਦੇਸ਼, ਭੂਮੀ ਆਦਿ ਦੀ ਪੂਜਾ ਕਿਰਤਮ ਦੀ ਪੂਜਾ ਹੈ, ਅਤੇ ਇਹ ਕਰਨਾ ਗੁਰੂ ਤੋਂ ਬੇਮੁਖ ਹੋਣਾ ਹੈ। ਏਕੋ ਸਿਮਰਿ ਨ ਦੂਜਾ ਭਾਉ॥ ਸੰਤਸੰਗਿ ਜਪਿ ਕੇਵਲ ਨਾਉ॥੧॥ (ਮ: ੧੯੯) ਪਾਵਨ ਗੁਰਬਾਣੀ ਦੇ ਬਚਨ ਹਨ,

ਭੈਰਉ ਮਹਲਾ ੫॥
ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥
ਅਤੇ
ਬਿਨ ਕਰਤਾਰ ਨ ਕਿਰਤਮ ਮਾਨੋ॥
ਆਦਿ ਅਜੋਨਿ ਅਜੈ ਅਬਿਨਾਸ਼ੀ
ਤਿਹ ਪਰਮੇਸ਼ਰ ਜਾਨੋ॥੧॥ ਰਹਾਉ॥

ਸਿੱਖ ਨੇ ਸ਼ਕਤੀ ਹਾਸਲ ਕਰਨੀ ਹੈ, ਵਿਦਿਆ ਹਾਸਲ ਕਰਨੀ ਹੈ, ਮਾਇਆ ਵੀ ਧਰਮ ਦੀ ਕਿਰਤ ਕਰ ਕੇ ਅਰਜਿਤ ਕਰਨੀ ਹੈ। ਪਰ ਇਨ੍ਹਾਂ ਦੀ ਦੇਵੀ ਬਣਾ ਕੇ ਉਸਦੀ ਪੂਜਾ ਕਰ ਕੇ ਉਸ ਕੋਲੋਂ ਮੰਗਣਾ ਵਿਵਰਜਤ ਹੈ। ਸਿੱਖ ਰਹਿਤ ਮਰਯਾਦਾ ਵਿਚ ਵੀ ਸਪਸ਼ਟ ਤੌਰ 'ਤੇ ਅੰਕਤ ਹੈ, ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਕਰਨੀ।

ਇਸ ਲਈ ਵੰਦੇ ਮਾਤਰਮ ਦੇ ਸੁਝਾਏ ਗਏ ਸਰੂਪ ਦਾ ਗਾਇਨ ਕਰਨਾ ਜਿਸ ਵਿਚ ਦੁਰਗਾ, ਲੱਛਮੀ ਅਤੇ ਸਰਸਵਤੀ ਦੀ ਵੰਦਨਾ ਅਤੇ ਉਸ ਕੋਲੋਂ ਵਰ ਮੰਗਣਾ, ਉਨ੍ਹਾਂ ਅੱਗੇ ਝੁਕਣਾ ਗੁਰਮਤਿ ਦੇ ਵਿਰੁੱਧ ਅਤੇ ਸਿੱਖ ਸਿਧਾਂਤਾਂ ਦੀ ਸਿੱਧੀ ਉਲੰਘਣਾ ਹੈ ਜੋ ਸਿੱਖਾਂ ਅਤੇ ਸਿੱਖੀ ਨੂੰ ਕਦਾਚਿਤ ਪ੍ਰਵਾਨ ਨਹੀਂ ਹੋ ਸਕਦਾ। ਇਸ ਤੋਂ ਪਹਿਲਾਂ ਵੀ 2006 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੀਤ ਦਾ ਸਿਧਾਂਤਕ ਤੌਰ 'ਤੇ ਵਿਰੋਧ ਕਰ ਚੁਕੀ ਹੈ। ਕਈ ਧਾਰਮਿਕ ਅਤੇ ਜਥੇਬੰਦੀਆਂ ਨੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ



ਕਾਰਜਕਾਰੀ ਜਥੇਦਾਰ ਨੂੰ ਇਸ ਬਾਰੇ ਅਪੀਲ ਕੀਤੀ ਹੈ ਜਿਸ ਦੇ ਨਿਰਣੇ ਦੀ ਉਡੀਕ ਹੈ। ਪਰ ਇਸ ਅਤਿ ਗੰਭੀਰ ਅਤੇ ਅਹਿਮ ਮਸਲੇ ਤੋਂ ਚੁੱਪੀ ਜਾਂ ਦੇਰੀ ਕੌਮੀ ਹਿਤਾਂ ਵਿਚ ਨਹੀਂ ਕਹੀ ਜਾ ਸਕਦੀ। ਇਸ ਦੇ ਨਾਲ ਹੀ ਇਹ ਖ਼ਦਸ਼ਾ ਵੀ ਹੈ ਕਿ ਇਹ ਕੋਈ ਪਹਿਲੀ ਜਾਂ ਓਪਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਅਹਿਮ ਧਾਰਮਿਕ ਮਸਲਿਆਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਕਈ-ਕਈ ਵਾਰ ਇਤਰਾਜ਼ ਦਰਜ ਕਰਾਏ ਜਾ ਚੁਕੇ ਹਨ। ਪਰ ਨਤੀਜਾ ਸਿਫਰ ਬਟਾ ਸਿਫਰ। ਇਸ ਵਿਚ ਸਪਸ਼ਟ ਤੌਰ 'ਤੇ ਇਰਾਦੇ ਦੀ ਦ੍ਰਿੜਤਾ ਦੀ ਘਾਟ ਹੈ।

ਇਕ ਦਿਲਚਸਪ ਤੱਥ ਹੈ ਕਿ ਕਿਵੇਂ ਭਾਰਤ ਦੇ ਨਕਸ਼ੇ ਦੇ ਨਾਮ 'ਤੇ ਬਣਿਆ ਮੰਦਰ ਉਸਨੂੰ ਦੇਵੀ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। ਬਨਾਰਸ ਸ਼ਹਿਰ ਵਿਚ ਇਕ ਐਸਾ ਅਨੋਖਾ ਮੰਦਰ ਹੈ, ਜਿੱਥੇ ਕਿਸੇ ਵੀ ਦੇਵੀ-ਦੇਵਤੇ ਦੀ ਮੂਰਤੀ ਨਹੀਂ ਹੈ। ਬਲਕਿ ਇੱਥੇ ਚਿੱਟੇ ਮਕਰਾਨਾ ਸੰਗਮਰਮਰ ਦਾ ਅਖੰਡ ਭਾਰਤ ਦਾ ਵਿਸ਼ਾਲ ਨਕਸ਼ਾ ਬਣਿਆ ਹੈ। ਇਸ ਵਿਚ ਮੌਜੂਦਾ ਭਾਰਤ ਹੀ ਨਹੀਂ ਬਲਕਿ ਬੰਗਲਾਦੇਸ਼, ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਤਿੱਬਤ ਵੀ ਸ਼ਾਮਲ ਹਨ। ਇਹ ਮੰਦਰ ਬਾਬੂ ਸ਼ਿਵ ਪ੍ਰਸਾਦ ਗੁਪਤ ਨੇ ਬਣਵਾਇਆ ਸੀ ਅਤੇ 25 ਅਕਤੂਬਰ, 1936 ਨੂੰ ਇਸਦਾ ਉਦਘਾਟਨ ਮਹਾਤਮਾ ਗਾਂਧੀ ਨੇ ਕੀਤਾ। ਇਸ ਸਮੇਂ ਪੰਡਤ ਨਹਿਰੂ, ਖਾਨ ਅਬਦੁਲ ਗੱਫਾਰ ਖਾਨ (ਬੱਚਾ ਖਾਨ), ਪਟੇਲ ਆਦਿ ਸ਼ਾਮਲ ਹੋਏ। ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ ਇਹ ਮੰਦਰ ਬਣਾਇਆ ਗਿਆ ਅਤੇ ਇਸ ਦਾ ਨਾਮ ਭਾਰਤ ਮਾਤਾ ਮੰਦਰ ਰਖਿਆ ਗਿਆ। ਇਹ ਨਾਮ ਭਾਰਤ ਭੂਮੀ, ਮਾਦਰੇ ਵਤਨ, ਮਦਰ ਲੈਂਡ ਆਦਿ ਦਾ ਪਰਾਯਵਾਚੀ ਜਾਂ ਬਦਲ ਸੀ ਅਤੇ ਕਿਸੇ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੋਇਆ। ਵੈਸੇ ਗੁਰਮਤਿ ਨੇ ਤਾਂ ਇਸ ਨੂੰ ਹੋਰ ਵਿਸ਼ਾਲਤਾ ਬਖਸ਼ਦਿਆਂ ਧਰਤੀ ਦੇ ਕਿਸੇ ਇੱਕ ਟੋਟੇ ਦੀ ਬਜਾਇ ਸਗਲੀ ਧਰਤੀ ਨੂੰ ਹੀ ਮਾਤਾ ਧਰਤਿ ਮਹਤ॥ (ਮ:੧) ਕਿਹਾ।

ਵੈਸੇ ਹੁਣ ਭਾਰਤ ਸਰਕਾਰ ਦਾ ਵੰਦੇ ਮਾਤਰਮ ਬਾਬਤ ਇਹ ਨਵਾਂ ਨਿਰਣਾ ਭਾਰਤ ਦੇ ਸੰਵਿਧਾਨ ਵਿਚ ਦਿੱਤੀਆਂ ਧਾਰਮਿਕ, ਸਮਾਜਿਕ ਅਤੇ ਵਿਅਕਤੀਗਤ ਆਜ਼ਾਦੀ ਦੀਆਂ ਧਾਰਾਵਾਂ ਦੀ ਵੀ ਪੂਰੇ ਤੌਰ 'ਤੇ ਉਲੰਘਣਾ ਕਰਦਾ ਹੈ।

ਆਜ਼ਾਦੀ ਲਈ ਵਤਨ ਕੁਰਬਾਨੀਆਂ ਮੰਗਦਾ ਹੈ। ਮੁਲਕ ਨੂੰ ਆਜ਼ਾਦ ਕਰਵਾਇਆ ਹੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੇ।

ਵਤਨ-ਪਰਸਤੀ ਹੈ ਤਾਲਿਬ ਮਹਿਜ਼ ਕੁਰਬਾਨੀਓਂ ਕੀ,
ਯੇ ਨਜ਼ਰ-ਓ-ਨਿਆਜ਼ ਤੋ ਜ਼ੀਨਤ ਹੈ ਬੁਤਖ਼ਾਨੋਂ ਕੀ।
– (ਲਾਂਬਾ)

ਦੇਸ਼ ਧਰਮ ਦੀ ਖਾਤਿਰ ਆਪਾ ਵਾਰ ਦੇਣਾ ਇਕ ਵੱਖਰੀ ਗੱਲ ਹੈ ਪਰ ਉਸਦੀ ਇਕ ਦੇਵੀ ਸਥਾਪਤ ਕਰਕੇ ਉਸਦੀ ਪੂਜਾ ਕਰਨੀ ਸਿੱਖ ਲਈ ਜਾਗਤ ਜੋਤਿ ਜਪੈ ਨਿਸ ਬਸੁਰ ਏਕ ਬਿਨਾ ਮਨਿ ਨੈਕ ਨ ਆਨੈ॥ (ਪਾ:੧੦)ਦੇ ਵਿਪਰੀਤ ਹੈ। ਇਸ ਬਾਰੇ ਸਿਰਦਾਰ ਕਪੂਰ ਸਿੰਘ ਦੀ ਟਿੱਪਣੀ ਬਹੁਤ ਸਟੀਕ ਹੈ,

'ਜਿਸ ਜਜ਼ਬੇ ਤੇ ਸਿਧਾਂਤ ਨੂੰ ਅਜ ਕਲ ਦੇ ਰਾਜਸੀ ਹਿੰਦੂ 'ਦੇਸ਼ ਭਗਤੀ' ਕਹਿੰਦੇ ਹਨ, ਸਿੱਖੀ ਦੀ ਉਸ ਨਾਲ ਕੋਈ ਹਮਦਰਦੀ ਨਹੀਂ। ਇਹ ਦੇਸ਼ ਭਗਤੀ ਯੂਰਪ ਵਿਚੋਂ ਮਾਂਗਵੀਂ, ਅਨੀਸ਼ਵਰਵਾਦੀ ਵਿਚਾਰਧਾਰਾ, ਬਾਹਮਣੀ ਹਿੰਦੂ ਮਤ ਦੀ ਭੂਗੋਲ-ਸੀਮਤ ਆਤਮਕ ਮਨੋਵਿਰਤੀ, ਸ਼ਾਕਤ ਮਤ ਦਾ, ਦੇਸ਼ ਅਥਵਾ ਭੌਤਿਕ ਸੰਬੰਧਾਂ ਨੂੰ ਦਿੱਬਯ ਦੇਵੀ ਦੇ ਮਨੋਕਲਪਤ ਰੂਪ ਵਿਚ ਪੂਜਣ ਦੇ, ਰੁਹਜਾਨ ਦਾ ਇਕ ਮਿਲਗੋਭਾ ਜਿਹਾ ਹੈ, ਜੋ ਕਿ ਉਚ ਆਤਮਾ, ਸੂਜਨ, ਨਿਰਲੇਪ ਬੁੱਧੀ ਤੇ ਸਮਦਰਸ਼ੀ ਪੁਰਸ਼ ਕਦਾਚਿਤ ਪ੍ਰਵਾਣ ਨਹੀਂ ਕਰ ਸਕਦੇ, ਭਾਵੇਂ ਉਹ ਹਿੰਦੂ ਹੋਣ ਯਾ ਕਿਸੇ ਹੋਰ ਦੇਸ਼ ਮਜ਼ਹਬ ਦੇ। ਇਹ ਬੜਾ ਤੰਗ ਦਿਲ, ਅਨਿਆਂਸ਼ੀਲ ਤੇ ਸੀਮਤ ਧਰਮ ਹੈ, ਤੇ ਸਿੱਖੀ ਇਸ ਦੀ ਪੁਸ਼ਟੀ ਨਹੀਂ ਕਰਦੀ।' (ਸਾਚੀ ਸਾਖੀ, ਪੰਨਾ ੭੫)

ਪਰ ਹੁਣ ਸਰਕਾਰੀ ਸ਼ਹਿ ਨਾਲ ਕਾਨੂੰਨੀ ਤੌਰ 'ਤੇ ਹਰ ਕਿਸੇ ਨੂੰ ਇਹ ਪੂਰਾ ਗੀਤ ਪੜ੍ਹਨ ਲਈ ਮਜਬੂਰ ਕਰਨਾ ਰਾਜਨੀਤਕ ਨਹੀਂ ਬਲਕਿ ਧਾਰਮਿਕ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਾ ਹਣਨ ਹੈ। ਇਸੇ ਸਿਧਾਂਤ 'ਤੇ ਚਲਦਿਆਂ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਜੰਞੂ ਦੀ ਖਾਤਿਰ ਸੀਸ ਬਲੀਦਾਨ ਕੀਤਾ।

ਰਾਜਨੀਤੀ ਕਿਵੇਂ ਧਰਮ 'ਤੇ ਹਾਵੀ ਹੁੰਦੀ ਹੈ ਉਸ ਦਾ ਇਕ ਦਿਲਚਸਪ ਉਦਾਹਰਣ ਮਾਸਟਰ ਤਾਰਾ ਸਿੰਘ ਜੀ ਦੀ ਲਿਖਤ ਵਿਚ ਮਿਲਦਾ ਹੈ। ਦੇਸ਼ ਦੀ ਵੰਡ ਦੇ ਤੁਰਤ ਬਾਅਦ ਉਨ੍ਹਾਂ ਨੂੰ ਅਲਮੋੜਾ ਜੇਲ੍ਹ ਵਿਚ ਕੈਦ ਕੀਤਾ ਗਿਆ। ਉੱਥੇ ਦੇ ਵਰਤਾਰੇ ਨੂੰ ਉਨ੍ਹਾਂ ਨੇ ਖ਼ੁਦ ਕਲਮਬੱਧ ਕੀਤਾ,

'ਇਕ ਗੱਲ ਮੈਂ ਅਲਮੋੜਾ ਜੇਲ੍ਹ ਵਿਚ ਵੇਖੀ ਤੇ ਪੁਛਣ ਉਤੇ ਪਤਾ ਲੱਗਾ ਕਿ ਇਹ ਗੱਲ ਯੂ.ਪੀ. ਦੀਆਂ ਸਭ ਜੇਲ੍ਹਾਂ ਵਿਚ ਹੈ। ਉਹ ਇਹ ਕਿ ਸਭ ਕੈਦੀਆਂ ਨੂੰ ਸਵੇਰੇ ਤੇ ਸ਼ਾਮ ਨੂੰ ਲਾਈਨ ਵਿਚ ਖੜ੍ਹੇ ਹੋ ਕੇ 'ਰਘੂਪਤੀ ਰਾਘਵ ਰਾਜਾ ਰਾਮ। ਪਤਿਤ ਪਾਵਨ ਸੀਤਾ ਰਾਮ' ਪੜ੍ਹਨਾ ਪੈਂਦਾ ਹੈ। ਮੁਸਲਮਾਨ ਤੇ ਸਿੱਖਾਂ ਨੂੰ ਭੀ ਪੜ੍ਹਨਾ ਪੈਂਦਾ ਹੈ। ਦਰੋਗਾ ਜੇਲ੍ਹ, ਜੋ ਹਿੰਦੂ ਸੀ, ਉਸ ਨੂੰ ਕਿਹਾ ਕਿ ਇਸ ਤਰ੍ਹਾਂ ਗ਼ੈਰ-ਹਿੰਦੂਆਂ ਨੂੰ ਕਿਉਂ ਇਹ ਹਿੰਦੂ ਭਜਨ ਪੜ੍ਹਾਇਆ ਜਾਂਦਾ ਹੈ? ਜੇਲਰ ਸਾਹਿਬ ਨੇ ਜਵਾਬ ਦਿਤਾ, 'ਯੇਹ ਖ਼ੁਸ਼ੀ ਸੇ ਪੜ੍ਹਤੇ ਹੈਂ। ਮੈਂ ਕਿਹਾ ਕਿ ਜੇ ਖ਼ੁਸ਼ੀ ਨਾਲ ਪੜ੍ਹਦੇ ਹਨ ਤਾਂ ਮੇਰੇ ਸਾਹਮਣੇ ਇਕ ਵੇਰਾਂ ਇਨ੍ਹਾਂ ਕੈਦੀਆਂ ਨੂੰ ਕਹਿ ਦੇਵੋ ਕਿ ਜੋ ਇਹ ਭਜਨ ਖ਼ੁਸ਼ੀ ਨਾਲ ਪੜ੍ਹਦਾ ਹੈ, ਉਹ ਪੜ੍ਹੇ ਤੇ ਜੋ ਨਹੀਂ ਪੜ੍ਹਨਾ ਚਾਹੁੰਦਾ, ਉਹ ਬੇਸ਼ਕ ਚਲਾ ਜਾਵੇ। ਇਸ ਦਾ ਉਤਰ ਜੇਲ੍ਹਰ ਸਾਹਿਬ ਨੇ ਇਹ ਦਿੱਤਾ ਕਿ 'ਫਿਰ ਤੋ ਸਭ ਚਲੇ ਜਾਏਂਗੇ।' ਮੈਂ ਕਿਹਾ, ਚੰਗੀ ਖ਼ੁਸ਼ੀ ਨਾਲ ਪੜ੍ਹਦੇ ਹਨ।'

ਮੁਹੰਮਦ ਬਿਨ ਤੁਗਲਕ ਦੇ ਕਾਲ ਵਿਚ ਭਗਤ ਨਾਮਦੇਵ ਜੀ ਨੂੰ ਕਿਹਾ ਗਿਆ ਕਿ ਤੁਹਾਨੂੰ ਰਾਮ ਦਾ ਨਾਮ ਛੱਡ ਕੇ ਖ਼ੁਦਾ ਖ਼ੁਦਾ ਕਰਨਾ ਪੈਣਾ ਹੈ। ਹਾਲਾਂ ਕਿ ਗੁਰਮਤਿ ਏਕੋ ਅਲਹੁ ਪਾਰਬ੍ਰਹਮ॥ (ਮ:੫ ੮੯੭) ਦਾ ਪਾਠ ਪੜ੍ਹਾਉਂਦੀ ਹੈ ਪਰ ਧੱਕੇ ਨਾਲ ਕਿਸੇ 'ਤੇ ਥੋਪਣ ਨੂੰ ਪ੍ਰਵਾਨ ਨਹੀਂ ਕਰਦੀ। ਭਗਤ ਜੀ ਨੇ ਰਾਮ ਦਾ ਨਾਮ ਛੱਡ ਖ਼ੁਦਾ ਕਹਿਣ ਤੋਂ ਇਨਕਾਰ ਕਰ ਦਿੱਤਾ। ਜਦੋਂ ਉਨ੍ਹਾਂ ਦੀ ਮਾਤਾ ਨੇ ਵੀ ਉਨ੍ਹਾਂ ਨੂੰ ਨਵਾਬ ਦੀ ਗੱਲ ਮੰਨ ਜਾਣ ਲਈ ਕਿਹਾ ਤਾਂ ਭਗਤ ਨਾਮਦੇਵ ਜੀ ਨੇ ਸਪਸ਼ਟ ਤੌਰ 'ਤੇ ਕਹਿ ਦਿੱਤਾ,

ਰੁਦਨੁ ਕਰੈ ਨਾਮੇ ਕੀ ਮਾਇ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥
ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥
(ਭੈਰਉ ਭ. ਨਾਮਦੇਵ ਜੀ ੧੧੬੬)

ਸੋ ਸਿੱਖ ਕੌਮ ਤੋਂ ਵੱਧ ਹੋਰ ਕੌਣ ਹੈ ਜੋ ਵਤਨ ਪ੍ਰਸਤੀ ਨੂੰ ਸਮਝਦਾ ਹੈ। ਪੰਥਕ ਕਵੀ ਤੇਜਾ ਸਿੰਘ ਸਾਬਰ ਨੇ ਲਿਖਿਆ ਸੀ,

ਦੁਨੀਆ ਦੇ ਸਾਰੇ ਕੰਮਾਂ ਤੋਂ
ਇਹ ਕੰਮ ਇਕ ਭਾਰਾ ਪਹਿਲਾਂ ਏ।
ਸਿੱਖੀ ਨੂੰ ਉਜਾਗਰ ਰਖਣਾ ਏ,
ਸਾਨੂੰ ਸਿਰਜਨਹਾਰਾ ਪਹਿਲਾਂ ਏ।
'ਜੋ ਬੋਲੇ ਸੋ ਨਿਹਾਲ ਹੋਏ',
ਸਾਨੂੰ ਇਹ ਜੈਕਾਰਾ ਪਹਿਲਾਂ ਏ।
ਅਸੀਂ ਦੇਸ਼ ਵਤਨ ਦੇ ਵੈਰੀ ਨਹੀਂ
ਸਾਨੂੰ ਇਹ ਵੀ ਯਾਰਾ ਪਹਿਲਾਂ ਏ।
ਪਰ ਜਿੱਥੇ ਸਵਾਲ ਏ
ਸਿੱਖੀ ਦਾ ਸਾਨੂੰ ਪੰਥ ਪਿਆਰਾ ਪਹਿਲਾਂ ਏ।
ਕੋਈ ਦੇਸ਼ ਵਤਨ ਦੀ ਇਜ਼ਤ ਲਈ
ਜੇ ਜਿੰਦ ਮੰਗੇ ਤਾਂ ਹਾਜ਼ਰ ਹਾਂ।
ਕੋਈ ਸੀਖਾਂ ਤਾ ਤਾ ਏਸ ਲਈ
ਜੇ ਅੰਗ ਅੰਗੇ ਤੇ ਹਾਜ਼ਰ ਹਾਂ।
ਆਜ਼ਾਦੀ ਲਈ ਜੇ ਖ਼ੂਨ ਅੰਦਰ ਕੋਈ
ਹੱਥ ਰੰਗੇ ਤੇ ਹਾਜ਼ਰ ਹਾਂ।
ਸੂਲੀ ਦੀਆਂ ਤਿੱਖੀਆਂ ਨੋਕਾਂ ਤੇ
ਜੇ ਸੀਸ ਡੰਗੇ ਤੇ ਹਾਜ਼ਰ ਹਾਂ ।
ਸਾਨੂੰ ਹੋਰ ਗੱਲਾਂ ਸਭ ਪਿੱਛੋਂ ਨੇ
ਤੇ ਪੰਥ ਪਿਆਰਾ ਪਹਿਲਾਂ ਏ।
**(ਤੇਜਾ ਸਿੰਘ ਸਾਬਰ)**

ਸੋ ਇਸ ਅਹਿਮ ਸੰਵੇਦਸ਼ੀਲ ਕੌਮੀ ਅਤੇ ਧਾਰਮਿਕ ਮਸਲੇ 'ਤੇ ਰਾਜਸੀ ਅਤੇ ਧਾਰਮਿਕ ਸੱਤਾਧਾਰੀਆਂ ਨੂੰ ਵੀ ਏਕਤਾ (unity) ਦੀ ਨੀਤੀ ਅਪਣਾਉਣੀ ਚਾਹੀਦੀ ਹੈ, ਨਾ ਕਿ ਏਕੀਕਰਨ (unification) ਦੀ।

# ਬਾਜ਼ੀ ਲੈ ਗਏ ਕੁੱਤੇ: ਸ਼ਿਵਚਰਨ ਜੱਗੀ 'ਕੁੱਸਾ' ਦੀ ਆ ਰਹੀ ਸਵੈ-ਜੀਵਨੀ — ਜ਼ਿੰਦਗੀ ਦੇ ਰੰਗ, ਜ਼ਖ਼ਮ ਅਤੇ ਜ਼ਿੰਦਾਦਿਲੀ ਦੀ ਦਾਸਤਾਨ

ਪੰਜਾਬੀ ਸਾਹਿਤ ਦੇ ਵਿਹੜੇ ਵਿਚ ਸ਼ਿਵਚਰਨ ਜੱਗੀ 'ਕੁੱਸਾ' ਇੱਕ ਅਜਿਹਾ ਨਾਮ ਹੈ, ਜਿਸ ਨੇ ਆਪਣੀ ਕਲਮ ਨਾਲ ਪਿੰਡਾਂ ਦੀ ਮਿੱਟੀ, ਮਨੁੱਖੀ ਰਿਸ਼ਤਿਆਂ ਦੀ ਗਰਮੀ, ਸਮਾਜ ਦੀਆਂ ਕੌੜੀਆਂ ਸੱਚਾਈਆਂ ਅਤੇ ਜ਼ਿੰਦਗੀ ਦੇ ਅਣਗਿਣਤ ਰੰਗਾਂ ਨੂੰ ਸ਼ਬਦਾਂ ਦਾ ਰੂਪ ਦਿੱਤਾ ਹੈ। 26 ਨਾਵਲਾਂ ਅਤੇ 16 ਫਿਲਮਾਂ ਸਮੇਤ 51 ਕਿਤਾਬਾਂ ਦੇ ਲੇਖਕ ਜੱਗੀ 'ਕੁੱਸਾ' ਹੁਣ ਆਪਣੀ ਸਵੈ-ਜੀਵਨੀ 'ਬਾਜ਼ੀ ਲੈ ਗਏ ਕੁੱਤੇ' ਲੈ ਕੇ ਆ ਰਹੇ ਹਨ। ਇਹ ਸਿਰਫ਼ ਇੱਕ ਲੇਖਕ ਦੀ ਜੀਵਨੀ ਨਹੀਂ ਹੋਵੇਗੀ, ਸਗੋਂ ਇੱਕ ਅਜਿਹੇ ਮਨੁੱਖ ਦੀ ਅੰਦਰੂਨੀ ਯਾਤਰਾ ਹੋਵੇਗੀ, ਜਿਸ ਨੇ ਜ਼ਿੰਦਗੀ ਨੂੰ ਬਹੁਤ ਨੇੜਿਓਂ ਦੇਖਿਆ, ਹੰਢਾਇਆ ਅਤੇ ਫਿਰ ਉਸ ਨੂੰ ਆਪਣੀ ਕਲਮ ਰਾਹੀਂ ਲੋਕਾਂ ਸਾਹਮਣੇ ਰੱਖਿਆ ਹੈ।



ਕਰਨੈਲ 'ਕੈਲ' (ਸਿਆਟਲ)

'ਬਾਜ਼ੀ ਲੈ ਗਏ ਕੁੱਤੇ' ਨਾਮ ਆਪਣੇ ਆਪ ਵਿਚ ਹੀ ਬੜਾ ਤਿੱਖਾ, ਵਿਅੰਗਮਈ ਅਤੇ ਸੋਚਣ ਲਈ ਮਜਬੂਰ ਕਰਨ ਵਾਲਾ ਹੈ। ਇਸ ਸਿਰਲੇਖ ਵਿਚ ਇੱਕ ਪੂਰੀ ਮਨੋਦਸ਼ਾ ਲੁਕੀ ਹੋਈ ਮਹਿਸੂਸ ਹੁੰਦੀ ਹੈ। ਜ਼ਿੰਦਗੀ ਦੀ ਦੌੜ ਵਿਚ ਕੌਣ ਜਿੱਤਿਆ, ਕੌਣ ਹਾਰਿਆ, ਕੌਣ ਆਪਣੇ ਸਨ ਅਤੇ ਕੌਣ ਸਿਰਫ਼ ਆਪਣੇ ਹੋਣ ਦਾ ਨਾਟਕ ਕਰਦੇ ਰਹੇ, ਇਹ ਸਵਾਲ ਇਸ ਸਵੈ-ਜੀਵਨੀ ਦੇ ਕੇਂਦਰ ਵਿਚ ਹੋ ਸਕਦੇ ਹਨ। ਜੱਗੀ 'ਕੁੱਸਾ' ਦੀ ਲਿਖਤ ਦਾ ਇੱਕ ਵੱਡਾ ਗੁਣ ਇਹ ਹੈ ਕਿ ਉਹ ਚਿਹਰਿਆਂ ਦੇ ਪਿੱਛੇ ਲੁਕੇ ਚਿਹਰੇ ਨੂੰ ਵੇਖਣ ਦੀ ਕੋਸ਼ਿਸ਼ ਕਰਦਾ ਹੈ ਅਤੇ ਬੁਰਕੇ ਵਾਲੇ ਕਮੀਨੇ ਲੋਕਾਂ ਦੀ ਮਨੋਦਸ਼ਾ ਸਮਝਣ ਦਾ ਮਾਂਦਰੀ, ਅਤੇ ਉਨ੍ਹਾਂ ਨੂੰ ਨੰਗੇ ਕਰਨ ਲਈ ਸ਼ਬਦ ਨਹੀਂ, 'ਅਗਨ-ਬਾਣ' ਵਰਤਦਾ ਹੈ। ਇਸ ਲਈ ਉਸ ਦੀ ਸਵੈ-ਜੀਵਨੀ ਵਿਚ ਵੀ ਸਿਰਫ਼ ਉਪਲੱਬਧੀਆਂ ਦੀ ਗਿਣਤੀ ਨਹੀਂ, ਬਲਕਿ ਉਨ੍ਹਾਂ ਪਿੱਛੇ ਛੁਪੇ ਲੰਬੇ ਸੰਘਰਸ਼ਾਂ ਦੀ ਕਹਾਣੀ ਹੈ।

ਇਹ ਪੁਸਤਕ ਉਸ ਦੇ ਜੀਵਨ ਦੇ ਦਿਲਚਸਪ, ਰੰਗੀਨ, ਹਾਸੇ-ਮਜ਼ਾਕ ਨਾਲ ਭਰੇ ਅਤੇ ਅਤਿ ਦੁਖਦਾਈ ਕਿੱਸਿਆਂ ਨੂੰ ਆਪਣੇ ਅੰਦਰ ਸਮੇਟੇਗੀ। ਜ਼ਿੰਦਗੀ ਕਦੇ ਇੱਕੋ ਰੰਗ ਦੀ ਨਹੀਂ ਹੁੰਦੀ। ਇੱਕ ਲੇਖਕ ਦੀ ਜ਼ਿੰਦਗੀ ਤਾਂ ਹੋਰ ਵੀ ਵਧੇਰੇ ਰੰਗਾਂ ਵਾਲੀ ਹੁੰਦੀ ਹੈ, ਕਿਉਂਕਿ ਉਹ ਸਿਰਫ਼ ਆਪਣੀ ਜ਼ਿੰਦਗੀ ਨਹੀਂ ਜੀਉਂਦਾ, ਸਗੋਂ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਵੀ ਆਪਣੇ ਅੰਦਰ ਸੰਭਾਲਦਾ ਹੈ। ਲੋਕਾਂ ਦੀਆਂ ਖ਼ੁਸ਼ੀਆਂ, ਉਨ੍ਹਾਂ ਦੇ ਦੁੱਖ, ਧੋਖੇ, ਕਮੀਨਗੀਆਂ, ਮੁਹੱਬਤਾਂ, ਵਿਛੋੜੇ, ਸੰਘਰਸ਼ ਅਤੇ ਸੁਪਨੇ ਉਸ ਦੀ ਰਚਨਾ ਦਾ ਹਿੱਸਾ ਬਣਦੇ ਜਾਂਦੇ ਹਨ।

ਜੱਗੀ 'ਕੁੱਸਾ' ਦੀ ਸਾਹਿਤਕ ਯਾਤਰਾ ਨੂੰ ਦੇਖੀਏ ਤਾਂ 51 ਕਿਤਾਬਾਂ ਦਾ ਅੰਕੜਾ ਆਪਣੇ ਆਪ ਵਿਚ ਇੱਕ ਵੱਡੀ ਪ੍ਰਾਪਤੀ ਹੈ। 26 ਨਾਵਲ ਲਿਖਣਾ ਕਿਸੇ ਆਮ ਰਚਨਾਤਮਕ ਯਾਤਰਾ ਦੀ ਨਿਸ਼ਾਨੀ ਨਹੀਂ। ਨਾਵਲ ਲਿਖਣਾ ਸਿਰਫ਼ ਕਾਗਜ਼ ਉੱਤੇ ਸ਼ਬਦ ਉਤਾਰਨਾ ਨਹੀਂ ਹੁੰਦਾ; ਇਸ ਲਈ ਸਾਲਾਂ ਦੀ ਮਿਹਨਤ, ਮਨੁੱਖੀ ਸੁਭਾਅ ਦੀ ਡੂੰਘੀ ਸਮਝ, ਸਮਾਜਿਕ ਤਜਰਬਾ ਅਤੇ ਲਗਾਤਾਰ ਸਿਰਜਣਾਤਮਕ ਊਰਜਾ ਦੀ ਲੋੜ ਹੁੰਦੀ ਹੈ। ਇਸ ਦੇ ਨਾਲ 16 ਫਿਲਮਾਂ ਨਾਲ ਜੁੜੀ ਰਚਨਾਤਮਕ ਯਾਤਰਾ ਉਸ ਦੀ ਬਹੁਪੱਖੀ ਪ੍ਰਤਿਭਾ ਦਾ ਇੱਕ ਹੋਰ ਪੱਖ ਸਾਹਮਣੇ ਲਿਆਉਂਦੀ ਹੈ।

ਪਰ 'ਬਾਜ਼ੀ ਲੈ ਗਏ ਕੁੱਤੇ' ਵਿਚ ਸ਼ਾਇਦ ਸਭ ਤੋਂ ਵੱਡੀ ਗੱਲ ਇਹ ਹੋਵੇਗੀ, ਕਿ ਇੱਥੇ ਲੇਖਕ ਆਪਣੀਆਂ ਰਚਨਾਵਾਂ ਦੇ ਪਿੱਛੇ ਨਹੀਂ ਲੁਕੇਗਾ। ਇੱਥੇ ਉਹ ਖ਼ੁਦ ਸਾਹਮਣੇ ਹੋਵੇਗਾ, ਆਪਣੀਆਂ ਕਾਮਯਾਬੀਆਂ, ਨਾਕਾਮੀਆਂ, ਫ਼ੈਸਲਿਆਂ ਅਤੇ ਉਨ੍ਹਾਂ ਫ਼ੈਸਲਿਆਂ ਦੀਆਂ ਕੀਮਤਾਂ ਸਮੇਤ।

ਇੱਕ ਸਵੈ-ਜੀਵਨੀ ਦੀ ਖ਼ੂਬਸੂਰਤੀ ਉਸ ਵੇਲੇ ਵਧ ਜਾਂਦੀ ਹੈ, ਜਦੋਂ ਲੇਖਕ ਆਪਣੇ ਜੀਵਨ ਦੇ ਚਮਕਦੇ ਪੰਨਿਆਂ ਦੇ ਨਾਲ-ਨਾਲ ਉਹ ਪੰਨੇ ਵੀ ਖੋਲ੍ਹੇ, ਜਿਨ੍ਹਾਂ ਨੂੰ ਆਮ ਤੌਰ 'ਤੇ ਲੋਕ ਲੁਕਾ ਲੈਂਦੇ ਹਨ। ਜੱਗੀ 'ਕੁੱਸਾ' ਵੱਲੋਂ ਆਪਣੀ ਜ਼ਿੰਦਗੀ ਦੇ ਅਤਿ ਦੁਖਦਾਈ ਕਿੱਸਿਆਂ ਨੂੰ ਲਿਖਣ ਦੀ ਗੱਲ ਇਸ ਪੁਸਤਕ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੰਦੀ ਹੈ। ਕਿਉਂਕਿ ਦੁੱਖ ਨੂੰ ਲਿਖਣਾ ਆਸਾਨ ਨਹੀਂ ਹੁੰਦਾ। ਖ਼ੁਸ਼ੀ ਦੀ ਯਾਦ ਮਨੁੱਖ ਨੂੰ ਮੁਸਕਰਾਹਟ ਦੇ ਸਕਦੀ ਹੈ, ਪਰ ਦੁੱਖ ਦੀ ਯਾਦ ਕਈ ਵਾਰ ਪੁਰਾਣੇ ਜ਼ਖ਼ਮ ਮੁੜ ਉਚੇੜ ਦਿੰਦੀ ਹੈ।

ਇਸ ਸਵੈ-ਜੀਵਨੀ ਵਿਚ ਉਹ ਲੋਕ ਵੀ ਆਉਣਗੇ, ਜਿਨ੍ਹਾਂ ਨੇ ਉਸ ਦੀ ਜ਼ਿੰਦਗੀ ਨੂੰ ਰੌਸ਼ਨ ਕੀਤਾ, ਅਤੇ ਉਹ ਵੀ ਜਿਨ੍ਹਾਂ ਨੇ ਆਪਣੇ ਹੋਣ ਦਾ ਦਾਅਵਾ ਜਾਂ ਢੌਂਗ ਕਰ ਕੇ ਪਿੱਠ ਪਿੱਛੇ ਹਮੇਸ਼ਾ ਛੁਰਾ ਚਲਾਇਆ ਅਤੇ ਬਦਖੋਹੀ ਕੀਤੀ। ਕੁਝ ਕਿਰਦਾਰ ਸ਼ਾਇਦ ਪਾਠਕ ਨੂੰ ਹਸਾਉਣਗੇ, ਕੁਝ ਹੈਰਾਨ ਕਰਨਗੇ ਅਤੇ ਕੁਝ ਅਜਿਹੇ ਹੋਣਗੇ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਚੁੱਪ ਵੱਟ ਜਾਵੇਗਾ। ਇਹੀ ਤਾਂ ਅਸਲ ਜ਼ਿੰਦਗੀ ਹੈ! ਇੱਥੇ ਹਰ ਕਿਰਦਾਰ ਚੰਗਾ ਜਾਂ ਮਾੜਾ ਨਹੀਂ ਹੁੰਦਾ; ਕਈ ਵਾਰ ਹਾਲਾਤ ਮਨੁੱਖ ਨੂੰ 'ਉਹ' ਬਣਾ ਦਿੰਦੇ ਹਨ ਜੋ ਉਹ ਅੰਦਰੋਂ 'ਨਹੀਂ' ਹੁੰਦਾ।

'ਬਾਜ਼ੀ ਲੈ ਗਏ ਕੁੱਤੇ' ਦਾ ਇੱਕ ਮਹੱਤਵਪੂਰਨ ਪੱਖ ਇਹ ਵੀ ਹੋ ਸਕਦਾ ਹੈ ਕਿ ਇਸ ਵਿਚ ਇੱਕ ਲੇਖਕ ਦੇ ਬਣਨ ਦੀ ਕਹਾਣੀ ਸਾਹਮਣੇ ਆਵੇਗੀ। ਇੱਕ ਆਮ ਮਨੁੱਖ ਕਿਵੇਂ ਆਪਣੇ ਤਜਰਬਿਆਂ ਨੂੰ ਕਹਾਣੀਆਂ ਵਿਚ ਬਦਲਦਾ ਹੈ? ਦੁੱਖ ਕਿਵੇਂ ਸਾਹਿਤ ਬਣਦਾ ਹੈ? ਧੋਖਾ ਕਿਵੇਂ ਕਿਰਦਾਰ ਬਣ ਜਾਂਦਾ ਹੈ? ਮੁਹੱਬਤ ਕਿਵੇਂ ਨਾਵਲ ਦਾ ਰੂਪ ਧਾਰ ਲੈਂਦੀ ਹੈ? ਅਤੇ ਸਮਾਜ ਦੀਆਂ ਵਿਡੰਬਨਾਵਾਂ ਕਿਵੇਂ ਇੱਕ ਲੇਖਕ ਦੀ ਕਲਮ ਨੂੰ ਹੋਰ ਤਿੱਖਾ ਅਤੇ ਹਮਲਾਵਰ ਕਰਦੀਆਂ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਇਸ ਕਿਤਾਬ ਵਿਚੋਂ ਮਿਲਦੇ ਹਨ।

ਜੱਗੀ 'ਕੁੱਸਾ' ਦੀ ਜ਼ਿੰਦਗੀ ਦਾ ਇੱਕ ਹੋਰ ਦਿਲਚਸਪ ਪੱਖ ਉਸ ਦੀ ਫਿਲਮੀ ਦੁਨੀਆ ਨਾਲ 2010 ਤੋਂ ਬੜੀ ਗੂੜ੍ਹੀ ਸਾਂਝ ਹੈ। ਸਾਹਿਤ ਅਤੇ ਸਿਨੇਮਾ ਦੋਵੇਂ ਮਨੁੱਖੀ ਕਹਾਣੀਆਂ ਨਾਲ ਜੁੜੇ ਮਾਧਿਅਮ ਹਨ, ਪਰ ਦੋਵਾਂ ਦੀ ਭਾਸ਼ਾ ਵੱਖਰੀ ਹੈ। ਇੱਕ ਲੇਖਕ ਜਦੋਂ ਕਿਤਾਬ ਲਿਖਦਾ ਹੈ, ਤਾਂ ਉਹ ਪਾਠਕ ਦੀ ਕਲਪਨਾ ਨੂੰ ਖੁੱਲ੍ਹਾ ਛੱਡ ਸਕਦਾ ਹੈ, ਪਰ ਫਿਲਮ ਵਿਚ ਕਹਾਣੀ ਨੂੰ ਦ੍ਰਿਸ਼, ਸੰਵਾਦ ਅਤੇ ਅਦਾਕਾਰੀ ਰਾਹੀਂ ਜ਼ਿੰਦਗੀ ਦੇਣੀ ਪੈਂਦੀ ਹੈ। ਜੱਗੀ 'ਕੁੱਸਾ' ਦੀ ਇਹ ਦੋਹਰੀ ਯਾਤਰਾ ਵੀ ਉਸ ਦੀ ਸਵੈ-ਜੀਵਨੀ ਨੂੰ ਇੱਕ ਵੱਖਰੀ ਦਿਲਚਸਪੀ ਦੇਵੇਗੀ, ਜੋ ਉਸ ਦੇ ਪਾਠਕਾਂ ਲਈ ਮਨੋਰੰਜਨ ਦਾ ਕਾਰਨ ਬਣੇਗੀ।




ਇਸ ਕਿਤਾਬ ਵਿਚ ਸਾਹਿਤਕ ਦੁਨੀਆ ਦੇ ਅੰਦਰਲੇ ਤਜਰਬੇ, ਪ੍ਰਕਾਸ਼ਨ ਨਾਲ ਜੁੜੀਆਂ ਯਾਦਾਂ, ਫਿਲਮਾਂ ਦੇ ਪਿੱਛੇ ਦੀ ਮਿਹਨਤ, ਲੋਕਾਂ ਨਾਲ ਹੋਈਆਂ ਮੁਲਾਕਾਤਾਂ, ਮਿੱਠੇ-ਕੌੜੇ ਤਜਰਬੇ, ਦੋਸਤੀਆਂ, ਵਿਰੋਧ, ਸਫ਼ਲਤਾਵਾਂ ਅਤੇ ਨਿਰਾਸ਼ਾਵਾਂ... ਸਭ ਕੁਝ ਪਾਠਕ ਲਈ ਇੱਕ ਅਜਿਹਾ ਸੰਸਾਰ ਦਾ ਦਰਵਾਜ਼ਾ ਖੋਲ੍ਹ ਸਕਦੇ ਹਨ, ਜਿਸ ਨੂੰ ਆਮ ਤੌਰ 'ਤੇ ਪਾਠਕ ਕਿਸੇ ਲੇਖਕ ਦੀ ਰਚਨਾ ਦੇ ਪਿੱਛੇ ਨਹੀਂ ਦੇਖ ਸਕਦਾ।

ਪਰ ਇਸ ਪੁਸਤਕ ਦੀ ਸਭ ਤੋਂ ਵੱਡੀ ਤਾਕਤ ਸ਼ਾਇਦ ਇਸ ਦਾ ਇਮਾਨਦਾਰ ਸੁਰ ਹੋਵੇਗੀ। ਸਵੈ-ਜੀਵਨੀ ਉਦੋਂ ਹੀ ਯਾਦਗਾਰ ਬਣਦੀ ਹੈ ਜਦੋਂ ਲੇਖਕ ਆਪਣੇ ਆਪ ਨੂੰ ਵੀ ਕਟਹਿਰੇ ਵਿਚ ਖੜ੍ਹਾ ਕਰਨ ਦੀ ਹਿੰਮਤ ਰੱਖਦਾ ਹੋਵੇ। ਆਪਣੇ ਫ਼ੈਸਲਿਆਂ ਨੂੰ ਸਹੀ ਸਾਬਤ ਕਰਨ ਦੀ ਬਜਾਏ ਉਨ੍ਹਾਂ ਦੇ ਨਤੀਜਿਆਂ ਨੂੰ ਸਵੀਕਾਰ ਕਰਨਾ, ਆਪਣੇ ਲੋਕਾਂ ਦੀਆਂ ਕਮਜ਼ੋਰੀਆਂ ਦੇ ਨਾਲ ਆਪਣੀਆਂ ਕਮਜ਼ੋਰੀਆਂ ਨੂੰ ਵੀ ਦੇਖਣਾ ਅਤੇ ਆਪਣੇ ਜ਼ਖ਼ਮਾਂ ਨੂੰ ਬਿਨਾਂ ਕਿਸੇ ਬਣਾਵਟ ਦੇ ਪਾਠਕ ਸਾਹਮਣੇ ਰੱਖਣਾ, ਇਹੀ ਸੱਚੀ ਸਵੈ-ਜੀਵਨੀ ਦੀ ਪਛਾਣ ਹੈ।

'ਬਾਜ਼ੀ ਲੈ ਗਏ ਕੁੱਤੇ' ਸਿਰਫ਼ ਜੱਗੀ 'ਕੁੱਸਾ' ਦੀ ਕਹਾਣੀ ਨਹੀਂ ਹੋਵੇਗੀ; ਇਹ ਇੱਕ ਅਜਿਹੇ ਦੌਰ ਦੀ ਵੀ ਕਹਾਣੀ ਹੋ ਸਕਦੀ ਹੈ ਜਿਸ ਵਿਚ ਇੱਕ ਪੰਜਾਬੀ ਲੇਖਕ ਨੇ ਆਪਣੇ ਸੁਪਨਿਆਂ, ਸੰਘਰਸ਼ਾਂ ਅਤੇ ਤਜਰਬਿਆਂ ਨੂੰ ਕਲਮ ਦੇ ਸਹਾਰੇ ਜਿਉਂਦਾ ਰੱਖਿਆ। ਉਹ ਕਮੀਨਿਆਂ ਅਤੇ ਧੋਖੇਬਾਜ਼ ਲੋਕਾਂ ਅੱਗੇ ਹਾਰਿਆ ਨਹੀਂ, ਸਗੋਂ ਵੰਗਾਰ ਬਣ ਕੇ ਸਾਹਮਣੇ ਖੜ੍ਹਾ ਹੋਇਆ। ਜਦ ਮੈਂ ਉਨ੍ਹਾਂ ਨਾਲ ਵਾਰਤਾ ਕੀਤੀ, ਤਾਂ ਉਹ ਲੰਬਾ ਸਾਹ ਲੈ ਕੇ ਕਹਿਣ ਲੱਗੇ, 'ਮੈਂ ਆਪਣਿਆਂ ਨੂੰ ਉਤਨਾ ਚਿਰ ਹੀ 'ਆਪਣਾ' ਮੰਨਦਾ ਰਿਹਾ, ਜਿੰਨਾ ਚਿਰ ਉਨ੍ਹਾਂ ਨੇ ਆਪਣਾ 'ਅਸਲੀ' ਰੂਪ ਨਹੀਂ ਵਿਖਾਇਆ।' ਇਹ ਉਨ੍ਹਾਂ ਲੋਕਾਂ ਦੀ ਵੀ ਕਹਾਣੀ ਹੋਵੇਗੀ, ਜੋ ਉਸ ਦੀ ਜ਼ਿੰਦਗੀ ਵਿਚ ਆਏ, ਕੁਝ ਸਮੇਂ ਲਈ ਨਾਲ ਤੁਰੇ, ਕੁਝ ਨੇ ਕਮੀਨੇ ਅਤੇ ਬੇਈਮਾਨ ਬਣ ਕੇ ਰਾਹ ਬਦਲ ਲਿਆ ਅਤੇ ਕੁਝ ਯਾਦਾਂ ਬਣ ਕੇ ਹਮੇਸ਼ਾ ਲਈ ਉਸ ਦੇ ਅੰਦਰ ਵੱਸ ਗਏ।

ਕਈ ਵਾਰ ਮਨੁੱਖ ਦੀ ਅਸਲ ਜੀਵਨੀ ਉਸ ਦੀਆਂ ਪ੍ਰਾਪਤੀਆਂ ਵਿਚ ਨਹੀਂ, ਬਲਕਿ ਉਨ੍ਹਾਂ ਰਾਤਾਂ ਵਿਚ ਲਿਖੀ ਜਾਂਦੀ ਹੈ ਜਦੋਂ ਉਹ ਇਕੱਲਾ ਹੁੰਦਾ ਹੈ। ਉਨ੍ਹਾਂ ਪਲਾਂ ਵਿਚ ਜਦੋਂ ਕੋਈ ਤਾਲੀ ਵਜਾਉਣ ਵਾਲਾ ਨਹੀਂ ਹੁੰਦਾ, ਕੋਈ ਹੌਸਲਾ ਦੇਣ ਵਾਲਾ ਨਹੀਂ ਹੁੰਦਾ ਅਤੇ ਫਿਰ ਵੀ ਉਹ ਅਗਲੇ ਦਿਨ ਉੱਠ ਕੇ ਆਪਣਾ ਸਫ਼ਰ ਜਾਰੀ ਰੱਖਦਾ ਹੈ। ਜੱਗੀ 'ਕੁੱਸਾ' ਦੀ ਸਵੈ-ਜੀਵਨੀ ਜੇਕਰ ਉਸ ਅੰਦਰਲੇ ਮਨੁੱਖ ਨੂੰ ਪਾਠਕਾਂ ਤੱਕ ਲੈ ਕੇ ਜਾਂਦੀ ਹੈ, ਤਾਂ ਇਹ ਉਸ ਦੀਆਂ 51 ਕਿਤਾਬਾਂ ਵਿਚੋਂ ਬਹੁਤ ਹੀ ਨਿੱਜੀ ਅਤੇ ਯਾਦਗਾਰ ਕਿਤਾਬ ਬਣ ਜਾਵੇਗੀ!

'ਬਾਜ਼ੀ ਲੈ ਗਏ ਕੁੱਤੇ' ਨਾਮ ਵਿਚ ਵਿਅੰਗ ਵੀ ਹੈ, ਦਰਦ ਵੀ ਹੈ, ਜ਼ਿੰਦਗੀ ਦੀ ਕੜਵਾਹਟ ਵੀ ਹੈ ਅਤੇ ਇੱਕ ਅਜਿਹੀ ਮੁਸਕਰਾਹਟ ਵੀ, ਜੋ ਬਹੁਤ ਕੁਝ ਹਾਰ ਕੇ ਵੀ ਮਨੁੱਖ ਨੂੰ ਜਿਉਂਦਾ ਰੱਖਦੀ ਹੈ। ਇਹ ਕਿਤਾਬ ਸ਼ਾਇਦ ਇਹ ਸਵਾਲ ਵੀ ਪੁੱਛੇਗੀ; ਬਾਜ਼ੀ ਅਸਲ ਵਿਚ ਕੌਣ ਜਿੱਤਿਆ? ਉਹ, ਜਿਸ ਨੇ ਦੁਨੀਆ ਦੀਆਂ ਨਜ਼ਰਾਂ ਵਿਚ ਕਾਮਯਾਬੀ ਹਾਸਲ ਕੀਤੀ, ਜਾਂ ਉਹ ਜਿਸ ਨੇ ਆਪਣੇ ਸਾਰੇ ਜ਼ਖ਼ਮਾਂ ਦੇ ਬਾਵਜੂਦ ਆਪਣੀ ਕਲਮ ਨੂੰ ਜਿਉਂਦਾ ਰੱਖਿਆ?

ਸ਼ਿਵਚਰਨ ਜੱਗੀ 'ਕੁੱਸਾ ਦੀ ਇਹ ਸਵੈ-ਜੀਵਨੀ ਇਸ ਲਈ ਵੀ ਉਡੀਕੀ ਜਾਵੇਗੀ ਕਿ ਪਾਠਕ ਪਹਿਲੀ ਵਾਰ ਉਸ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੇ ਪਿੱਛੇ ਨਹੀਂ, ਸਗੋਂ ਆਪਣੇ ਜੀਵਨ ਦੇ ਮੰਚ ਉੱਤੇ ਖ਼ੁਦ ਖੜ੍ਹਾ ਦੇਖਣਗੇ, ਜਿੱਥੇ ਰੌਸ਼ਨੀ ਵੀ ਹੋਵੇਗੀ, ਹਨੇਰਾ ਵੀ; ਹਾਸਾ ਵੀ ਹੋਵੇਗਾ, ਹੰਝੂ ਵੀ; ਜਿੱਤਾਂ ਵੀ ਹੋਣਗੀਆਂ, ਹਾਰਾਂ ਵੀ... ਅਤੇ ਸਭ ਤੋਂ ਵੱਧ ਹੋਵੇਗੀ ਇੱਕ ਅਜਿਹੇ ਮਨੁੱਖ ਦੀ ਦਾਸਤਾਨ, ਜਿਸ ਨੇ ਜ਼ਿੰਦਗੀ ਦੇ ਹਰ ਰੰਗ ਨੂੰ ਸ਼ਬਦਾਂ ਵਿਚ ਕੈਦ ਕਰਨ ਦੀ ਕੋਸ਼ਿਸ਼ ਕੀਤੀ।

ਸ਼ਾਇਦ ਇਹੀ 'ਬਾਜ਼ੀ ਲੈ ਗਏ ਕੁੱਤੇ' ਦੀ ਸਭ ਤੋਂ ਵੱਡੀ ਖ਼ੂਬਸੂਰਤੀ ਹੋਵੇਗੀ, ਕਿ ਇੱਕ ਲੇਖਕ ਆਪਣੀ ਕਹਾਣੀ ਨਹੀਂ, ਆਪਣੀ ਪੂਰੀ ਜ਼ਿੰਦਗੀ ਪਾਠਕ ਦੇ ਸਾਹਮਣੇ ਖੋਲ੍ਹ ਰਿਹਾ ਹੈ।

# ਬੋਲੇ ਸੋ ਨਿਹਾਲ...ਸਤਿ ਸ੍ਰੀ ਅਕਾਲ...!

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

**ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ।**

ਦਾਦਾ ਜੀ ਕੋਰੇ ਅਨਪੜ੍ਹ ਸਨ...ਪਰ ਪੰਜ ਬਾਣੀਆਂ ਦਾ ਪਾਠ ਜ਼ੁਬਾਨੀ ਯਾਦ ਸੀ...!

ਨਿੱਤਨੇਮ ਵੇਲੇ ਮੈਨੂੰ ਕੋਲ ਬਿਠਾ ਲਿਆ ਕਰਦੇ!

ਗੁਰੂਘਰ ਮੇਰੇ ਸਿਰ 'ਤੇ ਹੱਥ ਫੇਰ ਅਰਦਾਸ ਕਰਿਆ ਕਰਦੇ...ਹੇ ਸੱਚੇ ਪਾਤਸ਼ਾਹ ਇਸ ਬੱਚੇ ਨੂੰ ਆਪਣੇ ਚਰਣੀਂ ਲਾ...ਕਦੀ ਤਾਬਿਆ 'ਤੇ ਬੈਠੇ ਬਾਬਾ ਜੀ ਅੱਗੇ ਝੋਲੀ ਅੱਡ ਦਿੰਦੇ ਗਿਆਨੀ ਜੀ ਇਸਨੂੰ ਵੀ ਗੁਰੂ ਦੇ ਲੜ ਲਾਵੋ...!

ਉਹ ਅੱਗੋਂ ਆਖਦੇ ਗੁਰਮੁਖ ਸਿਆਂ ਭੁਜੰਗੀ ਅਜੇ ਛੋਟਾ ਏ...ਵੱਡਾ ਹੋਵੇਗਾ ਤਾਂ ਆਪੇ ਗੁਰੂ ਲੜ ਲੱਗ ਜੂ...!

ਫੇਰ ਚੜ੍ਹਦੀ ਜਵਾਨੀ ਦਾ ਪਹਿਰਾ...ਮੁੱਛ ਫੁੱਟਦਿਆਂ ਹੀ ਚੰਡੀਗੜ੍ਹ ਦਾ ਅਸਰ ਹੋ ਗਿਆ...ਸਿਰ ਮੁਨਵਾ ਦਿੱਤਾ...ਬਹਾਨਾ ਲਾਇਆ ਕਿ ਹੋਸਟਲ ਅੰਦਰ ਪੁਲਸ ਤੰਗ ਕਰਦੀ...!

ਬੇਬੇ ਬਾਪੂ ਹੁਰਾਂ ਵਾਸਤਾ ਪਾਇਆ ਹੁਣ ਦਾਦੇ ਹੁਰਾਂ ਦੇ ਸਾਮ੍ਹਣੇ ਨਾ ਹੋਈ...!

ਤਾਂ ਵੀ ਇੱਕ ਦਿਨ ਪਤਾ ਲੱਗ ਹੀ ਗਿਆ...ਸਿਰ 'ਤੇ ਟੋਪੀ ਜਿਹੀ ਵੇਖ ਪੁੱਛਣ ਲੱਗੇ ਓਏ ਜੱਗੀ ਤੇਰੀ ਪੱਗ ਕਿਥੇ ਏ?

ਮੈਂ ਬਿਨਾ ਜੁਆਬ ਦਿੱਤਿਆਂ ਹੀ ਖਿਸਕਣਾ ਬੇਹਤਰ ਸਮਝਿਆ...!

ਦਾਦੇ ਹੁਰਾਂ ਦੋ ਦਿਨ ਕਿਸੇ ਨਾਲ ਗੱਲ ਨਾ ਕੀਤੀ ਅਤੇ ਨਾ ਚੱਜ ਨਾਲ ਰੋਟੀ ਹੀ ਖਾਦੀ...!

ਓਹਨੀਂ ਦਿਨੀਂ ਪੱਕੇ ਹੋਏ ਝੋਨੇ 'ਤੇ ਭਾਰੀ ਗੜੇਮਾਰ ਹੋਈ ਸੀ...ਨੁਕਸਾਨ ਕਰਕੇ ਘਰੇ ਸੋਗ ਪਿਆ ਹੋਇਆ ਸੀ...ਪਰ ਦਾਦੇ ਹੁਰੀਂ ਬੱਸ ਏਨੀ ਗੱਲ ਆਖੀ ਗਏ...ਲੋਕੋ ਤੁਹਾਡੀ ਸਿਰਫ ਫਸਲ ਹੀ ਖਰਾਬ ਹੋਈ...ਮੇਰੀ ਤੇ ਨਸਲ ਵੀ ਮਾਰੀ ਗਈ...!

ਫੇਰ ਮਾਹੌਲ ਤੋਂ ਡਰਦਿਆਂ ਮੈਨੂੰ ਯੂਰੋਪ ਵੱਲ ਕੱਢ ਦਿੱਤਾ...ਥੋੜ੍ਹੀ ਦੇਰ ਮਗਰੋਂ ਮੈਂ ਅਮਰੀਕਾ ਆ ਗਿਆ...!

ਜਦੋਂ ਵੀ ਘਰੇ ਫੋਨ ਕਰਦਾ ਤਾਂ ਦਾਦੇ ਹੁਰੀਂ ਪੁੱਛਦੇ ਕੇਸ ਰੱਖੇ ਕੇ ਨਹੀਂ...ਸਿੱਧੀ ਗੱਲ ਨਾ ਕਰਦੇ...ਮਨ ਵਿਚ ਓਹੀ ਕਿੜਕ ਰੋਸਾ ਓਸੇ ਤਰ੍ਹਾਂ ਬਰਕਰਾਰ ਸੀ...!

ਫੇਰ ਇੱਕ ਦਿਨ ਸੁਨੇਹਾ ਆਇਆ...ਢਿੱਲੇ ਨੇ...ਅੱਚਵੀ ਲੱਗ ਗਈ...ਮਨ ਵਿਚ ਇੱਕ ਵਲਵਲਾ ਜਿਹਾ ਉਠਿਆ...ਭਤੀਜੇ ਦੀ ਲੋਹੜੀ ਵੀ ਏ...ਟਿਕਟ ਕਰਵਾਈ ਤੇ ਬਿਨਾ ਦੱਸਿਆਂ ਹੀ ਪਿੰਡ ਅੱਪੜ ਗਿਆ...!



ਪਿੰਡੋਂ ਬਾਹਰ ਹੀ ਪਤਾ ਲੱਗ ਗਿਆ ਕਿ ਹੁਣ ਥੋੜ੍ਹਾ ਜ਼ਿਆਦਾ ਹੀ ਢਿੱਲੇ ਨੇ ਅਤੇ ਲਗਾਤਾਰ ਗੇਟ ਵੱਲ ਨੂੰ ਵੇਖੀ ਜਾਂਦੇ ਨੇ...!

ਬਾਹਰਲੇ ਵੇਹੜੇ ਪੈਰ ਪਾਇਆ ਤਾਂ ਸਾਰੇ ਹੈਰਾਨ...ਬਿਨਾ ਕਿਸੇ ਚਿੱਠੀ ਪੱਤਰ ਦੇ ਕਿੱਦਾਂ ਆ ਗਿਆ...ਭੂਆ ਚਾਚੇ ਤਾਏ ਸਭ ਨੇ ਵਾਰੋ ਵਾਰੀ ਬੁੱਕਲ ਵਿਚ ਲੈ ਬੜਾ ਪਿਆਰ ਕੀਤਾ...!

ਪਰ ਮੇਰਾ ਧਿਆਨ ਸਾਮ੍ਹਣੇ ਡੱਠੇ ਮੰਜੇ ਵੱਲ ਨੂੰ ਸੀ...ਦਾਦੇ ਹੁਰੀਂ ਵਾਕਿਆ ਹੀ ਗੇਟ ਵੱਲ ਤੱਕ ਰਹੇ ਸਨ...ਮੈਨੂੰ ਵੇਖ ਬਾਹਵਾਂ ਉਲਾਰ ਲਈਆਂ...ਮੈਂ ਵੀ ਹਥੀਂ ਫੜਿਆ ਕਿੰਨਾ ਕੁਝ ਓਥੇ ਹੀ ਸੁੱਟ ਧੂ ਕੇ ਜਾ ਜੱਫੀ ਪਈ...ਵਜੂਦ ਵਿਚ ਅਜੇ ਵੀ ਓਹੋ ਖੁਸ਼ਬੋ ਸੀ ਜਿਹੜੀ ਨਿੱਕੇ ਹੁੰਦਿਆਂ ਓਹਨਾਂ ਕੋਲੋਂ ਅਕਸਰ ਆਇਆ ਕਰਦੀ ਸੀ...!

ਫੇਰ ਅਚਾਨਕ ਈ ਇੱਕ ਵਰਤਾਰਾ ਹੋਇਆ...!

ਓਹਨਾਂ ਪਹਿਲਾਂ ਮੇਰੇ ਲੰਮੇ ਦਾਹੜੇ 'ਤੇ ਹੱਥ ਫੇਰਿਆ...ਫੇਰ ਆਖਣ ਲੱਗੇ ਜੱਗੀ ਆਪਣੀ ਪੱਗ ਲਾਹ...ਪਹਿਲਾਂ ਸਮਝ ਨਾ ਆਈ ਫੇਰ ਆਖਣ ਲੱਗੇ...ਓਏ ਤੈਨੂੰ ਆਖਿਆ ਆਪਣੀ ਪੱਗ ਲਾਹ...ਮੈਂ ਬੀਬੇ ਬੱਚੇ ਵਾਂਙ ਓਸੇ ਵੇਲੇ ਲਾਹ ਦਿੱਤੀ...!

ਅੰਦਰੋਂ ਨਿੱਕਲੇ ਮੋਟੇ ਸਾਰੇ ਜੂੜੇ ਨੂੰ ਟੋਹਿਆ...ਫੇਰ ਮੇਰੇ ਕੇਸ ਖੋਲ੍ਹ ਕਿੰਨੀ ਦੇਰ ਓਹਨਾਂ ਨੂੰ ਚੁੰਮਦੇ ਰਹੇ...ਮਗਰੋਂ ਜ਼ੋਰ ਦੀ ਜੈਕਾਰਾ ਛੱਡਿਆ...ਬੋਲੇ ਸੋ ਨਿਹਾਲ...ਸੱਤ ਸ੍ਰੀ ਅਕਾਲ...!

ਆਸੇ ਪਾਸੇ ਖਲੋਤੇ ਕਿੰਨੇ ਸਾਰੇ ਵਜੂਦਾਂ ਨੇ ਆਪ ਮੁਹਾਰੇ ਹੀ ਪੁੱਛ ਲਿਆ ਬਾਪੂ ਜੀ ਜੈਕਾਰਾ ਕਿਸ ਖੁਸ਼ੀ ਵਿਚ ਛੱਡਿਆ ਜੇ...ਆਖਣ ਲੱਗੇ ਅੱਜ ਮੇਰਾ ਜੱਗੀ ਗੁਰੂ ਦੇ ਲੜ ਜੂ ਲੱਗ ਗਿਆ ਬੱਸ ਇਸੇ ਖੁਸ਼ੀ ਵਿਚ...!

ਫੇਰ ਓਸੇ ਰਾਤ ਚੜ੍ਹਾਈ ਕਰ ਗਏ...ਅਗਲੀ ਸਵੇਰੇ ਦੇਹ ਕੋਲ ਬੈਠਾ ਸੋਚੀ ਜਾ ਰਿਹਾ ਸਾਂ ਕਿ ਕੁਝ ਰੂਹਾਂ ਉੱਤੇ ਅਕਾਲ ਪੁਰਖ ਦੀ ਏਨੀ ਮੇਹਰ ਹੁੰਦੀ ਕੇ ਉਹ ਅਖੀਰ ਤੱਕ ਉਡੀਕਦੀਆਂ ਰਹਿੰਦੀਆਂ ਕਿ ਕਿਸੇ ਵੇਲੇ ਬੇਦਾਵਾ ਲਿਖ ਗੁਰੂ ਤੋਂ ਬੇਮੁਖ ਹੋ ਕੇ ਦੂਰ ਚਲਾ ਗਿਆ ਕੋਈ ਆਪਣਾ ਵਾਪਿਸ ਪਰਤ ਆਵੇ ਤੇ ਉਹ ਦਸਮ ਪਿਤਾ ਦੇ ਦਰਬਾਰ ਵਿਚ ਖੁਦ ਹਾਜ਼ਿਰ ਹੋ ਕੇ ਦ੍ਰਿੜਤਾ ਨਾਲ ਏਨੀ ਗੱਲ ਆਖ ਸਕਣ ਕਿ ਮਹਾਰਾਜ ਹੁਣ ਉਸਦੇ ਹੱਥੀਂ ਲਿਖਿਆ ਪਾੜ ਦਿਓ...ਉਸਨੂੰ ਤੁਹਾਡੀ ਸ਼ਰਨ ਵਿਚ ਆਉਂਦੇ ਹੋਏ ਨੂੰ ਮੈਂ ਖੁਦ ਆਪਣੀ ਅਖੀਂ ਵੇਖ ਕੇ ਆਇਆਂ ਹਾਂ!

# ਮੈਂ 'ਵੰਦੇ ਮਾਤਰਮ' ਗਾਉਣ ਤੋਂ ਇਨਕਾਰ ਕਿਉਂ ਕਰਦਾ ਹਾਂ

***ਗੁਰਪ੍ਰੀਤ ਸਿੰਘ ਬ੍ਰਿਟਿਸ਼ ਕੋਲੰਬੀਆ ਦੇ ਲੇਖਕ ਅਤੇ 'ਰੈਡੀਕਲ ਦੇਸੀ' ਦੇ ਸਹਿ-ਸੰਸਥਾਪਕ ਹਨ। ਇਸ ਤੋਂ ਇਲਾਵਾ, ਉਹ ਯੂਟਿਊਬ ਉੱਤੇ 'ਨਵੀਂ ਤਾਜ਼ੀ' ਨਾਮੀ ਰੋਜ਼ਾਨਾ ਖ਼ਬਰਾਂ ਅਤੇ ਵਰਤਮਾਨ ਮਾਮਲਿਆਂ ਦਾ ਪ੍ਰੋਗਰਾਮ ਵੀ ਪੇਸ਼ ਕਰਦੇ ਹਨ। ਇਸ ਲੇਖ ਵਿਚ ਉਨ੍ਹਾਂ ਨੇ ਵੰਦੇ ਵਾਤਰਮ ਬਾਰੇ ਚੱਲ ਰਹੇ ਵਿਵਾਦ 'ਤੇ ਚਰਚਾ ਕੀਤੀ ਹੈ।***

ਅਖੌਤੀ ਭਾਰਤੀ ਰਾਸ਼ਟਰੀ ਗੀਤ ਨੂੰ ਲੈ ਕੇ ਪਿਛਲੇ ਕੁਝ ਮਹੀਨਿਆਂ ਦੌਰਾਨ ਬਹਿਸ ਮੁੜ ਭਖ ਉੱਠੀ ਹੈ। ਭਾਵੇਂ ਇਹ ਪਹਿਲੀ ਵਾਰ ਨਹੀਂ ਹੈ ਕਿ ਇਸ ਮੁੱਦੇ ਉੱਤੇ ਭਾਰਤੀ ਸਮਾਜ ਵੰਡਿਆ ਹੋਇਆ ਹੈ, ਪਰ ਨਵੀਂ ਦਿੱਲੀ ਵਿਚ ਸੱਤਾਧਾਰੀ ਹਿੰਦੂ ਅੰਧ-ਰਾਸ਼ਟਰਵਾਦੀ ਭਾਜਪਾ ਸਰਕਾਰ ਵੱਲੋਂ 'ਵੰਦੇ ਮਾਤਰਮ' ਨੂੰ ਪੂਰੇ ਰੂਪ ਵਿਚ ਗਾਉਣਾ ਲਾਜ਼ਮੀ ਬਣਾਉਣ ਦੀਆਂ ਕੋਸ਼ਿਸ਼ਾਂ ਨੇ ਘੱਟ-ਗਿਣਤੀ ਭਾਈਚਾਰਿਆਂ—ਖ਼ਾਸ ਕਰਕੇ ਮੁਸਲਮਾਨਾਂ—ਵੱਲੋਂ ਤਿੱਖੀਆਂ ਪ੍ਰਤੀਕਿਰਿਆਵਾਂ ਨੂੰ ਜਨਮ ਦਿੱਤਾ ਹੈ।



**ਗੁਰਪ੍ਰੀਤ ਸਿੰਘ**

ਇਸ ਗੀਤ ਦਾ ਸ਼ਾਬਦਿਕ ਅਰਥ ਹੈ—'ਮੈਂ ਮਾਂ ਅੱਗੇ ਨਤਮਸਤਕ ਹੁੰਦਾ ਹਾਂ।' ਇਹ ਭਾਰਤੀ ਮਾਤਭੂਮੀ ਨੂੰ ਇੱਕ ਦੇਵੀ ਦੇ ਰੂਪ ਵਿਚ ਸਾਕਾਰ ਕਰਕੇ ਉਸ ਅੱਗੇ ਕੀਤੀ ਜਾਣ ਵਾਲੀ ਇਕ ਕਿਸਮ ਦੀ ਪ੍ਰਾਰਥਨਾ ਬਣ ਚੁੱਕਾ ਹੈ। ਭਾਜਪਾ ਦੇ ਸਮਰਥਕ ਵਾਰ-ਵਾਰ ਘੱਟ-ਗਿਣਤੀਆਂ ਨੂੰ ਇਹ ਗੀਤ ਗਾਉਣ ਲਈ ਆਖ ਕੇ ਉਨ੍ਹਾਂ ਦੀ ਦੇਸ਼-ਵਫ਼ਾਦਾਰੀ ਪਰਖਣ ਦੀ ਕੋਸ਼ਿਸ਼ ਕਰਦੇ ਹਨ। ਇੱਥੋਂ ਤੱਕ ਕਿ ਪ੍ਰਸਿੱਧ ਸੰਗੀਤਕਾਰ ਏ.ਆਰ. ਰਹਿਮਾਨ ਵੱਲੋਂ 'ਵੰਦੇ ਮਾਤਰਮ' ਦਾ ਬਹੁਤ ਹੀ ਲੋਕਪ੍ਰਿਯ ਰੂਪ ਤਿਆਰ ਕੀਤੇ ਜਾਣ ਤੋਂ ਬਾਅਦ ਵੀ ਹਿੰਦੂ ਕੱਟੜਪੰਥੀਆਂ ਦੀ ਤਸੱਲੀ ਨਹੀਂ ਹੋਈ।

2014 ਵਿਚ ਭਾਰੀ ਬਹੁਮਤ ਨਾਲ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ, ਉਸ ਦੇਸ਼ ਵਿਚ ਮੁਸਲਮਾਨਾਂ ਅਤੇ ਹੋਰ ਗ਼ੈਰ-ਹਿੰਦੂ ਭਾਈਚਾਰਿਆਂ ਉੱਤੇ ਹਮਲੇ ਵਧੇ ਹਨ, ਜਿਸ ਦੀ ਵੰਨ-ਸੁਵੰਨਤਾ ਨੂੰ ਅਕਸਰ ਸੁਭਾਵਿਕ ਹਕੀਕਤ ਮੰਨਿਆ ਜਾਂਦਾ ਰਿਹਾ ਹੈ। ਪਹਿਲੀ ਵਾਰ ਮਿਲੇ ਇੰਨੇ ਵੱਡੇ ਲੋਕ-ਫ਼ਤਵੇ ਤੋਂ ਉਤਸ਼ਾਹਿਤ ਹੋ ਕੇ ਭਾਜਪਾ ਭਾਰਤ ਅਤੇ ਉਸ ਦੇ ਇਤਿਹਾਸ ਤੇ ਸੱਭਿਆਚਾਰ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਤਿਹਾਸ ਨੂੰ ਮੁੜ ਲਿਖ ਕੇ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਵਜੋਂ ਪੇਸ਼ ਕਰਨਾ ਹਮੇਸ਼ਾ ਤੋਂ ਉਸ ਦੇ ਏਜੰਡੇ ਦਾ ਹਿੱਸਾ ਰਿਹਾ ਹੈ।

ਦਿਲਚਸਪ ਗੱਲ ਇਹ ਹੈ ਕਿ ਹਿੰਦੂ ਰਾਸ਼ਟਰਵਾਦੀ ਲੀਡਰਸ਼ਿਪ ਉਨ੍ਹਾਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਲਈ ਬਹੁਤੀ ਉਤਸ਼ਾਹਿਤ ਨਹੀਂ ਸੀ, ਜਿਨ੍ਹਾਂ ਨੇ 1947 ਤੱਕ ਲਗਭਗ ਇੱਕ ਸਦੀ ਭਾਰਤ ਉੱਤੇ ਕਬਜ਼ਾ ਕਰੀ ਰੱਖਿਆ। ਇਸ ਦੇ ਉਲਟ, ਹਿੰਦੂ ਸਰਬਉੱਚਤਾਵਾਦੀ ਦਸਤੇ ਵਜੋਂ ਜਾਣੇ ਜਾਂਦੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੀ ਸਥਾਪਨਾ 1925 ਵਿਚ ਇੱਕ ਅਜਿਹਾ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ, ਜਿਸ ਵਿਚ ਗ਼ੈਰ-ਹਿੰਦੂਆਂ ਨੂੰ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਨਾ ਹੋਣ। ਮੁਸਲਿਮ ਲੀਗ ਵੱਲੋਂ ਵੱਖਰੇ ਪਾਕਿਸਤਾਨੀ ਰਾਜ ਦੀ ਮੰਗ ਕੀਤੇ ਜਾਣ ਤੋਂ ਵੀ ਪਹਿਲਾਂ ਆਰਐੱਸਐੱਸ ਨੇ ਦੋ-ਕੌਮੀ ਸਿਧਾਂਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਪਾਕਿਸਤਾਨ 1947 ਵਿਚ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਹੋਂਦ ਵਿਚ ਆਇਆ।

ਆਰਐੱਸਐੱਸ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਘਰ ਵਜੋਂ ਭਾਰਤ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਇਸ ਨੇ ਮੁਗ਼ਲ ਸ਼ਾਸਨ ਨੂੰ ਸਿਰਫ਼ ਖਲਨਾਇਕ ਵਜੋਂ ਪੇਸ਼ ਕੀਤਾ ਅਤੇ ਭਾਰਤੀ ਰਾਸ਼ਟਰ ਦੇ ਵਿਕਾਸ ਵਿਚ ਉਸ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਭਾਜਪਾ ਆਰਐੱਸਐੱਸ ਦਾ ਰਾਜਨੀਤਿਕ ਵਿੰਗ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਵੀ ਆਰਐੱਸਐੱਸ ਦਾ ਮੈਂਬਰ ਹੈ।

ਬੰਕਿਮ ਚੰਦਰ ਚੱਟੋਪਾਧਿਆਏ ਦੇ 1882




ਦੇ ਮੁਸਲਿਮ-ਵਿਰੋਧੀ ਨਾਵਲ 'ਆਨੰਦਮਠ' ਵਿੱਚੋਂ ਪੈਦਾ ਹੋਇਆ 'ਵੰਦੇ ਮਾਤਰਮ'

ਜਦੋਂ ਮਹਾਤਮਾ ਗਾਂਧੀ, ਉਨ੍ਹਾਂ ਦੀ ਕਾਂਗਰਸ ਪਾਰਟੀ ਅਤੇ ਹੋਰ ਇਨਕਲਾਬੀ ਜਥੇਬੰਦੀਆਂ ਆਪਣੇ ਦੇਸ਼ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੀਆਂ ਸਨ, ਉਸ ਸਮੇਂ ਹਿੰਦੂ ਰਾਸ਼ਟਰਵਾਦੀ ਮੁਸਲਮਾਨਾਂ ਨੂੰ ਭਾਰਤੀ ਉਪਮਹਾਂਦੀਪ ਵਿਚੋਂ ਕੱਢਣ ਦੇ ਸੁਪਨੇ ਦੇਖ ਰਹੇ ਸਨ।

'ਵੰਦੇ ਮਾਤਰਮ' ਦੀਆਂ ਜੜ੍ਹਾਂ ਬੰਕਿਮ ਚੰਦਰ ਚੱਟੋਪਾਧਿਆਏ ਵੱਲੋਂ 1882 ਵਿਚ ਲਿਖੇ ਗਏ ਇੱਕ ਬਹੁਤ ਹੀ ਵਿਵਾਦਪੂਰਨ ਨਾਵਲ ਵਿਚ ਹਨ। 'ਆਨੰਦਮਠ' ਸੰਨਿਆਸੀਆਂ ਦੀ ਇੱਕ ਬਗ਼ਾਵਤ ਦੀ ਕਹਾਣੀ ਹੈ, ਜਿਹੜੀ ਮੁੱਖ ਤੌਰ 'ਤੇ ਉਨ੍ਹਾਂ ਮੁਸਲਿਮ ਸਰਦਾਰਾਂ ਵਿਰੁੱਧ ਹੁੰਦੀ ਹੈ ਜੋ ਬਰਤਾਨਵੀ ਸਰਕਾਰ ਵੱਲੋਂ ਆਪਣੀ ਹਿੰਦੂ ਪਰਜਾ ਤੋਂ ਟੈਕਸ ਇਕੱਠਾ ਕਰਦੇ ਸਨ। ਨਾਵਲ ਮੁਸਲਮਾਨਾਂ ਨੂੰ ਮਾੜੇ ਰੂਪ ਵਿਚ ਪੇਸ਼ ਕਰਦਾ ਹੈ, ਜਦਕਿ ਅੰਗਰੇਜ਼ਾਂ ਪ੍ਰਤੀ ਨਿਰਪੱਖ ਰਵੱਈਆ ਅਪਣਾਉਂਦਾ ਹੈ। ਨਾਵਲ ਦੇ ਪਾਤਰ ਮੁਸਲਮਾਨਾਂ ਦੇ ਘਰ ਸਾੜ ਕੇ ਖ਼ੁਸ਼ੀਆਂ ਮਨਾਉਂਦੇ ਹਨ ਅਤੇ ਵਾਰ-ਵਾਰ 'ਵੰਦੇ ਮਾਤਰਮ' ਦਾ ਨਾਅਰਾ ਲਾਉਂਦੇ ਹਨ।

ਇਸ ਲਈ ਹੈਰਾਨੀ ਦੀ ਗੱਲ ਨਹੀਂ ਕਿ ਮੋਦੀ ਚੱਟੋਪਾਧਿਆਏ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਆਰਐੱਸਐੱਸ ਦੇ ਹਮਾਇਤੀ ਵੀ ਅਜਿਹਾ ਹੀ ਕਰਦੇ ਹਨ। ਆਖ਼ਿਰਕਾਰ, 'ਆਨੰਦਮਠ' ਦੀ ਕਹਾਣੀ ਉਨ੍ਹਾਂ ਦੀ ਰਾਜਨੀਤਕ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ।

ਇਨ੍ਹਾਂ ਕਾਰਨਾਂ ਕਰਕੇ ਹੀ ਬਹੁਤ ਸਾਰੇ ਮੁਸਲਮਾਨ ਇਹ ਗੀਤ ਗਾਉਣ ਤੋਂ ਝਿਜਕਦੇ ਹਨ। ਉਨ੍ਹਾਂ ਵਿਚੋਂ ਕੁਝ ਅਜਿਹਾ ਧਾਰਮਿਕ ਕਾਰਨਾਂ ਕਰਕੇ ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਧਰਮ ਮੂਰਤੀ-ਪੂਜਾ ਦੀ ਆਗਿਆ ਨਹੀਂ ਦਿੰਦਾ। ਇਹ ਗੱਲ ਧਰਮ ਦਾ ਪਾਲਣ ਕਰਨ ਵਾਲੇ ਸਿੱਖਾਂ ਉੱਤੇ ਵੀ ਲਾਗੂ ਹੁੰਦੀ ਹੈ। ਬਦਕਿਸਮਤੀ ਨਾਲ, ਬਹੁਗਿਣਤੀਵਾਦ ਦੇ ਭਾਰੀ ਦਬਾਅ ਨੇ ਕਾਂਗਰਸ ਪਾਰਟੀ ਨੂੰ ਵੀ ਪੱਖਪਾਤੀ ਬਣਾ ਦਿੱਤਾ ਅਤੇ ਉਸ ਨੇ ਗੀਤ ਦੇ ਉਨ੍ਹਾਂ ਕੁਝ ਹਿੱਸਿਆਂ ਨੂੰ ਅਪਣਾ ਲਿਆ, ਜਿਹੜੇ ਬਹੁਤੇ ਧਾਰਮਿਕ ਨਹੀਂ ਹਨ। ਇੱਥੋਂ ਤੱਕ ਕਿ ਪ੍ਰਗਤੀਸ਼ੀਲ ਫ਼ਿਲਮਸਾਜ਼ ਪ੍ਰਿਥਵੀਰਾਜ ਕਪੂਰ ਨੇ ਵੀ ਇਸ ਨਾਵਲ ਉੱਤੇ ਆਧਾਰਿਤ ਇਕ ਫ਼ਿਲਮ ਬਣਾਈ, ਜਿਸ ਵਿਚ ਇਸ ਦੀ ਮੁਸਲਿਮ-ਵਿਰੋਧੀ ਸਮੱਗਰੀ ਉੱਤੇ ਪਰਦਾ ਪਾ ਦਿੱਤਾ ਗਿਆ ਅਤੇ ਸੰਨਿਆਸੀ ਵਿਦਰੋਹੀਆਂ ਨੂੰ ਵਿਦੇਸ਼ੀ ਸ਼ਾਸਨ ਵਿਰੁੱਧ ਲੜਨ ਵਾਲੇ ਆਜ਼ਾਦੀ ਘੁਲਾਟੀਆਂ ਵਜੋਂ ਪੇਸ਼ ਕੀਤਾ ਗਿਆ।

ਮੇਰੀ ਪੀੜ੍ਹੀ ਦੇ ਜਿਹੜੇ ਲੋਕਾਂ ਨੇ ਭਾਰਤ ਦੇ ਧਰਮ-ਨਿਰਪੱਖ ਸਕੂਲੀ ਮਾਹੌਲ ਵਿਚ ਸਿੱਖਿਆ ਪ੍ਰਾਪਤ ਕੀਤੀ, ਉਨ੍ਹਾਂ ਨੂੰ ਵੀ 26 ਜਨਵਰੀ ਜਾਂ 15 ਅਗਸਤ ਵਰਗੇ ਰਾਸ਼ਟਰੀ ਦਿਹਾੜਿਆਂ ਮੌਕੇ 'ਵੰਦੇ ਮਾਤਰਮ' ਗਾਉਣਾ ਸਿਖਾਇਆ ਗਿਆ ਸੀ। ਜਿਉਂ-ਜਿਉਂ ਇਤਿਹਾਸ ਵਿਚ ਮੇਰੀ ਦਿਲਚਸਪੀ ਵਧੀ ਅਤੇ ਮੋਦੀ ਦੇ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਉੱਤੇ ਪਹੁੰਚਣ ਤੋਂ ਬਾਅਦ ਦੇ ਸਾਲਾਂ ਦੌਰਾਨ ਮੇਰੀ ਸੋਚ ਹੋਰ ਆਲੋਚਨਾਤਮਕ ਹੋਈ, ਮੈਂ 'ਵੰਦੇ ਮਾਤਰਮ' ਪਿੱਛੇ ਛੁਪੇ ਵਿਵਾਦ ਨੂੰ ਖ਼ੁਦ ਸਮਝਣ ਲਈ 'ਆਨੰਦਮਠ' ਦੀ ਇੱਕ ਕਾਪੀ ਮੰਗਵਾਈ।

ਹੁਣ ਮੈਨੂੰ ਮਹਿਸੂਸ ਹੁੰਦਾ ਹੈ ਕਿ ਭਾਰਤੀ ਸਿੱਖਿਆ ਪ੍ਰਣਾਲੀ ਨੇ ਮੈਨੂੰ ਧੋਖੇ ਵਿਚ ਰੱਖਿਆ। ਭਾਵੇਂ ਉਸ ਸਮੇਂ ਇਹ ਪ੍ਰਣਾਲੀ ਅੱਜ ਦੀ ਭਾਜਪਾ ਹਕੂਮਤ ਹੇਠਲੀ ਸਥਿਤੀ ਜਿੰਨੀ ਮਾੜੀ ਨਹੀਂ ਸੀ—ਜਿਹੜੀ ਤੋੜ-ਮਰੋੜ ਕੇ ਪੇਸ਼ ਕੀਤੇ ਇਤਿਹਾਸ ਨੂੰ ਮੁੜ ਲਿਖਦਿਆਂ ਹਿੰਦੂਆਂ ਅਤੇ ਗ਼ੈਰ-ਹਿੰਦੂਆਂ ਵਿਚਕਾਰ ਵੰਡੀਆਂ ਪਾਉਣ ਲਈ ਬੇਸ਼ਰਮੀ ਨਾਲ ਦ੍ਰਿੜ੍ਹ ਹੈ—ਫਿਰ ਵੀ ਇਹ ਸਮਝੌਤਿਆਂ ਦੀ ਸ਼ਿਕਾਰ ਸੀ। ਇਸੇ ਕਾਰਨ ਆਜ਼ਾਦੀ ਦੇ ਸੰਘਰਸ਼ ਅਤੇ ਰਾਸ਼ਟਰਵਾਦ ਬਾਰੇ ਕੋਈ ਆਲੋਚਨਾਤਮਕ ਚਰਚਾ ਨਹੀਂ ਕੀਤੀ ਜਾਂਦੀ ਸੀ।

'ਆਨੰਦਮਠ' ਨੂੰ ਪੜ੍ਹਨ ਤੋਂ ਬਾਅਦ—ਜਿਸ ਨੂੰ ਨਫ਼ਰਤ ਦੀ ਕਿਤਾਬ ਕਹਿਣ ਵਿਚ ਮੈਨੂੰ ਕੋਈ ਝਿਜਕ ਨਹੀਂ—ਮੈਂ 'ਵੰਦੇ ਮਾਤਰਮ' ਗਾਉਣ ਤੋਂ ਇਨਕਾਰ ਕਰਦਾ ਹਾਂ, ਭਾਵੇਂ ਇਸ ਕਾਰਨ ਮੈਨੂੰ ਸਮਾਜ ਵਿੱਚੋਂ ਛੇਕ ਦਿੱਤਾ ਜਾਵੇ ਜਾਂ ਮੇਰੇ ਉੱਤੇ ਦੇਸ਼ਧ੍ਰੋਹੀ ਹੋਣ ਦਾ ਦੋਸ਼ ਹੀ ਕਿਉਂ ਨਾ ਲਾਇਆ ਜਾਵੇ।

# ਜੰਗ ਹਰੜਾਂ

ਡਾ. ਗਿੱਲ ਨੇ ਵ੍ਹਟਸਐਪ ਗਰੁੱਪ ਵਿਚ ਬੋਲੀ ਲਿਖ ਕੇ ਪੁੱਛਿਆ, 'ਇੱਥੋਂ ਦੇ ਮਲੰਗ ਬਾਣੀਏਂ, ਤੈਨੂੰ ਜੰਗ ਹਰੜਾਂ ਨਾ ਥਿਆਈਆਂ।' ਕਿ ਜੰਗ ਹਰੜਾਂ ਕੀ ਹੁੰਦੀਆਂ ਹਨ? ਪਹਿਲਾਂ ਤਾਂ ਬੋਲੀ ਵੱਲ ਝਾਤੀ ਮਾਰੀਏ ਤਾਂ ਇਹ ਹੈ ਪੰਜਾਬਣ ਦਾ ਗਿੱਧੇ ਵਿਚ ਵਿਅੰਗ, ਮਿਹਣਾ ਬੋਲੀ ਮਾਰਨਾ। ਇਹੀ ਹੈ ਗਿੱਧੇ ਦੀ ਵਿਸ਼ੇਸ਼ਤਾ, ਜੋ ਮਨ 'ਚ ਆਇਆ ਕਹਿ ਦਿੱਤਾ, ਨਾ ਕਿਸੇ ਲਾਟ ਦੀ ਪਰਵਾਹ ਨਾ ਕਿਸੇ ਲਗਾਂ, ਮਾਤਰਾਂ ਦਾ ਫ਼ਿਕਰ ਜੇ ਕੋਈ ਗੁੱਸਾ ਕਰ ਵੀ ਜਾਵੇ ਤਾਂ ਮਨਾਉਣਾ ਵੀ ਆਉਂਦਾ ਹੈ 'ਰੋਟੀ ਖਾ ਲੋ ਬੇਬੇ ਜੀ, ਹੱਥ ਬਨ੍ਹਾ ਲੋ ਬੇਬੇ ਜੀ।'



**ਠਾਕਰ ਸਿੰਘ ਬਸਾਤੀ ਸ਼ਿਕਾਗੋ**

ਪਹਿਲਾਂ ਤਾਂ ਬੋਲੀ ਦਾ ਜਵਾਬ ਦੇਣ ਤੋਂ ਕਤਰਾਂਦਾ ਰਿਹਾ ਕਿਉਂਕਿ ਅੱਜਕੱਲ੍ਹ ਪੜ੍ਹਾਕੂ ਬਹੁਤ ਹੋਗੇ। ਕਈ ਤਾਂ ਬੇਤੁਕੀ ਗੱਲ ਕਰਨੀ ਵੀ ਆਪਣਾ ਫਰਜ਼ ਤੇ ਫਖ਼ਰ ਸਮਝਦੇ ਹਨ। ਕਈਆਂ ਨੇ ਤਾਂ ਸੋਸ਼ਲ ਮੀਡੀਏ ਲਈ ਨਾਂ ਵੀ ਉਘ ਤੇ ਪਤਾਲ ਰੱਖੇ ਹੁੰਦੇ ਹਨ ਪਰ ਜਵਾਬ ਉਹ ਜ਼ਰੂਰ ਦਿੰਦੇ ਹਨ, ਚਾਹੇ ਬੇਢੱਬੇ ਹੀ ਹੋਣ। ਫਿਰ ਹਿੰਮਤ ਕਰਕੇ ਡਾ. ਸਾਹਿਬ ਨੂੰ ਜਵਾਬ ਲਿਖ ਦਿੱਤਾ ਕਿ ਹਰੜਾਂ ਦੋ ਕਿਸਮ ਦੀਆਂ ਹੁੰਦੀਆਂ ਹਨ, ਵੱਡੀਆਂ ਹਰੜਾਂ ਤੇ ਛੋਟੀਆਂ ਹਰੜਾਂ। ਇਨ੍ਹਾਂ ਦੀ ਤਾਸੀਰ ਵੀ ਵੱਖਰੀ ਹੁੰਦੀ ਹੈ। ਮੈਨੂੰ ਤਾਂ ਪਤਾ ਹੈ ਕਿ ਮੈਂ ਪੁਆਧ ਤੋਂ ਹਾਂ ਤੇ ਸਾਡੇ ਇਲਾਕੇ ਵਿਚ ਡਾਕਟਰ ਨਹੀਂ ਸੀ ਹੁੰਦੇ। ਵੈਦ ਹਕੀਮ ਜਾਂ ਬਾਣੀਏ ਦੀ ਦੁਕਾਨ ਜਿੱਥੇ ਆਲੂਆਂ ਵਾਲੇ ਪੀਪੇ ਵਿਚ ਐਸਪਰੋ ਦੀਆਂ ਗੋਲੀਆਂ ਹੁੰਦੀਆਂ ਸਨ, ਕਿਉਂਕਿ ਉਥੇ ਸਲ੍ਹਾਬ ਨਹੀਂ ਸੀ ਚੜ੍ਹਦੀ। ਪੈਰਾਸਿਟਾਮੋਲ ਤਾਂ ਬਹੁਤ ਦੇਰ ਬਾਅਦ ਆਈ।

ਮੇਰਾ ਪਿੰਡ ਮੁਹਾਲੀ ਰੇਲਵੇ ਸਟੇਸ਼ਨ ਕੋਲ ਹੈ। ਪਹਿਲਾਂ ਸਾਡਾ ਜ਼ਿਲ੍ਹਾ ਅੰਬਾਲਾ ਹੁੰਦਾ ਸੀ। ਗਿਆਨੀ ਜ਼ੈਲ ਸਿੰਘ ਸਮੇਂ ਰੋਪੜ ਜ਼ਿਲ੍ਹੇ ਵਿਚ ਸ਼ਾਮਲ ਕਰ ਦਿੱਤੇ ਫਿਰ ਮੁਹਾਲੀ ਜ਼ਿਲ੍ਹਾ ਬਣਾ ਦਿੱਤਾ। ਅਸਲ ਵਿਚ ਮੁਹਾਲੀ ਛੋਟਾ ਜਿਹਾ ਬੈਦਵਾਣ ਗੋਤ ਦੇ ਲੋਕਾਂ ਦਾ ਪਿੰਡ ਸੀ ਜਿੱਥੇ ਸ਼ੇਰ ਸ਼ਾਹ ਸੂਰੀ ਦੀ ਬਣਾਈ ਜੀ.ਟੀ. ਰੋਡ ਲੰਘਦੀ ਸੀ। ਉਥੋਂ ਦੀ ਨਿਰਮਲੇ ਸਾਧੂਆਂ ਦੀਆਂ ਟੋਲੀਆਂ ਹਰਿਦੁਆਰ ਤੀਰਥ 'ਤੇ ਜਾਇਆ ਕਰਦੀਆਂ ਹਨ। ਮੁਹਾਲੀ ਉਹ ਪੜਾਅ ਲਗਾ ਲੈਂਦੇ ਸਨ। ਪਿੰਡ ਵਾਲੇ ਉਨ੍ਹਾਂ ਨੂੰ ਰਸਦ ਆਦਿ ਦੇ ਦਿੰਦੇ ਸਨ। ਫਿਰ ਉਥੇ ਕਮਰੇ ਪਾ'ਤੇ ਤੇ ਹਲਟੀ ਲਵਾ ਦਿੱਤੀ।

ਕਈ-ਕਈ ਦਿਨ ਸੰਗਤ ਚਲਦੀ ਰਹਿੰਦੀ, ਇਕ ਦਿਨ ਇਕ ਸੰਤ ਬਿਰਤੀ ਵਾਲੇ ਨੇ ਬਚਨ ਕਰ ਦਿੱਤਾ ਕਿ ਤੁਹਾਡੀ ਸੇਵਾ ਭਾਵਨਾ ਕਰਕੇ ਇਕ ਦਿਨ ਆਵੇਗਾ ਕਿ ਮੁਹਾਲੀ ਦੁਨੀਆਂ ਦੇ ਨਕਸ਼ੇ 'ਤੇ ਹੋਵੇਗੀ ਤੇ ਅੱਜ ਸ਼ਾਇਦ ਹਿੰਦੁਸਤਾਨ ਦੀ ਸਭ ਤੋਂ ਮਹਿੰਗੀ ਜਗ੍ਹਾ ਹੈ। ਬਹੁਤ ਵੱਡਾ ਸ਼ਹਿਰ ਵੱਸ ਗਿਆ ਪਰ ਬੇਤਰਤੀਬਾ। ਦਰਅਸਲ ਇਹ ਐਡਾ ਵੱਡਾ ਬਣਾਉਣ ਦਾ ਵਿਚਾਰ ਨਹੀਂ ਸੀ, ਲੋਕਾਂ ਨੇ ਦੋ ਨੰਬਰ ਦਾ ਪੈਸਾ ਛੁਪਾਉਣ ਲਈ ਰਾਹ ਲੱਭ ਲਿਆ। ਤਾਂਹੀ ਚੋਰਾਂ ਦੇ ਕੱਪੜੇ ਲਾਠੀਆਂ ਦੇ ਗਜ਼। ਅੱਜ ਜੇ ਕਿਸੇ ਕੋਲ ਪਿੰਡ 'ਚ ਮਕਾਨ ਹੈ ਉਹ ਵੀ ਕਰੋੜਪਤੀ ਹੈ।

ਗੱਲ ਡਾਕਟਰ ਦੀ ਚੱਲੀ ਸੀ। ਅਸਲ ਵਿਚ 1969-70 ਤਕ ਰੋਪੜ ਜ਼ਿਲ੍ਹੇ ਵਿਚ ਆਪਣਾ ਕੋਈ ਐੱਮਬੀਬੀਐੱਸ ਡਾਕਟਰ ਨਹੀਂ ਸੀ। ਸਾਡੇ ਵੱਡੇ ਭਾਈ ਸਾਹਿਬ ਡਾ. ਜਸਮੇਰ ਸਿੰਘ ਪਹਿਲੇ ਐੱਮਬੀਬੀਐੱਸ ਤੇ ਫਿਰ ਪੀਜੀਆਈ ਤੋਂ ਪਹਿਲੇ ਐਮ.ਡੀ.। ਪੀਜੀਆਈ ਵਿਚ ਬਹੁਤੇ ਡਾਕਟਰ ਬਾਹਰਲੇ ਸੂਬਿਆਂ ਤੋਂ ਹੁੰਦੇ ਸਨ। ਪੰਜਾਬੀ ਤਾਂ ਟਾਵੇਂ-ਟਾਵੇਂ ਹੀ ਉਹ ਵੀ ਤਾਂ ਕਿਉਂਕਿ ਪੁਆਧੀ ਭਾਸ਼ਾ ਸਮਝਣੀ ਸੌਖੀ ਨਹੀਂ। ਇਕ ਵੇਰ ਡਾ. ਚੁਟਾਨੀ ਰਜਿਸਟਰਾਰ ਡਾਕਟਰਾਂ ਨਾਲ ਰਾਊਂਡ ਲੈ ਰਹੇ ਸਨ। ਕੁੰਬੜੇ ਪਿੰਡ ਤੋਂ ਬਜ਼ੁਰਗ ਦਾਖ਼ਲ ਹੋ ਗਿਆ। ਪੇਟ 'ਚ ਦਰਦ ਸੀ। ਪੁੱਛਿਆ, 'ਬਾਬਾ ਜੀ ਕਯਾ ਤਕਲੀਫ਼ ਹੈ?' ਕਹਿੰਦਾ ਜੀ ਪੇਟ ਘਾਊਂ-ਮਾਊਂ ਜਾ ਹੋ ਰਿਹਾ, ਸਾਰੇ ਡਾਕਟਰਾਂ ਨੂੰ ਕਿਹਾ ਦੱਸੋ ਬਾਬੇ ਨੇ ਕੀ ਕਿਹਾ, ਕਿਸੇ ਨੂੰ ਸਮਝ ਨਾ ਆਈ।

ਡਾ. ਚੁਟਾਨੀ ਨੇ ਕਿਹਾ ਜਸਮੇਰ ਨੂੰ ਬੁਲਾ ਕੇ ਲਿਆਓ। ਉਹ ਕਿਤੇ ਦੂਜੀ ਵਾਰਡ ਵਿਚ ਸਨ। ਜਦੋਂ ਵੀਰ ਨੇ ਬਾਬੇ ਦੀ ਤਕਲੀਫ਼ ਦੱਸੀ ਸਾਰੇ ਜ਼ੋਰ ਦੀ ਹੱਸੇ। ਪੀਜੀਆਈ ਸ. ਪਰਤਾਪ ਸਿੰਘ ਕੈਰੋਂ ਦੀ ਦੇਣ ਹੈ ਤੇ ਬਹੁਤੇ ਪ੍ਰੋਗਰਾਮ WHO ਦੇ ਚਲਦੇ ਹਨ। ਮੈਂ ਵੀ B.SC X-RAy WHO ਦੇ ਪ੍ਰੋਗਰਾਮ ਹੇਠ ਹੀ ਕੀਤੀ ਸੀ। ਕੁਝ ਯਾਦਾਂ ਸਾਂਝੀਆਂ ਕਰਦਾ ਹਾਂ। ਅਕਤੂਬਰ-ਨਵੰਬਰ ਵਿਚ ਖੇਡਾਂ ਹੋਇਆ ਕਰਦੀਆਂ ਸਨ। ਤਿੰਨ ਦਿਨ ਸਾਊਥ ਦੇ ਡਾਕਟਰਾਂ ਦਾ ਵਧੇਰੇ ਜ਼ੋਰ ਸੀ। ਅਸੀਂ ਰੌਲਾ ਪਾ ਦਿੱਤਾ ਕਿ ਅਸੀਂ ਵੀ ਤਾਂ WHO ਦੇ ਵਿਦਿਆਰਥੀ ਹਾਂ। ਸਾਡਾ ਵੀ ਹੱਕ ਬਣਦਾ ਖੇਡਾਂ



ਦਾ। ਬਹਿਸਬਾਜ਼ੀ ਹੋਈ, ਅਸੀਂ ਜਿੱਤ ਗਏ। ਪੈਰਾ ਮੈਡੀਕਲ ਦੀਆਂ ਖੇਡਾਂ ਹੋਈਆਂ। ਫੇਰ ਅੜਚਨ Variety Program 'ਤੇ ਪੈ ਗਈ। ਸਾਊਥ ਦੇ ਡਾਕਟਰਾਂ ਦੇ ਡਰਾਮੇ ਬਹੁਤ ਮਸ਼ਹੂਰ ਸਨ। ਅਸੀਂ ਕਿਹਾ ਭੰਗੜਾ ਪਾਣਾ, ਉਹ ਕਹਿੰਦੇ ਅਸੀਂ ਡਰਾਮਾ ਨਹੀਂ ਕਰਾਂਗੇ। ਮੀਟਿੰਗ ਹੋਈ ਕਮੇਟੀ ਬਣ ਗਈ। ਉਨ੍ਹਾਂ ਨੇ ਸਾਨੂੰ ਹਫਤੇ ਦਾ ਵਕਤ ਦਿੱਤਾ। ਕੋਚ ਠਾਕਰ ਸਿੰਘ ਮਨੀਮਾਜਰਾ ਨੂੰ ਲੈ ਕੇ ਇਕ ਨੇ ਲੋਹੇ ਦੀ ਕੁਰਸੀ 'ਤੇ ਤਾਲ ਵਜਾਈ। ਡਾਕਟਰ ਸ਼ੇਰਬਾਜ਼ ਸਿੰਘ ਮਾਨ ਨੇ ਬੋਲੀਆਂ ਪਾਈਆਂ। ਵੱਡੇ ਵੀਰ ਡਾ. ਜਸਮੇਰ ਸਿੰਘ ਨੇ ਨਗੋਜੇ ਵਜਾਏ, ਚਲੋ ਜੀ ਭੰਗੜੇ ਦੀ ਮਨਜ਼ੂਰੀ ਮਿਲ ਗਈ। ਡਰਾਮੇ ਵਾਲਿਆਂ ਬਾਈਕਾਟ ਕੀਤਾ। ਫਿਰ 6 ਮਹੀਨੇ ਬਾਅਦ ਪੀਜੀਆਈ ਵਿਚ ਵਰਲਡ ਸਾਈਕ ਕਾਨਫਰੰਸ ਜਿਸ ਵਿਚ ਵਧੇਰੇ ਸਾਊਥ ਵਾਲੇ ਸਨ, ਹੋਈ।

ਕਹਿੰਦੇ ਭੰਗੜਾ ਪਾ ਦਿਓ। ਅਸੀਂ ਕਿਹਾ ਸੋਚਦੇ ਹਾਂ। ਖੈਰ ਭੰਗੜਾ ਪਾ'ਤਾ ਤੇ ਬੱਲੇ-ਬੱਲੇ ਹੋ ਗਈ। ਇਸੇ ਭੰਗੜੇ ਸਦਕਾ ਹੀ ਮੇਰਾ ਵਿਆਹ ਹੋ ਗਿਆ। ਘਰਵਾਲੀ ਪੀਜੀਆਈ 'ਚ ਨਰਸ ਸੀ। ਤਿੰਨ ਦਿਨ ਭੰਗੜਾ ਦੇਖ ਕੇ ਕਹਿੰਦੀ, 'ਹਾਏ ਮੈਂ ਮਰਗੀ'।

ਬਚਪਨ ਦੀ ਵੈਦ ਹਕੀਮ ਦੀ ਗੱਲ ਸਾਂਝੀ ਕਰਾਂ। ਚੰਡੀਗੜ੍ਹ ਬਣਨ ਤੋਂ ਪਹਿਲਾਂ ਸਾਡੇ ਬਹੁਤ ਸਹੂਲਤਾਂ ਨਹੀਂ ਸੀ ਹੁੰਦੀਆਂ। ਨਾ ਕੋਈ ਬਿਜਲੀ, ਨਾ ਨਹਿਰਾਂ, ਨਾ ਟਿਊਬਵੈੱਲ, ਕਿਤੇ ਕਿਤੇ ਊਠ ਜਾਂ ਬਲਦਾਂ ਵਾਲਾ ਹਲਟ ਹੁੰਦਾ ਸੀ।

ਗਰਮੀਆਂ ਵਧੇਰੇ ਔਖੀਆਂ ਨਿਕਲਦੀਆਂ ਸਨ। ਅਸੀਂ ਪੈਦਲ ਦੋ ਮੀਲ ਤੁਰ ਕੇ ਖਾਲਸਾ ਸਕੂਲ ਲੰਬਿਆਂ ਜਾਂਦੇ ਹੁੰਦੇ ਸਾਂ। ਬਰਸਾਤ ਦੇ ਤਿੰਨ ਕੁ ਮਹੀਨੇ ਤਾਂ ਨਾ ਪਜਾਮਾ ਪੈਂਦਾ ਸੀ ਤੇ ਨਾ ਹੀ ਜੁੱਤੀ। ਲੰਬਿਆਂ ਪਿੰਡ ਦੇ ਨਲਕੇ 'ਤੇ ਪੈਰ ਧੋ ਕੇ ਪਜਾਮਾ ਤੇ ਜੁੱਤੀ ਪਾ ਲੈਂਦੇ ਸਾਂ। ਰਸਤੇ ਵਿਚ ਬਰਸਾਤੀ ਨਾਲਾ ਪੈਂਦਾ ਸੀ। ਕਈ ਵਾਰ ਸਕੂਲ ਚਲੇ ਜਾਣਾ ਤੇ ਪਹਾੜਾਂ ਵਿਚ ਮੀਂਹ ਪੈਣ ਕਰਕੇ ਪਾਣੀ ਭਰ ਜਾਣਾ। ਫਿਰ ਬੜੈਲ ਵੱਲ ਨੂੰ ਹੋ ਕੇ ਘਰੇ ਪਹੁੰਚੀਦਾ ਸੀ। ਗਰਮੀਆਂ ਵਿਚ ਇਕ ਰਾਹ ਘੀਹੜ ਦੇ ਡੇਰੇ ਕੋਲ ਦੀ ਹੋ ਕੇ ਜਾਂਦਾ ਸੀ, ਉਥੇ ਦੋ-ਤਿੰਨ ਹਫਤੇ ਖਿਰਨੀਆਂ ਖਾਣ ਦਾ ਮਜ਼ਾ ਆਂਦਾ ਸੀ ਜੋ ਪੀਲੀਆਂ ਕਚੂਰ ਖਜੂਰਾਂ ਦੀ ਗਿੜਕੀ ਵਰਗੀ ਗਿੜਕੀ ਪਰ ਗੋਟੀਆਂ ਘੱਟ, ਅਨੰਦ ਸੀ।

ਗਰਮੀਆਂ ਵਿਚ ਘਰੋਂ ਘਰ ਦੀ ਕੱਢੀ ਖੰਡ ਲੈ ਜਾਈਦੀ ਸੀ। ਸਕੂਲ ਦੀ ਛੁੱਟੀ ਹੁੰਦੇ ਸਾਰ ਗੁਰਦੁਆਰੇ ਦੀ ਹਲਟੀ 'ਤੇ ਮਿੱਠਾ ਪਾਣੀ ਬਣਾ ਲੈਣਾ ਤਾਂ ਘਰ ਪਹੁੰਚਣਾ। ਸੰਗਰਾਂਦ ਵਾਲੇ ਦਿਨ ਪਰਸ਼ਾਦ ਲੈਣ ਲਈ ਛੁੱਟੀ ਮਿਲਦੀ ਸੀ। ਜੇ ਕਹਿ ਦਵੋ ਅਰਦਾਸ ਤਾਂ ਕਰਾਈ ਬਾਬਾ ਬਲੀ ਸਿੰਘ ਦੂਹਰਾ ਗੱਫਾ ਦੇ ਦਿੰਦਾ ਸੀ।

ਕਈ ਵੇਰ ਝੂਠ ਪਕੜਿਆ ਵੀ ਗਿਆ। ਇਕ-ਦੋ ਵੇਰ ਬਾਬਾ ਬਲੀ ਸਿੰਘ ਦੇ ਬਣਾਏ ਪਰਸ਼ਾਦੇ ਵੀ ਖਾਧੇ- ਇਕ ਬਥੇਰਾ ਹੁੰਦਾ ਸੀ। ਜਦੋਂ ਜ਼ਿਆਦਾ ਲਗਾਤਾਰ ਤੰਗ ਕਰਨ ਲੱਗ ਪਏ ਫਿਰ ਬਾਬਾ ਕਹਿਣ ਲੱਗ ਪਿਆ ਔਹ ਪਿਆ ਆਟਾ, ਬਣਾਓ ਤੇ ਖਾਓ। ਫਿਰ ਭੁੱਖ ਕਿੱਥੇ ਰਹਿਣੀ ਸੀ।

ਚਲੋ, ਹੁਣ ਗੱਲ ਹਰੜਾਂ ਕੀ ਕਰਦੇ ਹਾਂ। ਹਰੜਾਂ ਪੇਟ ਦੇ ਦਰਦ ਲਈ ਕੰਮ ਆਂਦੀਆਂ ਹਨ। ਇਕ ਤਾਂ ਪੇਟ ਦਰਦ ਬੜੀ ਕਿਸਮ ਦਾ ਹੁੰਦਾ ਹੈ। ਕੋਈ ਕਹਿ ਦਿੰਦਾ ਚਿੱਤ ਠੀਕ ਨਹੀਂ, ਕੋਈ ਕਹਿੰਦਾ ਕਾਲਜਾ ਬਾਹਰ ਨੂੰ ਆਂਦਾ ਕੋਈ ਕਹਿੰਦਾ ਵੱਟ ਉਠਦੇ, ਕੋਈ ਆਂਹਦਾ ਵੱਤ ਜੇ ਨਿਕਲਦੇ, ਕੋਈ ਕਹਿ ਦਿੰਦਾ, ਗੈਸ ਬੰਦ ਐ, ਗੈਸ ਬਹੁਤੀ ਬਣਦੀ, ਡਕਾਰ ਨੀਂ ਔਂਦਾ, ਡਕਾਰ ਬਹੁਤੇ ਆਂਦੇ।

ਕੋਈ ਕਹਿੰਦੀ, 'ਵੈਰੀਆ ਨਿੰਬੂ ਲਿਆ ਦੇ ਵੇ, ਮੇਰੇ ਉਠੀ ਕਲੇਜੇ ਪੀੜ'। ਇਕ ਬੀੜੇ ਦਾ ਦਰਦ ਵੀ ਹੁੰਦਾ, ਜੋ ਅਕਸਰ ਘਾਤਕ ਹੁੰਦਾ। ਗਰਮ ਪਾਣੀ ਦੀ ਬੋਤਲ ਫੇਰ ਦਿੰਦੇ ਹਨ ਪਰ ਆਰਾਮ ਘੱਟ ਹੀ ਬਣਦਾ। ਸ਼ਾਇਦ ਇਹ ਅਪੈਂਡਿਕਸ ਦਾ ਦਰਦ ਹੁੰਦਾ ਸੀ। ਪਿੰਡਾਂ ਵਿਚ ਹਕੀਮ ਨੇੜੇ ਹੁੰਦੇ ਨਹੀਂ ਸਨ, ਜੇ ਨਾਲ ਜਾਣ ਦੀ ਹਿੰਮਤ ਹੁੰਦੀ ਤਾਂ ਵੈਦ ਜੀਭ ਕਢਾ ਕੇ, ਅੱਖ ਪੱਟ ਕੇ ਦੇਖਦੇ ਤਾਂ ਨਾਲ ਸ਼ੀਸ਼ੇ ਦੀ ਸ਼ੀਸ਼ੀ ਵਿਚ ਕਰੂਰਾ (ਪਿਸ਼ਾਬ) ਲਿਜਾਣਾ ਹੁੰਦਾ ਸੀ। ਐਨੇ ਵਿਚ ਹੀ ਉਹ ਮਰਜ਼ ਲੱਭ ਲੈਂਦਾ ਸੀ। ਕਈ ਨਬਜ਼ ਦੇਖ ਕੇ ਦੱਸ ਦਿੰਦੇ ਕੀ ਦਵਾਈ ਦੇਣੀ ਐ। ਫਿਰ ਜੋ ਜੋ ਤਕਲੀਫ ਹੁੰਦੀ ਉਸ ਮੁਤਾਬਕ ਮਾਮ ਜਿਸਤੇ ਵਿਚ ਜੜੀ-ਬੂਟੀਆਂ ਹਰੜ ਪੀਸ ਕੇ ਪੁੜੀਆਂ ਬਣਾ ਦਿੰਦੇ। ਕਦੇ ਕਦਾਈਂ 12 ਨੰਬਰ ਪੀਣ ਵਾਲੀ ਦਵਾਈ ਦਿੰਦੇ। ਕਈ ਵੇਰ ਘਰੇ ਪਹੁੰਚਣ ਤਕ ਬਜ਼ੁਰਗ ਭੁੱਲ ਵੀ ਜਾਂਦੇ ਕਿਹੜੀ ਪੁੜੀ ਕਦੋਂ ਦੇਣੀ। ਖਾਖੀ ਬੱਟੀਆਂ (ਗੋਲੀਆਂ) ਤਾਂ ਕਿਤੇ ਬਾਅਦ ਵਿਚ ਆਈਆਂ। ਇਹ ਤੇ ਬਾਣੀਏ ਵੀ ਰੱਖ ਲੈਂਦੇ ਸੀ। ਕਹਿੰਦੇ ਨੇ ਟੂਣੇ ਵੀ ਏਦਾਂ ਹੀ ਸ਼ੁਰੂ ਹੋਏ। ਪਿੰਡ ਦੇ ਚੌਰਾਹੇ 'ਤੇ ਮਰਜ਼ ਮੁਤਾਬਕ ਸਮਾਨ ਰੱਖ ਦਿੰਦੇ ਸੀ। ਆਂਦੇ-ਜਾਂਦੇ ਰਾਹੀ ਦੱਸ ਪਾ ਦਿੰਦੇ ਸੀ ਕਿ ਫਲਾਣੇ ਥਾਂ ਇਸਦਾ ਇਲਾਜ ਕਰਵਾਓ। ਕਈ ਵੇਰ ਲੋਕੀਂ ਹਥੌਲਾ ਵੀ ਕਰਵਾ ਲੈਂਦੇ। ਕੁਝ ਬਜ਼ੁਰਗ ਧਰਨ ਦੀ ਮਰਜ਼ ਦੱਸ ਕੇ ਇਲਾਜ ਕਰਦੇ। ਤੜਾਗੜੀ ਵੀ ਸ਼ਾਇਦ ਲੜਕਿਆਂ ਦੇ ਤਾਹੀਂ ਪਾਈ ਹੁੰਦੀ ਸੀ ਕਿ ਪੇਟ ਦੀ ਤਕਲੀਫ ਨਾ ਹੋਵੇ, ਹੁਣ ਡਾ. ਗਿੱਲ ਦਾ ਤਹਿ ਦਿਲੋਂ ਧੰਨਵਾਦ ਤਾਂ ਬਣਦਾ ਜਿਸ ਨੇ ਬਚਪਨ ਯਾਦ ਕਰਵਾ ਦਿੱਤਾ। 'ਵਸਦਾ ਰਹੁ ਮਿੱਤਰਾ, ਰੱਬ ਵਰਗਾ ਆਸਰਾ ਤੇਰਾ।'

# ਭਾਰਤ ਵਿਚ ਵਿਚਾਰਾਂ ਦੀ ਅਸਹਿਮਤੀ ਵੀ ਬਣ ਰਹੀ ਹੈ ਜੁਰਮ

## (ਸੁਪਰੀਮ ਕੋਰਟ ਨੇ ਸਰਕਾਰ ਨੂੰ ਓਰਵੈਲੀਅਨ ਡਿਸਟੋਪੀਆ ਕਿਹਾ)



**ਹਰਜੀਤ ਸਿੰਘ ਗਿੱਲ**
**ਫੋਨ: +1 647 542 0007 (ਕਨੇਡਾ)**
**+91 98889 45127 (ਭਾਰਤ)**

2 ਸਤੰਬਰ 2026 ਦੇ ਆਪਣੇ ਫ਼ੈਸਲੇ ਵਿਚ ਇਲਾਹਾਬਾਦ ਹਾਈ ਕੋਰਟ ਦੀ ਡਿਵੀਜ਼ਨ ਬੈਂਚ, ਜਸਟਿਸ ਅਤੁੱਲ ਸ੍ਰੀ ਧਰਨ ਅਤੇ ਅਚੱਲ ਸਚਦੇਵ, ਨੇ ਆਕ੍ਰਿਤੀ ਚੌਧਰੀ ਦੀ ਨੈਸ਼ਨਲ ਸਕਿਊਰਿਟੀ ਐਕਟ (NSA) ਅਧੀਨ ਨਜ਼ਰਬੰਦੀ ਰੱਦ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਨਜ਼ਰਬੰਦੀ ਦੇ ਆਧਾਰ ਠੋਸ ਕਾਰਨਾਂ ਤੋਂ ਖਾਲੀ, ਅਟਕਲਾਂ ਭਰੀ ਰਾਏ ਉੱਤੇ ਆਧਾਰਿਤ ਸਨ ਅਤੇ ਇਸ ਝੂਠੇ ਕੇਸ ਨੂੰ ਘੜਨ ਲਈ ਦਿਮਾਗ਼ ਦੀ ਸਹੀ ਵਰਤੋਂ ਨਹੀਂ ਹੋਈ। ਅਦਾਲਤ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਆਕ੍ਰਿਤੀ ਨੂੰ ਇੱਕ ਉਦਾਹ੍ਰਨ ਬਣਾਉਣ ਅਤੇ ਹੋਰਨਾਂ ਨਾਗਰਿਕਾਂ ਨੂੰ ਜਨਤਕ ਥਾਵਾਂ ’ਤੇ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਡਰਾਉਣ ਦੀ ਕੋਸ਼ਿਸ਼ ਨਜ਼ਰ ਆਉਂਦੀ ਹੈ। ਅਦਾਲਤ ਨੇ ਆਪਣੀਆਂ ਸਖ਼ਤ ਟਿੱਪਣੀਆਂ ਵਿਚ ਕਿਹਾ ਕਿ ਅਧਿਕਾਰੀਆਂ ਦੀ ਵਫ਼ਾਦਾਰੀ ਰਾਜਨੀਤਿਕ ਨੇਤਾਵਾਂ ਪ੍ਰਤੀ ਨਹੀਂ ਹੋਣੀ ਚਾਹੀਦੀ, ਉਨ੍ਹਾਂ ਦੀ ਪ੍ਰਤੀਬੱਧਤਾ ਸੰਵਿਧਾਨ ਪ੍ਰਤੀ ਹੁੰਦੀ ਹੈ। ਹਾਈ ਕੋਰਟ ਨੇ ਆਕ੍ਰਿਤੀ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਕੀਤਾ ਅਤੇ ਇਹ ਰਕਮ ਗੌਤਮ ਬੁੱਧ ਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਅਤੇ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਦੀਆਂ ਤਨਖ਼ਾਹਾਂ ਵਿਚੋਂ ਵਸੂਲਣ ਲਈ ਕਿਹਾ, ਇੱਥੋਂ ਤੱਕ ਕਿ ਉਸ ਐੱਸ.ਐੱਚ.ਓ. ਤੱਕ ਜਿਸ ਨੇ ਸ਼ੁਰੂਆਤੀ ਰਿਪੋਰਟ ਤਿਆਰ ਕੀਤੀ ਸੀ। ਅਦਾਲਤ ਨੇ ਸੰਬੰਧਿਤ ਅਧਿਕਾਰੀਆਂ ਦੀ ਸਰਵਿਸ ਬੁੱਕ ਦੇ ਰਿਕਾਰਡ ਵਿਚ ਵੀ ਆਪਣੀ ਨਾਰਾਜ਼ਗੀ ਦਰਜ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ 11 ਅਪ੍ਰੈਲ ਦੀ ਗ੍ਰਿਫ਼ਤਾਰੀ ਅਤੇ 12 ਅਪ੍ਰੈਲ ਨੂੰ ਦਿਖਾਈ ਗਈ ਰਸਮੀ ਗ੍ਰਿਫ਼ਤਾਰੀ ਬਾਰੇ ਪੁਲਿਸ ਦੇ ਰਿਕਾਰਡ ਵਿਚ ਗੰਭੀਰ ਵਿਰੋਧਾਭਾਸ ਨੋਟ ਕੀਤੇ। ਅਦਾਲਤ ਨੇ ਕਿਹਾ ਕਿ ਲੋਕਾਂ ਨੂੰ ਜਨਤਕ ਥਾਵਾਂ ਵਿਚ ਇਕੱਠੇ ਹੋਣ ਜਾਂ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਤੋਂ ਸਿਰਫ਼ ਸ਼ਾਂਤੀ ਭੰਗ ਹੋਣ ਦੇ ਅਨੁਮਾਨ ਦੇ ਆਧਾਰ ’ਤੇ ਰੋਕਣਾ ਠੀਕ ਨਹੀਂ। ਅਦਾਲਤ ਨੇ ਇਸ ਸੰਦਰਭ ਵਿਚ ਕਿਹਾ ਕਿ ਅਜਿਹਾ ਕਰਨਾ ਸੰਵਿਧਾਨ ਵਿਚ ਦਿੱਤੇ ਹੋਏ ਨਾਗਰਿਕ ਅਧਿਕਾਰ ਨੂੰ ਸੱਤਾ ‘ਤੇ ਬੈਠੇ ਰਾਜਨੀਤੀਵਾਨਾਂ ਦੇ ਇਸ਼ਾਰੇ ਤੇ ਗੁਆ ਦੇਣ ਦੇ ਤੁੱਲ ਹੋਵੇਗਾ।

1984 ਵਿਚ ਲਿਖੇ ਜਾਰਜ ਓਰਵੇਲ ਦੇ ਨਾਵਲ ਵਿਚ ਦੱਸੀ ਗਈ ਓਰਵੈਲੀਅਨ ਡਿਸਟੋਪੀਆ ਕਿਸਮ ਦੀ ਸੱਤਾ, ਜਿੱਥੇ ਨਿਗਰਾਨੀ, ਡਰ, ਪ੍ਰਾਪੇਗੰਡਾ, ਭਾਸ਼ਾ ਅਤੇ ਸ਼ਬਦਾਂ ਦੀ ਹੇਰਾ-ਫੇਰੀ ਨਾਲ ਸੱਚ ਨੂੰ ਬਦਲ ਕੇ ਲੋਕਾਂ ਦੀ ਸੋਚ ਅਤੇ ਵਿਹਾਰ ਨੂੰ ਕਾਬੂ ਕੀਤਾ ਜਾਂਦਾ ਹੈ। ਜਿੱਥੇ ਸੱਤਾ ਕਹਿੰਦੀ ਹੈ ਕਿ ਤੁਸੀਂ ਇਹ ਕੰਮ ਨਹੀਂ ਕਰ ਸਕਦੇ ਸਗੋਂ ਇਸ ਤੋਂ ਵੀ ਅੱਗੇ ਕਿ ਤੁਸੀਂ ਇਹ ਸੋਚ ਵੀ ਨਹੀਂ ਸਕਦੇ। ਵਿਅਕਤੀ ਦੇ ਕੰਮ ‘ਤੇ ਹੀ ਨਹੀਂ, ਉਸ ਦੀ ਸੋਚ, ਭਾਵਨਾ ਅਤੇ ਵਫ਼ਾਦਾਰੀ ਤੱਕ ਉੱਤੇ ਨਿਗਰਾਨੀ ਕਰਨ ਦੀ ਜਿਦ ਹੁੰਦੀ ਹੈ। ਇਹ ਲੋਕਾਂ ਦੇ ਮਨ ਵਿਚ ਇਹ ਡਰ ਪੈਦਾ ਕਰਨ ਲਈ ਕੀਤਾ ਜਾਂਦਾ ਹੈ ਕਿ ਕੋਈ ਤੁਹਾਨੂੰ ਹਰ ਵੇਲੇ ਦੇਖ ਰਿਹਾ ਹੈ, ਤੁਹਾਡੀ ਨਿਗਰਾਨੀ ਕਰ ਰਿਹਾ ਹੈ। ਇੱਕ ਓਰਵੇਲੀਅਨ ਰਾਜ ਇੱਕ ਤਾਨਾਸ਼ਾਹੀ ਸ਼ਾਸਨ ਹੁੰਦਾ ਹੈ ਜਿਸ ਦੀ ਵਿਸ਼ੇਸ਼ਤਾ ਬੇਰਹਿਮ ਅਤੇ ਬੇਕਿਰਕ ਸਰਕਾਰੀ ਨਿਗਰਾਨੀ, ਗ਼ਲਤ ਪ੍ਰਣਾਲੀਗਤ (Systematic) ਜਾਣਕਾਰੀਆਂ, ਬੇਵਕੂਫ਼ੀ ਭਰੀ ਤਾਕਤ ਅਤੇ ਵਿਅਕਤੀਗਤ ਆਜ਼ਾਦੀ ਦੇ ਉੱਤੇ ਸੰਪੂਰਨ ਦਮਨ ਦੁਆਰਾ ਹੁੰਦੀ ਹੈ। ਇੱਕ ‘ਓਰਵੈਲੀਅਨ’ ਰਾਜ ਵਿਚ, ਸੱਤਾਧਾਰੀ ਸ਼ਾਸਨ ਕਈ ਵੱਖ-ਵੱਖ ਤਰੀਕਿਆਂ ਰਾਹੀਂ ਜਨਤਕ ਵਿਹਾਰ ਅਤੇ ਨਿੱਜੀ ਵਿਚਾਰਾਂ ਦੋਵਾਂ ‘ਤੇ ਪੂਰਨ ਨਿਯੰਤਰਨ ਬਣਾਈ ਰੱਖਦਾ ਹੈ। ਜੇ ਤੁਹਾਡੀ ਸੋਚ ਸੱਤਾ ਦੀ ਅਧਿਕਾਰਤ ਵਿਚਾਰਧਾਰਾ ਦੇ ਵਿਰੁੱਧ ਹੈ ਤਾਂ ਉਹ ਵਿਚਾਰ ਇੱਕ ਅਪਰਾਧ ਬਣ ਜਾਂਦਾ ਹੈ। ਸੱਤਾ ਲੋਕਾਂ ਨੂੰ ਸਿਰਫ਼ ਸੈਂਸਰਸ਼ਿਪ ਰਾਹੀਂ ਹੀ ਨਹੀਂ ਰੋਕਦੀ ਉਹ ਭਾਸ਼ਾ ਹੀ ਬਦਲ ਦਿੰਦੀ ਹੈ। ਜੇਕਰ ਵਿਚਾਰ ਕਰਨ ਵਾਲੇ ਸ਼ਬਦ ਹੀ ਖੋਹ ਲਏ ਜਾਣ ਤਾਂ ਕਿਸੇ ਵੀ ਵਿਚਾਰ ਨੂੰ ਸਪਸ਼ਟ ਕਰਨਾ ਅਸੰਭਵ ਹੋ ਸਕਦਾ ਹੈ। ਸੱਤਾ ਇੱਕ ਗੱਲ ਅੱਜ ਕਹਿੰਦੀ ਹੈ ਅਤੇ ਜੇਕਰ ਕੱਲ੍ਹ ਉਸ ਦਾ ਉਲਟ ਵੀ ਕਹਿੰਦੀ ਹੈ ਤਾਂ ਵੀ ਲੋਕਾਂ ਨੂੰ ਦੋਵੇਂ ਗੱਲਾਂ ਸੱਚ ਮੰਨਣ ਲਈ ਤਿਆਰ ਕਰ ਦਿੰਦੀ ਹੈ। ਇਹ ਓਰਵੈਲੀਅਨ ਡਿਸਟੋਪੀਆ ਦੀ ਅਸਲੀ ਜਿੱਤ ਹੁੰਦੀ ਹੈ ਕਿ ਨਾਗਰਿਕ ਆਪਣੇ-ਆਪ ਨੂੰ ਇਸ ਲਈ ਆਪ ਹੀ ਸੈਂਸਰ ਕਰਨ ਲੱਗ ਪੈਂਦਾ ਹੈ ਕਿ ਕਿਤੇ ਇਹ ਨਾ ਹੋਵੇ ਕਿ ਸਰਕਾਰ ਨੂੰ ਤੁਹਾਡੀ ਗੱਲ ਪਸੰਦ ਨਾ ਹੋਵੇ। ਸਰਕਾਰ ਤੁਹਾਨੂੰ ਡਰਾਉਂਦੀ ਹੈ ਅਤੇ ਡਰ ਦੇ ਸਾਏ ਹੇਠ ਤੁਸੀਂ ਸੋਚਦੇ ਹੋ ਕਿ ਸਰਕਾਰ ਤੁਹਾਨੂੰ ਦੇਖ ਰਹੀ ਹੈ। ਇਸ ਤਰ੍ਹਾਂ ਲੋਕਤੰਤਰਿਕ ਸ਼ਾਸਨ ਦੀ ਬਜਾਏ ਡਰ-ਅਧਾਰਿਤ ਸਮਾਜਿਕ ਨਿਯੰਤਰਨ ਦੇ ਖਿਸਕ ਜਾਣ ਦਾ ਖ਼ਤਰਾ ਉਤਪੰਨ ਹੋ ਜਾਂਦਾ ਹੈ।

ਕੌਣ ਹੈ ਇਹ ਜ਼ਿਲ੍ਹਾ ਜੱਜ ਮੇਧਾ ਰੂਪਮ? ਜਿਸ ਦੇ ਖ਼ਿਲਾਫ਼ ਅਦਾਲਤ ਨੂੰ ਏਨੀਆਂ ਸਖ਼ਤ ਟਿੱਪਣੀਆਂ ਕਰਨੀਆਂ ਪਈਆਂ। 2014 ਬੈਚ ਦੀ ਭਾਰਤੀ ਪ੍ਰਸ਼ਾਸਨਿਕ ਸੇਵਾ ਦੀ (IAS) ਅਧਿਕਾਰੀ, ਗਿਆਨੇਸ਼ ਕੁਮਾਰ ਨਾਂ ਦੇ ਸੇਵਾ ਮੁਕਤ ਆਈ.ਏ.ਐੱਸ. ਅਧਿਕਾਰੀ, ਜੋ ਹੁਣ ਭਾਰਤ ਦਾ ਮੁੱਖ ਚੋਣ ਕਮਿਸ਼ਨਰ ਹੈ ਦੀ ਬੇਟੀ ਹੈ। ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਉਸ ਵਰਗੇ ਹੋਰ ਕਈ ਸ਼ਕਤੀਸ਼ਾਲੀ ਕੁਰਸੀਆਂ ‘ਤੇ ਬੈਠੇ ਲੋਕ ਆਪਣੇ ਸਿਆਸੀ ਆਕਾਵਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਸੰਵਿਧਾਨ ਦੀ ਕੋਈ ਪ੍ਰਵਾਹ ਨਹੀਂ ਕਰਦੇ। ਮੇਧਾ ਰੂਪਮ ਡੀ.ਐੱਮ. ਗੌਤਮ ਬੁੱਧ ਨਗਰ ਵਜੋਂ ਆਪਣੀ ਪੋਸਟਿੰਗ ‘ਤੋਂ ਪਹਿਲਾਂ ਡੀ.ਐੱਮ. ਕਾਸਗੰਜ ਵਜੋਂ ਸੇਵਾ ਨਿਭਾ ਚੁੱਕੀ ਹੈ। ਇਸ ਤੋਂ ਪਹਿਲਾਂ ਅਪ੍ਰੈਲ 2022 ਵਿਚ, ਉਹ ਹਾਪੁੜ ਦੇ ਜ਼ਿਲ੍ਹਾ ਮੈਜਿਸਟ੍ਰੇਟ ਵਜੋਂ ਤਾਇਨਾਤ ਰਹੀ। ਇਸ ਤੋਂ ਬਾਅਦ ਉਸਨੇ ਗ੍ਰੇਟਰ ਨੋਇਡਾ ਅਥਾਰਿਟੀ ਦੀ ਵਧੀਕ ਮੁੱਖ ਕਾਰਜਕਾਰੀ ਅਧਿਕਾਰੀ (ਏਸੀਈਓ) ਦਾ ਅਹੁਦਾ ਸੰਭਾਲਿਆ। ਆਕ੍ਰਿਤੀ ਚੌਧਰੀ ਦੀ ਐਨ.ਐੱਸ.ਏ. ਅਧੀਨ ਨਜ਼ਰਬੰਦੀ ਵਾਲੇ ਮਾਮਲੇ ਵਿਚ ਇਲਾਹਾਬਾਦ ਹਾਈਕੋਰਟ ਨੇ ਜ਼ਿਲ੍ਹਾ ਮੈਜਿਸਟ੍ਰੇਟ ਮੇਧਾ ਰੂਪਮ ਵੱਲੋਂ ਜਾਰੀ ਕੀਤੇ ਨਜ਼ਰਬੰਦੀ ਦੇ ਹੁਕਮ ਦੀ ਕਾਨੂੰਨੀ ਜਾਂਚ ਕੀਤੀ ਅਤੇ ਉਸ ਨੂੰ ਰੱਦ ਕਰ ਦਿੱਤਾ। ਆਈ.ਏ.ਐੱਸ. ਅਧਿਕਾਰੀ ਮੇਧਾ ਰੂਪਮ ਦੇ ਅਧਿਕਾਰੀ ਬਣਨ ‘ਤੇ ਵੀ ਸੁਆਲ ਚੁੱਕੇ ਜਾ ਰਹੇ ਹਨ। ਮੁੱਖ ਕਾਰਨ ਉਨ੍ਹਾਂ ਦਾ ਪਰਿਵਾਰਕ ਪਿਛੋਕੜ ਹੈ। ਉਨ੍ਹਾਂ ਦੇ ਪਿਤਾ ਗਿਆਨੇਸ਼ ਕੁਮਾਰ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਹਨ। ਇਸ ਕਰਕੇ ਉਨ੍ਹਾਂ ਦੀ ਨਿਯੁਕਤੀ ਅਤੇ ਤੇਜ਼ ਪ੍ਰਸ਼ਾਸਨਿਕ ਤਰੱਕੀ ਬਾਰੇ ਨੈਪੋਟਿਜ਼ਮ ਜਾਂ ਪ੍ਰਭਾਵ ਦੀਆਂ ਧਾਰਨਾਵਾਂ ਸੋਸ਼ਲ ਮੀਡੀਆ ਅਤੇ ਸਿਆਸੀ ਬਹਿਸ ਵਿਚ ਉੱਠੀਆਂ ਹਨ। ਨੋਇਡਾ ਪੁਲਿਸ ਕਮਿਸ਼ਨਰ ਲਕਸ਼ਮੀ ਸਿੰਘ ਦਾ ਨਾਮ ਵੀ ਇਸ ਪੂਰੇ ਪ੍ਰਸ਼ਾਸਨਿਕ ਢਾਂਚੇ ਦੇ ਸੰਦਰਭ ਵਿਚ ਆਉਂਦਾ ਹੈ। ਅਪ੍ਰੈਲ 2026 ਨੂੰ ਨੋਇਡਾ ਦੀ ਮਜ਼ਦੂਰ ਹੜਤਾਲ ਦੇ ਦੌਰਾਨ ਇਕੱਲੀ ਆਕ੍ਰਿਤੀ ਚੌਧਰੀ ਤੇ ਹੀ ਐਨ.ਐੱਸ.ਏ. ਨਹੀਂ ਸੀ ਲਗਾਇਆ ਗਿਆ ਸਗੋਂ ਸਤਿਅਮ ਵਰਮਾ ਨਾਂ ਦਾ ਇੱਕ ਹੋਰ ਐਕਟੀਵਿਸਟ ਵੀ ਇਸੇ ਢੰਗ ਨਾਲ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਕਈ ਹੋਰ ਨੌਜਵਾਨ ਵੀ ਜੇਲ੍ਹਾਂ ਵਿਚ ਦਸ-ਦਸ ਬਾਰਾਂ-ਬਾਰਾਂ ਐੱਫ਼.ਆਈ.ਆਰ. ਕਰਕੇ ਬੰਦ ਕੀਤੇ ਹੋਏ ਹਨ। ਮਕਸਦ ਇਹ ਕਿ ਕਿ ਇਨ੍ਹਾਂ ਲੋਕਾਂ ਨੂੰ ਲੰਮਾ ਸਮਾਂ ਹਿਰਾਸਤ ਵਿਚ ਰੱਖਿਆ ਜਾਵੇ। ਜਦ ਉਹ ਇੱਕ ਕੇਸ ਵਿਚੋਂ ਜ਼ਮਾਨਤ ਕਰਾਉਂਦੇ ਹਨ ਤਾਂ ਪਹਿਲਾਂ ਹੀ ਦੂਸਰੇ ਕੇਸ ਵਿਚ ਬੁੱਕ ਕੀਤੇ ਹੋਣ ਕਰਕੇ ਉਹ ਜੇਲ੍ਹ ਵਿਚੋਂ ਬਾਹਰ ਨਹੀਂ ਨਿਕਲ ਸਕਦੇ ਅਤੇ ਉਨ੍ਹਾਂ ਦੀ ਖੱਜਲ-ਖ਼ੁਆਰੀ ਅਤੇ ਪੜਤਾੜਨਾ ਓਨਾ ਚਿਰ ਚਲਦੀ ਹੀ ਰਹਿੰਦੀ ਹੈ, ਜਿਨ੍ਹਾਂ ਚਿਰ ਉਨ੍ਹਾਂ ਦੀ ਰਾਜਨੀਤਕ ਚੇਤਨਾ ਵਾਲੀ ਸਰਗਰਮੀ (Political Activism) ਮਰ ਨਹੀਂ ਜਾਂਦੀ।

ਅਫ਼ਸਰ ਕਿਸ ਕਦਰ ਸੱਤਾ ਦੇ ਸਾਹਮਣੇ ਗੋਡੇ ਟੇਕਦੇ ਹੋਏ ਨਾਗਰਿਕਾਂ ਵਿਰੁੱਧ ਭੁਗਤਦੇ ਹਨ। ਇਸ ਦੀ ਇੱਕ ਹੋਰ ਤਾਜ਼ੀ ਮਿਸਾਲ ਸਾਹਮਣੇ ਆਈ ਹੈ। ਇਕ ਜ਼ੋਨਲ ਮਜਿਸਟਰੇਟ ਜੋ ਕਿ ਅਸਿਸਟੈਂਸ ਕਮਿਸ਼ਨਰ ਉੱਤਰ ਪ੍ਰਦੇਸ਼ ਪੁਲੀਸ ਹੈ। ਰਵੀ ਸ਼ੰਕਰ ਨਾ ਦੇ ਇਸ ਅਧਿਕਾਰੀ ਵੱਲੋਂ ਸੁਪਰੀਮ ਕੋਰਟ ਦੇ ਪਹਿਲੀ ਸਤੰਬਰ ਦੇ ਹੁਕਮਾਂ ਨੂੰ ਟਿੱਚ ਜਾਣਦਿਆਂ ਦਿੱਲੀ ਯੂਨੀਵਰਸਿਟੀ ਦੇ ਲਾਅ ਵਿਭਾਗ ਦੇ ਦੂਸਰੇ ਸਾਲ ਦੇ ਵਿਦਿਆਰਥੀ ਅਕਸ਼ਤ ਤ੍ਰਿਪਾਠੀ ਨੂੰ 4 ਸਤੰਬਰ ਵਾਲੇ ਦਿਨ ਇੱਕ ਐਗਜ਼ੀਕਿਊਟਿਵ ਆਰਡਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀਆਂ ਧਾਰਾਵਾਂ 126 ਅਤੇ 135 ਤਹਿਤ ਦਿੱਤਾ ਗਿਆ। ਅਕਸ਼ਤ ਤ੍ਰਿਪਾਠੀ, ਜੋ ਗੌਤਮ ਬੁੱਧ ਯੂਨੀਵਰਸਿਟੀ ਦਾ ਵਿਦਿਆਰਥੀ ਹੈ ਅਤੇ ਉਹ ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਨਾਲ ਜੁੜਿਆ ਹੋਇਆ ਹੈ। ਉਸ ਤੋਂ 5 ਲੱਖ ਦਾ ਪਰਸਨਲ ਬਾਂਡ ਅਤੇ ਦੋ 5-5 ਲੱਖ ਦੀਆਂ ਦੋ ਹੋਰ ਜ਼ਮਾਨਤਾਂ ਮੰਗੀਆਂ ਗਈਆਂ। ਦੋਸ਼ ਇਹ ਸੀ ਕਿ ਉਹ ਵਿਦਿਆਰਥੀਆਂ ਨੂੰ ਕਾਕਰੋਚ ਜਨਤਾ ਪਾਰਟੀ ਦੇ ਧਰਨੇ ਵਿਚ ਸ਼ਾਮਲ ਹੋਣ ਲਈ ਉਕਸਾ ਰਿਹਾ ਸੀ। ਤ੍ਰਿਪਾਠੀ ਜੋ ਲਾਅ ਦਾ ਵਿਦਿਆਰਥੀ ਹੋਣ ਨਾਤੇ ਕਾਨੂੰਨ ਦੀ ਸਮਝ ਰੱਖਦਾ ਹੈ, ਨੇ ਇਸ ਨੂੰ ਆਰਟੀਕਲ 19 ਦੇ ਆਪਣੇ ਬੋਲਣ ਅਤੇ ਸ਼ਾਂਤਮਈ ਇਕੱਠ ਦੇ ਅਧਿਕਾਰ ਅਤੇ ਆਰਟੀਕਲ 21 ਦੀ ਨਿੱਜੀ ਆਜ਼ਾਦੀ ਦੇ ਵਿਰੁੱਧ ਦੱਸਦਿਆਂ ਸੁਪਰੀਮ ਕੋਰਟ ਦਾ ਰੁਖ ਕੀਤਾ। ਸੁਪਰੀਮ ਕੋਰਟ ਨੇ 1ਸਤੰਬਰ 2026 ਨੂੰ ਜੰਤਰ ਮੰਤਰ ਵਿਦਿਆਰਥੀ ਪ੍ਰਦਰਸ਼ਨਾਂ ਨਾਲ ਸਬੰਧਿਤ ਸਾਰੀਆਂ ਐੱਫ਼.ਆਈ.ਆਰ. ਰੱਦ ਕਰਕੇ ਵਿਦਿਆਰਥੀਆਂ ਵਿਰੁੱਧ ਕਾਰਵਾਈ ਤੋਂ ਰੋਕਿਆ ਸੀ। ਇਸ ਤੋਂ ਬਾਅਦ 9 ਸਤੰਬਰ ਨੂੰ ਸੁਪਰੀਮ ਕੋਰਟ ਨੇ ਗ੍ਰੇਟਰ ਨੋਇਡਾ ਦੇ ਮੈਜਿਸਟ੍ਰੇਟ ਦੀ ਕਾਰਵਾਈ ਉੱਤੇ ਸਖ਼ਤ ਸਵਾਲ ਉਠਾਏ ਅਤੇ ਇੱਥੋਂ ਤਕ ਕਿਹਾ ਕਿ ਤੁਹਾਡੀ ਹਿੰਮਤ ਕਿਵੇਂ ਹੋਈ। ਜਦੋਂ ਅਦਾਲਤ ਦਾ ਹੁਕਮ ਸਪਸ਼ਟ ਸੀ ਤਾਂ ਅਜਿਹਾ ਨੋਟਿਸ ਕਿਵੇਂ ਜਾਰੀ ਕੀਤਾ ਗਿਆ? 10 ਸਤੰਬਰ ਨੂੰ ਮਿਲੀ ਤਾਜ਼ਾ ਜਾਣਕਾਰੀ ਮੁਤਾਬਕ, ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਸੁਪਰੀਮ ਕੋਰਟ ਨੂੰ ਦੱਸਿਆ ਗਿਆ ਕਿ ਇਹ ਆਰਡਰ ਕਰਨ ਵਾਲੇ ਕਾਰਜਕਾਰੀ ਮੈਜਿਸਟਰੇਟ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸਾਰਾ ਮੀਡੀਆ ਇਸ ਗੱਲ ਨੂੰ ਲੈ ਕੇ ਅਦਾਲਤ ਵਿਚ ਦਿੱਤੀ ਤੁਸ਼ਾਰ ਮਹਿਤਾ ਦੀ ਜਾਣਕਾਰੀ ਤੋਂ ਗੱਦ-ਗੱਦ ਹੋ ਰਿਹਾ ਸੀ। ਲਗਪਗ 24 ਘੰਟੇ ਇਹ ਭੰਬਲਭੂਸਾ ਬਣਿਆ ਰਿਹਾ ਜਦ ਤਕ ਇਹ ਸਪਸ਼ਟ ਨਾ ਹੋਇਆ ਕਿ ਇਹ ਐਗਜ਼ੀਕਿਊਟਿਵ ਆਰਡਰ ਕੱਢਣ ਵਾਲਾ ਪ੍ਰਸ਼ਾਸਨਿਕ ਅਧਿਕਾਰੀ ਰਵੀ ਸ਼ੰਕਰ ਨਹੀਂ ਸਗੋਂ ਸ਼ਿਵਾ ਪਾਂਡੇ ਨਾਂ ਵਾਲਾ ਉੱਤਰ ਪ੍ਰਦੇਸ਼ ਪੁਲਿਸ ਦਾ ਸਬ-ਇੰਸਪੈਕਟਰ ਹੈ। ਸ਼ਿਵਾ ਪਾਂਡੇ ਨੇ ਵਿਦਿਆਰਥੀ ਅਕਸ਼ਤ ਤ੍ਰਿਪਾਠੀ ਬਾਰੇ ਇੱਕ ਪੁਲਿਸ ਰਿਪੋਰਟ ਤਿਆਰ ਕੀਤੀ, ਜਿਸ ਵਿਚ ਦੋਸ਼ ਲਾਇਆ ਗਿਆ ਕਿ ਉਹ ਯੂਨੀਵਰਸਿਟੀ ਦੇ ਹੋਰ ਵਿਦਿਆਰਥੀਆਂ ਨੂੰ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰ ਰਿਹਾ ਸੀ ਅਤੇ ਸਰਕਾਰ ਵਿਰੋਧੀ ਗੁਮਰਾਹਕੁਨ ਗੱਲਾਂ ਫੈਲਾ ਰਿਹਾ ਸੀ। ਇਸ ਰਿਪੋਰਟ ਦੇ ਆਧਾਰ ’ਤੇ ਗ੍ਰੇਟਰ ਨੋਇਡਾ ਕਾਰਜਕਾਰੀ ਮੈਜਿਸਟਰੇਟ ਵੱਲੋਂ 4 ਸਤੰਬਰ ਨੂੰ ਅਕਸ਼ਤ ਨੂੰ 5 ਲੱਖ ਦੇ ਜਾਤੀ ਮੁਚੱਲਕਾ ਭਰਨ ਸਮੇਤ ਛੇ ਮਹੀਨੇ ਸ਼ਾਂਤੀ ਬਣਾਈ ਰੱਖਣ ਲਈ ਨੋਟਿਸ ਜਾਰੀ ਕੀਤਾ ਗਿਆ ਅਤੇ ਬਾਅਦ ਵਿਚ ਇਹ ਨੋਟਿਸ ਵਾਪਸ ਲੈ ਲਿਆ ਗਿਆ। ਤੁਸ਼ਾਰ ਮਹਿਤਾ ਨੇ ਸਪਸ਼ਟ ਕੀਤਾ ਕਿ ਜ਼ਿਲ੍ਹਾ ਮੈਜਿਸਟਰੇਟ ਨੇ ਨਹੀਂ, ਕਿਸੇ ਹੋਰ ਅਧਿਕਾਰੀ ਨੇ ਇਹ ਕਾਰਵਾਈ ਕੀਤੀ ਸੀ ਅਤੇ ਉਸ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬਾਅਦ ਵਿਚ ਯੂ ਪੀ ਡੀ.ਜੀ.ਪੀ. ਹੈਡਕੁਆਰਟਰ ਨੇ ਪੁਸ਼ਟੀ ਕੀਤੀ ਕਿ ਮੁਅੱਤਲ ਕੀਤਾ ਗਿਆ ਪੁਲਿਸ ਅਧਿਕਾਰੀ ਸਬ-ਇੰਸਪੈਕਟਰ ਸ਼ਿਵਾ ਪਾਂਡੇ ਹੈ। ਇਹ ਹੁੰਦੀ ਹੈ ਚਹੇਤੇ ਅਧਿਕਾਰੀਆਂ ਨੂੰ ਬਚਾਉਣ ਦੀ ਕਵਾਇਦ, ਜਦ ਕਿਸੇ ਹੇਠਲੇ ਕਰਮਚਾਰੀ ਦੀ ਬਲੀ ਦੇ ਦਿੱਤੀ ਜਾਂਦੀ ਹੈ। ਪਰ ਬਾਅਦ ਵਿਚ ਇਹ ਮੁਅੱਤਲੀ ਵੀ ਖ਼ਤਮ ਕਰ ਕੇ ਉਸ ਨੂੰ ਮੁਅੱਤਲੀ ਦੇ ਸਮੇਂ ਦੀ ਤਨਖ਼ਾਹ ਸਮੇਤ ਸਾਰੇ ਭੱਤੇ ਦੇ ਕੇ ਬਹਾਲ ਕਰ ਦਿੱਤਾ ਜਾਂਦਾ ਹੈ। ਇਸੇ ਕਰਕੇ ਹੀ ਅਧਿਕਾਰੀ ਅਜਿਹੀ ਦੀਦਾ-ਦਲੇਰੀ ਕਰਦੇ ਹਨ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੇ ਸਿਰ ਉੱਪਰ ਸੱਤਾ ਵਿਚ ਬੈਠੇ ਰਾਜਨੀਤਕ ਆਗੂਆਂ ਦਾ ਹੱਥ ਹੈ। ਅਦਾਲਤਾਂ ਦੇ ਇਨ੍ਹਾਂ ਸਖ਼ਤ ਫ਼ੈਸਲਿਆਂ ਨੂੰ ਪਲਟਾਉਣ ਲਈ ਸਰਕਾਰਾਂ ਕਈ ਹੱਥਕੰਡੇ ਅਪਣਾਉਂਦੀਆਂ ਹਨ। ਅਸੀਂ ਜਲਦ ਭਵਿੱਖ ਵਿਚ ਵੇਖਾਂਗੇ ਕਿ ਮੇਘਾਂ ਰੂਪਨ ਦਾ ਮਾਮਲਾ ਵੀ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਜਾਵੇਗਾ। ਇਸ ਦੇ ਸੰਕੇਤ ਆਉਣੇ ਸ਼ੁਰੂ ਹੋ ਗਏ ਹਨ। ਸੁਪਰੀਮ ਕੋਰਟ ਵਿਚ ਵੀ ਕਈ ਵਿਚਾਰਧਾਰਾਵਾਂ ਦੇ ਜੱਜ ਸਾਹਿਬਾਨ ਬਿਠਾਏ ਹੋਏ ਹਨ ਜੋ ਸਰਕਾਰ ਦੀ ਮਦਦ ਲਈ ਕੰਮ ਕਰਦੇ ਰਹਿੰਦੇ ਹਨ।




ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆ ਨਾਥ ਕਾਨੂੰਨ-ਵਿਵਸਥਾ ਦੇ ਨਾਮ ’ਤੇ ਤਾਨਾਸ਼ਾਹੀ ਲਈ ਬਦਨਾਮ ਮੁੱਖ ਮੰਤਰੀ ਹਨ। ਉੱਤਰ ਪ੍ਰਦੇਸ਼ ਵਿਚੋਂ ਗੁੰਡਾ ਰਾਜ ਖ਼ਤਮ ਕਰਨ ਦੇ ਨਾਂ ਹੇਠ ਉਨ੍ਹਾਂ ਦੇ ਸ਼ਾਸਨ ਕਾਲ ਵਿਚ ਪੁਲਿਸ ਮੁਕਾਬਲਿਆਂ ਦੀ ਝੜੀ ਲਾ ਰੱਖੀ ਹੈ। ਪੁਲਿਸ ਮੁਕਾਬਲਿਆਂ ਵਿਚ ਮਰਨ ਵਾਲੇ ਵਧੀਕ ਲੋਕ ਮੁਸਲਮਾਨ ਸਨ। 2017 ਤੋਂ 7 ਅਕਤੂਬਰ 2024 ਤੱਕ ਉੱਤਰ ਪ੍ਰਦੇਸ਼ ਵਿਚ ਪੁਲਿਸ ਮੁਕਾਬਲਿਆਂ ਵਿਚ 207 ਵਿਅਕਤੀ ਮਾਰੇ ਗਏ। ਉਪਲਬਧ ਧਰਮ ਅਧਾਰਿਤ ਅੰਕੜਿਆਂ ਮੁਤਾਬਕ 67 ਮੁਸਲਮਾਨ ਸਨ ਜੋ ਲਗਭਗ 32.4% ਬਣਦੇ ਹਨ। ਇਸੇ ਸਮੇਂ ਯੂ.ਪੀ. ਦੀ ਮੁਸਲਿਮ ਆਬਾਦੀ ਲਗਭਗ ਸਿਰਫ਼ 19% ਹੈ। 2020 ਵਿਚ ਸਰਕਾਰੀ ਅੰਕੜਿਆਂ ਦੇ ਹਵਾਲੇ ਨਾਲ ਰਿਪੋਰਟ ਹੋਇਆ ਸੀ ਕਿ 125 ਮੌਤਾਂ ਪੁਲਿਸ ਮੁਕਾਬਲੇ ਵਿਚ ਹੋਈਆਂ ਜਿਨ੍ਹਾਂ ਵਿਚੋਂ 47 ਮੁਸਲਮਾਨ ਸਨ ਜੋ ਲਗਭਗ 37.6% ਬਣਦੇ ਹਨ। 2026 ਤੱਕ ਕੁੱਲ ਗਿਣਤੀ ਹੋਰ ਵਧੀ ਹੈ। ਯੂ.ਪੀ. ਸਰਕਾਰ ਦੇ ਅੰਕੜਿਆਂ ਮੁਤਾਬਕ ਮਾਰਚ 2017 ਤੋਂ ਮਈ 2026 ਤੱਕ 17,043 ਪੁਲਿਸ ਮੁਕਾਬਲਿਆਂ ਵਿਚ 289 ਲੋਕ ਮਾਰੇ ਗਏ ਸਨ। ਪਰ ਇਨ੍ਹਾਂ ਤਾਜ਼ਾ ਕੁੱਲ ਅੰਕੜਿਆਂ ਨਾਲ ਧਰਮ ਅਨੁਸਾਰ ਪੂਰਾ ਬ੍ਰੇਕ ਡਾਊਨ ਵੇਰਵਾ ਸਰਕਾਰ ਨੇ ਜਨਤਕ ਨਹੀਂ ਕੀਤਾ। ‘ਹਿੰਦੁਸਤਾਨ ਟਾਈਮਜ਼’ ਅਖ਼ਬਾਰ ਦੀ 18 ਮਈ 2026 ਦੀ ਰਿਪੋਰਟ ਮੁਤਾਬਕ ਸਰਕਾਰ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ, ਉੱਤਰ ਪ੍ਰਦੇਸ਼ ਪੁਲਿਸ ਨੇ ਸਾਲ 2026 ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਮੁਕਾਬਲਿਆਂ ਵਿਚ 23 ਕਥਿਤ ਅਪਰਾਧੀਆਂ ਨੂੰ ਮਾਰ ਦਿੱਤਾ ਹੈ, ਇਸ ਨਾਲ ਸੂਬੇ ਵਿਚ 2017 ਵਿਚ ਭਾਜਪਾ ਸਰਕਾਰ ਦੇ ਸੱਤਾ ਵਿਚ ਆਉਣ ਅਤੇ ਆਪਣੀ ‘ਜ਼ੀਰੋ ਟੋਲਰੈਂਸ’ (ਸਖ਼ਤ ਕਾਰਵਾਈ) ਵਾਲੀ ਕਾਨੂੰਨ-ਵਿਵਸਥਾ ਨੀਤੀ ਲਾਗੂ ਕਰਨ ਤੋਂ ਬਾਅਦ ਮੁਕਾਬਲਿਆਂ ਵਿਚ ਮਾਰੇ ਗਏ ਲੋਕਾਂ ਦੀ ਕੁੱਲ ਗਿਣਤੀ 289 ਹੋ ਗਈ ਹੈ। ਮੁੱਖ ਮੰਤਰੀ ਦੇ ਮੀਡੀਆ ਸੈੱਲ ਵੱਲੋਂ ਜਾਰੀ ਇੱਕ ਪ੍ਰੈੱਸ ਨੋਟ ਵਿਚ ਉੱਚ ਅਧਿਕਾਰੀਆਂ ਨੇ ਦੱਸਿਆ ਕਿ 23 ਮਾਰਚ 2017 ਤੋਂ ਲੈ ਕੇ ਹੁਣ ਤੱਕ ਸੂਬੇ ਭਰ ਵਿਚ ਪੁਲਿਸ ਮੁਕਾਬਲਿਆਂ ਦੌਰਾਨ 34,253 ਕਥਿਤ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਯੂ.ਪੀ. ਪੁਲਿਸ ਨੇ ਮਾਰਚ 2017 ਅਤੇ 2026 ਦੇ ਵਿਚਕਾਰ 17,043 ਮੁਕਾਬਲੇ (ਐਨਕਾਊਂਟਰ) ਕੀਤੇ। ਇਨ੍ਹਾਂ ਕਾਰਵਾਈਆਂ ਦੌਰਾਨ 11,834 ਮੁਲਜ਼ਮ ਜ਼ਖ਼ਮੀ ਹੋਏ, ਜਦਕਿ ਅਪਰਾਧ-ਵਿਰੋਧੀ ਕਾਰਵਾਈ ਦੌਰਾਨ 18 ਪੁਲਿਸ ਮੁਲਾਜ਼ਮ ਮਾਰੇ ਗਏ ਅਤੇ 1,852 ਪੁਲਿਸ ਕਰਮਚਾਰੀ ਜ਼ਖ਼ਮੀ ਹੋਏ। ਇਸ ਗੱਲ ਨੂੰ ਬਹੁਤ ਪ੍ਰਚਾਰਿਆ ਗਿਆ ਹੈ ਕਿ ਯੋਗੀ ਅਦਿੱਤਿਆ ਨਾਥ ਦੇ ਮੁੱਖ ਮੰਤਰੀ ਬਣਨ ਬਾਅਦ ਪ੍ਰਦੇਸ਼ ਦੀ ਲਾਅ ਅਤੇ ਆਰਡਰ ਦੀ ਹਾਲਤ ਵਿਚ ਬਹੁਤ ਸੁਧਾਰ ਹੋਇਆ ਹੈ।

ਯੋਗੀ ਬਾਬਾ ਵੱਲੋਂ ਲੋਕਤੰਤਰਿਕ ਦੇਸ਼ ਵਿਚ ਬੁਲਡੋਜ਼ਰ ਨਾਲ ਨਿਆਂ ਕਰਨ ਦਾ ਇੱਕ ਨਵਾਂ ਤਰੀਕਾ ਈਜਾਦ ਕੀਤਾ ਗਿਆ ਹੈ। ਹੁਣ ਤਾਂ ਉਹ ਬੁਲਡੋਜ਼ਰ ਬਾਬਾ ਦੇ ਨਾਮ ਨਾਲ ਮਸ਼ਹੂਰ ਹੋ ਚੁੱਕੇ ਹਨ। ਲੋਕਤੰਤਰ ਵਿਚ ਕਿਸੇ ਵਿਅਕਤੀ ਨੂੰ ਦੋਸ਼ੀ ਠਹਿਰਾਉਣ ਅਤੇ ਸਜ਼ਾ ਦੇਣ ਦਾ ਅਧਿਕਾਰ ਅਦਾਲਤਾਂ ਕੋਲ ਹੁੰਦਾ ਹੈ। ਪਰ ਉੱਤਰ ਪ੍ਰਦੇਸ਼ ਸਮੇਤ ਭਾਰਤ ਦੇ ਕੁਝ ਹਿੱਸਿਆਂ ਵਿਚ ਮਕਾਨ ਜਾਂ ਦੁਕਾਨ ਢਾਹੁਣ ਵਾਲੇ ਬੁਲਡੋਜ਼ਰ ਨੂੰ ਕਈ ਵਾਰ ਅਪਰਾਧ ਦੇ ਦੋਸ਼ ਦਾ ਤੁਰੰਤ ਜਵਾਬ ਦੇਣ ਵਾਲੇ ਹਥਿਆਰ ਵਜੋਂ ਵਰਤੇ ਜਾਣ ਕਾਰਨ ‘ਬੁਲਡੋਜ਼ਰ ਜਸਟਿਸ’ ਸ਼ਬਦ ਪ੍ਰਚੱਲਿਤ ਹੋਇਆ। ਬੁਲਡੋਜ਼ਰ ਜਸਟਿਸ ਦੇ ਅੰਕੜਿਆਂ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਰਕਾਰ ਨੇ ਇਸ ਦੇ ਪੂਰਨ ਤੌਰ ‘ਤੇ ਕੋਈ, ਧਰਮ ਅਧਾਰਿਤ, ਦੋਸ਼ ਅਧਾਰਿਤ ਜਾਂ ਫਿਰ ਕਾਰਨ ਅਨੁਸਾਰ ਡਾਟਾਬੇਸ ਜਾਰੀ ਨਹੀਂ ਕੀਤਾ। ਪਰ ਦਸਤਾਵੇਜ਼ੀ ਮਾਮਲਿਆਂ ਵਿਚ ਮੁਸਲਮਾਨਾਂ ਦੀ ਵੱਡੀ ਮੌਜੂਦਗੀ ਸਪਸ਼ਟ ਹੈ। ਉਦਾਹਰਨ ਲਈ 2024 ਦੀ ਬਹਿਰਾਇਚ ਹਿੰਸਾ ਤੋਂ ਬਾਅਦ ਮਕਾਨ ਢਾਹੁਣ ਦੀ ਕਾਰਵਾਈ ਲਈ 23 ਲੋਕਾਂ ਨੂੰ ਨੋਟਿਸ ਦਿੱਤੇ ਗਏ ਜਿਨ੍ਹਾਂ ਵਿਚ 19 ਮੁਸਲਮਾਨ ਅਤੇ 4 ਹਿੰਦੂ ਸਨ। ਐਮਨੈਸਟੀ ਇੰਟਰਨੈਸ਼ਨਲ ਨੇ 2022 ਵਿਚ ਉੱਤਰ ਪ੍ਰਦੇਸ਼ ਸਮੇਤ ਪੰਜ ਰਾਜਾਂ ਵਿਚ 128 ਢਾਂਚੇ ਢਾਹੇ ਜਾਣ ਦੀ ਦਸਤਾਵੇਜ਼ੀ ਤੌਰ ‘ਤੇ ਜਾਂਚ ਕੀਤੀ। ਉਸ ਨੇ ਕਿਹਾ ਕਿ ਇਨ੍ਹਾਂ ਵਿਚੋਂ ਕਈ ਕਾਰਵਾਈਆਂ ਮੁਸਲਮਾਨਾਂ ਵਿਰੁੱਧ ਪ੍ਰਦਰਸ਼ਨਾਂ ਜਾਂ ਫ਼ਿਰਕੂ ਹਿੰਸਾ ਤੋਂ ਬਾਅਦ ਸਜ਼ਾ ਵਜੋਂ ਕੀਤੀਆਂ ਗਈਆਂ ਅਤੇ ਘੱਟੋ-ਘੱਟ 617 ਲੋਕ ਬੇਘਰ ਜਾਂ ਆਪਣਾ ਰੁਜ਼ਗਾਰ ਗੁਆਉਣ ਲਈ ਮਜਬੂਰ ਹੋਏ। 2022 ਦੀ ਇੰਡੀਅਨ ਐਕਸਪ੍ਰੈੱਸ ਦੀ ਜਾਂਚ ਨੇ ਮਾਰਚ 2017 ਤੋਂ ਦਸੰਬਰ 2021 ਤੱਕ ਯੂ.ਪੀ. ਵਿਚ ਗੈਂਗਸਟਰ ਐਕਟ ਨਾਲ ਜੁੜੀਆਂ ਕਾਰਵਾਈਆਂ ਦੇ ਸਰਕਾਰੀ ਅੰਕੜੇ ਦਿੱਤੇ ਸਨ। ਯੋਗੀ ਸਰਕਾਰ ਦੇ ਪਹਿਲੇ ਲਗਭਗ ਪੰਜ ਸਾਲਾਂ ਵਿਚ ਗੈਂਗਸਟਰ ਐਕਟ ਨਾਲ ਜੁੜੀਆਂ ਕਾਰਵਾਈਆਂ ਤਹਿਤ 14,982 ਕੇਸ ਦਰਜ ਕੀਤੇ ਅਤੇ 47,214 ਗ੍ਰਿਫ਼ਤਾਰੀਆਂ ਹੋਈਆਂ ਸਨ। ਅਖ਼ਬਾਰ ਨੇ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ 1,931 ਕਰੋੜ ਦੀ ਜਾਇਦਾਦ ਜ਼ਬਤ ਜਾਂ ਢਾਹੇ ਜਾਣ ਦੀ ਗਿਣਤੀ ਸਰਕਾਰੀ ਅੰਕੜਿਆਂ ਵਿਚ ਦਰਜ ਕੀਤੀ ਹੋਈ ਹੈ। ਇਸ ਦੇ ਨਾਲ ਹੀ 2019 ਦੇ ਮਹਾਰਾਜ ਗੰਜ ਮਾਮਲੇ ਵਿਚ 123 ਘਰ ਸੜਕ ਚੌੜੀ ਕਰਨ ਦੇ ਨਾਂ ’ਤੇ ਢਾਹੇ ਗਏ, ਜਿਸ ਨੂੰ ਬਾਅਦ ਵਿਚ ਸੁਪਰੀਮ ਕੋਰਟ ਨੇ ਕਾਨੂੰਨੀ ਪ੍ਰਕਿਰਿਆ ਦੇ ਉਲੰਘਣ ਨਾਲ ਜੋੜਦਿਆਂ ਮੁਆਵਜ਼ੇ ਦਾ ਹੁਕਮ ਦਿੱਤਾ। 2025 ਵਿਚ ਪ੍ਰਯਾਗਰਾਜ ਦੇ ਜ਼ੁਲਫ਼ਕਾਰ ਹੈਦਰ ਮਾਮਲੇ ਦੇ ਵਿਵਾਦ ਨੇ ਕਈ ਰਿਹਾਇਸ਼ੀ ਢਾਂਚਿਆਂ ਨੂੰ ਢਾਹੁਣਾ ਪੂਰੀ ਤਰ੍ਹਾਂ ਗੈਰ-ਕਾਨੂੰਨੀ ਅਤੇ ਮਨਮਾਨੇ ਅਤੇ ਹਰ ਕੇਸ ਵਿਚ ਅੰਦਾਜ਼ਨ 10 ਲੱਖ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਹੈ। ਅਦਾਲਤ ਨੇ ਇਸ ਨੂੰ ਸਪਸ਼ਟ ਤੌਰ ’ਤੇ ‘ਬੁਲਡੋਜ਼ਰ ਇਨਸਾਫ਼ ਦਾ ਇੱਕ ਹੋਰ

*(ਬਾਕੀ ਅਗਲੇ ਸਫੇ ’ਤੇ)*

# 'ਮਰਕਜ਼ ਦੀ ਮਿਕਨਾਤੀਸੀ ਖਿੱਚ'

ਅੰਗਰੇਜ਼ੀ ਦੇ ਆਧੁਨਿਕ ਕਵੀ ਵਿਲਿਅਮ ਬਟਲਰ ਯੇਟਸ (1865-1939) ਦੀ ਇੱਕ ਕਵਿਤਾ ਹੈ 'ਦਿ ਸੈਕਿੰਡ ਕਮਿੰਗ' (ਦੂਸਰੀ ਆਮਦ) ਜੋ ਉਸ ਨੇ ਪਹਿਲੇ ਵਿਸ਼ਵ ਯੁੱਧ ਦੇ ਖਤਮ ਹੋਣ ਉਪਰੰਤ 1919 ਵਿਚ ਲਿਖੀ ਸੀ। ਇਸ ਦੀ ਇੱਕ ਲਾਈਨ ਬਹੁਤ ਕੋਟ ਕੀਤੀ ਜਾਂਦੀ ਹੈ-ਸ਼ੈਆਂ ਖਿੰਡ-ਪੁੰਡ ਗਈਆਂ ਹਨ, ਮਰਕਜ਼ ਦੀ ਪਕੜ ਨਹੀਂ ਰਹੀ (ਥਿੰਗਜ਼ ਫਾਲ ਅਪਾਰਟ, ਦਿ ਸੈਂਟਰ ਕੈਨ ਨੌਟ ਹੋਲਡ)।

ਇਸ ਤੋਂ ਪਹਿਲਾਂ ਕੁਦਰਤ ਦੇ ਪੁਜਾਰੀ ਅੰਗਰੇਜ਼ੀ ਕਵੀ ਵਿਲੀਅਮ ਵਰਡਜ਼ਵਰਥ (1770-1850) ਨੇ 1807 ਵਿਚ ਛਪੀ ਆਪਣੀ ਕਵਿਤਾ 'ਦਿ ਵਰਲਡ ਇਜ਼ ਟੂ ਮੱਚ ਵਿਦ ਅੱਸ' (ਅਸੀਂ ਦੁਨੀਆਂ ਦੇ ਰੰਗ-ਰਸ ਵਿਚ ਬਹੁਤ ਖੱਚਿਤ ਹਾਂ) ਵਿਚ ਕਿਹਾ ਸੀ ਕਿ ਅਸੀਂ ਕੁਦਰਤ ਨਾਲ 'ਸੁਰ ਸਿਰ ਨਹੀਂ ਰਹੇ' (ਆਊਟ ਔਫ ਟਿਯੂਨ ਹੋ ਗਏ ਹਾਂ)।



ਆਇਰਿਸ਼ ਕਵੀ ਯੇਟਸ ਆਪਣੀ ਕਵਿਤਾ ਵਿਚ 'ਸੰਸਾਰ 'ਚ ਮਹਿਜ਼ ਅਰਾਜਕਤਾ ਪਸਰੀ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਪਈ ਹੈ...ਤੇ ਹਰ ਥਾਂ ਮਾਸੂਮੀਅਤ ਦਾ ਉਤਸਵ ਡੁੱਬ ਗਿਆ ਹੈ...ਫਿਰ ਅੰਧੇਰਾ ਛਾ ਗਿਆ ਹੈ' ਆਦਿ ਦਾ ਜ਼ਿਕਰ ਕਰਦਾ ਹੈ।

1919 ਵਿਚ ਲਿਖੀ ਗਈ ਇਸ ਕਵਿਤਾ ਵਿਚਲੀ ਵਿਵਸਥਾ ਵਿਸ਼ਵ ਵਿਚ, 19-21 ਦੇ ਫਰਕ ਨਾਲ, ਅੱਜ ਵੀ ਦੇਖੀ ਜਾ ਸਕਦੀ ਹੈ।

ਜਦ ਮੂਲ, ਮਰਕਜ਼, ਮਰਿਆਦਾ ਦੀ ਪਕੜ ਢਿੱਲੀ ਪੈ ਜਾਵੇ ਤਾਂ ਆਪਾ-ਧਾਪੀ, ਅੰਧਕਾਰ ਫੈਲਦੇ ਹਨ ਅਤੇ ਅਸੀਂ ਆਪਣੇ ਅਸਲੇ ਦੀ ਅਸਲੀਅਤ ਤੋਂ ਅੰਨ੍ਹੇ ਹੋ ਜਾਂਦੇ ਹਾਂ। ਸਾਨੂੰ ਅਰਾਜਕਤਾ ਹੀ ਅਸਲੀਅਤ ਲਗਣ ਲਗ ਪੈਂਦੀ ਹੈ।

ਮਰਕਜ਼ ਸੰਤੁਲਨ ਰਖਣ ਵਾਲੀ ਸਭ ਤੋਂ ਸ਼ਕਤੀਸ਼ਾਲੀ ਸ਼ੈਅ ਹੈ।

ਤੱਕੜੀ ਜਾਂ ਬੱਚਿਆਂ ਦਾ ਪੀਲ-ਪਲਾਂਘਾ/ਹੂਟੇ ਲੈਣ ਵਾਲਾ ਹੇਠਾਂ-ਉਤੇ ਚਲਦਾ ਫੱਟਾ, ਜਿਸ ਨੂੰ 'ਸੀ-ਸਾਅ' ਕਹਿੰਦੇ ਹਨ, ਵਿਚ ਧੁਰਾ ਹੀ ਸੰਤੁਲਨ ਰਖਦਾ ਹੈ। ਜੇ ਕਰ ਧੁਰੇ ਦੀ ਹੀ ਚੂਲ ਢਿੱਲੀ ਹੋ ਗਈ ਤਾਂ ਸਮਝੋ ਸਭ ਕੁਝ ਹੀ ਹਿਲ ਗਿਆ। ਤੱਕੜੀ ਦੇ ਡੰਡੇ ਦੇ ਕੇਂਦਰ ਵਿਚ ਇੱਕ ਚਾਕੂ-ਨੁਮਾ ਟੇਕ ਹੁੰਦੀ ਹੈ ਜੋ ਦੋਵਾਂ ਛਾਬਿਆਂ/ਪੱਲੜਿਆਂ 'ਚ ਸੰਤੁਲਨ ਰਖਦੀ ਹੈ।

ਜ਼ਿੰਦਗੀ 'ਚ ਕਈ ਵਾਰ ਖੰਡਿਤ ਹੋਣਾ ਹੀ ਦੰਡਿਤ ਹੋਣਾ ਹੋ ਜਾਂਦੈ! ਧੁਰੇ ਨਾਲੋਂ ਟੁੱਟੇ 'ਚ ਟਿਕਾਅ ਨਹੀਂ ਆ ਸਕਦਾ। ਅੰਦਰੋਂ ਟੁੱਟ ਜਾਏ ਤਾਂ ਬਾਹਰੋਂ ਵੀ ਟੁੱਟ ਜਾਂਦੈ ਤੇ ਬੋਲ-ਬਾਣੀ 'ਚ ਵੀ ਵਿਗਾੜ ਆ ਜਾਂਦੈ।

ਹਰ ਚੀਜ਼ ਆਪਣੇ ਮੂਲ, ਮਰਕਜ਼, ਸਰੋਤ, ਧੁਰੇ, ਅਸਲੇ ਨਾਲ ਮਿਲਣਾ ਲੋਚਦੀ ਹੈ, ਉਸ ਵਲ ਜਾਂਦੀ ਹੈ। ਤੱਤ, ਤੱਤ ਵਲ ਤੁਰਦੇ ਹਨ। ਅੱਗ, ਹਵਾ, ਪਾਣੀ, ਧਰਤੀ, ਆਕਾਸ਼ (ਸਪੇਸ) ਸਭ ਆਪੋ-ਆਪਣੇ ਮੂਲ ਵਲ ਸਫਰ 'ਚ ਹਨ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੱਚਾਈ ਦੀ ਬਾ-ਕਮਾਲ ਮਿਸਾਲ ਦਿਤੀ ਹੈ। ਆਪ ਜੀ ਦਾ ਫੁਰਮਾਨ ਹੈ:

'ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈ;
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈਂ ਮਿਲਾਹਿੰਗੇ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ;
ਧੂਰਿ ਕੇ ਕਨੂਕਾ ਫੇਰਿ ਧੂਰਿ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ;
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ॥
ਤੈਸੇ ਬਿਸਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ;
ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ॥

ਭਾਵ-ਜਿਸ ਤਰ੍ਹਾਂ ਅੱਗ 'ਚੋਂ ਲੱਖਾਂ ਕਰੋੜਾਂ ਚੰਗਿਆੜੇ ਉਪਰ ਵਲ ਉਠਦੇ ਹਨ, ਖਿੰਡਦੇ ਹਨ ਪਰ ਫਿਰ ਅੱਗ (ਆਪਣੇ ਮੂਲ) ਵਿਚ ਸਮਾ ਜਾਂਦੇ ਹਨ; ਜਿਵੇਂ ਧੂੜ ਉਡਦੀ ਹੈ ਤੇ ਉਸ ਦੇ ਅਨੇਕਾਂ ਕਣ ਏਧਰ-ਓਧਰ ਖਿਲਰਦੇ ਹਨ, ਪਰ ਫਿਰ ਓਸ ਧੂੜ/ਮਿੱਟੀ ਵਿਚ ਸਮਾ ਜਾਂਦੇ ਹਨ; ਜਿਵੇਂ ਇੱਕ ਦਰਿਆ/ਨਦੀ ਦੇ ਪਾਣੀ ਦੀਆਂ ਲਹਿਰਾਂ 'ਚੋਂ ਲੱਖਾਂ-ਕਰੋੜਾਂ ਤਰੰਗਾਂ ਉਪਜਦੀਆਂ ਹਨ, ਪਰ ਫਿਰ ਪਾਣੀ 'ਚ ਮਿਲ ਕੇ ਪਾਣੀ ਹੀ ਕਹਾਉਂਦੀਆਂ ਹਨ; ਤਿਵੇ ਹੀ ਸਭ ਪ੍ਰਾਣੀ (ਸਜੀਵ-ਸੁਚੇਤ, ਜੜ੍ਹ-ਸ਼ਥਿਲ) ਸਰਬ-ਵਿਆਪੀ ਪਰਮਾਤਮਾ 'ਚੋਂ ਪੈਦਾ ਹੋਏ ਹਨ ਅਤੇ ਆਪਣੇ ਓਸ ਮੂਲ ਵਿਚ ਹੀ ਸੰਮਿਲਤ ਹੋ ਜਾਣਗੇ।

ਅੱਗ ਦਾ ਸਰੋਤ ਸੂਰਜ, ਧੂੜ ਦਾ ਧਰਤੀ, ਪਾਣੀ ਦਾ ਸਮੁੰਦਰ ਹੈ; ਜੀਵ ਆਤਮਾ ਦਾ ਸਰੋਤ ਪਰਮਾਤਮਾ ਹੈ।

ਸਾਡੇ ਸਭ ਸਿਆਪਿਆਂ ਦਾ ਕਾਰਨ ਸਾਡਾ ਆਪਣੇ ਮੂਲ/ਧੁਰੇ ਨਾਲੋਂ ਟੁੱਟਣਾ ਹੈ। ਮਨੁੱਖ ਲਈ ਸਭ ਤੋਂ ਵਡਾ ਰੋਗ/ਦੁੱਖ ਹੈ ਪਰਮਾਤਮਾ ਤੋਂ ਵਿਛੋੜਾ। ਗੁਰੂ ਨਾਨਕ ਦੇਵ ਜੀ ਨੇ ਰਾਗੁ ਮਲਾਰ, ਸ.ਗ.ਗ.ਸ ਅੰਗ 1256 ਉਤੇ ਚਾਰ ਕਿਸਮ ਦੇ ਦੁੱਖਾਂ ਦਾ ਜ਼ਿਕਰ ਕੀਤਾ ਹੈ:

'ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥'

ਭਾਵ-ਮਨੁੱਖ ਲਈ ਸਭ ਤੋਂ ਵਡਾ ਰੋਗ/ਦੁੱਖ ਹੈ ਪਰਮਾਤਮਾ ਦੇ ਚਰਨਾਂ ਤੋਂ ਵਿਛੋੜਾ, ਪ੍ਰਭੂ ਦੀ ਯਾਦ ਤੋਂ ਸਖਣਾਪਨ ਹੈ, ਦੂਜਾ ਰੋਗ ਹੈ ਮਾਇਆ ਦੀ ਭੁੱਖ। ਡਾਢੇ ਜਮਦੂਤ ਦਾ ਡਰ, ਜਾਣੀ ਮੌਤ ਦਾ ਡਰ; ਅਗਲਾ ਰੋਗ ਹੈ, ਚੌਥਾ, ਸਰੀਰਕ ਰੋਗ ਦਾ ਦੁੱਖ ਹੈ, ਇਸ ਲਈ ਹੇ ਭੋਲੇ/ਅਨਜਾਣ ਵੈਦ ਤੂੰ ਦਵਾਈ ਨਾ ਦੇਹ।

ਇਨ੍ਹਾਂ ਦੁਖਾਂ-ਰੋਗਾਂ ਦਾ ਕਾਰਨ ਵੀ ਸੱਚੇ ਪਾਤਸ਼ਾਹ ਦਸਦੇ ਹਨ-

'ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥
ਵੈਦ ਨ ਭੋਲੇ ਦਾਰੂ ਲਾਇ॥'

ਭਾਵ-ਜਦੋਂ ਮਨੁੱਖ ਨੇ ਪ੍ਰਭੂ ਪਤੀ ਨੂੰ ਭੁਲਾ ਕੇ, ਵਿਸ਼ੇ ਵਿਕਾਰਾਂ ਦੇ ਰਸ ਮਾਨਣੇ ਸ਼ੁਰੂ ਕਰ ਦਿਤੇ ਤਾਂ ਉਸ ਦੇ ਸਰੀਰ ਵਿਚ ਬੀਮਾਰੀਆਂ ਪੈਦਾ ਹੋਣ ਲਗ ਪਈਆਂ। ਇਨ੍ਹਾਂ ਨਾਲ ਵਿਕਾਰਾਂ 'ਚ ਅੰਧੇ ਮਨ ਨੂੰ ਵੀ ਸਜ਼ਾ ਮਿਲੀ। ਇਸ ਲਈ ਐ ਅਨਜਾਣ ਵੈਦ! ਤੂੰ ਦਵਾਈ ਨਾ ਦੇਹ।

ਇਨ੍ਹਾਂ ਦੁੱਖਾਂ-ਰੋਗਾਂ ਦਾ ਇਲਾਜ ਵੀ ਗੁਰੂ ਜੀ ਦਸਦੇ ਹਨ:

'ਦੂਖ ਰੋਗ ਸਭਿ ਗਇਆ ਗਵਾਇ॥
ਨਾਨਕ ਛੁਟਸਿ ਸਾਚੈ ਨਾਇ॥'

ਭਾਵ-ਉਸ ਜੀਵ ਆਤਮਾ ਦੀ ਆਪਣੇ ਸਾਰੇ ਰੋਗਾਂ/ਦੁੱਖਾਂ ਤੋਂ ਬੰਦ ਖਲਾਸੀ ਹੁੰਦੀ ਹੈ ਜੋ, ਹੇ ਨਾਨਕ! ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੇ ਸੱਚੇ ਨਾਮ ਵਿਚ ਜੁੜ ਕੇ ਇਥੋਂ ਰੁਖਸਤ ਹੁੰਦੀ ਹੈ!

ਜਿਹੜੇ ਦਾਣੇ ਚੱਕੀ ਦੀ ਕਿਲੀ ਨਾਲ ਚਿਪਕੇ ਰਹਿੰਦੇ ਹਨ, ਉਹ ਚੱਕੀ ਦੇ ਪੁੜਾਂ ਵਿਚ ਪਿਸਣੋ ਬਚ ਜਾਂਦੇ ਹਨ। ਕਿਲੀ, ਧੁਰਾ ਹੈ, ਚੱਕੀ ਦਾ ਮਰਕਜ਼ ਤੇ ਜੋ ਧੁਰੇ ਨਾਲ ਜੁੜਿਆ ਰਹੇਗਾ ਉਸ ਨੂੰ ਕੋਈ ਆਂਚ ਨਹੀਂ ਆਉਂਦੀ:

'ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ॥'
(ਸ.ਗ.ਗ.ਸ.ਅੰਗ-142)

ਗੁਰਬਾਣੀ ਵਿਚ ਇੱਕ ਹੋਰ ਉਦਾਹਰਨ ਦਿਤੀ ਗਈ ਹੈ। ਅੱਕ ਦੇ ਫਲ ਕੁੱਕੜੀ ਦੀ, ਜਿਸ ਨੂੰ ਅੰਬਾਖੜੀ ਵੀ ਕਹਿੰਦੇ ਹਨ। ਜਿਨ੍ਹਾਂ ਚਿਰ ਇਹ ਆਪਣੇ ਮੂਲ ਨਾਲ ਰਹਿੰਦੀ ਹੈ ਤਾਂ ਸੁਰੱਖਿਅਤ ਰਹਿੰਦੀ ਹੈ, ਪਰ ਮੂਲ ਨਾਲੋਂ ਟੁੱਟ ਕੇ ਬਿਖਰ ਜਾਂਦੀ ਹੈ ਅਤੇ ਰੂੰ ਵਰਗੇ ਫੰਬੇ ਬਣ ਹਵਾ ਵਿਚ ਏਧਰ ਓਧਰ ਟੱਕਰਾਂ ਮਾਰਦੀ ਹੈ-



'ਖਖੜੀਆਂ ਸੁਹਾਵੀਆ ਲਗੜੀਆ ਅਕ ਕੰਠਿ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥'
(ਸ.ਗ.ਗ.ਸ ਅੰਗ 319)

ਝੱਖੜ-ਹਨੇਰੀ ਦੇ ਬਾਵਜੂਦ ਵੀ ਕਈ ਅੰਬ ਡਾਲ੍ਹੀ ਨਾਲੋਂ ਨਹੀਂ ਟੁਟਦੇ ਤੇ ਪੱਕ ਜਾਂਦੇ ਹਨ, ਪੱਕ ਕੇ ਮਾਲਕ ਕੋਲ ਪੁੱਜ ਕੇ ਮੁੱਲਵਾਨ ਬਣਦੇ ਹਨ। ਮੂਲ ਹੀ ਮੁੱਲ ਹੈ!

-'ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥' (ਅੰਗ 1371)

ਬੰਦਗੀ ਹੀ ਬੰਦੇ ਨੂੰ ਦੁਨਿਆਵੀ ਗੰਦਗੀ 'ਚੋਂ ਕਢ ਸਕਦੀ ਹੈ। ਬੰਦਗੀ ਅਤੇ ਗੰਦਗੀ ਇਕੱਠੀਆਂ ਨਹੀਂ ਰਹਿ ਸਕਦੀਆਂ। ਸਿਰਫ ਇੱਕ ਹੀ ਰਹੇਗੀ-ਜਾਂ ਬੰਦਗੀ, ਜਾਂ ਗੰਦਗੀ। ਦਰਅਸਲ ਬੰਦਗੀ ਹੁੰਦਿਆਂ ਗੰਦਗੀ ਹੋ ਹੀ ਨਹੀਂ ਸਕਦੀ! ਭਲਾ ਪ੍ਰਕਾਸ਼ 'ਚ ਹਨੇਰਾ ਰਹਿ ਸਕਦੈ? ਤੁਸੀਂ ਪੁਛੋਂਗੇ ਕਿ 'ਦੀਵੇ ਥੱਲੇ ਹਨੇਰਾ' ਵਾਲੇ ਅਖਾਣ ਦਾ ਕੀ ਬਣੂੰ? ਦੂਜਾ ਦੀਵਾ ਜਗ ਕੇ ਹੋਰ ਲੋਅ ਵੀ ਕਰੂ ਤੇ ਪਹਿਲੇ ਹੇਠਲਾ ਹਨੇਰਾ ਵੀ ਮਿਟਾਊ। ਉਂਝ ਵੀ ਬੱਤੀਆਂ-ਬਲਬਾਂ ਦੀ ਜਗਮਗਾਹਟ ਹਰ ਹਨੇਰੇ ਨੂੰ ਭਜਾ ਦਿੰਦੀ ਹੈ!

ਇਸ ਲਈ ਜੇ ਬੰਦਗੀ ਹੁੰਦਿਆਂ ਵੀ ਗੰਦਗੀ ਹੈ ਤਾਂ ਫਿਰ ਬੰਦਗੀ ਬਾਹਰੀ ਦਿਖਾਵਾ ਹੈ, ਮਹਿਜ਼ ਬਗਲਾ-ਭਗਤੀ!

ਸਵੈ-ਲਿਖਿਤ ਸਤਰਾਂ ਹਨ-'ਚੰਨ 'ਤੇ ਪੁੱਜ ਕੇ ਵੀ/ ਮਿਟਿਆ ਨਾਂ ਧਰਤੀ ਦਾ 'ਨੇਰ੍ਹ'!'

ਬਾਹਰ ਦੇ ਚਾਨਣ ਦੇ ਨਾਲ-ਨਾਲ ਅੰਦਰ ਵੀ ਰੌਸ਼ਨੀ ਜ਼ਰੂਰੀ ਹੈ। ਜੇ ਅੰਦਰ ਕਾਲੀ-ਬੋਲੀ ਰਾਤ ਹੈ ਤਾਂ ਬਾਹਰ ਦੀ ਲੋਅ ਦਾ ਕੀ ਲਾਭ?

ਨਾਮ ਹੀ ਦੁੱਖ-ਸੁਖ ਦਾ ਸਹਾਈ ਹੈ। 'ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥' (ਅੰਗ-281)। ਹੈਰਾਨੀ ਦੀ ਗੱਲ ਹੈ ਕਿ 'ਨਾਨਕ ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ॥' (ਅੰਗ 1410)। ਪਰ ਇਸ ਦਾ ਨਿਵਾਰਨ ਵੀ ਹੈ-'ਸਭ ਜਗੁ ਫਿਰ ਮੈ ਦੇਖਿਆ ਹਰਿ ਇਕੋ ਦਾਤਾ॥' (ਅੰਗ 510)

ਹੋਰਨਾਂ ਵਾਂਗ ਆਦਮੀ ਵੀ ਆਪਣੇ ਮੂਲ਼ ਨਾਲ ਮਿਲਣ ਦੀ ਤਾਂਘ ਰਖਦਾ ਹੈ। ਆਤਮਾ ਦਾ ਮੂਲ ਪਰਮਾਤਮਾ ਹੈ। ਨਾਮ-ਬਾਣੀ ਦੀ ਦਿਲੋਂ ਸ਼ੋਭਾ, ਨਾ ਕਿ ਭੇਖ ਜਾਂ ਦਿਖਾਵੇ ਦੀ ਧਾਰਮਿਕਤਾ, ਸਾਡਾ ਪਾਰ-ਉਤਾਰਾ ਕਰ ਸਕਦੀ ਹੈ।

ਮੂਲ ਵਲ ਮੁਸਾਫਿਰੀ ਦੀ ਮੰਜ਼ਿਲ ਦੇ ਮਾਰਗ ਵਿਚ ਮਨੁੱਖ ਦੀ ਮੈਂ-ਮੇਰੀ, ਹਉਮੈ-ਹੰਕਾਰ ਸਭ ਤੋਂ ਵਡਾ ਰੋੜਾ ਹਨ। 'ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥' (ਅੰਗ 1365)

ਸਾਕਤ ਤੋਂ ਦੂਰ ਰਹਿ ਕੇ ਹੀ ਸੱਚੇ ਪਾਤਸ਼ਾਹ ਨਾਲ ਸੁਮੇਲ ਹੋ ਸਕਦੈ, ਕਿਉਂਕਿ 'ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥ ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥' (ਅੰਗ 1365)

ਪ੍ਰਸਿੱਧ ਕਥਾ ਵਾਚਕ ਅਤੇ ਸਿੱਖ ਸਕਾਲਰ ਭਾਈ ਪਿੰਦਰਪਾਲ ਸਿੰਘ ਨੇ ਇੱਕ ਕਥਾ ਦੌਰਾਨ ਕਿਹਾ ਸੀ ਕਿ 'ਅਦ੍ਰਿਸ਼ਟ ਦੀ ਖਿੱਚ ਅਤੇ ਮੂਲ ਨਾਲ ਮੇਲ ਦੀ ਤਾਂਘ ਸਭ ਵਿਚ ਹੁੰਦੀ ਹੈ। ਭਾਵੇਂ ਚੇਤਨ ਹੈ ਜਾਂ ਅਵਚੇਤਨ, ਸਭ ਪ੍ਰਭੂ ਦੀ ਰਚਨਾ ਹੈ। ਗੁਰੂ ਦੀ ਸਿਫਤ ਅਤੇ ਨਾਮ ਹੀ ਟੁਟਿਆਂ ਨੂੰ ਜੋੜ ਸਕਦੀ ਹੈ। ਆਤਮਾ, ਪਰਮਾਤਮਾ 'ਚ ਵਿਲੀਨ ਹੋ ਕੇ ਨਿਹਾਲ ਹੁੰਦੀ ਹੈ।'

ਪਰ ਇਨਸਾਨ ਨਾਂ ਸਿਰਫ ਆਪਣੇ ਧੁਰੇ ਨਾਲੋਂ ਹੀ ਟੁਟਿਆ ਹੈ ਸਗੋਂ ਕਾਦਰ ਦੀ ਕੁਦਰਤ ਨਾਲੋਂ ਵੀ ਕੋਹਾਂ ਦੂਰ ਹੋ ਗਿਆ ਹੈ। ਇਸੇ ਕਰਕੇ ਹੀ ਬਾਰਿਸ਼ਾਂ ਦੇ 'ਪੈਟਰਨ' ਬਦਲ ਗਏ ਹਨ, ਮੌਸਮਾਂ ਦੇ ਮਿਜਾਜ਼ ਮਾਨਵਮੁਖੀ ਨਹੀਂ ਰਹੇ, ਜਲਵਾਯੂ ਵਿਚ ਨਾਂਹਵਾਚੀ ਬਦਲਾਵ (ਕਲਾਈਮੇਟ ਚੇਂਜ), ਜ਼ਮੀਨ ਹੇਠ਼ਲੇ ਪਾਣੀ ਦੀ ਪੱਧਰ ਸੈਂਕੜੇ ਫੁੱਟ ਹੇਠਾਂ ਚਲੇ ਜਾਣ, ਪ੍ਰਦੂਸ਼ਨ, ਜੰਗਲੀ ਅੱਗਾਂ ਅਤੇ ਹੋਰ ਅਨੇਕਾਂ ਬਿਪਤਾਵਾਂ ਨੇ ਸਾਨੂੰ ਘੇਰਿਆ ਹੋਇਆ ਹੈ। ਪਹਾੜਾਂ 'ਚ ਥਾਂ-ਥਾਂ ਢਿੱਗਾਂ ਡਿਗ ਰਹੀਆਂ ਹਨ, ਹੜ, ਭੂਚਾਲ ਆ ਰਹੇ ਹਨ। ਨਿਪਾਲ ਦਾ ਹਾਲ ਦੇਖ ਲਉ, ਗਲੇਸ਼ੀਅਰ ਪਿਘਲਨ ਤੇ ਚਟਾਨਾਂ ਖਿਸਕਣ ਕਾਰਨ ਸੈਂਕੜੇ ਜਾਨਾਂ ਗਈਆਂ ਹਨ। ਹਜ਼ਾਰਾਂ ਲਾਪਤਾ ਹਨ। ਤੇ ਜ਼ਖਮੀਆਂ ਦੀ ਤਾਂ ਗਿਣਤੀ ਈ ਨਹੀਂ। ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿਚ ਕੁੱਲੂ, ਸ਼ਿਮਲਾ ਸਮੇਤ ਕਈ ਥਾਈਂ ਬੱਦਲ ਫਟ ਰਹੇ ਹਨ, ਲੈਂਡਸਲਾਈਡਾਂ ਹੋ ਰਹੀਆਂ ਹਨ, ਰਾਹ ਬੰਦ ਹੋ ਰਹੇ ਹਨ, ਬੇਇੰਤਹਾ ਨੁਕਸਾਨ ਹੋ ਰਿਹਾ ਹੈ। (ਹਿਮਾਚਲ ਦਾ ਅਸਰ ਪੰਜਾਬ ਉਪਰ ਵੀ ਪੈਂਦਾ ਹੈ)। ਇਹ ਸਭ ਕੁਦਰਤ ਨਾਲ ਖਿਲਵਾੜ, ਅੰਨੇਵਾਹ ਉਸਾਰੀ, ਬੇਰਹਿਮੀ ਨਾਲ ਬਿਰਖਾਂ ਦੀ ਕਟਾਈ ਅਤੇ ਬੇਢਬੇ ਵਿਕਾਸ ਦੀ ਕਰੂਰਤਾ ਕਾਰਨ ਹੋ ਰਿਹੈ।

ਅਸੀਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਰੋਜ਼ ਪੜ੍ਹਦੇ/ਸੁਣਦੇ ਹਾਂ, ਪਰ ਅਮਲ ਨਹੀਂ ਕਰਦੇ।

ਮਸਲਾ ਅਮਲ ਕਰਨ ਦਾ ਹੈ। ਗਤੀ ਤੇ ਮੁਕਤੀ ਅਮਲਾਂ ਦੇ ਨਿਬੇੜੇ ਹੋਣ ਨਾਲ ਹੋਣੀ ਹੈ। ਮੂਲ਼ ਨਾਲ ਮਿਲਨ ਵੀ ਮਨ ਦੀ ਮੈਲ ਧੋਣ ਉਪਰੰਤ ਹੀ ਹੋਣੈ, ਦਿਖਾਵਿਆਂ/ਅਡੰਬਰਾਂ ਨਾਲ ਨਹੀਂ।

ਡਾ. ਇਲਾਮਾ ਇਕਬਾਲ ਅਨੁਸਾਰ:

'ਖਿਰਦ ਕੇ ਪਾਸ ਖਬਰ ਕੇ ਸਿਵਾ ਕੁਛ ਔਰ ਨਹੀਂ,
ਤੇਰਾ ਇਲਾਜ ਨਜ਼ਰ ਕੇ ਸਿਵਾ ਕੁਛ ਔਰ ਨਹੀਂ।'

ਤੇ ਨਦਰ-ਏ-ਇਨਾਇਤ ਨੀਅਤ ਸਾਫ ਕਰਨ ਮਗਰੋਂ ਹੁੰਦੀ ਹੈ।

ਇਸ ਲਈ ਹੀ ਇਕਬਾਲ ਮਸ਼ਵਰਾ ਦਿੰਦੈ ਕਿ:

'ਗੁਜ਼ਰ ਜਾ ਅਕਲ ਸੇ ਆਗੇ ਕਿ ਯੇ ਨੂਰ,
ਚਾਰਾਗ-ਏ-ਰਾਹ ਹੈ ਮੰਜ਼ਿਲ ਨਹੀਂ!'

ਮੰਜ਼ਿਲ ਤਾਂ ਮੂਲ/ਮਰਕਜ਼ ਨਾਲ ਮੇਲ ਹੀ ਹੈ!!

---

*(ਪਿਛਲੇ ਸਫੇ ਦਾ ਬਾਕੀ)*

ਮਾਮਲਾ' ਕਿਹਾ ਸੀ। ਵਿਰੋਧੀ ਪਾਰਟੀਆਂ ਨਾਲ ਜੁੜੇ ਲੋਕਾਂ ਦੀ ਜਾਇਦਾਦ ਢਾਹੇ ਜਾਣ ਦਾ ਵੀ ਕੋਈ ਸਰਕਾਰੀ ਅੰਕੜਾ ਨਹੀਂ ਹੈ। ਉਸ ਜਾਂਚ ਵਿਚ ਇਹ ਵੀ ਦਰਜ ਸੀ ਕਿ ਢਾਹੀਆਂ ਗਈਆਂ ਕਈ ਜਾਇਦਾਦਾਂ ਸਮਾਜਵਾਦੀ ਪਾਰਟੀ ਦੇ ਆਗੂਆਂ ਜਾਂ ਪਹਿਲਾਂ ਭਾਰਤੀ ਜਨਤਾ ਪਾਰਟੀ ਨਾਲ ਰਹੇ ਅਤੇ ਬਾਅਦ ਵਿਚ ਹੋਰ ਪਾਰਟੀਆਂ ਵਿਚ ਗਏ ਲੋਕਾਂ ਨਾਲ ਸੰਬੰਧਿਤ ਸਨ। ਕੁਝ ਪ੍ਰਭਾਵਿਤ ਲੋਕਾਂ ਨੇ ਦਾਅਵਾ ਕੀਤਾ ਕਿ ਕਾਰਵਾਈ ਅਦਾਲਤੀ ਮਾਮਲਾ ਚੱਲਦਿਆਂ ਹੀ ਕਰ ਦਿੱਤੀ ਗਈ। ਚੋਣਾਂ ਦੌਰਾਨ, ਸਮਾਜਵਾਦੀ ਪਾਰਟੀ ਨੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹੇ ਜਾਣ ਦੇ ਮੁੱਦੇ 'ਤੇ ਭਾਜਪਾ ਨੂੰ ਘੇਰਨ ਲਈ ਅਦਿੱਤਿਆ ਨਾਥ ਵਾਸਤੇ 'ਬੁਲਡੋਜ਼ਰ ਬਾਬਾ' ਦਾ ਨਾਅਰਾ ਘੜਿਆ ਸੀ।

ਸਵਾਲ ਸਿਰਫ਼ ਇਹ ਨਹੀਂ ਕਿ ਕੋਈ ਇਮਾਰਤ ਗ਼ੈਰ-ਕਾਨੂੰਨੀ ਸੀ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਸਰਕਾਰ ਨੂੰ ਅਦਾਲਤੀ ਫ਼ੈਸਲੇ ਤੋਂ ਪਹਿਲਾਂ ਹੀ ਕਿਸੇ ਵਿਅਕਤੀ ਨੂੰ ਸਜ਼ਾ ਦੇਣ ਦਾ ਅਧਿਕਾਰ ਮਿਲ ਸਕਦਾ ਹੈ? ਜੇ ਬੁਲਡੋਜ਼ਰ ਕਾਨੂੰਨ ਦੀ ਉਲੰਘਣਾ ਕਰਕੇ ਬਣੀ ਇਮਾਰਤ ਹਟਾਉਣ ਲਈ ਵਰਤਿਆ ਜਾਂਦਾ ਹੈ ਅਤੇ ਪੂਰੀ ਕਾਨੂੰਨੀ ਪ੍ਰਕਿਰਿਆ ਨੋਟਿਸ, ਸੁਣਵਾਈ, ਅਪੀਲ ਦਾ ਮੌਕਾ ਅਤੇ ਕਾਰਨ-ਸਹਿਤ ਹੁਕਮ ਦੀ ਪਾਲਣਾ ਹੁੰਦੀ ਹੈ, ਤਾਂ ਉਹ ਪ੍ਰਸ਼ਾਸਨਿਕ ਕਾਰਵਾਈ ਹੋ ਸਕਦੀ ਹੈ। ਪਰ ਜੇ ਉਹੀ ਬੁਲਡੋਜ਼ਰ ਕਿਸੇ ਵਿਅਕਤੀ ਦੇ ਅਪਰਾਧ ਦੇ ਦੋਸ਼ ਦੇ ਤੁਰੰਤ ਬਾਅਦ ਉਸ ਦੇ ਘਰ ਨੂੰ ਸਜ਼ਾ ਵਜੋਂ ਢਾਹੁਣ ਲਈ ਵਰਤਿਆ ਜਾਵੇ, ਤਾਂ ਇਹ ਕਾਨੂੰਨ ਦੇ ਰਾਜ ਦੀ ਥਾਂ ਸੱਤਾ ਦੇ ਰਾਜ ਦਾ ਖ਼ਤਰਾ ਪੈਦਾ ਕਰਦਾ ਹੈ। ਇਸੇ ਕਾਰਨ ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰੀ ਅਧਿਕਾਰੀ ਮਨਮਾਨੀ ਜਾਂ ਬਦਲੇ ਦੀ ਭਾਵਨਾ ਨਾਲ ਕੰਮ ਨਹੀਂ ਕਰ ਸਕਦੇ ਅਤੇ ਗੈਰ-ਕਾਨੂੰਨੀ ਢਾਹੁਣ ਲਈ ਜ਼ਿੰਮੇਵਾਰ ਅਧਿਕਾਰੀਆਂ ਉੱਤੇ ਨਿੱਜੀ ਜਵਾਬਦੇਹੀ ਵੀ ਤੈਅ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਨਵੰਬਰ 2024 ਵਿਚ ਬਿਲਕੁਲ ਸਪਸ਼ਟ ਕੀਤਾ ਕਿ ਕਿਸੇ ਵਿਅਕਤੀ ਦੇ ਅਪਰਾਧ ਵਿਚ ਸ਼ਾਮਲ ਹੋਣ ਦੇ ਦੋਸ਼ ਮਾਤਰ ਕਰਕੇ ਉਸ ਦੀ ਜਾਇਦਾਦ ਨਹੀਂ ਢਾਹੀ ਜਾ ਸਕਦੀ। ਕਾਰਜਪਾਲਿਕਾ ਖ਼ੁਦ ਜੱਜ ਬਣ ਕੇ ਕਿਸੇ ਵਿਅਕਤੀ ਨੂੰ ਦੋਸ਼ੀ ਐਲਾਨ ਕੇ ਉਸ ਨੂੰ ਸਜ਼ਾ ਨਹੀਂ ਦੇ ਸਕਦੀ।

ਇਸ ਤੋਂ ਇਲਾਵਾ ਯੋਗੀ ਸਰਕਾਰ 'ਤੇ ਵਿਰੋਧ ਪ੍ਰਦਰਸ਼ਨਾਂ ਅਤੇ ਅਸਹਿਮਤੀ ਨਾਲ ਸਖ਼ਤੀ ਨਾਲ ਨਜਿੱਠਣ, NSA ਵਰਗੇ ਕਠੋਰ ਕਾਨੂੰਨਾਂ ਦੀ ਵਰਤੋਂ, ਪੱਤਰਕਾਰਾਂ ਅਤੇ ਆਲੋਚਕਾਂ ਉੱਤੇ ਕਾਰਵਾਈ ਦੇ ਕਈ ਦੋਸ਼, ਧਾਰਮਿਕ ਘੱਟ-ਗਿਣਤੀਆਂ ਨਾਲ ਸਰਕਾਰੀ ਵਿਵਹਾਰ ਬਾਰੇ ਵਿਤਕਰਾ ਕਰਨ ਅਤੇ ਪ੍ਰਸ਼ਾਸਨ ਅਤੇ ਪੁਲਿਸ ਦੇ ਸਿਆਸੀ ਦਬਾਅ ਹੇਠ ਕੰਮ ਕਰਨ ਬਾਰੇ ਚਿੰਤਾਵਾਂ ਹਨ। ਕੁਝ ਲੋਕ ਯੋਗੀ ਨੂੰ ਮੋਦੀ ਲਈ ਪ੍ਰਧਾਨ ਮੰਤਰੀ ਪਦ ਲਈ ਚੁਣੌਤੀ ਵਜੋਂ ਵੇਖਦੇ ਹਨ। ਯੋਗੀ ਅਦਿੱਤਿਆ ਨਾਥ ਅੱਜ ਮੋਦੀ ਦੇ ਐਲਾਨੇ ਹੋਏ ਉੱਤਰਾਧਿਕਾਰੀ ਨਹੀਂ ਹਨ, ਪਰ ਭਾਰਤੀ ਜਨਤਾ ਪਾਰਟੀ ਦੇ ਅੰਦਰ ਮੋਦੀ ਤੋਂ ਬਾਅਦ ਦੀ ਰਾਜਨੀਤੀ ਦੀ ਚਰਚਾ ਵਿਚ ਉਨ੍ਹਾਂ ਦਾ ਨਾਮ ਲਗਾਤਾਰ ਉੱਭਰ ਰਿਹਾ ਹੈ। 2024 ਦੇ 'ਇੰਡੀਆ ਟੂਡੇ ਮੂਡ ਆਫ਼ ਦ ਨੇਸ਼ਨ' ਸਰਵੇ ਵਿਚ ਯੋਗੀ ਲਗਭਗ 19% ਸਮਰਥਨ ਨਾਲ ਮੋਦੀ ਦੇ ਉੱਤਰਅਧਿਕਾਰੀ ਲਈ ਦੂਜੇ ਸਥਾਨ 'ਤੇ ਸਨ, ਅਮਿਤ ਸ਼ਾਹ ਲਗਭਗ 25% ਨਾਲ ਪਹਿਲੇ ਸਥਾਨ 'ਤੇ ਸਨ। 'ਫਾਇਨਾਂਸ਼ੀਅਲ ਟਾਈਮਜ਼' ਨੇ ਹਾਲ ਹੀ ਵਿਚ ਯੋਗੀ ਨੂੰ ਮੋਦੀ ਦੇ ਸੰਭਾਵੀ ਉੱਤਰਅਧਿਕਾਰੀਆਂ ਵਿਚ ਇੱਕ ਮੋਹਰੀ ਦਾਅਵੇਦਾਰ ਵਜੋਂ ਦਰਸਾਇਆ ਹੈ, ਖ਼ਾਸ ਕਰਕੇ ਜੇ ਉਹ 2027 ਦੀ ਯੂ.ਪੀ. ਚੋਣ ਵਿਚ ਤੀਜੀ ਵਾਰ ਸਰਕਾਰ ਬਣਾਉਣ ਵਿਚ ਸਫਲ ਰਹਿੰਦੇ ਹਨ।

ਅਮਿਤ ਸ਼ਾਹ ਅਤੇ ਯੋਗੀ ਦੋਵੇਂ ਹੀ ਕੱਟੜ ਹਿੰਦੂਤਵ ਦੀ ਰਾਜਨੀਤੀ ਦੇ ਲਖਾਇਕ ਹਨ। ਇਨ੍ਹਾਂ ਦਾ ਅਗਲੇ ਪ੍ਰਧਾਨ ਮੰਤਰੀ ਵਜੋਂ ਆਉਣਾ ਲੋਕਤੰਤਰ ਵਾਸਤੇ ਖ਼ਤਰੇ ਦਾ ਸੰਕੇਤ ਹੈ। ਅਮਿਤ ਸ਼ਾਹ ਅਤੇ ਯੋਗੀ ਅਦਿੱਤਿਆ ਨਾਥ ਦੋਵੇਂ ਭਾਰਤੀ ਜਨਤਾ ਪਾਰਟੀ ਦੀ ਹਿੰਦੂਤਵ-ਕੇਂਦਰਿਤ ਰਾਜਨੀਤੀ ਦੇ ਪ੍ਰਮੁੱਖ ਚਿਹਰੇ ਹਨ। ਜੇ ਮੋਦੀ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਦੌੜ ਵਿਚ ਇਨ੍ਹਾਂ ਵਿਚੋਂ ਕੋਈ ਇੱਕ ਅੱਗੇ ਆਉਂਦਾ ਹੈ, ਤਾਂ ਸਵਾਲ ਸਿਰਫ਼ ਨੇਤ੍ਰਤਵ ਬਦਲਣ ਦਾ ਨਹੀਂ ਹੋਵੇਗਾ ਸਵਾਲ ਇਹ ਹੋਵੇਗਾ ਕਿ ਭਾਰਤ ਦਾ ਲੋਕਤੰਤਰ, ਧਰਮ-ਨਿਰਪੱਖਤਾ, ਘੱਟ-ਗਿਣਤੀਆਂ ਦੇ ਅਧਿਕਾਰ ਅਤੇ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਕਿਸ ਦਿਸ਼ਾ ਵੱਲ ਜਾਣਗੇ। ਜੇਕਰ ਅੱਜ ਯੋਗੀ ਰਾਜ ਦੀ ਪਛਾਣ ਬੁਲਡੋਜ਼ਰ ਕਾਰਵਾਈ, ਪੁਲੀਸ ਐਨਕਾਊਂਟਰ ਰਾਜ ਅਤੇ ਅਸਹਿਮਤੀ ਨਾਲ ਸਖ਼ਤੀ ਵਰਗੇ ਵਿਵਾਦਾਂ ਨਾਲ ਬਣ ਰਹੀ ਹੈ, ਤਾਂ ਕੀ ਇਹੀ ਮਾਡਲ ਕੱਲ੍ਹ ਦੇਸ਼ ਦੀ ਰਾਜਨੀਤੀ ਦਾ ਮਾਡਲ ਬਣ ਸਕਦਾ ਹੈ? ਅਮਿਤ ਸ਼ਾਹ ਕੇਂਦਰੀ ਸੰਗਠਨ, ਗ੍ਰਹਿ ਮੰਤਰਾਲੇ ਅਤੇ ਚੋਣ ਰਣਨੀਤੀ ਨਾਲ ਜੁੜਿਆ ਚਿਹਰਾ ਹਨ। ਉਹ ਇਸ ਵੇਲੇ ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਤੇ ਸਹਿਕਾਰਤਾ ਮੰਤਰੀ ਵੀ ਹਨ। ਅਮਿਤ ਸ਼ਾਹ ਕੇਵਲ ਕੇਂਦਰੀ ਗ੍ਰਹਿ ਮੰਤਰੀ ਨਹੀਂ ਹਨ; ਉਹ ਭਾਰਤੀ ਜਨਤਾ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ, ਚੋਣ ਰਣਨੀਤੀ ਤਿਆਰ ਕਰਨ ਅਤੇ ਪਾਰਟੀ ਨੂੰ ਸੱਤਾ ਤੱਕ ਪਹੁੰਚਾਉਣ ਵਾਲੇ ਪ੍ਰਮੁੱਖ ਰਣਨੀਤੀਕਾਰਾਂ ਵਿਚੋਂ ਇੱਕ ਰਹੇ ਹਨ। ਪਰ 20 ਜੁਲਾਈ ਜੰਤਰ-ਮੰਤਰ ਦੀਆ ਘਟਨਾਵਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀ ਇਕ ਅਧਿਕਾਰ ਵਾਲੀ ਸੋਚ ਨੂੰ ਡੱਕਾ ਲੱਗਾ ਹੈ। ਦਿੱਲੀ ਪੁਲਿਸ ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਹੋਣ ਕਰਕੇ ਉਸ ਅਧੀਨ ਹੈ ਅਤੇ ਉਹ ਅੱਜ-ਕੱਲ੍ਹ ਨੌਜਵਾਨਾਂ ਦੇ ਨਿਸ਼ਾਨੇ 'ਤੇ ਹਨ। ਬਦਲੇ ਮਾਹੌਲ ਵਿਚ ਸੰਵਿਧਾਨਕ ਸੰਸਥਾਵਾਂ, ਨਿਆਂਪਾਲਿਕਾ ਅਤੇ ਮੀਡੀਆ ਵੀ ਦਬਾਅ ਹੇਠ ਹੈ। ਨੌਜਵਾਨਾਂ ਦੀ ਸਕੂਲ ਠੀਕ ਕਰੋ ਮੁਹਿੰਮ ਅਤੇ ਜਨਰੇਸ਼ਨ ਜ਼ੀ ਤੋਂ ਬਾਅਦ ਜਨਰੇਸ਼ਨ ਅਲਫਾ ਦਾ ਉੱਠ ਖੜ੍ਹੇ ਹੋਣਾ ਭਾਰਤ ਦੀ ਭਵਿੱਖ ਦੀ ਰਾਜਨੀਤੀ ਲਈ ਫ਼ਿਲਹਾਲ ਸ਼ੁਭ ਸੰਕੇਤ ਮੰਨੇ ਜਾ ਰਹੇ ਹਨ। ਪਰ ਇਹ ਵਰਤਾਰਾ ਕਿੰਨਾ ਸਮਾਂ ਚਲਦਾ ਹੈ ਵੇਖਣਾ ਹੋਵੇਗਾ। ਸ਼ਾਇਦ ਉਸ ਸਮੇਂ ਤਕ ਜਦ ਤਕ ਸਿਆਸੀ ਮੁਹਾਰਤ ਰੱਖਣ ਵਾਲੇ ਲੋਕ ਇਸ ਦਾ ਤੋੜ ਨਹੀਂ ਲੱਭ ਲੈਂਦੇ।

# ਸ਼ਹਿਨਾਈ ਦੇ ਸ਼ਹਿਨਸ਼ਾਹ ਸਨ: ਉਸਤਾਦ ਬਿਸਮਿੱਲਾ ਖ਼ਾਨ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

'ਸ਼ਹਿਨਸ਼ਾਹ-ਏ-ਸ਼ਹਿਨਾਈ' ਅਖ਼ਵਾਉਣ ਵਾਲੇ ਉਸਤਾਦ ਬਿਸਮਿੱਲਾ ਖ਼ਾਨ ਸਾਹਿਬ ਭਾਰਤੀ ਸ਼ਾਸਤਰੀ ਸੰਗੀਤ ਜਗਤ ਦੀ ਇਕ ਵੱਡੀ ਅਤੇ ਬਾਕਮਾਲ ਹਸਤੀ ਸਨ। ਉਨ੍ਹਾ ਦਾ ਜਨਮ 21 ਮਾਰਚ,1916 ਨੂੰ ਬਿਹਾਰ ਦੇ ਇਕ ਪਿਛੜੇ ਜਿਹੇ ਪਿੰਡ ਦੁਮਰਾਓ ਵਿਖੇ ਵੱਸਦੇ ਗ਼ਰੀਬ ਸ਼ਹਿਨਾਈ ਵਾਦਕ ਜਨਾਬ ਪੈਗ਼ੰਬਰ ਬਖ਼ਸ ਦੇ ਘਰ ਹੋਇਆ ਸੀ। ਬਿਸਮਿੱਲਾ ਖ਼ਾਨ ਸਾਹਿਬ ਦਾ ਬਚਪਨ ਦਾ ਨਾਂ ਮਾਪਿਆਂ ਨੇ 'ਕਰੀਮੂਦੀਨ' ਰੱਖਿਆ ਸੀ। ਘਰ 'ਚ ਹੀ ਵਗ਼ਦੀ ਸੰਗੀਤ ਦੀ ਗੰਗਾ ਤੋਂ ਭਲਾ ਬਿਸਮਿੱਲਾ ਖ਼ਾਨ ਸਾਹਿਬ ਅਛੂਤੇ ਕਿਵੇਂ ਰਹਿ ਸਕਦੇ ਸਨ ਸੋ ਉਨ੍ਹਾ ਨੇ ਬਚਪਨ ਵਿਚ ਹੀ ਆਪਣੇ ਅੱਬਾ ਤੋਂ ਸ਼ਹਿਨਾਈ ਵਾਦਨ ਦੀਆਂ ਬਾਰੀਕੀਆਂ ਸਿੱਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਬਚਪਨ ਵਿਚ ਹੀ ਹੱਥਾਂ 'ਚ ਲੈ ਲਈ ਸ਼ਹਿਨਾਈ ਦਾ ਸਾਥ ਉਨ੍ਹਾ ਨੇ ਆਪਣੇ ਆਖ਼ਰੀ ਦਮ ਤੱਕ ਨਿਭਾਇਆ ਸੀ। ਉਹ ਆਖ਼ਦੇ ਹੁੰਦੇ ਸਨ,''ਸ਼ਹਿਨਾਈ ਵਾਦਨ ਮੇਰੇ ਲਈ ਮਨ ਦੀ ਸ਼ਾਂਤੀ ਅਤੇ ਆਤਮਿਕ ਅਨੰਦ ਦਾ ਸਰੋਤ ਹੈ।''

ਬਿਸਮਿੱਲਾ ਖ਼ਾਨ ਹੁਰਾਂ ਨੇ ਨਿੱਕੀ ਉਮਰੇ ਹੀ ਆਪਣੇ ਪਿਤਾ ਅਤੇ ਵੱਡੇ ਭਰਾ ਦੀ ਸੰਗਤ ਕਰਦਿਆਂ ਆਪਣੇ ਪਿੰਡ ਵਿਚਲੇ 'ਬਾਂਕੇ ਬਿਹਾਰੀ ਮੰਦਿਰ' ਵਿਖੇ ਸ਼ਹਿਨਾਈ ਵਾਦਨ ਕਰਨ ਅਰੰਭ ਕਰ ਦਿੱਤਾ ਸੀ। ਜਦੋਂ ਖ਼ਾਂ ਸਾਹਿਬ ਨੇ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਿਆ ਤਾਂ ਉਨ੍ਹਾ ਦੇ ਅੱਬਾ ਨੇ ਉਨ੍ਹਾ ਨੂੰ ਬਨਾਰਸ ਭਾਵ ਵਾਰਾਣਸੀ ਵਿਖੇ ਭੇਜ ਦਿੱਤਾ ਸੀ । ਉਥੇ ਅਲੀ ਬਖ਼ਸ਼ ਨਾਮਕ ਉਨ੍ਹਾ ਦੇ ਚਾਚਾ ਜੀ ਰਿਹਾ ਕਰਦੇ ਸਨ ਜੋ ਕਿ ਕਾਸ਼ੀ ਨਰੇਸ਼ ਦੇ ਦਰਬਾਰ ਵਿਚ ਸ਼ਹਿਨਾਈ ਵਾਦਨ ਕਰਿਆ ਕਰਦੇ ਸਨ। ਇਥੇ ਆ ਕੇ ਗੰਗਾ ਘਾਟ ਵਿਖੇ ਬੈਠ ਕੇ ਬਿਸਮਿੱਲਾ ਖ਼ਾਨ ਨੇ ਆਪਣੇ ਚਾਚਾ ਜੀ ਤੋਂ ਦਿਲਕਸ਼ ਸ਼ਹਿਨਾਈ ਵਾਦਨ ਦੇ ਹੋਰ ਗੁਰ ਸਿੱਖੇ ਅਤੇ ਖ਼ੂਬ ਰਿਆਜ਼ ਸ਼ੁਰੂ ਕਰ ਦਿੱਤਾ। ਕਿਸੇ ਫ਼ੁੱਲ ਦੀ ਸੁਗੰਧੀ ਦੀ ਤਰ੍ਹਾ ਬਿਸਮਿੱਲਾ ਖ਼ਾਨ ਸਾਹਿਬ ਦੁਆਰਾ ਵਜਾਈਆਂ ਜਾਂਦੀਆਂ ਸ਼ਹਿਨਾਈ ਦੀਆਂ ਮਿੱਠੀਆਂ ਸੁਰਾਂ ਨੇ ਇਲਾਕਾਵਾਸੀਆਂ ਦੇ ਮਨ ਮੋਹ ਲਏ ਤੇ ਫਿਰ ਛੇਤੀ ਹੀ ਉਨ੍ਹਾ ਨੂੰ ਬਨਾਰਸ ਦੇ ਪ੍ਰਸਿੱਧ 'ਬਾਲਾ ਜੀ ਮੰਦਿਰ' ਵਿਖੇ ਸਥਿਤ 'ਨੌਬਤਖ਼ਾਨਾ' ਵਿਚ ਸ਼ਹਿਨਾਈ ਵਜਾਉਣ ਦੀ ਸੇਵਾ ਹਾਸਿਲ ਹੋ ਗਈ ਜੋ ਕਿ ਉਨ੍ਹਾ ਲਈ ਇਕ ਵੱਡੀ ਪ੍ਰਾਪਤੀ ਸੀ।

ਉਸਤਾਦ ਬਿਸਮਿੱਲਾ ਖ਼ਾਨ ਸਾਹਿਬ ਨੂੰ ਇਹ ਮਾਣ ਦਿੱਤਾ ਜਾਂਦਾ ਹੈ ਕਿ ਉਨ੍ਹਾ ਨੇ ਸ਼ਹਿਨਾਈ ਸੰਗੀਤ ਨੂੰ ਧਰਮ ਅਸਥਾਨਾਂ ਅਤੇ ਸ਼ਾਹੀ ਦਰਬਾਰਾਂ ਤੋਂ ਬਾਹਰ ਲਿਆ ਕੇ ਆਮ ਲੋਕਾਂ ਤੱਕ ਪਹੁੰਚਾਇਆ ਤੇ ਭਾਰਤੀ ਸ਼ਾਸਤਰੀ ਸੰਗੀਤ ਨੂੰ ਇਕ ਬੁਲੰਦੀ ਪ੍ਰਦਾਨ ਕੀਤੀ। ਕਿਹਾ ਜਾਂਦਾ ਹੈ ਕਿ 14 ਵਰ੍ਹਿਆਂ ਦੀ ਨਿੱਕੀ ਜਿਹੀ ਉਮਰੇ ਜਦੋਂ ਖ਼ਾਂ ਸਾਹਿਬ ਨੇ ਅਲਾਹਬਾਦ ਵਿਖੇ ਸ਼ਹਿਨਾਈ ਵਾਦਨ ਦੀ ਆਪਣੀ ਪਹਿਲੀ ਜਨਤਕ ਪੇਸ਼ਕਾਰੀ ਕੀਤੀ ਸੀ ਤਾਂ ਉਨ੍ਹਾ ਦਾ ਦਿਲਕਸ਼ ਸੰਗੀਤ ਸੁਣ ਕੇ ਸਰੋਤਿਆਂ ਨੇ ਦੰਦਾਂ ਹੇਠਾਂ ਉਂਗਲਾਂ ਲੈ ਲਈਆਂ ਸਨ। ਉਸ ਤੋਂ ਬਾਅਦ ਭਾਰਤ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਅਤੇ ਰਾਜਾਂ ਤੋਂ ਇਲਾਵਾ ਬਿਸਮਿੱਲਾ ਖ਼ਾਨ ਸਾਹਿਬ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਜਾ ਕੇ ਸ਼ਹਿਨਾਈ ਦੇ ਮਧੁਰ ਸੰਗੀਤ ਦਾ ਜਾਦੂ ਬਿਖੇਰਿਆ ਸੀ ਤੇ ਭਾਰਤ ਅਤੇ ਭਾਰਤੀ ਸੰਗੀਤ ਦੀ ਮਹਿਮਾ ਨੂੰ ਵਧਾਇਆ ਸੀ। ਉਨ੍ਹਾ ਨੇ ਯੂਰਪ, ਅਮਰੀਕਾ, ਕੈਨੇਡਾ, ਈਰਾਨ, ਰੂਸ, ਅਫ਼ਗਾਨਿਸਤਾਨ, ਜਪਾਨ ਅਤੇ ਹੰਗਰੀ ਆਦਿ ਮੁਲਕਾਂ ਵਿਚ ਜਾ ਕੇ ਸ਼ਹਿਨਾਈ ਦੇ ਸੰਗੀਤ ਦੀ ਖ਼ੁਸ਼ਬੂ ਵੰਡੀ ਸੀ। ਸ਼ਾਸ਼ਤਰੀ ਸੰਗੀਤ ਦੀਆਂ ਵੰਨਗੀਆਂ 'ਠੁਮਰੀ','ਕਜਰੀ','ਹੋਰੀ','ਝੂਲਾ' ਅਤੇ 'ਦਾਦਰਾ' ਆਦਿ ਨੂੰ ਬਾਖ਼ੂਬੀ ਪੇਸ਼ ਕਰਨ ਵਿਚ ਸਮਰੱਥ ਇਹ ਮਹਾਨ ਸੰਗੀਤਕਾਰ ਸਮੁੱਚੇ ਸੰਗੀਤ ਨੂੰ 'ਇਬਾਦਤ' ਦਾ ਦਰਜਾ ਦਿਆ ਕਰਦਾ ਸੀ ਤੇ ਅਜੋਕੇ ਸੰਗੀਤਕਾਰਾਂ ਵਾਂਗ ਸੰਗੀਤ ਨੂੰ ਕੇਵਲ ਤਿਜਾਰਤ ਜਾਂ ਵਪਾਰ ਨਹੀਂ ਸਮਝਦਾ ਸੀ।

ਜਨਾਬ ਬਿਸਮਿੱਲਾ ਖ਼ਾਨ ਸਾਹਿਬ ਨੇ ਸੰਨ 1959 ਵਿਚ ਬਣੀ ਅਤੇ ਆਪਣੇ ਸੰਗੀਤ ਕਰਕੇ ਸੁਪਰਹਿਟ ਰਹੀ ਫ਼ਿਲਮ 'ਗੂੰਜ ਉਠੀ ਸ਼ਹਿਨਾਈ' ਲਈ ਸ਼ਹਿਨਾਈ ਵਾਦਨ ਕੀਤਾ ਸੀ ਜਿਸਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਬੋਲਿਆ ਸੀ। ਇਸ ਫ਼ਿਲਮ ਦੀ ਸਿਰਲੇਖ ਧੁਨ ਅਤੇ '' ਦਿਲ ਕਾ ਖਿਲੌਨਾ ਹਾਏ ਟੂਟ ਗਿਆ'' ਨਾਮਕ ਗੀਤ ਵਿਚ ਵਜਾਈ ਸ਼ਹਿਨਾਈ ਦੀ ਧੁਨ ਯਾਦਗਾਰੀ ਹੋ ਨਿੱਬੜੀ ਸੀ। ਉਂਜ ਇਸ ਤੋਂ ਪਹਿਲਾਂ ਖ਼ਾਂ ਸਾਹਿਬ ਸੰਨ 1958 ਵਿਚ ਬਣੀ ਇਕ ਬੰਗਾਲੀ ਫ਼ਿਲਮ 'ਜਲ ਸਾਗਰ' ਲਈ ਆਪਣਾ ਮਨਮੋਹਕ ਸ਼ਹਿਨਾਈ ਵਾਦਨ ਪੇਸ਼ ਕਰ ਚੁੱਕੇ ਸਨ। ਇਸ ਤੋਂ ਇਲਾਵਾ ਕੰਨੜ੍ਹ ਭਾਸ਼ਾ ਦੀ ਫ਼ਿਲਮ 'ਸਨਾ ਸਾਧਿਗੇ' ਵਿਚ ਵੀ ਉਨ੍ਹਾ ਦੁਆਰਾ ਵਜਾਈਆਂ ਗਈਆਂ ਸ਼ਹਿਨਾਈ ਦੀਆਂ ਮਧੁਰ ਧੁਨਾਂ ਨੂੰ ਸ਼ਾਮਿਲ ਕੀਤਾ ਗਿਆ ਸੀ।

ਉਸਤਾਦ ਬਿਸਮਿੱਲਾ ਖ਼ਾਨ ਸਾਹਿਬ ਨੂੰ ਉਂਜ ਤਾਂ ਦੁਨੀਆਂ ਭਰ ਵਿੱਚੋਂ ਬੇਸ਼ੁਮਾਰ ਮਾਣ, ਸਤਿਕਾਰ ਅਤੇ ਪਿਆਰ ਮਿਲਿਆ ਸੀ ਪਰ ਸੰਸਾਰਕ ਸਨਮਾਨਾਂ ਵਜੋਂ ਉਨ੍ਹਾ ਨੂੰ 'ਭਾਰਤ ਰਤਨ','ਸੰਗੀਤ ਨਾਟਕ ਅਕਾਦਮੀ ਪੁਰਸਕਾਰ','ਪਦਮ ਸ੍ਰੀ','ਪਦਮ ਭੂਸ਼ਣ','ਪਦਮ ਵਿਭੂਸ਼ਣ','ਭਾਰਤ ਸ਼ਿਰੋਮਣੀ ਪੁਰਸਕਾਰ','ਰਾਜੀਵ ਗਾਂਧੀ ਸਦਭਾਵਨਾ ਪੁਰਸਕਾਰ' ਅਤੇ 'ਕੌਮੀ ਸੰਗੀਤ ਰਤਨ ਪੁਰਸਕਾਰ' ਆਦਿ ਸਣੇ ਕਈ ਸਾਰੇ ਵੱਡੇ ਇਨਾਮ ਅਤੇ ਸਨਮਾਨ ਪ੍ਰਦਾਨ ਕੀਤੇ ਗਏ ਸਨ। ਸਾਰੀ ਉਮਰ ਹੀ ਸਾਦਗੀ ਪਸੰਦ ਰਹੇ ਬਿਸਮਿੱਲਾ ਖ਼ਾਨ ਸਾਹਿਬ ਆਪਣੇ ਆਪ ਨੂੰ ਵਡਭਾਗਾ ਸਮਝਦੇ ਸਨ ਕਿ 15 ਅਗਸਤ,1947 ਨੂੰ ਮਿਲੀ ਆਜ਼ਾਦੀ ਮੌਕੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਨ੍ਹਾ ਨੂੰ ਲਾਲ ਕਿਲੇ ਤੋਂ ਸ਼ਹਿਨਾਈ ਵਾਦਨ ਕਰਨ ਦਾ ਵਿਸ਼ੇਸ਼ ਸੱਦਾ ਤੇ ਯਾਦਗਾਰੀ ਮੌਕਾ ਪ੍ਰਦਾਨ ਕੀਤਾ ਸੀ। ਪ੍ਰੇਮ,ਨਿਮਰਤਾ,ਸੰਗੀਤ ਪ੍ਰਤੀ ਸਮਰਪਣ ਅਤੇ ਵਤਨ ਪ੍ਰਤੀ ਸੱਚੀ ਮੁਹੱਬਤ ਰੱਖਣ ਵਾਲੇ ਇਸ ਮਹਾਨ ਫ਼ਨਕਾਰ ਦਾ 21 ਅਗਸਤ,2006 ਨੂੰ ਨੱਬੇ ਵਰ੍ਹਿਆਂ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਉਨ੍ਹਾ ਦੀ ਮਹਾਨ ਸ਼ਖ਼ਸੀਅਤ ਦੇ ਸਿਜਦੇ ਵਿਚ ਇਹ ਕਿਹਾ ਜਾ ਸਕਦਾ ਹੈ :

ਹਜ਼ਾਰੋਂ ਬਰਸ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ

ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

-410, ਚੰਦਰ ਨਗਰ, ਬਟਾਲਾ।
ਮੋ.97816-46008







## ਕਲਾ ਪਰਿਕਰਮਾ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਸਤੰਬਰ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-760




**ਮੁੱਕੀਆਂ ਅੰਬੀਆਂ ਪੱਤਝੜ ਨੇੜੇ ਆਈ ਹੈ,
ਤੇ ਦੋਹਾਂ ਉਡ ਜਾਣ ਦੀ ਸਲਾਹ ਬਣਾਈ ਹੈ।
ਕੌਣੀ ਦੇ ਆਲ੍ਹਣੇ ਨੇੜੇ ਅਵਾਜ਼ ਲਗਾਈ ਹੈ,
ਉਡ ਚੱਲੀਏ ਬੱਚਿਓ ਹੁਣ ਸਿਰ ਭਕਾਈ ਹੈ।**

## ਕੈਪਸ਼ਨ ਮੁਕਾਬਲਾ-758



ਹਰੀ ਭਰੀ ਇੱਕ ਬਸਤੀ ਵਸ ਗਈ,
ਵਿਚ ਹਵਾ ਦੇ ਝੂਲੇ,
ਸਤਾਵੇ ਨ ਡਰ ਕੋਈ ਬੁਲਡੋਜ਼ਰ ਦਾ,
ਨਾ ਕਰਜ਼ੇ ਦੇ ਤੂਲੇ।
ਵਿੱਚ ਕੁਦਰਤ ਦੇ ਮੌਜਾਂ ਹੀ ਮੌਜਾਂ,
ਜਦੋਂ ਬਿਜੜਾ ਹੂਲੇ,
ਅੱਧ ਅਸਮਾਨ ਦੇਖੋ ਲਟਕ ਰਹੇ ਨੇ,
ਜਿਉਂ ਹੁੰਦੇ ਨੇ ਪੂਲੇ।
***-ਸੇਵਾ ਸਿੰਘ ਨੂਰਪੁਰੀ***

---

ਬਿਜੜਾ ਪੰਛੀ ਜੁਲਾਹਾ ਅਖਾਵੇ।
ਕਿੱਕਰਾਂ ਉੱਤੇ ਆਲ੍ਹਣੇ ਪਾਵੇ।
ਜਿਉਂ ਜੁਲਾਹਾ ਤਾਣਾ ਏ ਤਣਦਾ,
ਪਾ-ਪਾ ਧਾਗੇ ਕਪੜਾ ਉਣਦਾ।
ਚੁੰਝਾਂ ਭਰ-ਭਰ ਤਿਣਕੇ ਲਿਆਵੇ,
ਬਿਜੜਾ ਚੁਣ ਵਿਚ ਆਲ੍ਹਣੇ ਲਾਵੇ।
ਆਲ੍ਹਣੇ ਅੰਦਰ ਮਿੱਟੀ ਲਾਉਂਦਾ,
ਸੱਪਾਂ ਤਾਈਂ ਆਪ ਬਚਾਉਂਦਾ।
ਜੇ ਉਹ ਬੀਜੜੀ ਨੂੰ ਭਾਅ ਜਾਵੇ,
ਬਿਜੜੇ ਨੂੰ ਹਮਸਫ਼ਰ ਬਣਾਵੇ।
ਦੋਵੇਂ ਰਲ-ਮਿਲ ਘਰ ਵਸਾਉਂਦੇ,
ਅੰਡਿਆਂ ਥਾਈਂ ਨਵੇਂ ਜੀਅ ਆਉਂਦੇ।
ਬਿਜੜਾ ਹੋਰ ਵੀ ਘਰ ਬਣਾਵੇ,
ਹੋਰ ਬਿਜੜੀਆਂ ਨੂੰ ਪਰਚਾਵੇ।
ਸਾਵਣ-ਰੁੱਤ ਬਿਜੜੇ ਨੂੰ ਭਾਵੇ,
ਖੂਹਾਂ ਦੁਆਲੇ ਆਲ੍ਹਣੇ ਪਾਵੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864 318 5500***

---

ਉੱਪਰ ਬ੍ਰਿਖ ਦੇ ਬਿੱਜੜਿਆਂ
ਇੱਕ ਪਿੰਡ ਵਸਾਇਆ।
ਆਪੋ ਆਪਣੇ ਘਰ ਬੁਣੇ
ਨਾ ਕੁੰਡਾ ਜਿੰਦਾ ਲਾਇਆ।
ਮੀਂਹ ਕਣੀ ਤੋਂ ਬਚਣ ਦਾ
ਸਭ ਜੁਗਾੜ ਬਣਾਇਆ।
ਕਲਾਕਾਰੀ ਦੀ ਹੱਦ ਕਰੀ
ਮਾਤ ਬੰਦੇ ਨੂੰ ਪਾਇਆ।
ਏਸ ਨੈਂਟ ਦੀ ਰੀਸ ਨਹੀਂ
ਭਾਵੇਂ ਨੈਂਟ ਨਵਾਂ ਹੈ ਆਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਬਿਜੜੇ ਦਾ ਆਲ੍ਹਣਾ
ਉਸਤਤ ਦਾ ਪਾਤਰ
ਹੁਨਰ ਸਿਆਣਪ ਹੱਦਾਂ ਪਾਰ
ਪਹਿਲਾਂ ਤੀਲ੍ਹਾ ਤੀਲ੍ਹਾ ਢੂੰਡਣਾ
ਫਿਰ ਕਰਨਾ ਘਰ ਤਿਆਰ।
***-ਦਰਸ਼ਨ ਪਾਲ ਦੋਸਾਂਝ***

## *ਗੀਤ*

ਜਿਹੜੇ ਬਾਗ ਦਾ ਮਾਲੀ ਮਾੜਾ।
ਇੱਕ ਦਿਨ ਉਹਦਾ ਹੋਊ ਉਜਾੜਾ।
ਦਿਲ ਦਾ ਦੌਰਾ ਪੈ ਸਕਦਾ ਹੈ,
ਖ਼ੂਨ ਜਦੋਂ ਹੋ ਜਾਵੇ ਗਾੜ੍ਹਾ।
ਨਸ਼ਿਆਂ ਵਿਚ ਗ੍ਰਸਤ ਹੋ ਗਿਆ,
ਮੁੰਡਾ ਹੁੰਦਾ ਸੀ ਜੋ ਪਾੜ੍ਹਾ।
ਮਰਜ ਦਵਾਈ ਦੇ ਨਾਲ ਹੱਟਦੀ,
ਕਰਦਾ ਕੁੱਝ ਨ੍ਹੀਂ ਹੁੰਦਾ ਝਾੜਾ।
ਚੰਗਾ ਜੇ ਕੁੱਝ ਕਰ ਨ੍ਹੀਂ ਸਕਦੇ,
ਨਾ ਹੀ ਕਰੋ ਕਿਸੇ ਦਾ ਮਾੜਾ।
ਸਭਨਾ ਦੇ ਲਈ ਚੰਗਾ ਸੋਚੋ,
ਦਿਲ ਦੇ ਵਿਚ ਨਾ ਰੱਖੋ ਸਾੜਾ।
ਮੈਂ ਉਹਦੇ ਬਲਿਹਾਰੇ ਜਾਵਾਂ,
ਜੋ ਵੀ ਹੈ ਦੁਨੀਆਂ ਦਾ ਘਾੜਾ।
***-ਜਸਪਾਲ ਸਿੰਘ ਨਾਗਰਾ , 'ਮਹਿੰਦਪੁਰੀਆ' ਪੋਰਟਲੈਂਡ,***

# ਏ.ਆਈ. ਫੋਟੋਆਂ ਤੇ ਨਿੱਜਤਾ



ਸੰਜੀਵ ਸਿੰਘ ਸੈਣੀ

ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਅੱਜ-ਕੱਲ੍ਹ ਸੋਸ਼ਲ ਮੀਡੀਆ 'ਤੇ 1980 ਦਹਾਕੇ ਵਰਗੀਆਂ ਫੋਟੋਆਂ ਨੂੰ ਦਿਖਾਉਣ ਦਾ ਕਾਫੀ ਜ਼ਿਆਦਾ ਰੁਝਾਨ ਚੱਲ ਰਿਹਾ ਹੈ। ਤਸਵੀਰ ਨੇ ਸੋਸ਼ਲ ਮੀਡੀਆ 'ਤੇ ਚਰਚਾ ਹੋਰ ਤੇਜ਼ ਕਰ ਦਿੱਤੀ ਹੈ। ਤਕਰੀਬਨ ਹਰ ਬੰਦੇ ਨੇ ਆਪਣੀ ਫੋਟੋ 1980 ਦੇ ਦਹਾਕੇ ਮੁਤਾਬਕ ਸੋਸ਼ਲ ਮੀਡੀਆ (ਚਾਹੇ ਫੇਸਬੁਕ, ਟਵੀਟਰ, ਵ੍ਹਟਸਐਪ) 'ਤੇ ਸਾਂਝੀ ਕੀਤੀ ਹੈ। ਏ ਆਈ ਕੁਝ ਹੀ ਸੈਕਿੰਡ 'ਚ ਉਸ ਤਸਵੀਰ ਨੂੰ 80 ਦੇ ਦਹਾਕੇ ਦੇ ਹਾਵ-ਭਾਵ, ਕੱਪੜਿਆਂ, ਵਾਲਾਂ, ਸਟਾਈਲ 'ਚ ਬਦਲ ਕੇ ਸਾਹਮਣੇ ਰੱਖ ਦਿੰਦਾ ਹੈ। ਮਾਹਿਰਾਂ ਮੁਤਾਬਕ ਇਹ ਪੁਰਾਣੇ ਸੱਭਿਆਚਾਰ ਪ੍ਰਤੀ ਪਿਆਰ ਨੂੰ ਦਰਸਾਉਂਦਾ ਹੈ। ਲੋਕਾਂ 'ਚ ਆਪਣੀਆਂ ਉਸ ਦਹਾਕੇ ਮੁਤਾਬਿਕ ਫੋਟੋਆਂ ਦੇਖਣ ਦਾ ਚਾਅ ਜਿਹਾ ਹੈ। ਅਕਸਰ ਕਹਿੰਦੇ ਵੀ ਹਾਂ ਕਿ ਸਾਨੂੰ ਜ਼ਮਾਨੇ ਦੇ ਮੁਤਾਬਿਕ ਚੱਲਣਾ ਚਾਹੀਦਾ ਹੈ।

ਭਾਵੇਂ ਏ.ਆਈ. ਦਾ ਜ਼ਮਾਨਾ ਹੈ ਪਰ ਆਪਣੇ ਮਨੋਰੰਜਨ, ਆਪਣੇ-ਆਪ ਨੂੰ ਪੁਰਾਣੇ ਸਮੇਂ ਦੇ ਮੁਤਾਬਕ ਦਿਖਣ ਲਈ ਕਿੰਨੀ ਜਲਦੀ ਅਸੀਂ ਆਪਣੀ ਨਿੱਜੀ ਜਾਣਕਾਰੀ ਸਾਂਝੀ ਕਰ ਦਿੰਦੇ ਹਾਂ। ਹਾਲਾਂਕਿ ਕਈ ਥਾਵਾਂ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਆਪਣੀ ਨਿੱਜੀ ਜਾਣਕਾਰੀ ਸਾਂਝੀ ਕਰਨ ਬਾਰੇ ਚੇਤਾਵਨੀ ਵੀ ਜਾਰੀ ਕੀਤੀ ਗਈ ਸੀ। ਅਕਸਰ ਜਦੋਂ ਅਸੀਂ ਆਪਣੀ ਸੋਸ਼ਲ ਮੀਡੀਆ 'ਤੇ ਕੋਈ ਵੀ ਫੋਟੋ ਸ਼ੇਅਰ ਕਰਦੇ ਹਾਂ ਤਾਂ ਸਾਡੀ ਕਾਫ਼ੀ ਜਾਣਕਾਰੀ ਉੱਥੇ ਸਾਂਝੀ ਹੋ ਜਾਂਦੀ ਹੈ। ਭਾਵੇਂ 80 ਦੇ ਦਹਾਕਿਆਂ ਵਾਲੀ ਫੋਟੋ ਦੇਖ ਕੇ ਨੌਜਵਾਨ ਪੀੜ੍ਹੀ ਉਤਸ਼ਾਹ ਵਿਚ ਹੈ। ਜਿਵੇਂ ਅਸੀਂ ਕੋਈ ਆਪਣੀ ਫੋਟੋ ਅਪਲੋਡ ਕਰਦੇ ਹਾਂ ਤਾਂ ਉਸ ਥਾਂ ਬਾਰੇ ਜਾਂ ਜਿਸ ਬੰਦੇ ਕੋਲ ਅਸੀਂ ਖੜੇ ਹਾਂ, ਜਾਂ ਜਿੱਥੇ ਅਸੀਂ ਜਾ ਰਹੇ ਹਾਂ ਉਹ ਸਾਰੀ ਜਾਣਕਾਰੀ ਜਨਤਕ ਹੋ ਜਾਂਦੀ ਹੈ। ਤਸਵੀਰ ਦੇ ਪਿਛੋਕੜ ਤੋਂ ਘਰਾਂ, ਕੰਮ ਕਰਨ ਦੀਆਂ ਥਾਵਾਂ, ਸਕੂਲ, ਪਰਿਵਾਰਕ ਮੈਂਬਰਾਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਅਕਸਰ ਅਸੀਂ ਦੇਖਦੇ ਹਾਂ ਕਿ ਕੁਝ ਲੋਕ ਕਿਸੇ ਥਾਂ 'ਤੇ ਘੁੰਮਣ ਜਾਂਦੇ ਹਨ, ਤਾਂ ਉੱਥੋਂ ਦੀਆਂ ਤਸਵੀਰਾਂ ਲਾਈਵ ਲੋਕੇਸ਼ਨ ਪਾ ਕੇ ਜਨਤਕ ਕਰਦੇ ਹਨ। ਜਾਣਕਾਰੀ ਸਾਂਝੀ ਕਰਨ ਨਾਲ ਕਈ ਵਾਰ ਉਹ ਮੁਸੀਬਤ ਵਿਚ ਵੀ ਪੈ ਜਾਂਦੇ ਹਨ। ਅਜਿਹੇ ਲੋਕਾਂ ਦੇ ਘਰਾਂ ਵਿਚ ਅਕਸਰ ਚੋਰੀਆਂ ਆਮ ਹੁੰਦੀਆਂ ਹਨ। ਪੜ੍ਹਦੇ ਵੀ ਹਾਂ ਤੇ ਸੁਣਦੇ ਵੀ ਹਾਂ।

ਜਦੋਂ ਅਕਸਰ ਏਆਈ ਤਸਵੀਰ ਬਣਾ ਕੇ ਜਨਤਕ ਕਰਦੀ ਹੈ ਤਾਂ ਇਸ ਨੂੰ ਕੋਈ ਵੀ ਕਾਪੀ ਜਾਂ ਇਸਦੀ ਕੋਈ ਵੀ ਦੁਰਵਰਤੋਂ ਕਰ ਸਕਦਾ ਹੈ। ਪੜ੍ਹਿਆਂ-ਲਿਖਿਆਂ ਦਾ ਜ਼ਮਾਨਾ ਹੈ। ਤਕਰੀਬਨ ਹਰ ਘਰ ਵਿਚ ਬੱਚੇ, ਅੱਜ ਕੱਲ ਪੜ੍ਹੇ-ਲਿਖੇ ਹਨ। ਪਤਾ ਨਹੀਂ ਆਪਣੇ ਫੋਲੋਵਰਜ਼ ਵਧਾਉਣ ਦੇ ਚੱਕਰ




ਵਿਚ ਆਪਣੀ ਜਾਣਕਾਰੀ ਸਾਂਝੀ ਕਰਕੇ ਕਿਉਂ ਜੋਖ਼ਮ ਭਰਿਆ ਕਦਮ ਚੁੱਕਦੇ ਹਨ। ਏ.ਆਈ ਤਾਂ ਅੱਗੇ-ਅੱਗੇ ਬਹੁਤ ਕੁਝ ਕਰੇਗਾ। ਪਰ ਉਪਭੋਗਤਾਵਾਂ ਨੂੰ ਕੁਝ ਵੀ ਅਪਲੋਡ ਕਰਨ ਤੋਂ ਪਹਿਲਾਂ ਸੋਚਣਾ ਪਵੇਗਾ। ਚੇਤੇ ਰੱਖੀਏ! ਤੁਹਾਡੇ ਵੱਲੋਂ 80 ਦੇ ਦਹਾਕਿਆਂ ਦੀ ਅਪਲੋਡ ਫੋਟੋ ਕੁੱਝ ਪਲ ਖੁਸ਼ੀ ਤਾਂ ਦੇ ਸਕਦੀ ਹੈ, ਪਰ ਡਿਜੀਟਲ ਫੁੱਟ ਪ੍ਰਿੰਟ ਬਹੁਤ ਲੰਬੇ ਸਮੇਂ ਤੱਕ ਕਾਇਮ ਰਹਿੰਦਾ ਹੈ।




## ਹੁਣ ਡਰ ਲਗਦਾ ਏ

ਸੱਚੀਂ! ਆਪਣਿਆਂ ਤੋਂ ਡਰ ਲਗਦਾ ਏ।
ਬਸ ਐਂਵੇਂ ਹੀ, ਮਨ ਗਿਆ ਹੁਣ ਭਰ ਲਗਦਾ ਏ।

ਖ਼ੂਨ ਪਿਆ ਕੇ ਖ਼ੂਨੀ ਰਿਸ਼ਤਿਆਂ ਦੀ ਗੱਲ ਕਰਦੈ,
ਬੰਦਾ ਸੱਚੀਂ! ਇਹ ਕੋਈ ਪੂਰਾ ਨਰ ਲਗਦਾ ਏ।

ਦੇਖਣ-ਪਰਖਣ ਵਿਚ ਤਾਂ ਬੜਾ ਸਿਆਣਾ ਸੀ,
ਇਹ ਵੀ ਠਗਿਆ ਕਿਸੇ ਦੇ ਹੱਥੋਂ, ਪਰ ਲਗਦਾ ਏ।

ਆਪ ਤਾਂ ਲਗਦੈ ਸ਼ਾਂਤ ਜਿਹਾ ਪਰ ਅੱਖਾਂ ਬੋਲਦੀਆਂ,
ਅੰਦਰੋਂ ਅੰਦਰੀ ਗਿਆ ਇਹ ਸਭ ਕੁਝ ਜਰ ਲਗਦਾ ਏ।

ਐਂਵੇਂ ਹੀ ਬਸ ਸਾਹ ਤੇ ਨਬਜ਼ਾਂ ਚੱਲ ਰਹੀਆਂ,
ਉਂਝ ਵਿਚਾਰਾ ਗਿਆ ਕਦੋਂ ਦਾ ਮਰ ਲਗਦਾ ਏ।

ਇਹ ਜ਼ਿੰਦਗੀ ਦੀ ਖੇਡ 'ਚ ਪੱਤੇ ਦੱਸ ਬੈਠਾ ਬਸ,
ਚਾਲਬਾਜ਼ਾਂ ਦੀ ਚਾਲ 'ਚ ਗਿਆ ਹਰ ਲਗਦਾ ਏ।

ਦੂਜਿਆਂ ਨੂੰ ਖ਼ੁਸ਼ ਕਰਦਾ ਅੱਜ ਉਦਾਸ ਬੜਾ ਏ,
ਇਹਦਾ 'ਭੌਰੇ'ਲੁੱਟਿਆ ਗਿਆ ਕੋਈ ਘਰ ਲਗਦਾ।

# ਸਿੱਖੀ ਦੀ ਸੌਗੰਧ: ਮਹਾਰਾਜਾ ਸੁਖਜੀਤ ਸਿੰਘ

ਡਾ: ਆਸਾ ਸਿੰਘ ਘੁੰਮਣ
ਫੋਨ: 97798-53245

ਮਹਾਰਾਜਾ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਸਥਾਪਿਤ ਰਿਆਸਤ ਕਪੂਰਥਲਾ ਦੇ 7ਵੇਂ ਵਾਰਸ, ਮਹਾਰਾਜਾ ਜਗਤਜੀਤ ਸਿੰਘ, ਅਤਿ ਵਿਲੱਖਣ ਸ਼ਖ਼ਸ਼ੀਅਤ ਦੇ ਮਾਲਕ, ਫਰੈਂਕੋ-ਫਿਲੀ ਅਖ਼ਵਾਉਣ ਵਾਲੇ, ਵੱਡੇ ਸ਼ਹਿਨਸ਼ਾਹ, ਕੇਸਾਧਾਰੀ-ਪਗੜੀਧਾਰੀ, 1897 ਵਿਚ ਯੂਰਪ ਦੇ ਇਕ ਟੂਰ 'ਤੇ ਸਨ ਤਾਂ ਪਤਾ ਨਹੀਂ ਮਨ ਵਿਚ ਕੀ ਆਇਆ ਕਿ ਦਾਹੜੀ-ਕੇਸ-ਪਗੜੀ ਨੂੰ 'ਨਿਰਾ ਪੁਆੜਾ ਅਤੇ ਯੱਬਖ਼ਾਨਾ' ਸਮਝਣ ਲੱਗੇ ਅਤੇ ਇਸ ਸੋਚ ਅਧੀਨ ਉਹ ਕਦੀਮੀ ਤੇ ਪਿਤਾ-ਪੁਰਖੀ ਧਾਰਮਿਕ ਪਹਿਚਾਣ ਨੂੰ ਅਲਵਿਦਾ ਕਹਿ ਕਲੀਨ-ਸ਼ੇਵਨ ਬਣ ਬੈਠੇ। ਜਦੋਂ ਖੁਸ਼ਵੰਤ ਸਿੰਘ ਦੇ ਬੇਟੇ ਰਾਹੁਲ ਸਿੰਘ ਨੇ ਵਾਲ ਕਟਾਏ ਸਨ ਤਾਂ ਉਸ ਸਮੇਂ ਖੁਸ਼ਵੰਤ ਸਿੰਘ ਨੇ ਲਿਖਿਆ ਸੀ ਇਸ ਕਿਸਮ ਦਾ ਵਿਅੱਕਤੀਗਤ ਫੈਸਲਾ ਲੈਣ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਇਨਸਾਨ ਅਪਣੀ ਬਰਾਦਰੀ ਅਤੇ ਧਾਰਮਿਕ ਭਾਈਚਾਰੇ ਤੋਂ ਟੁੱਟ ਬੈਠਦਾ ਹੈ। ਮਹਾਰਾਜਾ ਜਗਤਜੀਤ ਸਿੰਘ ਨਾਲ ਵੀ ਇਹੀ ਕੁਝ ਹੋਇਆ। ਉਸਦੀ ਸਿੱਖ ਰਈਅਤ ਨੇ ਉਸਦੇ ਇਸ ਨਵੇਂ ਅਪਨਾਏ ਅੰਦਾਜ਼ ਨੂੰ ਬਹੁਤਾ ਚੰਗਾ ਨਾ ਸਮਝਿਆ ਅਤੇ ਸਿੱਖਾਂ ਨਾਲ ਸੰਬੰਧਿਤ ਫੈਸਲਿਆਂ 'ਤੋਂ ਉਸਨੂੰ ਅਲੱਗ ਰੱਖਿਆ ਜਾਣ ਲੱਗਾ।

ਓਧਰੋਂ ਰੱਬ ਦੀ ਰਜ਼ਾ ਕਹਿ ਲਵੋ ਕਿ ਕਪੂਰਥਲਾ ਰਿਆਸਤ ਨੂੰ ਵਾਰਸ ਨਹੀਂ ਸੀ ਨਸੀਬ ਹੋ ਰਿਹਾ। ਇਕ ਤੋਂ ਬਾਅਦ ਇਕ ਤਿੰਨ ਬੇਟੀਆਂ ਜਨਮ ਲੈ ਚੁੱਕੀਆਂ ਸਨ। ਬ੍ਰਿਟਿਸ਼ ਰਾਜ ਸਮੇਂ ਲਾਗੂ ਰਿਆਸਤੀ-ਹਿੰਦੂ-ਕਾਨੂੰਨ ਮੁਤਾਬਕ ਕੋਈ ਵੀ ਰਾਜਕੁਮਾਰੀ ਰਿਆਸਤ-ਮੁੱਖੀ ਨਹੀਂ ਸੀ ਬਣ ਸਕਦੀ। ਮਹਾਰਾਜਾ ਜਗਤਜੀਤ ਸਿੰਘ ਦੇ ਸ਼ਹਿਜ਼ਾਦੇ ਯੁਵਰਾਜ ਪਰਮਜੀਤ ਸਿੰਘ ਦੇ ਗ੍ਰਹਿ ਵਿਖੇ ਬੇਟਾ ਹੋਣਾ ਲਾਜ਼ਮੀ ਸੀ। ਦਿਵਾਨ ਜਰਮਨੀ ਦਾਸ ਅਨੁਸਾਰ ਮਹਾਰਾਜਾ ਪਰਮਜੀਤ ਸਿੰਘ ਦੀਆਂ ਤਿੰਨ ਬੇਟੀਆਂ ਹੋਣ ਉਪਰੰਤ ਰਾਜ-ਜੋਤਸ਼ੀ,ਪੰਡਤ ਸ਼੍ਰੀ ਰਾਮ ਨੇ ਭਵਿੱਖਵਾਣੀ ਕਰ ਦਿਤੀ ਕਿ ਹੁਣ ਚੌਥੀ ਵਾਰ ਰਾਜ-ਮਹੱਲ ਦੇ ਭਾਗ ਖੁੱਲਣ ਵਾਲੇ ਸਨ। ਜਿਉਂ-ਜਿਉਂ ਦਿਨ ਨੇੜੇ ਆ ਰਹੇ ਸਨ ਸ਼ਾਹੀ-ਜਲੌ ਦੀਆਂ ਤਿਆਰੀਆਂ ਜ਼ੋਰ ਫੜ ਰਹੀਆਂ ਸਨ। ਰਾਜ-ਜੋਤਸ਼ੀ ਦੀ ਭਵਿੱਖਵਾਣੀ 'ਤੇ ਪੂਰਨ ਵਿਸ਼ਵਾਸ਼ ਕਰਦਿਆਂ ਵੱਡੇ ਪੈਮਾਨੇ 'ਤੇ ਸ਼ਾਹੀ-ਜਸ਼ਨਾਂ ਦੀ ਤਿਆਰੀ ਸੀ। ਰਿਆਸਤੀ ਫੌਜ ਦੇ ਕਮਾਂਡਰ ਇਨ ਚੀਫ਼, ਬਕਸ਼ੀ ਪੂਰਨ ਸਿੰਘ ਬਹਾਦਰ ਨੂੰ ਵੀ ਹੁਕਮ ਦੇ ਦਿੱਤੇ ਗਏ ਸਨ ਕਿ ਪੋਤਰੇ ਦੀ ਆਮਦ ਵਾਲੀ ਪਹਿਲੀ ਸਵੇਰ ਸ਼ਾਹੀ ਸਲਾਮੀ ਦੀ ਤਿਆਰੀ ਰੱਖੀ ਜਾਵੇ। ਜਸ਼ਨਾਂ ਲਈ ਸ਼ਾਹੀ ਖ਼ਜ਼ਾਨੇ ਵਿਚੋਂ ਵੀਹ ਲੱਖ ਰੁਪਏ ਦੀ ਰਕਮ ਵੀ ਸੈਂਕਸ਼ਨ ਕਰ ਦਿਤੀ ਗਈ ਸੀ।

ਪਰ ਘੋਰ ਬਦਕਿਸਮਤੀ ਕਿ ਸਾਰਾ ਕੁਝ ਧਰਿਆ ਧਰਾਇਆ ਰਹਿ ਗਿਆ! ਸਾਰੇ ਪਾਸੇ ਸੋਗ ਦੀ ਲਹਿਰ ਫੈਲ ਗਈ: ਰਾਜ-ਮਹੱਲ ਵਿਚ ਰਾਜ-ਜੋਤਸ਼ੀ ਦੀ ਭਵਿੱਖਵਾਣੀ ਦੇ ਉਲਟ ਪਰਮਾਤਮਾ ਨੇ ਇਸ ਵਾਰ ਵੀ ਬੇਟੀ ਹੀ ਭੇਜ ਦਿੱਤੀ ਸੀ। ਮਹਾਰਾਜੇ ਨੂੰ ਇਹ ਖ਼ਬਰ ਸੁਣ ਕੇ ਕਹਿਰ ਚੜ੍ਹ ਗਿਆ ਤੇ ਉਸਨੇ ਰਾਜ-ਜੋਤਸ਼ੀ ਨੂੰ ਹੱਥਕੜੀਆਂ ਲਗਾ ਕੇ ਬਿਨ-ਮੁਕੱਦਮੇ ਨੌਂ ਸਾਲ ਲਈ ਜੇਲ੍ਹ ਵਿਚ ਸੁੱਟ ਦਿਤਾ। ਮਹਾਰਾਣੀ ਇਹ ਸੁਣ ਕੇ ਬਹੁਤ ਦੁਖੀ ਹੋਈ: 'ਪਹਿਲਾਂ ਹੀ ਮਹਾਰਾਜ ਅਤੇ ਯੁਵਰਾਜ ਦੇ ਪਤਿਤ ਹੋਣ ਦੇ ਪਾਪ ਕਾਰਨ ਸਾੜ੍ਹ-ਸਤੀ ਆਈ ਹੋਈ ਸੀ, ਹੁਣ ਉੱਚ-ਜਾਤੀ ਦੇ ਬ੍ਰਾਹਮਣ 'ਤੇ ਕਹਿਰ ਢਾਹੁਣ ਨਾਲ ਪਤਾ ਨਹੀਂ ਕੀ ਭਾਣਾ ਵਰਤੇਗਾ...?' ਮਹਾਰਾਣੀ ਅਤੇ ਹੋਰ ਪ੍ਰਭਾਵਸ਼ਾਲੀ ਵਿਅੱਕਤੀਆਂ ਦੀ ਬੇਨਤੀ 'ਤੇ ਰਾਜ-ਜੋਤਸ਼ੀ ਨੂੰ ਰਿਹਾ ਤਾਂ ਕਰ ਦਿੱਤਾ ਗਿਆ, ਪਰ ਨਾਲ ਹੀ ਦੇਸ਼-ਨਿਕਾਲਾ ਦੇ ਦਿੱਤਾ ਗਿਆ ਅਤੇ ਉਸਦੇ ਪਰਿਵਾਰਕ ਜੀਆਂ ਨੂੰ ਰਿਆਸਤੀ ਨੌਕਰੀਆਂ ਤੋਂ ਕੱਢ ਦਿੱਤਾ ਗਿਆ।



*ਮਹਾਰਾਜਾ ਜਗਤਜੀਤ ਸਿੰਘ ਆਪਣੇ ਪਰਿਵਾਰ ਨਾਲ। ਤਸਵੀਰ ਵਿਚ ਮਹਾਰਾਜਾ ਸੁਖਜੀਤ ਸਿੰਘ ਸਭ ਤੋਂ ਸੱਜੇ ਖੜ੍ਹੇ ਦਿਖਾਈ ਦੇ ਰਹੇ ਹਨ।*

ਜਦੋਂ ਬੰਦਾ ਨਿਰਾਸ਼ਾ ਦੇ ਆਲਮ ਵਿਚ ਹੁੰਦਾ ਹੈ ਤਾਂ ਉਸਦਾ ਧਿਆਨ ਆਪਣੀਆਂ ਕੁਤਾਹੀਆਂ ਵੱਲ ਜਾਣ ਲੱਗਦਾ ਹੈ। ਪੁੱਤਾਂ-ਪੋਤਰਿਆਂ ਲਈ ਤਾਂ ਬੰਦਾ ਕਈ ਗੁਰੂ-ਪੀਰ ਧਿਆਉਂਦਾ ਹੈ, ਜੋਗੀਆਂ ਦੇ ਅਲਖ ਜਗਾਉਂਦਾ ਹੈ। ਮਹਾਰਾਜੇ ਨੇ ਵੀ ਕਈ ਮਹਾਂ-ਪੁਰਖਾਂ 'ਤੋਂ ਵਰਦਾਨ ਪ੍ਰਾਪਤ ਕਰਨ ਲਈ ਵਾਸਤੇ ਘੱਤੇ। ਉਨ੍ਹਾਂ ਵਿਚੋਂ ਕਈਆਂ ਨੇ ਨੇਕ-ਮਸ਼ਵਰਾ ਦਿੱਤਾ ਕਿ ਉਹ ਆਪਣੇ ਪਰਿਵਾਰ ਸਮੇਤ ਸਿੱਖੀ ਵੱਲ ਮੁੜਨ।

ਇਨ੍ਹਾਂ ਹੀ ਹਾਲਾਤਾਂ ਵਿਚ ਇਕ ਅਜੀਬੋ-ਗਰੀਬ ਵਾਕਿਆ ਵਾਪਰਿਆ। ਮਹਾਰਾਜੇ ਦੇ ਇਕ ਖ਼ਾਸ ਅਹਿਲਕਾਰ, ਸਰਦਾਰ ਪ੍ਰਤਾਪ ਸਿੰਘ ਨੂੰ ਸੁਫਨਾ ਆਇਆ ਕਿ ਜੇ ਮਹਾਰਾਜਾ ਜਗਤਜੀਤ ਸਿੰਘ ਆਪਣੇ ਪੋਤਰੇ ਨੂੰ ਸਿੰਘ ਸਜਾਉਣਗੇ ਤਾਂ ਉਨ੍ਹਾਂ ਨੂੰ ਪਰਮਾਤਮਾ ਪੋਤਰੇ ਦੀ ਦਾਤ ਬਖ਼ਸ਼ੇਗਾ। ਇਹ ਸੁਪਨਾ ਵਿਸਥਾਰ ਸਹਿਤ ਸੁਣਾਉਣ ਲਈ ਪ੍ਰਤਾਪ ਸਿੰਘ ਸਵੇਰੇ ਉੱਠਦਿਆਂ ਹੀ ਨੰਗੇ ਪੈਰੀਂ ਰਾਜ-ਮਹੱਲ ਨੂੰ ਵਾਹੋ-ਦਾਹੀ ਦੌੜ ਪਿਆ। ਉਸਨੇ ਰਾਜ-ਮਹੱਲ ਵਿਚ ਪਹੁੰਚ ਕੇ ਬੜੇ ਸਤਿਕਾਰ ਸਹਿਤ ਮਹਾਰਾਜੇ ਨੂੰ ਦੱਸਿਆ ਕਿ ਉਸਨੂੰ ਕਲਗੀਧਰ ਗੁਰੂ ਗੋਬਿੰਦ ਸਿੰਘ ਚਿੱਟੇ ਘੋੜੇ 'ਤੇ ਸਵਾਰ ਸੁਪਨੇ ਵਿਚ ਮਿਲੇ ਹਨ ਅਤੇ ਉਨ੍ਹਾਂ ਫ਼ੁਰਮਾਨ ਕੀਤਾ ਹੈ, ਕਿ ਜੇ ਜਗਤਜੀਤ ਸਿੰਘ ਆਪਣੇ ਪੋਤਰੇ ਨੂੰ ਸਿੰਘ ਸਜਾਉਣ ਦੀ ਸੌਗੰਧ ਖਾਵੇ ਤਾਂ ਉਨ੍ਹਾਂ ਨੂੰ ਪੋਤਰੇ ਦੀ ਦਾਤ ਅਵੱਸ਼ ਪ੍ਰਾਪਤ ਹੋਵੇਗੀ। ਮਹਾਰਾਜਾ ਜਗਤਜੀਤ ਸਿੰਘ ਨੇ ਸੁਪਨਾ ਸੁਣਦਿਆਂ ਹੀ ਤਥਾ-ਅਸਤੂ ਕਹਿ ਦਿਤਾ। ਪ੍ਰਾਈਮ ਮਨਿਸਟਰ ਨੂੰ ਹੁਕਮ ਦਿਤਾ ਗਿਆ ਕਿ ਕੈਬਨਿਟ ਦੀ ਮੀਟਿੰਗ ਬੁਲਾਈ ਜਾਵੇ। ਮੀਟਿੰਗ ਵਿਚ ਮਹਾਰਾਜੇ ਨੇ ਸਹੁੰ ਖਾਧੀ ਕਿ ਜੇ ਵਾਹਿਗੁਰੂ ਉਨ੍ਹਾਂ ਨੂੰ ਪੋਤਰੇ ਦੀ ਦਾਤ ਬਖਸ਼ੇ ਤਾਂ ਉਹ ਉਸਨੂੰ ਸਿੰਘ ਸਜਾਉਣਗੇ। ਮਹਾਰਾਜੇ ਵੱਲੋਂ ਇਹ ਆਦੇਸ਼ ਵੀ ਦੇ ਦਿੱਤਾ ਗਿਆ ਕਿ ਅਗਲੇ ਦਿਨ ਉਹ ਸਟੇਟ ਗੁਰਦੁਆਰਾ ਵਿਖੇ ਅਰਦਾਸ ਲਈ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹਾਜ਼ਰ ਹੋਣਗੇ।

ਅਗਲੀ ਸਵੇਰ ਮਹਾਰਾਜਾ ਜਗਤਜੀਤ ਸਿੰਘ, ਯੁਵਰਾਜ ਪਰਮਜੀਤ ਸਿੰਘ ਅਤੇ ਹੋਰ ਅਹਿਮ ਅਮਲੇ ਅਤੇ ਮੰਤਰੀਆਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੇ। ਸ਼ਹਿਰ ਦੀ ਸੰਗਤ ਵੀ ਹਾਜ਼ਰ ਸੀ ਜਿਸ ਵਿਚ ਹਿੰਦੂ, ਸਿੱਖ, ਈਸਾਈ, ਮੁਸਲਿਮ ਸਭ ਹਾਜ਼ਰ ਸਨ। ਮਹਾਰਾਜੇ ਨੇ ਗਿਆਰਾਂ ਹਜ਼ਾਰ ਰੁਪਏ ਅਤੇ ਇਕ ਸੌ ਇਕ ਥਾਲੀਆਂ ਪ੍ਰਸ਼ਾਦ ਭੇਟ ਕਰਕੇ ਨਤਮਸਤਕ ਹੁੰਦਿਆਂ ਹੈੱਡ ਗ੍ਰੰਥੀ ਭਾਈ ਹਰਨਾਮ ਸਿੰਘ ਨੂੰ ਆਪਣੇ ਵੱਲੋਂ ਗੁਰੂ ਗ੍ਰੰਥ ਸਾਹਿਬ ਸਾਹਮਣੇ ਅਰਦਾਸ ਕਰਨ ਲਈ ਬੇਨਤੀ ਕੀਤੀ। ਗ੍ਰੰਥੀ ਸਿੰਘ ਨੇ ਉੱਚੀ ਅਵਾਜ਼ ਵਿਚ ਅਰਦਾਸ ਕੀਤੀ: 'ਹੇ ਸੱਚੇ ਪਾਤਸ਼ਾਹ ਜੀਓ! ਜਗਤਜੀਤ ਸਿੰਘ ਅਤੇ ਉਸਦੇ ਪੁੱਤਰ ਪਰਮਜੀਤ ਸਿੰਘ ਵੱਲੋਂ ਨਿਮਰਤਾ ਸਹਿਤ ਅਰਦਾਸ ਹੈ ਕਿ ਉਨ੍ਹਾਂ ਦੇ ਪਿਛਲੇ ਪਾਪ ਬਖ਼ਸ਼ੇ ਜਾਣ। ਮਹਾਰਾਜਾ ਜਗਤਜੀਤ ਸਿੰਘ ਸੌਗੰਧ ਖਾ ਕੇ ਅਰਜੋਈ ਕਰਦੇ ਹਨ ਕਿ ਉਨ੍ਹਾਂ ਨੂੰ ਪੋਤਰੇ ਦੀ ਦਾਤ ਬਖ਼ਸ਼ੀ ਜਾਵੇ ਤਾਂ ਉਹ ਆਪਣੇ ਪੋਤਰੇ ਨੂੰ ਗੁਰੂ ਦਾ ਸਿੰਘ ਸਜਾਉਣਗੇ।' ਉਪਰੰਤ ਸਭ ਸੰਗਤ ਨੇ ਜੈਕਾਰੇ ਛੱਡੇ।

ਅਰਦਾਸਾਂ ਅਤੇ ਕੋਸ਼ਿਸ਼ਾਂ ਨਾਲੋ-ਨਾਲ ਚੱਲਦੀਆਂ ਰਹੀਆਂ। ਆਖਰਕਾਰ, 15 ਅਕਤੂਬਰ 1934 ਨੂੰ ਯੁਵਰਾਨੀ ਲੀਲਾਵੰਤੀ ਦੇਵੀ ਨੇ ਕਪੂਰਥਲਾ ਰਿਆਸਤ ਲਈ ਅਤਿ ਲੋੜੀਂਦੇ ਵਾਰਸ ਨੂੰ ਜਨਮ ਦੇ ਹੀ ਦਿੱਤਾ, ਜਿਸ ਬਾਰੇ ਵਾਇਸਰਾਏ ਨੂੰ ਵੀ ਸੂਚਨਾ ਭੇਜ ਦਿਤੀ ਗਈ। ਸ਼ਹਿਜ਼ਾਦੇ ਦੀ ਆਮਦ ਦੇ ਸ਼ੁੱਭ-ਸ਼ਗਨ ਵਜੋਂ ਉਸਨੂੰ ਇਕ ਸੌ ਤੋਪਾਂ ਦੀ ਸਲਾਮੀ ਦਿੱਤੀ ਗਈ। ਰਿਆਸਤ ਵਿਚ ਪੂਰੇ ਜਸ਼ਨਾਂ ਦਾ ਮਹੌਲ ਚੱਲਣ ਲੱਗਾ। ਕੁਝ ਦਿਨਾਂ ਬਾਦ ਦਸ ਹਜ਼ਾਰ ਮਹਿਮਾਨ ਗੁਰਦੁਆਰਾ ਸਾਹਿਬ ਵਿਖੇ ਬੁਲਾਏ ਗਏ ਅਤੇ ਮਹਾਰਾਜਾ ਜਗਤਜੀਤ ਸਿੰਘ ਇਕ ਵਾਰੀ ਫੇਰ ਯੁਵਰਾਜ ਪਰਮਜੀਤ ਸਿੰਘ ਸਮੇਤ ਗੁਰਦੁਆਰਾ ਸਾਹਿਬ ਵਿਖੇ ਪਹੁੰਚੇ। ਪੋਤਰੇ ਨੂੰ ਗੋਦ ਵਿਚ ਲੈ ਕੇ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਬੈਠ ਕੇ ਮਹਾਰਾਜੇ ਨੇ ਨਿਮਰਤਾ ਸਹਿਤ ਫਿਰ ਦੁਹਰਾਇਆ: 'ਹੇ ਸੱਚੇ ਪਾਤਸ਼ਾਹ, ਤੂੰ ਇਸ ਸ਼ਹਿਜ਼ਾਦੇ ਦੀ ਆਯੂ ਲੰਬੀ ਕਰੀਂ, ਮੈਂ ਇਸ ਨੂੰ ਗੁਰੂ ਗੋਬਿੰਦ ਸਿੰਘ ਦਾ ਕੇਸਾਧਾਰੀ, ਦਸਤਾਰਧਾਰੀ, ਅੰਮ੍ਰਿਤਧਾਰੀ ਸਿੰਘ ਸਜਾਉਣ ਦੀ ਸੌਗੰਧ ਦੁਹਰਾਉਂਦਾ ਹਾਂ।'

ਬ੍ਰਗੇਡੀਅਰ ਮਹਾਰਾਜਾ ਸੁਖਜੀਤ ਸਿੰਘ ਬਹੁਤ ਦੇਰ ਬਾਅਦ ਇਕ ਥਾਂ ਲਿਖਦੇ ਹਨ ਕਿ ਭਾਵੇਂ ਮੈਂ ਦਾਦਾ ਜੀ ਦੇ ਇਸ ਫੈਸਲੇ ਨੂੰ ਕਦੀ ਚੈਲਿੰਜ ਨਹੀਂ ਸੀ ਕੀਤਾ ਪਰ ਇਕ ਵਾਰ ਮੈਂ ਉਨ੍ਹਾਂ ਕੋਲ ਗਿਲਾ ਜ਼ਰੂਰ ਕੀਤਾ ਸੀ ਕਿ ਇਹ ਫਰਜ਼ ਨਿਭਾਉਣ ਦਾ ਕਾਰਜ ਆਖਰਕਾਰ ਮੇਰੇ 'ਤੇ ਹੀ ਕਿਉਂ ਥੋਪਿਆ ਗਿਆ ਸੀ। ਮਹਾਰਾਜੇ ਨੇ ਸੁਖਜੀਤ




ਦੇ ਮੋਢੇ 'ਤੇ ਪਿਆਰ ਨਾਲ ਹੱਥ ਰੱਖ ਕੇ ਕਿਹਾ ਸੀ, 'ਪੁੱਤਰ! ਕਈ ਵਾਰ ਇੰਝ ਹੋ ਜਾਂਦਾ ਹੈ ਕਿ ਦਾਦੇ ਦੀ ਕੀਤੀ ਗਲਤੀ ਦੀ ਦਰੁਸਤੀ ਕਰਨ ਦੀ ਡਿਊਟੀ ਪੋਤਰੇ ਹਿੱਸੇ ਆ ਜਾਂਦੀ ਹੈ...।'

ਜੂਨ 1949 ਵਿਚ ਮਹਾਰਾਜਾ ਜਗਤਜੀਤ ਸਿੰਘ ਦੇ ਅਕਾਲ ਚਲਾਣੇ 'ਤੋਂ ਬਾਅਦ ਜਦੋਂ ਜੂਨ 1954 ਵਿਚ ਨੌਜੁਆਨ ਸੁਖਜੀਤ ਸਿੰਘ ਨੇ ਭਾਰਤੀ ਫੌਜ ਵਿਚ ਕਮਿਸ਼ਨ ਲੈ ਲਿਆ ਤਾਂ ਉਸਦੇ ਪਿਤਾ ਮਹਾਰਾਜਾ ਪਰਮਜੀਤ ਸਿੰਘ ਨੇ ਉਸਨੂੰ ਕੋਲ ਬਿਠਾ ਕੇ ਕਿਹਾ, 'ਦੇਖ ਬਈ ਪੁੱਤਰ ਸੁਖਜੀਤ! ਜਿਨ੍ਹਾਂ ਤੈਨੂੰ ਕੇਸਾਧਾਰੀ ਬਨਾਉਣ ਦਾ ਪ੍ਰਣ ਲਿਆ ਸੀ, ਸੌਗੰਧ ਖਾਧੀ ਸੀ, ਉਨ੍ਹਾਂ ਆਪਣੇ ਜਿਉਂਦੇ ਜੀ ਨਿਭਾਅ ਦਿਤੀ। ਹੁਣ ਉਹ ਨਹੀਂ ਰਹੇ। ਜੇ ਤੂੰ ਚਾਹੇਂ ਤਾਂ...।'

ਦੋ ਦਿਨ ਗਹਿਰਾ ਚਿੰਤਨ ਕਰਨ ਉਪਰੰਤ 20-ਸਾਲਾ ਨੌਜੁਆਨ ਸੁਖਜੀਤ ਸਿੰਘ ਨੇ ਸੋਚ-ਸਮਝ ਕੇ ਪਿਤਾ ਜੀ ਨੂੰ ਜੋ ਫੈਸਲਾ ਸੁਣਾਇਆ, ਉਹ ਸੁਣ ਕੇ ਪਿਤਾ ਮਹਾਰਾਜਾ ਪਰਮਜੀਤ ਸਿੰਘ ਨੂੰ ਸਦੀਵੀ ਮਾਨਸਿਕ ਸ਼ਾਂਤੀ ਮਿਲੀ। ਭਾਰਤੀ ਫੌਜ ਵਿਚ ਅਫਸਰ ਬਣ ਚੁੱਕੇ ਸੁਖਜੀਤ ਸਿੰਘ ਨੇ ਦ੍ਰਿੜਤਾ ਨਾਲ ਸਿੱਖੀ ਨਿਭਾਉਣ ਦੀ ਗੱਲ ਦੁਹਰਾਈ ਅਤੇ ਕਿਹਾ, 'ਪਿਤਾ ਜੀ, ਹੁਣ ਪਿਛਾਂਹ ਮੁੜਣ ਦਾ ਕੋਈ ਮਤਲਬ ਹੀ ਨਹੀਂ। ਦਾਦਾ ਜੀ ਦੀ ਸੌਗੰਧ ਆਖਰੀ ਸੁਆਸਾਂ ਤੱਕ ਨਿਭੇਗੀ। ਪਹਿਲਾ ਫੈਸਲਾ ਦਾਦਾ ਜੀ ਦਾ ਸੀ ਪਰ ਹੁਣ ਇਹ ਫੈਸਲਾ ਮੇਰਾ ਹੈ। ਮੈਂ ਸਗੋਂ ਫੌਜ ਵਿਚ ਸਿੱਖ ਰੈਜਮੈਂਟਾਂ ਦੇ ਜੁਆਨਾਂ ਲਈ ਰੋਲ-ਮਾਡਲ ਬਣਾਂਗਾ।'

ਪਰਮਵੀਰ ਚੱਕਰ-ਵਿਜੇਤਾ ਬ੍ਰਗੇਡੀਅਰ (ਰਿਟਾ:) ਮਹਾਰਾਜਾ ਸੁਖਜੀਤ ਸਿੰਘ ਅੱਜ ਵੀ ਸਟੇਟ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਆਪਣੇ ਦਾਦੇ ਮਹਾਰਾਜਾ ਜਗਤਜੀਤ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਹਾਜ਼ਰ-ਨਾਜ਼ਰ ਸਮਝ ਕੇ ਕੀਤੀ ਹੋਈ ਸੌਗੰਧ ਨੂੰ ਬਾ-ਖ਼ੂਬੀ ਨਿਭਾ ਰਹੇ ਹਨ।

# ਮੇਰੇ ਨਜ਼ਰੀਏ ਤੋਂ...

**ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਵਿਚ ਪ੍ਰਾਚੀਨ ਇਤਿਹਾਸ ਦੀ ਪ੍ਰੋਫੈਸਰ ਐਮੈਰਿਟਾ, ਪ੍ਰੋ. ਰੋਮਿਲਾ ਥਾਪਰ ਭਾਰਤੀ ਇਤਿਹਾਸ ਦੀ ਉਸ ਫ਼ਿਰਕੂ ਵਿਆਖਿਆ ਦੀ ਸਖ਼ਤ ਆਲੋਚਕ ਰਹੀ ਹੈ, ਜਿਸ ਨੂੰ ਉਹ 'ਤੱਥਾਂ ਦੀ ਚੋਣ ਕਰਨ ਵਿਚ ਬੇਹੱਦ ਚੋਣਵੀਂ' ਅਤੇ ਵਿਆਖਿਆ ਦੇ ਮਾਮਲੇ ਵਿਚ ਜਾਣ-ਬੁੱਝ ਕੇ ਪੱਖਪਾਤੀ' ਦੱਸਦੀ ਹੈ। ਰੋਮਿਲਾ ਥਾਪਰ ਦਾ ਜਨਮ 1911 ਵਿਚ ਲਖਨਊ 'ਚ ਹੋਇਆ। ਉਨ੍ਹਾਂ ਦੀ ਸਵੈ-ਜੀਵਨੀ 'ਜਸਟ ਬੀਇੰਗ' (Just Being) ਸਿਰਫ਼ ਉਨ੍ਹਾਂ ਦੇ ਨਿੱਜੀ ਸਫ਼ਰ ਸਗੋਂ ਸਾਡੇ ਸਮਿਆਂ ਦੇ ਹਾਲਾਤ ਨੂੰ ਵੀ ਬਾਖ਼ੂਬੀ ਪੇਸ਼ ਕਰਦੀ ਹੈ। ਸਾਲ 2006 ਵਿਚ ਉਨ੍ਹਾਂ ਨੇ ਇਹ ਕਹਿੰਦਿਆਂ ਪਦਮ ਭੂਸ਼ਣ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਮੈਂ ਸਿਰਫ਼ ਅਕਾਦਮਿਕ ਸੰਸਥਾਵਾਂ ਜਾਂ ਆਪਣੇ ਪੇਸ਼ੇਵਰ ਕੰਮਾਂ ਨਾਲ ਜੁੜੇ ਅਦਾਰਿਆਂ ਤੋਂ ਹੀ ਸਨਮਾਨ ਸਵੀਕਾਰ ਕਰਦੀ ਹਾਂ। 'ਟ੍ਰਿਬਿਊਨ ਸਮੂਹ' ਦੀ ਮੁੱਖ ਸੰਪਾਦਕ ਜਯੋਤੀ ਮਲਹੋਤਰਾ ਅਤੇ ਉੱਘੇ ਇਤਿਹਾਸਕਾਰ ਪ੍ਰੋ. ਸਲਿਲ ਮਿਸ਼ਰਾ ਵੱਲੋਂ ਪ੍ਰਸਿੱਧ ਇਤਿਹਾਸਕਾਰ ਪ੍ਰੋ. ਰੋਮਿਲਾ ਥਾਪਰ ਨਾਲ ਕੀਤੀ ਗਈ ਗੱਲਬਾਤ ਦੇ ਕੁਝ ਅੰਸ਼ ਪਾਠਕਾਂ ਲਈ ਹਾਜ਼ਰ ਹਨ।**




### ਜਮਹੂਰੀਅਤ ਦਾ ਮੁੱਦਾ

ਮੈਨੂੰ 1947 ਦਾ ਵਰ੍ਹਾ ਚੇਤੇ ਹੈ। ਇਹ ਮੇਰੇ ਸਕੂਲ ਦਾ ਆਖਰੀ ਸਾਲ ਸੀ, ਆਜ਼ਾਦੀ ਮਿਲਣ ਵਾਲੀ ਸੀ ਤੇ ਸਾਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਅਸੀਂ ਇੱਕ ਜਮਹੂਰੀ ਮੁਲਕ ਬਣ ਜਾਵਾਂਗੇ ਅਤੇ ਬਸਤੀਵਾਦ ਦਾ ਕਾਲਾ ਸਾਇਆ ਸਾਡੇ ਉੱਤੋਂ ਹਟ ਜਾਵੇਗਾ। ਹੁਣ ਮੈਂ ਕਈ ਵਾਰ ਜਦੋਂ ਪਿੱਛੇ ਮੁੜ ਕੇ ਦੇਖਦੀ ਹਾਂ ਅਤੇ ਸੋਚਦੀ ਹਾਂ ਕਿ 'ਕੀ ਅੱਜ ਸਾਡਾ ਮੁਲਕ ਸੱਚਮੁੱਚ ਜਮਹੂਰੀ ਮੁਲਕ ਹੈ?' ਮੈਨੂੰ ਅਜਿਹਾ ਨਹੀਂ ਜਾਪਦਾ। ਮੈਨੂੰ ਲੱਗਦਾ ਹੈ ਕਿ ਅਸੀਂ ਆਜ਼ਾਦੀ ਮਿਲਣ ਦੇ ਵੇਲੇ ਤੋਂ ਹੀ ਇੱਕ ਜਮਹੂਰੀ ਮੁਲਕ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ। ਕਈ ਵਾਰ ਅਸੀਂ ਅੱਗੇ ਵੀ ਵਧੇ ਹਾਂ, ਮਿਸਾਲ ਵਜੋਂ ਨਹਿਰੂ ਯੁੱਗ ਵਿਚ ਬਾਲਗ ਵੋਟ-ਅਧਿਕਾਰ ਜ਼ਰੀਏ ਅਤੇ ਸੰਸਦ ਵਿਚ ਬਹਿਸਾਂ ਕਰਨ, ਖੁੱਲ੍ਹ ਕੇ ਵਿਚਾਰ-ਚਰਚਾ ਕਰਨ ਅਤੇ ਬੋਲਣ ਦੀ ਆਜ਼ਾਦੀ ਦੇ ਸ਼ਾਨਦਾਰ ਤਰੀਕਿਆਂ ਨਾਲ ਅਸੀਂ ਉਸ ਦਿਸ਼ਾ ਵੱਲ ਵਧ ਰਹੇ ਸਾਂ। ਐਮਰਜੈਂਸੀ ਦੌਰਾਨ ਇਸ ਉਤੇ ਰੋਕ ਲਗਾ ਦਿੱਤੀ ਗਈ ਸੀ। ਐਮਰਜੈਂਸੀ ਤੋਂ ਬਾਅਦ ਦੇ ਹਾਲਾਤ ਵਿਚ ਇਸ ਨੂੰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ, ਪਰ ਇਹ ਅਸਲ ਰੂਪ ਵਿਚ ਪੂਰੀ ਤਰ੍ਹਾਂ ਬਹਾਲ ਨਹੀਂ ਹੋ ਸਕਿਆ ਅਤੇ ਅੱਜ ਸਾਡੀਆਂ ਸੰਸਥਾਵਾਂ ਵਿਚ ਜਮਹੂਰੀ ਕੰਮਕਾਜ ਨੂੰ ਲਾਗੂ ਕਰਨ ਸਬੰਧੀ ਝਿਜਕ ਜਿਹੀ ਦੇਖਣ ਨੂੰ ਮਿਲਦੀ ਹੈ। ਇਨਸਾਨ ਸੋਚਦਾ ਹੈ ਕਿ ਅਜਿਹਾ ਆਖਿਰ ਕਿਉਂ ਵਾਪਰਿਆ? ਜੇਕਰ



**ਰੋਮਿਲਾ ਥਾਪਰ**

ਰਾਸ਼ਟਰੀ ਅੰਦੋਲਨ ਵਿਚ ਜਮਹੂਰੀਅਤ ਇੰਨੀ ਮਹੱਤਵਪੂਰਨ ਸੀ ਤਾਂ ਅੱਜ ਲੋਕਾਂ ਨੂੰ ਰਾਸ਼ਟਰਵਾਦ ਦੇ ਨਾਂ 'ਤੇ ਜਮਹੂਰੀ ਸੰਸਥਾਵਾਂ ਨੂੰ ਨਕਾਰਨ ਦੀ ਕੀ ਲੋੜ ਹੈ? ਸਾਰੇ ਨਾਗਰਿਕਾਂ ਕੋਲ ਬਰਾਬਰ ਦੇ ਅਧਿਕਾਰ ਕਿਉਂ ਨਹੀਂ ਹੋਣੇ ਚਾਹੀਦੇ? ਸਾਰੇ ਧਰਮਾਂ ਦਾ ਰੁਤਬਾ ਬਰਾਬਰ ਹੋਣਾ ਚਾਹੀਦਾ ਹੈ, ਜਿੱਥੇ ਕੋਈ ਵੀ ਧਰਮ ਦੂਜੇ ਤੋਂ ਡਰ ਕੇ ਨਾ ਜੀਵੇ। ਅੱਜ ਅਜਿਹਾ ਮਾਹੌਲ ਨਹੀਂ ਹੈ। ਆਖਿਰ ਗ਼ਲਤੀ ਕਿੱਥੇ ਹੋਈ? ਕੀ ਕਿਸੇ ਤਰੀਕੇ ਰਾਸ਼ਟਰਵਾਦ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ ਜਾਂ ਇਸ ਨਾਲ ਧੋਖਾ ਕੀਤਾ ਗਿਆ ਹੈ? ਫਿਰ ਇਹ ਸੋਚਣਾ ਪੈਂਦਾ ਹੈ ਕਿ ਅੱਜ ਦੇ ਭਾਰਤ ਵਿਚ ਕਿਸ ਕਿਸਮ ਦੇ ਰਾਸ਼ਟਰਵਾਦ ਦਾ ਗਲਬਾ ਹੈ। ਇਹ ਹਿੰਦੁਤਵ ਅਤੇ ਹਿੰਦੂ ਰਾਸ਼ਟਰ ਦੇ ਸਿਧਾਂਤਾਂ ਨਾਲ ਜੁੜਿਆ ਹੋਇਆ ਹੈ। ਕੀ ਇਹ ਰਾਸ਼ਟਰਵਾਦ ਹੈ ਜਾਂ ਬਹੁਗਿਣਤੀਵਾਦ, ਜੋ ਰਾਸ਼ਟਰਵਾਦ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ? ਦਰਅਸਲ, ਅੱਜ ਜੋ ਕੁਝ ਹੋ ਰਿਹਾ ਹੈ ਅਤੇ ਦੇਸ਼ ਦੇ ਆਜ਼ਾਦੀ ਅੰਦੋਲਨ ਦੌਰਾਨ ਜਿਨ੍ਹਾਂ ਜਮਹੂਰੀ ਕਦਰਾਂ-ਕੀਮਤਾਂ ਨੂੰ ਪਵਿੱਤਰ ਮੰਨਿਆ ਗਿਆ ਸੀ, ਅੱਜ ਇਨ੍ਹਾਂ ਦੋਵਾਂ ਦਰਮਿਆਨ ਬਹੁਤ ਸਾਰੇ ਵਿਰੋਧਾਭਾਸ ਨਜ਼ਰ ਆਉਂਦੇ ਹਨ। ਇਨ੍ਹਾਂ ਵਿਰੋਧਾਭਾਸਾਂ ਬਾਰੇ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ।

### ਇਹ ਕਿਸ ਦੀ ਨਾਕਾਮੀ ਹੈ?

ਜਮਹੂਰੀ ਪ੍ਰਣਾਲੀ ਨੂੰ ਲਾਗੂ ਕਰਨ ਲਈ ਜ਼ੋਰ ਨਾ ਪਾਉਣਾ, ਇਸ ਦੀ ਮੰਗ ਨਾ ਕਰਨਾ ਅਤੇ ਗੈਰ-ਜਮਹੂਰੀ ਵਿਚਾਰਾਂ ਨੂੰ ਹਵਾ ਦੇਣ ਵਾਲੀਆਂ ਕੋਸ਼ਿਸ਼ਾਂ ਦਾ ਲੋੜੀਂਦਾ ਵਿਰੋਧ ਨਾ ਕਰਨਾ ਭਾਰਤੀ ਨਾਗਰਿਕ ਦੀ ਨਾਕਾਮੀ ਹੈ। ਆਜ਼ਾਦੀ ਤੋਂ ਬਾਅਦ ਦੇ ਮੁੱਢਲੇ ਦੌਰ ਵਿਚ ਅਸੀਂ ਅਜਿਹੇ ਨਹੀਂ ਸੀ। ਕੀ ਇਹ ਇਸ ਕਰਕੇ ਸੀ ਕਿਉਂਕਿ ਅਸੀਂ ਗੁਲਾਮੀ ਦਾ ਜੂਲਾ ਗਲੋਂ ਲਾਹ ਦਿੱਤਾ ਸੀ ਅਤੇ ਸਾਨੂੰ ਇਸ ਗੱਲ 'ਤੇ ਬਹੁਤ ਮਾਣ ਸੀ ਕਿ ਅਸੀਂ ਕੁਝ ਬਹੁਤ ਵੱਡਾ ਅਸਾਧਾਰਨ ਕਾਰਨਾਮਾ ਕਰ ਦਿਖਾਇਆ ਹੈ। ਅੱਜ ਇਸ ਗੱਲ ਦਾ ਇੰਨਾ ਡਰ ਬਣਿਆ ਹੋਇਆ ਹੈ ਕਿ ਤੁਸੀਂ ਕੀ ਬੋਲਦੇ ਹੋ, ਕਿੱਥੇ ਬੋਲਦੇ ਹੋ, ਕਿਉਂ ਬੋਲਦੇ ਹੋ ਅਤੇ ਕਿਸ ਦੇ ਸਾਹਮਣੇ ਬੋਲਦੇ ਹੋ। ਇਸ ਸਭ ਕਾਰਨ ਇਨਸਾਨ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਸੰਵਿਧਾਨ ਵਿਚ ਜਿਨ੍ਹਾਂ ਮੌਲਿਕ ਅਧਿਕਾਰਾਂ ਦੀ ਅਸੀਂ ਗੱਲ ਕਰਦੇ ਹਾਂ, ਉਹ ਅਸਲ ਮਾਅਨਿਆਂ ਵਿਚ ਸਾਨੂੰ ਮਿਲੇ ਹਨ ਜਾਂ ਨਹੀਂ।

ਸਮਾਜ ਕਿੱਧਰ ਜਾ ਰਿਹਾ ਹੈ?

ਮੌਜੂਦਾ ਦੌਰ 'ਚ ਕੁਝ ਸਿਆਸੀ ਪਾਰਟੀਆਂ ਅਤੇ ਸਿਆਸਤ ਅਜਿਹੀ ਹੈ, ਜੋ ਵਰਤਮਾਨ ਬਾਰੇ ਸਮਝਾਉਣ ਲਈ ਕਾਲਪਨਿਕ ਅਤੀਤ ਦਾ ਸਹਾਰਾ ਲੈਂਦੀ ਹੈ। ਸਮਾਜ ਦੀ ਇਸ ਸੋਚ ਲਈ ਕੁਝ ਹੱਦ ਤੱਕ ਤਾਂ ਇਹ ਸਿਆਸੀ ਵਰਤਾਰਾ ਜ਼ਿੰਮੇਵਾਰ ਹੈ। ਹਾਲਾਂਕਿ ਇਸ ਵਰਤਾਰੇ ਲਈ ਸਭ ਤੋਂ ਵੱਧ ਜ਼ਿੰਮੇਵਾਰ ਉਹ ਸਿੱਖਿਆ ਹੈ, ਜੋ ਅਸੀਂ ਆਜ਼ਾਦੀ ਤੋਂ ਬਾਅਦ ਆਪਣੀਆਂ ਦੋ ਜਾਂ ਤਿੰਨ ਪੀੜ੍ਹੀਆਂ ਨੂੰ ਦਿੱਤੀ ਹੈ। ਦਰਅਸਲ, ਅਜਿਹੀ ਸਿੱਖਿਆ ਉਤੇ ਕੋਈ ਜ਼ੋਰ ਨਹੀਂ ਦਿੱਤਾ ਗਿਆ ਜੋ ਵਿਦਿਆਰਥੀ, ਭਾਵੇਂ ਉਹ ਸਕੂਲ ਦਾ ਬੱਚਾ ਹੋਵੇ, ਨੌਜਵਾਨ ਹੋਵੇ ਜਾਂ ਕਾਲਜ ਪੜ੍ਹਦਾ ਹੋਵੇ, ਨੂੰ ਸੁਤੰਤਰ ਤੌਰ 'ਤੇ ਸੋਚਣ ਦਾ ਵੱਲ ਸਿਖਾਵੇ। ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ, ਆਪਣੇ ਅਧਿਆਪਕਾਂ ਅਤੇ ਜਿਨ੍ਹਾਂ ਨੂੰ ਉਹ ਆਪਣਾ ਆਦਰਸ਼ ਮੰਨਦੇ ਹਨ, ਨੂੰ ਸਵਾਲ ਪੁੱਛਣ ਲਈ ਪ੍ਰੇਰਿਤ ਨਹੀਂ ਕੀਤਾ ਗਿਆ ਅਤੇ ਨਾ ਹੀ ਉਨ੍ਹਾਂ ਅੰਦਰ ਇਹ ਸਵਾਲ ਪੁੱਛਣ ਦੀ ਹਿੰਮਤ ਪੈਦਾ ਕੀਤੀ ਗਈ ਕਿ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਸਾਡੇ ਨਾਲ ਕੀ ਹੋ ਰਿਹਾ ਹੈ? ਲੋਕ ਹੁਣ ਅਜਿਹੇ ਦੌਰ ਵਿਚ ਪਹੁੰਚ ਗਏ ਹਨ ਕਿ ਉਨ੍ਹਾਂ ਨੂੰ ਇਹ ਹਰਗਿਜ਼ ਨਹੀਂ ਪਤਾ ਕਿ ਜੇ ਉਨ੍ਹਾਂ ਨੇ ਅਜਿਹੇ ਸਵਾਲ ਪੁੱਛ ਲਏ ਤਾਂ ਨਤੀਜਾ ਕੀ ਨਿਕਲੇਗਾ।

### ਭਾਈਚਾਰਿਆਂ ਦਾ ਵਿਵਾਦਤ ਦਾਇਰਾ

ਮੈਂ ਜੋ ਸਵਾਲ ਪੁੱਛਣਾ ਚਾਹੁੰਦੀ ਹਾਂ, ਉਹ ਇਹ ਹੈ ਕਿ ਕੀ ਅਜਿਹਾ ਵਿਵਾਦ ਖੜ੍ਹਾ ਕਰਨਾ ਜ਼ਰੂਰੀ ਹੈ, ਜਿਸ ਦਾ ਅੰਤਮ ਹੱਲ ਇਹ ਨਿਕਲੇ ਕਿ ਕਿਸੇ ਧਾਰਮਿਕ ਅਸਥਾਨ ਨੂੰ ਵੰਡ ਲਿਆ ਜਾਵੇ ਅਤੇ ਹਰੇਕ ਧਰਮ ਨੂੰ ਪੂਜਾ ਕਰਨ ਲਈ ਖਾਸ ਦਿਨ ਅਲਾਟ ਕਰ ਦਿੱਤੇ ਜਾਣ? ਜੇਕਰ ਤੁਸੀਂ ਅਸਲ ਵਿਚ ਸ਼ਰਧਾਲੂ ਹੋ ਅਤੇ ਆਪਣੇ ਪਰਮਾਤਮਾ ਨੂੰ ਧਿਆ ਰਹੇ ਹੋ, ਜਿਸ ਵਿਚ ਤੁਸੀਂ ਵਿਸ਼ਵਾਸ ਰੱਖਦੇ ਹੋ ਤਾਂ ਇਸ ਨਾਲ ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ ਗੁਆਂਢ ਵਿਚ ਕੌਣ ਕਿਸ ਦੀ ਪੂਜਾ ਕਰ ਰਿਹਾ ਹੈ। ਇਹੀ ਅਸਲ ਸ਼ਰਧਾ ਹੈ। ਤੁਸੀਂ ਕਿਸੇ ਰੱਬ ਵਿਚ ਵਿਸ਼ਵਾਸ ਰੱਖਦੇ ਹੋ, ਉਸ ਦੀ ਪੂਜਾ ਕਰਦੇ ਹੋ ਅਤੇ ਇਸ ਅਮਲ ਵਿਚ ਤੁਸੀਂ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਰਹੇ। ਜੇਕਰ ਤੁਸੀਂ ਕਿਸੇ ਹੋਰ ਨੂੰ ਨੁਕਸਾਨ ਪਹੁੰਚਾ ਰਹੇ ਹੋ ਤਾਂ ਤੁਹਾਡੀ ਸ਼ਰਧਾ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ। ਧਰਮ ਬਹੁਤ ਨਿੱਜੀ ਮਾਮਲਾ ਹੈ। ਇੱਕ ਵਾਰ ਜਦੋਂ ਇਹ ਜਨਤਕ ਹੋ ਜਾਂਦਾ ਹੈ ਤਾਂ ਰਾਜਨੀਤੀ ਅਤੇ ਸਮਾਜ ਦੇ ਨੇਮ ਇਸ ਉਤੇ ਕਾਬੂ ਪਾਉਣ ਲੱਗਦੇ ਹਨ। ਸੋ, ਅੱਜ ਜੋ ਕੁਝ ਵਾਪਰ ਰਿਹਾ ਹੈ, ਉਸ ਦੇ ਮੱਦੇਨਜ਼ਰ ਅੱਜ ਤੋਂ 20 ਸਾਲ ਬਾਅਦ ਕੀ ਹੋਵੇਗਾ, ਇਸ ਬਾਰੇ ਅੰਦਾਜ਼ਾ ਲਗਾਉਣਾ ਵੀ ਔਖਾ ਹੈ।

### ਇਤਿਹਾਸ ਦੇ ਅਧਿਐਨ ਦੇ ਨਵੇਂ ਢੰਗ

ਸਿੱਖਿਆ ਇੱਕ ਬਹੁਤ ਹੀ ਸੰਵੇਦਨਸ਼ੀਲ ਖੇਤਰ ਹੈ। ਜਦੋਂ ਮੈਂ 1990ਵਿਆਂ ਵਿਚ ਭਾਰਤ ਵਾਪਸ ਆਈ ਤਾਂ ਮੇਰੇ ਮਨ 'ਚ ਇਹ ਗੱਲ ਸੀ ਕਿ ਸਾਨੂੰ ਪ੍ਰਾਚੀਨ ਚੀਨ, ਮੈਸੋਪੋਟੇਮੀਆ ਅਤੇ ਹੋਰਨਾਂ ਸੱਭਿਅਤਾਵਾਂ ਨੂੰ ਸ਼ਾਮਿਲ ਕਰਦੇ ਹੋਏ ਵਧੇਰੇ ਤੁਲਨਾਤਮਕ ਇਤਿਹਾਸ ਪੜ੍ਹਾਉਣਾ ਚਾਹੀਦਾ ਹੈ। ਸਾਨੂੰ ਲੱਗਦਾ ਸੀ ਕਿ ਇਤਿਹਾਸ ਅਧਿਐਨ ਦੇ ਨਵੇਂ ਢੰਗ ਵਿਚ ਦੋ ਵਿਸ਼ੇਸ਼ਤਾਵਾਂ ਬਹੁਤ ਅਹਿਮ ਸਨ, ਪਹਿਲੀ ਸੀ ਵਿਸ਼ਲੇਸ਼ਣ ਦੀ ਇਤਿਹਾਸਕ ਵਿਧੀ ਦੀ ਵਰਤੋਂ। ਇਤਿਹਾਸ ਸਿਰਫ਼ ਅਤੀਤ ਦੀ ਕੋਈ ਦਿਲਚਸਪ ਕਹਾਣੀ ਨਹੀਂ ਹੁੰਦਾ। ਇਤਿਹਾਸ ਸਾਨੂੰ ਇਹ ਤਾਂ ਦੱਸਦਾ ਹੈ ਕਿ ਕੀ ਵਾਪਰਿਆ, ਪਰ ਇਹ ਵੀ ਦੱਸਦਾ ਹੈ ਕਿ ਇਹ ਕਿਉਂ ਤੇ ਕਿਵੇਂ ਵਾਪਰਿਆ? ਜੇ.ਐਨ.ਯੂ. ਵਿਚ ਅਸੀਂ ਇਤਿਹਾਸ ਲਿਖਣ ਦੀ ਇਸੇ ਵਿਧੀ ਦੇ ਵਿਚਾਰ ਦਾ ਵਿਸ਼ਲੇਸ਼ਣ ਕੀਤਾ ਸੀ।

ਸਭ ਤੋਂ ਪਹਿਲਾਂ ਗੱਲ ਆਉਂਦੀ ਹੈ ਸਰੋਤਾਂ ਦੀ। ਸਿਰਫ਼ ਲਿਖਤੀ ਗ੍ਰੰਥਾਂ ਦੀ ਵਰਤੋਂ ਕਰਨ ਦੇ ਪੁਰਾਣੇ ਤਰੀਕੇ ਵਿਚ ਪੁਰਾਤੱਤਵ ਵਿਗਿਆਨ ਦੇ ਆਉਣ ਨਾਲ ਚੀਜ਼ਾਂ ਅਤੇ ਪੁਰਾਤਨ ਵਸਤਾਂ ਵੀ ਸ਼ਾਮਿਲ ਹੋ ਗਈਆਂ। ਅੱਜ ਤਾਂ ਇਸ ਦਾ ਦਾਇਰਾ ਬਹੁਤ ਵਿਸ਼ਾਲ ਹੋ ਚੁੱਕਿਆ ਹੈ। ਜੇਕਰ ਤੁਸੀਂ ਮੈਕਸ ਮੂਲਰ ਨੂੰ ਆਰੀਅਨ ਨਸਲ ਦੇ ਸਿਧਾਂਤ ਬਾਰੇ ਗੱਲ ਕਰਦਿਆਂ ਦੇਖੋ ਤਾਂ ਉਹ ਪੂਰੀ ਤਰ੍ਹਾਂ ਵੈਦਿਕ ਗ੍ਰੰਥਾਂ ਉਤੇ ਆਧਾਰਿਤ ਸੀ। ਹਰ ਕੋਈ ਵੈਦਿਕ ਗ੍ਰੰਥਾਂ ਨੂੰ ਪੜ੍ਹਨ ਵਿਚ ਮਾਹਿਰ ਸੀ। ਉਹ ਮੁਹਾਰਤ ਅੱਜ ਵੀ ਲੋੜੀਂਦੀ ਹੈ, ਪਰ ਇਸ ਤੋਂ ਇਲਾਵਾ ਹੁਣ ਪੁਰਾਤੱਤਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦਾ ਪੂਰਾ ਖੇਤਰ ਸਾਡੇ ਸਾਹਮਣੇ ਹੈ। ਬੇਸ਼ੱਕ, ਸਭ ਤੋਂ ਨਵੀਂ ਚੀਜ਼ ਜਿਸ ਨੇ ਸਾਡੇ ਸਾਰੇ ਇਤਿਹਾਸਕਾਰਾਂ ਨੂੰ ਚਿੰਤਾ ਵਿਚ ਪਾਇਆ ਹੋਇਆ ਹੈ, ਉਹ ਹੈ ਜੈਨੇਟਿਕਸ। ਜਦੋਂ ਅਸੀਂ ਪਰਵਾਸ, ਆਬਾਦੀ ਅਤੇ ਜੈਨੇਟਿਕਸ ਬਾਰੇ ਗੱਲ ਕਰਦੇ ਹਾਂ ਤਾਂ ਇਹ ਸਵਾਲ ਕਰਦੇ ਹਾਂ ਕਿ ਆਰੀਆ ਕੌਣ ਸਨ? ਜਾਂ ਕੀ ਅਸੀਂ ਇਸ ਪੂਰੇ ਸਮੂਹ ਨੂੰ ਇਸ ਦੇ ਛੋਟੇ-ਛੋਟੇ ਹਿੱਸਿਆਂ ਵਿਚ ਵੰਡ ਕੇ ਦੇਖਦੇ ਹਾਂ? ਮਤਲਬ ਕਿ, ਕੀ ਇਹ ਲੋਕਾਂ ਦਾ ਕੋਈ ਇੱਕ-ਇੱਕ ਸਮੂਹ ਸੀ, ਇੱਕੋ ਭਾਈਚਾਰਾ ਸੀ? ਜਾਂ ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਭਾਈਚਾਰੇ ਆਏ ਸਨ? ਇਸ ਗੱਲ ਨੂੰ ਪ੍ਰਮਾਣਿਤ ਕਰਨ ਲਈ ਸਾਡੇ ਕੋਲ ਕੀ ਸਬੂਤ ਹਨ?

ਦੂਜਾ ਕਦਮ ਇਹ ਯਕੀਨੀ ਬਣਾਉਣਾ ਸੀ ਕਿ ਤੁਸੀਂ ਜੋ ਵੀ ਸਬੂਤ ਵਰਤ ਰਹੇ ਹੋ, ਉਹ ਪੂਰੀ ਤਰ੍ਹਾਂ ਪ੍ਰਮਾਣਿਤ ਹੋਣ। ਇਸੇ ਲਈ ਮਿਥਿਹਾਸ ਅਤੇ ਇਤਿਹਾਸ ਵਿਚ ਵੱਡਾ ਫ਼ਰਕ ਕੀਤਾ ਜਾ ਸਕਦਾ ਹੈ। ਅੱਜ ਸਾਡੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਹਿੰਦੂਤਵੀ ਅਤੇ ਫਿਰਕੂ ਸੋਚ ਵਾਲੇ ਇਤਿਹਾਸਕਾਰ ਇਹ ਫ਼ਰਕ ਨਹੀਂ ਕਰਦੇ।

### ਸੋਮਨਾਥ ਮੰਦਰ ਬਾਰੇ

ਇਸ ਖੋਜ ਦੌਰਾਨ ਮੈਨੂੰ ਇੱਕ ਤੋਂ ਬਾਅਦ ਇੱਕ ਕਈ ਹੈਰਾਨ ਕਰਨ ਵਾਲੀਆਂ ਗੱਲਾਂ ਦੇਖਣ ਨੂੰ ਮਿਲੀਆਂ। ਮੈਂ ਸਾਰੇ ਮਾਹਿਰਾਂ ਨਾਲ ਸਲਾਹ ਕਰਨ ਅਤੇ ਇਸ ਇਤਿਹਾਸ ਨਾਲ ਜੁੜੇ ਵੱਖ-ਵੱਖ ਗ੍ਰੰਥਾਂ ਨੂੰ ਫਰੋਲਣ ਲਈ ਕਾਫੀ ਭੱਜ-ਦੌੜ ਕਰ ਰਹੀ ਸੀ। ਮੈਂ ਸੋਚਿਆ ਕਿ ਜੇਕਰ ਮਹਿਮੂਦ ਗਜ਼ਨਵੀ ਕਿਸੇ ਮੰਦਰ ਉਤੇ ਉਥੋਂ ਦੀ ਦੌਲਤ ਲਈ ਹਮਲਾ ਕਰ ਰਿਹਾ ਸੀ ਤਾਂ ਆਮ ਤੌਰ 'ਤੇ ਉਥੇ ਇੱਕੋ ਹੀ ਸਪੱਸ਼ਟ ਕਹਾਣੀ ਹੋਣੀ ਚਾਹੀਦੀ ਹੈ, ਜੋ ਇਸ ਦੀ ਵਿਆਖਿਆ ਕਰ ਸਕੇ। ਵਪਾਰਕ ਗਤੀਵਿਧੀਆਂ ਨੂੰ ਦੇਖਦਿਆਂ ਗੁਜਰਾਤ ਬਹੁਤ ਹੀ ਅਮੀਰ ਸੂਬਾ ਰਿਹਾ ਹੈ। ਇਸ ਖੋਜ ਦਾ ਨਿਚੋੜ ਇਹ ਸੀ ਕਿ ਜੇਕਰ ਤੁਸੀਂ ਫਾਰਸੀ-ਅਰਬੀ ਸਰੋਤਾਂ, ਸੰਸਕ੍ਰਿਤ ਸਰੋਤਾਂ, ਜੈਨ ਗ੍ਰੰਥਾਂ ਅਤੇ ਹਾਊਸ ਔਫ ਕਾਮਨਜ਼ ਦੀਆਂ ਬਹਿਸਾਂ ਨੂੰ ਦੇਖੋ ਤਾਂ ਤੁਹਾਡੇ ਸਾਹਮਣੇ ਵੱਖ-ਵੱਖ ਰੂਪ ਆਉਂਦੇ ਹਨ। ਫਿਰ ਤੁਹਾਨੂੰ ਤਰਕ ਅਤੇ ਸੂਝ-ਬੂਝ ਨਾਲ ਇਹ ਸਮਝਣਾ ਪੈਂਦਾ ਹੈ ਕਿ ਉਨ੍ਹਾਂ ਵੱਖ-ਵੱਖ ਰੂਪਾਂ ਦਾ ਕੀ ਮਤਲਬ ਹੋ ਸਕਦਾ ਹੈ ਅਤੇ ਅਸੀਂ ਅੱਜ ਇਨ੍ਹਾਂ ਸਾਰੇ ਰੂਪਾਂ ਨੂੰ ਆਹਮੋ-ਸਾਹਮਣੇ ਰੱਖ ਕੇ ਉਸ ਇਤਿਹਾਸ ਨੂੰ ਕਿਵੇਂ ਸਿਰਜਦੇ ਹਾਂ।

ਅਸਲ ਗੱਲ ਇਹ ਹੈ ਕਿ ਸਾਡਾ ਇਤਿਹਾਸ ਅੱਗੇ ਚੱਲ ਕੇ ਸੋਮਨਾਥ ਬਾਰੇ ਵੱਖ-ਵੱਖ ਵਿਆਖਿਆਵਾਂ ਵਾਲੀ ਇੱਕ ਤਰ੍ਹਾਂ ਦੀ ਮਿਥਿਹਾਸਕ ਕਹਾਣੀ ਵਿਚ ਤਬਦੀਲ ਹੋ ਗਿਆ। ਇਸ ਲਈ ਇਤਿਹਾਸਕਾਰ ਹੋਣ ਦੇ ਨਾਤੇ ਮੇਰੇ 'ਤੇ ਇਸ ਦਾ ਬਹੁਤ ਅਸਰ ਪਿਆ। ਸਾਨੂੰ ਸਾਰਿਆਂ ਨੂੰ ਇਹੀ ਵੱਡਾ ਸਬਕ ਸਿਖਾਇਆ ਜਾਂਦਾ ਹੈ ਕਿ ਜਿੱਥੋਂ ਤੱਕ ਸੰਭਵ ਹੋਵੇ, ਸਿਰਫ਼ ਇੱਕੋ ਭਾਸ਼ਾ ਦੇ ਸਰੋਤ ਉਤੇ ਨਿਰਭਰ ਨਾ ਰਹੋ। ਜੇਕਰ ਇਸ ਸਦੀ ਦੇ ਸ਼ੁਰੂ ਵਿਚ ਜਾਂ ਪਿਛਲੀ ਸਦੀ ਦੇ ਇਤਿਹਾਸਕਾਰਾਂ ਨੇ ਸੋਮਨਾਥ ਨਾਲ ਜੁੜੇ ਸੰਸਕ੍ਰਿਤ ਸਰੋਤਾਂ ਦੀ ਪੜਤਾਲ ਕੀਤੀ ਹੁੰਦੀ ਤਾਂ ਤਸਵੀਰ ਕੁਝ ਹੋਰ ਹੀ ਹੋਣੀ ਸੀ ਅਤੇ ਸਾਡੇ ਸਾਹਮਣੇ ਆਉਣ ਵਾਲੇ ਸਵਾਲ ਵੀ ਕਈ ਤਰ੍ਹਾਂ ਦੇ ਹੋਣੇ ਸਨ।

### ਪ੍ਰਮੁੱਖ ਗ੍ਰੰਥਾਂ ਦੇ ਅਨੇਕਾਂ ਰੂਪ

ਮੈਂ ਰਾਮਾਇਣ ਤੋਂ ਸ਼ੁਰੂਆਤ ਕੀਤੀ ਸੀ ਅਤੇ ਇਹ ਦੇਖ ਕੇ ਹੈਰਾਨ ਰਹਿ ਗਈ ਕਿ, ਮਿਸਾਲ ਵਜੋਂ, ਬੋਧ ਗ੍ਰੰਥਾਂ ਵਿਚ 'ਦਸ਼ਰਥ ਜਾਤਕ' ਨਾਮਕ ਇੱਕ ਰੂਪ ਮੌਜੂਦ ਹੈ, ਜਿਸ ਵਿਚ ਰਾਮਾਇਣ ਦੀ ਕਹਾਣੀ ਬਿਲਕੁਲ ਵੱਖਰੇ ਅੰਦਾਜ਼ ਵਿਚ ਦੱਸੀ ਗਈ ਹੈ। ਉਸ ਵਿਚ ਸ੍ਰੀ ਰਾਮ ਅਤੇ ਸੀਤਾ ਭਰਾ ਤੇ ਭੈਣ ਦੱਸੇ ਗਏ ਹਨ। ਜਦੋਂ ਦਸਰਥ ਦੇ ਦੇਹਾਂਤ ਤੋਂ ਬਾਅਦ ਭਰਤ ਉਨ੍ਹਾਂ ਨੂੰ ਵਾਪਸ ਆ ਕੇ ਰਾਜਭਾਗ ਸੰਭਾਲਣ ਲਈ ਕਹਿੰਦਾ ਹੈ ਤਾਂ ਸ੍ਰੀ ਰਾਮ ਵਾਪਸ ਆਉਣ ਤੋਂ ਇਨਕਾਰ ਕਰਦਿਆਂ ਇਸ ਗੱਲ 'ਤੇ ਜ਼ੋਰ ਪਾਉਂਦੇ ਹਨ ਕਿ ਉਨ੍ਹਾਂ ਨੇ ਆਪਣੇ ਬਨਵਾਸ ਦੇ 14 ਸਾਲ ਪੂਰੇ ਕਰਨੇ ਹਨ। ਇੱਥੇ ਕਹਾਣੀ ਖ਼ਤਮ ਹੋ ਜਾਂਦੀ ਹੈ।

ਇਸ ਤੋਂ ਇਲਾਵਾ ਜੈਨ ਪਰੰਪਰਾ ਹੈ, ਜੋ ਕਿਸੇ ਨਾ ਕਿਸੇ ਰੂਪ ਵਿਚ ਵਾਲਮੀਕੀ ਰਾਮਾਇਣ ਉਤੇ ਸਵਾਲ ਖੜ੍ਹੇ ਕਰਦੀ ਹੈ। ਉਸ ਵਿਚ ਰਾਵਣ ਦੇ 10 ਸਿਰ ਨਹੀਂ ਹਨ ਅਤੇ ਨਾ ਹੀ ਉਹ ਕੋਈ ਭਿਆਨਕ ਰਾਖਸ਼ ਹੈ ਜਿਵੇਂ ਕਿ ਵਾਲਮੀਕੀ ਰਾਮਾਇਣ ਵਿਚ ਦਿਖਾਇਆ ਗਿਆ ਹੈ। ਜੈਨ ਗ੍ਰੰਥਾਂ ਵਿਚ ਉਹ ਸੀਤਾ ਨਾਲ ਸੱਚੇ ਦਿਲੋਂ ਪਿਆਰ ਕਰਦਾ ਹੈ ਅਤੇ ਉਸ ਨੂੰ ਆਪਣੇ ਮਹਿਲ ਵਿਚ ਲਿਆਉਣਾ ਚਾਹੁੰਦਾ ਹੈ। ਇਸੇ ਲਈ ਉਹ ਉਸ ਨੂੰ ਅਗਵਾ ਕਰ ਲੈਂਦਾ ਹੈ। ਇਉਂ ਇੱਕ ਤੋਂ ਬਾਅਦ ਇੱਕ ਗ੍ਰੰਥ ਕਹਾਣੀ ਨੂੰ ਆਪਣੇ ਤਰੀਕੇ ਨਾਲ ਬਿਆਨ ਕਰਦੇ ਹਨ। ਇਸ ਦੇ ਖੇਤਰੀ ਰੂਪ ਵੀ ਮਿਲਦੇ ਹਨ ਅਤੇ ਕਬਾਇਲੀ ਸੱਭਿਆਚਾਰਾਂ ਵਿਚਲੀਆਂ ਕਹਾਣੀਆਂ ਵੀ ਮਿਲਦੀਆਂ ਹਨ। ਬਾਲੀ (ਦੱਖਣ-ਪੂਰਬੀ ਏਸ਼ੀਆ) ਦੇ ਖੇਤਰ ਤੋਂ ਮਿਲਣ ਵਾਲੇ ਰੂਪ (Version) ਵੀ ਥੋੜ੍ਹੀ ਵੱਖਰੀ ਕਹਾਣੀ ਦੱਸਦੇ ਹਨ। ਇਸ ਲਈ ਮੈਂ ਸੋਚਣ ਲੱਗੀ ਕਿ ਇਤਿਹਾਸਕਾਰ ਹੋਣ ਦੇ ਨਾਤੇ ਮੇਰਾ ਅਸਲ ਕੰਮ ਇਸ ਕਹਾਣੀ ਦੇ ਮੂਲ ਤੱਤ ਨੂੰ ਲੱਭਣਾ ਹੈ। ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਇੰਨੇ ਸਾਰੇ ਖੇਤਰੀ ਫ਼ਰਕ ਕਿਉਂ ਮੌਜੂਦ ਹਨ, ਜਿਨ੍ਹਾਂ ਨੂੰ ਹੁਣ ਸਰਕਾਰੀ ਤੌਰ 'ਤੇ ਰੱਦ ਕਰ ਦਿੱਤਾ ਗਿਆ ਹੈ ਕਿਉਂਕਿ ਅੱਜ ਤਾਂ ਸਿਰਫ਼ ਇੱਕੋ ਰੂਪ 'ਵਾਲਮੀਕੀ ਰਾਮਾਇਣ' ਨੂੰ ਪ੍ਰਵਾਨ ਕੀਤਾ ਜਾਂਦਾ ਹੈ। ਪਰ ਜੇ ਕਿਸੇ ਕਹਾਣੀ ਦੇ ਵੱਖ-ਵੱਖ ਰੂਪ ਹੋਣ ਤਾਂ ਇਹ ਆਮ ਸੂਝ ਦਾ ਸਵਾਲ ਹੈ ਕਿ ਸਾਨੂੰ ਪੁੱਛਣਾ ਚਾਹੀਦਾ ਹੈ ਕਿ ਅਜਿਹਾ ਕਿਉਂ ਹੈ?

ਜਦੋਂ 'ਕਾਲੀ ਫੌਰ ਵਿਮੈਨ' ਨੇ ਆਪਣੀ 10ਵੀਂ ਵਰ੍ਹੇਗੰਢ ਮਨਾਈ ਤਾਂ ਉਨ੍ਹਾਂ ਨੇ ਮੈਨੂੰ ਲੈਕਚਰ ਦੇਣ ਲਈ ਕਿਹਾ। ਮੈਂ 'ਸ਼ਕੁੰਤਲਾ' ਅਤੇ ਇਸ ਦੇ ਵੱਖ-ਵੱਖ ਰੂਪਾਂ ਨੂੰ ਵਿਸ਼ੇ ਵਜੋਂ ਚੁਣਿਆ। ਹਰ ਕੋਈ ਕਾਲੀਦਾਸ ਵੱਲੋਂ ਰਚੇ ਰੂਪ ਨੂੰ ਜਾਣਦਾ ਹੈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਇਹ ਕਹਾਣੀ ਪਹਿਲਾਂ 'ਮਹਾਭਾਰਤ' ਵਿਚ ਦੱਸੀ ਗਈ ਸੀ, ਜਿੱਥੇ ਸ਼ਕੁੰਤਲਾ ਬਹੁਤ ਬੇਬਾਕ ਹੈ। ਉਹ ਆਪਣੇ ਪੁੱਤਰ ਨੂੰ ਨਾਲ ਲੈ ਕੇ ਸਿੱਧੀ ਦਰਬਾਰ ਵਿਚ ਜਾਂਦੀ ਹੈ ਅਤੇ ਰਾਜੇ ਨੂੰ ਕਹਿੰਦੀ ਹੈ ਕਿ ਇਹ ਤੁਹਾਡਾ ਪੁੱਤਰ ਹੈ, ਇਸ ਨੂੰ ਆਪਣਾ ਵਾਰਸ ਬਣਾਓ। ਰਾਜਾ ਹੱਕਾ-ਬੱਕਾ ਰਹਿ ਜਾਂਦਾ ਹੈ। ਇਹ ਕਾਲੀਦਾਸ ਤੋਂ ਬਹੁਤ ਪਹਿਲਾਂ ਦੀ ਗੱਲ ਹੈ। ਮੈਂ ਇਹ ਦਲੀਲ ਦੇ ਰਹੀ ਸਾਂ ਕਿ ਇਹ ਉਸ ਸਮਾਜ ਵਿਚੋਂ ਆਉਂਦੀ ਹੈ, ਜਿੱਥੇ ਔਰਤਾਂ ਦਾ ਆਪਣਾ ਰੁਤਬਾ ਅਤੇ ਅਧਿਕਾਰ ਹੁੰਦਾ ਸੀ ਜਦੋਂਕਿ ਸ਼ਕੁੰਤਲਾ ਦਾ ਕਾਲੀਦਾਸ ਵਾਲਾ ਰੂਪ ਉਸ ਸਮਾਜ ਵਿਚ ਹੈ, ਜਿੱਥੇ ਔਰਤਾਂ ਨੂੰ ਨਰਮ ਸੁਭਾਅ ਵਾਲੀਆਂ ਬਣਨ ਅਤੇ ਚੁੱਪ ਰਹਿਣ ਲਈ ਪ੍ਰੇਰਿਤ ਕੀਤਾ ਜਾਂਦਾ ਸੀ। ਦੂਜੇ ਪਾਸੇ ਮਹਾਭਾਰਤ ਦੀ ਸ਼ਕੁੰਤਲਾ ਰਾਜੇ ਦਾ ਸਾਹਮਣਾ ਕਰਦੀ ਹੈ, ਦੋਵਾਂ ਵਿਚਕਾਰ ਤਿੱਖੀ ਬਹਿਸ ਹੁੰਦੀ ਹੈ। ਆਖਿਰਕਾਰ ਉਹ ਕਹਿੰਦੀ ਹੈ ਕਿ ਮੈਂ ਆਪਣੇ ਪੁੱਤਰ ਨੂੰ ਇੱਥੇ ਹੀ ਛੱਡ ਕੇ ਜਾ ਰਹੀ ਹਾਂ। ਫਿਰ ਇੱਕ ਆਕਾਸ਼ਵਾਣੀ ਰਾਜੇ ਨੂੰ ਦੱਸਦੀ ਹੈ ਕਿ ਇਹ ਤੇਰਾ ਹੀ ਪੁੱਤਰ ਦੁਸ਼ਯੰਤ ਹੈ।

ਫਿਰ ਅਸੀਂ ਸ਼ਕੁੰਤਲਾ ਦੇ ਕਾਲੀਦਾਸ ਵਾਲੇ ਰੂਪ ਨੂੰ ਦੇਖਦੇ ਹਾਂ, ਜਿੱਥੇ ਸਭ ਕੁਝ ਬੜਾ ਰੁਮਾਨੀ ਹੈ। ਉਹ ਗੰਧਰਵ ਵਿਆਹ ਕਰਵਾ ਲੈਂਦੇ ਹਨ। ਸ਼ਕੁੰਤਲਾ ਗਰਭਵਤੀ ਹੁੰਦੀ ਹੈ ਅਤੇ ਉਸ ਦਾ ਪਾਲਣਹਾਰ ਪਿਤਾ ਉਸ ਨੂੰ ਰਾਜੇ ਦੇ ਮਹੱਲ ਭੇਜਦਾ ਹੈ। ਰਾਜਾ ਇਹ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ ਕਿ ਉਹ ਉਸ ਦੇ ਬੱਚੇ ਦੀ ਮਾਂ ਹੈ। ਉਹ ਰਾਜੇ ਨਾਲ ਬਹਿਸ ਨਹੀਂ ਕਰਦੀ ਕਿ ਤੁਹਾਨੂੰ ਮੰਨਣਾ ਹੀ ਪਵੇਗਾ, ਸਗੋਂ ਉਹ ਚਲੀ ਜਾਂਦੀ ਹੈ ਅਤੇ ਉਸ ਦੀ ਮਾਂ ਮੇਨਕਾ ਉਸ ਨੂੰ ਲੈ ਜਾਂਦੀ ਹੈ। ਫਿਰ ਰਾਜੇ ਨੂੰ ਯਾਦ ਕਰਵਾਉਣ ਲਈ ਇੱਕ ਬਹਾਨਾ ਘੜਨਾ ਪੈਂਦਾ ਹੈ, ਉਸ ਵੱਲੋਂ ਸ਼ਕੁੰਤਲਾ ਨੂੰ ਦਿੱਤੀ ਗਈ ਅੰਗੂਠੀ ਮੱਛੀ ਦੇ ਪੇਟ ਵਿਚੋਂ ਨਿਕਲਦੀ ਹੈ, ਰਾਜੇ ਦੀ ਯਾਦਦਾਸ਼ਤ ਵਾਪਸ ਆਉਂਦੀ ਹੈ ਅਤੇ ਕਹਾਣੀ ਦਾ ਸੁਖਾਵਾਂ ਅੰਤ ਹੁੰਦਾ ਹੈ। ਇਹ ਨਾਟਕ ਉਰਦੂ ਅਤੇ ਹੋਰ ਵੱਖ-ਵੱਖ ਭਾਰਤੀ ਤੇ ਯੂਰਪੀਅਨ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਹੈ। ਫਿਰ ਅੰਗਰੇਜ਼ ਆਏ ਅਤੇ ਸ਼ਕੁੰਤਲਾ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਗਿਆ। ਦੋਵੇਂ ਰੂਪਾਂ ਵਿਚ ਔਰਤ ਦਾ ਰੁਤਬਾ ਬਦਲ ਜਾਂਦਾ ਹੈ। ਸਾਹਿਤ ਦੀ ਸਰਵੋਤਮ ਰਚਨਾ ਨੂੰ ਵੀ ਇੱਕ ਇਤਿਹਾਸਕ ਸੰਦਰਭ ਦਿੱਤਾ ਜਾ ਸਕਦਾ ਹੈ। ਹਰ ਗ੍ਰੰਥ ਦਾ ਆਪਣਾ ਇੱਕ ਇਤਿਹਾਸਕ ਸੰਦਰਭ ਹੁੰਦਾ ਹੈ ਅਤੇ ਇਹੋ ਦੱਸਣਾ ਮੇਰਾ ਮਕਸਦ ਸੀ।

### ਮਿਥਿਹਾਸ ਸਿਰਜਣਾ

ਇਹ ਸੋਚਣਾ ਇਨਸਾਨਾਂ ਦੇ ਸੁਭਾਅ ਦਾ ਹਿੱਸਾ ਹੁੰਦਾ ਹੈ ਕਿ ਉਹ ਕਿੱਥੋਂ ਆਏ ਹਨ, ਉਹ ਕੌਣ ਹਨ ਅਤੇ ਉਨ੍ਹਾਂ ਦੇ ਵਡੇਰੇ ਕੌਣ ਸਨ। ਮਿਥਿਹਾਸ ਮੂਲ ਰੂਪ ਵਿਚ ਉਸੇ ਕਲਪਨਾ ਦੀ ਪੈਦਾਵਾਰ ਹੁੰਦਾ ਹੈ। ਇਸ ਲਈ ਇਹ ਬਹੁਤ ਲੁਭਾਉਣਾ ਹੋ ਸਕਦਾ ਹੈ। ਇਹ ਉਹ ਚੀਜ਼ ਹੈ, ਜਿਸ ਨੂੰ ਤੁਸੀਂ ਸੱਚ ਹੁੰਦਿਆਂ ਦੇਖਣਾ ਚਾਹੁੰਦੇ ਹੋ। ਫਿਰ ਤੁਸੀਂ ਇਹ ਮੰਨ ਲੈਂਦੇ ਹੋ ਕਿ ਇਹ ਅਤੀਤ ਵਿਚ ਵਾਪਰਿਆ ਸੀ ਪਰ ਹੁਣ ਨਹੀਂ ਵਾਪਰ ਰਿਹਾ ਅਤੇ ਤੁਸੀਂ ਉਸ ਅਤੀਤ ਵਿਚ ਵਾਪਸ ਜਾਣਾ ਚਾਹੁੰਦੇ ਹੋ। ਤੁਸੀਂ ਇਹ ਵੀ ਚਾਹੁੰਦੇ ਹੋ ਕਿ ਉਸ ਅਤੀਤ ਦਾ ਘੱਟੋ-ਘੱਟ ਕੁਝ ਹਿੱਸਾ ਤਾਂ ਵਰਤਮਾਨ ਵਿਚ ਆਉਣਾ ਹੀ ਚਾਹੀਦਾ ਹੈ।

ਇਤਿਹਾਸਕਾਰ ਦਾ ਕੰਮ ਇਹ ਦੱਸਣਾ ਹੈ ਕਿ ਉਹ ਮਿਥਿਹਾਸ ਹੈ ਤੇ ਹਕੀਕਤ ਕੁਝ ਹੋਰ ਹੈ। ਮਿਸਾਲ ਵਜੋਂ, ਸਾਡੇ ਵਿਚੋਂ ਬਹੁਤਿਆਂ ਨੂੰ ਹਿੰਦੂਤਵੀ ਇਤਿਹਾਸ ਨਾਲ ਸਮੱਸਿਆ ਇਹ ਹੈ ਕਿ ਇਹ ਲਗਾਤਾਰ ਮਿਥਿਹਾਸ ਦਾ ਪੱਲਾ ਫੜੀ ਰੱਖਦਾ ਹੈ ਅਤੇ ਅਸੀਂ ਲਗਾਤਾਰ ਇਹੀ ਕਹਿੰਦੇ ਹਾਂ ਕਿ ਮਾਫ਼ ਕਰੋ, ਇਹ ਮਿਥਿਹਾਸ ਹੈ, ਇਤਿਹਾਸ ਨਹੀਂ ਅਤੇ ਇਹੀ ਗੱਲ ਟਕਰਾਅ ਦਾ ਕਾਰਨ ਬਣਦੀ ਹੈ।

### ਮਾਰਕਸਵਾਦੀ ਇਤਿਹਾਸਕਾਰ

ਮੇਰੇ ਅਤੇ ਕਈ ਹੋਰਾਂ ਉਤੇ ਮਾਰਕਸਵਾਦੀ ਇਤਿਹਾਸਕਾਰ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਮੈਂ ਇਤਿਹਾਸਕ ਵਿਧੀ ਅਤੇ ਤਰਕ ਤੇ ਸੂਝ-ਬੂਝ ਉਤੇ ਆਧਾਰਿਤ ਸਾਧਾਰਨੀਕਰਨ ਬਾਰੇ ਗੱਲ ਕੀਤੀ ਹੈ। ਅਗਲਾ ਕਦਮ ਵਿਆਖਿਆ ਦਾ ਹੁੰਦਾ ਹੈ ਕਿ ਕੀ, ਕਿਵੇਂ ਅਤੇ ਕਿਉਂ ਵਾਪਰਿਆ।

19ਵੀਂ ਸਦੀ ਵਿਚ ਬਹੁਤ ਸਾਰੇ ਚਿੰਤਕ ਇਹ ਤਰਕ ਦੇਣ ਲੱਗੇ ਕਿ ਸਮਾਜ ਇੱਕ ਖਾਸ ਤਰੀਕੇ ਨਾਲ ਬਣਿਆ ਹੁੰਦਾ ਹੈ ਅਤੇ ਇਸ ਦਾ ਉਥੇ ਜੰਮਣ ਮਰਨ ਤੇ ਰਹਿਣ ਵਾਲੇ ਲੋਕਾਂ ਉਤੇ ਅਸਰ ਪੈਂਦਾ ਹੈ। ਵਿਦਵਾਨਾਂ ਨੂੰ ਇਸ ਗੱਲ ਦੀ ਬਹੁਤ ਇੱਛਾ ਸੀ ਕਿ ਅਤੀਤ ਬਾਰੇ ਸਮਝਾਇਆ ਜਾਵੇ। ਮੈਕਸ ਮੂਲਰ ਨੇ ਵੀ ਵੇਦਾਂ ਦੇ ਸ਼ਲੋਕਾਂ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ।

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਦੇ ਪਾਣੀਆਂ ਦਾ ਮਸਲਾ, ਧਾਰਾ 78, 79, 80 ਅਤੇ ਵੱਖ-ਵੱਖ ਧਿਰਾਂ ਦਾ ਨਜ਼ਰੀਆ

ਪੰਜਾਬ ਅੰਦਰ ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਬਹੁਤ ਲੰਮੇ ਸਮੇਂ ਤੋਂ ਚਰਚਾ, ਅੰਦੋਲਨਾਂ ਅਤੇ ਅਦਾਲਤੀ ਕਾਰਵਾਈਆਂ ਦਾ ਕੇਂਦਰ ਰਿਹਾ ਹੈ। ਹਾਲ ਹੀ ਵਿਚ ਸੰਯੁਕਤ ਕਿਸਾਨ ਮੋਰਚਾ ਦੀਆਂ ਜਥੇਬੰਦੀਆਂ ਵੱਲੋਂ ਲਗਾਏ ਗਏ ਮੋਰਚੇ ਦੌਰਾਨ ਪੰਜਾਬ ਦੇ ਦਰਿਆਈ ਪਾਣੀਆਂ ਨਾਲ ਹੁੰਦੇ ਵਿਤਕਰੇ, ਧਰਤੀ ਹੇਠਲੇ ਪਾਣੀ ਦੇ ਡੂੰਘੇ ਹੋਣ, ਪਾਣੀ ਦੇ ਪ੍ਰਦੂਸ਼ਣ ਅਤੇ ਪੰਜਾਬ ਪੁਨਰਗਠਨ ਐਕਟ (Punjab Reorganisation Act) ਦੀਆਂ ਧਾਰਾਵਾਂ 78, 79 ਅਤੇ 80 ਨੂੰ ਹਟਾਉਣ ਦੀ ਮੰਗ ਉਠਾਈ ਗਈ।

ਇਸ ਦੇ ਨਾਲ ਹੀ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਪਾਵੇਲ ਕੁੱਸਾ ਵੱਲੋਂ ਇੱਕ 4-5 ਪੰਨਿਆਂ ਦਾ ਦਸਤਾਵੇਜ਼ ਅਤੇ ਵਿਸਥਾਰਤ ਇੰਟਰਵਿਊ ਜਾਰੀ ਕੀਤਾ ਗਿਆ, ਜਿਸ ਵਿਚ ਉਨ੍ਹਾਂ ਨੇ ਇੱਕ ਵੱਖਰਾ ਨਜ਼ਰੀਆ ਪੇਸ਼ ਕੀਤਾ ਜੋ ਕੇਂਦਰ ਸਰਕਾਰ, ਹਰਿਆਣਾ ਅਤੇ ਰਾਜਸਥਾਨ ਦੇ ਰੁੱਖ ਦੇ ਨੇੜੇ ਨਜ਼ਰ ਆਉਂਦਾ ਹੈ।

ਹੇਠਾਂ ਇਸ ਪੂਰੇ ਮਸਲੇ, ਕਾਨੂੰਨੀ ਅਤੇ ਸੰਵਿਧਾਨਕ ਪਹਿਲੂਆਂ, ਇਤਿਹਾਸਕ ਸਮਝੌਤਿਆਂ ਅਤੇ ਵੱਖ-ਵੱਖ ਧਿਰਾਂ ਦੇ ਤਰਕਾਂ ਦੀ ਵਿਸਥਾਰਤ ਵਿਆਖਿਆ ਕੀਤੀ ਗਈ ਹੈ:

### ਕਿਸਾਨ ਜਥੇਬੰਦੀਆਂ ਵਿਚਕਾਰ ਵਖਰੇਵੇਂ ਅਤੇ ਬਹਿਸ

**ਬੀ.ਕੇ.ਯੂ. (ਉਗਰਾਹਾਂ) ਦਾ ਨਜ਼ਰੀਆ:** ਪਾਵੇਲ ਕੁੱਸਾ ਅਤੇ ਉਗਰਾਹਾਂ ਗਰੁੱਪ ਦਾ ਤਰਕ ਹੈ ਕਿ ਪੰਜਾਬ ਦੇ ਪਾਣੀਆਂ ਬਾਰੇ 'ਇੱਕ ਤੁਪਕਾ ਵੀ ਨਹੀਂ ਜਾਣ ਦੇਣਾ' ਵਰਗੇ ਨਾਅਰੇ ਕਿਸਾਨੀ ਏਕਤਾ 'ਤੇ ਅਸਰ ਪਾਉਂਦੇ ਹਨ ਅਤੇ ਅਜਿਹੇ ਇਤਰਾਜ਼ ਕਾਰਪੋਰੇਟ ਪੱਖੀ ਭੁਗਤਦੇ ਹਨ।

**ਸੰਵਾਦ ਦੀ ਲੋੜ:** ਦੂਜੇ ਪੱਖ ਦਾ ਮੰਨਣਾ ਹੈ ਕਿ ਇਹ ਮੁੱਦਾ ਕੇਵਲ ਕਿਸਾਨਾਂ ਦੀ ਸਿੰਚਾਈ ਦਾ ਨਹੀਂ, ਸਗੋਂ ਫੈਡਰਲ ਢਾਂਚੇ ਦੇ ਤਹਿਤ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ਦਾ ਮੁੱਦਾ ਹੈ। ਜਦੋਂ ਕੋਈ ਅਗਾਂਹਵਧੂ ਧਿਰ ਅਜਿਹਾ ਵੱਖਰਾ ਨਜ਼ਰੀਆ ਪੇਸ਼ ਕਰਦੀ ਹੈ, ਤਾਂ ਇਸ ਨਾਲ ਭੁਲੇਖੇ ਫੈਲਦੇ ਹਨ, ਜਿਸ ਲਈ ਸੈਮੀਨਾਰਾਂ ਅਤੇ ਮੀਟਿੰਗਾਂ ਰਾਹੀਂ ਆਪਸੀ ਸੰਵਾਦ ਰਚਾਉਣਾ ਜ਼ਰੂਰੀ ਹੈ।

—

### ਫੈਡਰਲ ਢਾਂਚਾ ਅਤੇ ਧਾਰਾ 78, 79, 80 ਦਾ ਮਸਲਾ

**ਸੰਵਿਧਾਨਕ ਸਥਿਤੀ:** ਭਾਰਤੀ ਸੰਵਿਧਾਨ ਮੁਤਾਬਕ ਪਾਣੀ ਸੂਬੇ ਦਾ ਮੁੱਦਾ (State Subject) ਹੈ। ਕੇਂਦਰ ਸਰਕਾਰ ਕੇਵਲ ਉੱਥੇ ਹੀ ਦਖਲ ਦੇ ਸਕਦੀ ਹੈ ਜੋ ਅੰਤਰਰਾਜੀ ਦਰਿਆ ਹੋਣ। ਪੰਜਾਬ ਦੇ ਦਰਿਆ (ਰਾਵੀ, ਬਿਆਸ, ਸਤਲੁਜ) ਹਰਿਆਣਾ ਜਾਂ ਰਾਜਸਥਾਨ ਦੇ ਸੰਦਰਭ ਵਿਚ ਅੰਤਰਰਾਜੀ ਦਰਿਆ ਨਹੀਂ ਹਨ; ਇਹ ਕੇਵਲ ਹਿਮਾਚਲ ਪ੍ਰਦੇਸ਼ ਜਾਂ ਜੰਮੂ-ਕਸ਼ਮੀਰ ਨਾਲ ਹੀ ਅੰਤਰਰਾਜੀ ਸੀਮਾ ਰੱਖਦੇ ਹਨ।

**ਧਾਰਾ 78, 79, 80 ਦੀ ਗੈਰ-ਸੰਵਿਧਾਨਕਤਾ:** ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾਵਾਂ 78, 79 ਅਤੇ 80 ਕੇਂਦਰ ਸਰਕਾਰ ਨੂੰ ਪੰਜਾਬ ਦੇ ਪਾਣੀਆਂ ਅਤੇ ਬਿਜਲੀ ਪ੍ਰੋਜੈਕਟਾਂ (ਜਿਵੇਂ ਬੀ.ਬੀ.ਐਮ.ਬੀ.) 'ਤੇ ਗੈਰ-ਕਾਨੂੰਨੀ ਅਤੇ ਸਥਾਈ ਕੰਟਰੋਲ ਦਿੰਦੀਆਂ ਹਨ।

**ਦੂਜੇ ਸੂਬਿਆਂ ਨਾਲ ਵਿਤਕਰਾ:** ਭਾਰਤ ਦੇ ਹੋਰਨਾਂ ਰਾਜਾਂ ਦੇ ਪੁਨਰਗਠਨ ਸਮੇਂ ਕੇਂਦਰ ਨੇ ਅਜਿਹਾ ਦਖਲ ਨਹੀਂ ਦਿੱਤਾ:

ਬਿਹਾਰ-ਝਾਰਖੰਡ (2000), ਮੱਧ ਪ੍ਰਦੇਸ਼-ਛੱਤੀਸਗੜ੍ਹ (2000), ਅਤੇ ਉੱਤਰ ਪ੍ਰਦੇਸ਼-ਉੱਤਰਾਖੰਡ (2000) ਦੇ ਪੁਨਰਗਠਨ ਐਕਟਾਂ ਵਿਚ ਪਾਣੀ ਦੇ ਸਰੋਤਾਂ 'ਤੇ ਰਾਜਾਂ ਦਾ ਅਧਿਕਾਰ ਬਰਕਰਾਰ ਰੱਖਿਆ ਗਿਆ ਅਤੇ ਆਪਸੀ ਦੁਵੱਲੇ ਸਮਝੌਤਿਆਂ ਦੀ ਨੀਤੀ ਅਪਣਾਈ ਗਈ।

ਆਂਧਰਾ ਪ੍ਰਦੇਸ਼-ਤੇਲੰਗਾਨਾ (2014) ਦੇ ਐਕਟ ਵਿਚ ਕੇਂਦਰੀ ਕੰਟਰੋਲ ਦੀ ਬਜਾਏ ਸਲਾਹ-ਮਸ਼ਵਰੇ ਦੀ ਵਿਧੀ ਅਪਣਾਈ ਗਈ ਅਤੇ ਕ੍ਰਿਸ਼ਨਾ-ਗੋਦਾਵਰੀ ਬੋਰਡ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਾਂਗ ਕੇਂਦਰੀਕ੍ਰਿਤ ਨਹੀਂ ਬਣਾਏ ਗਏ।

ਬੀ.ਬੀ.ਐਮ.ਬੀ. ਵਿਚ ਵਿਤਕਰਾ: ਧਾਰਾ 79 ਦੇ ਤਹਿਤ ਕੇਂਦਰ ਨੇ ਬੀ.ਬੀ.ਐਮ.ਬੀ. 'ਤੇ ਆਪਣਾ ਪੂਰਾ ਕੰਟਰੋਲ ਕਰ ਲਿਆ ਹੈ। ਪੰਜਾਬ ਇਸ ਦੇ ਖਰਚੇ ਦਾ 60% ਹਿੱਸਾ ਦਿੰਦਾ ਹੈ, ਪਰ ਪੰਜਾਬ ਨੂੰ ਪਾਣੀ ਅਤੇ ਬਿਜਲੀ ਵਿਚੋਂ ਕੇਵਲ 25% ਤੋਂ 30% ਹਿੱਸਾ ਹੀ ਮਿਲਦਾ ਹੈ।

—

### ਇਤਿਹਾਸਕ ਸਮਝੌਤੇ, ਐਮਰਜੈਂਸੀ ਅਤੇ ਅਦਾਲਤੀ ਘਟਨਾਕ੍ਰਮ

**1955 ਦੀ ਮੀਟਿੰਗ:** ਗੁਲਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਭਾਰਤ-ਪਾਕਿਸਤਾਨ ਵਿਚਕਾਰ ਪਾਣੀਆਂ ਦੇ ਕੇਸ ਨੂੰ ਮਜ਼ਬੂਤ ਕਰਨ ਲਈ ਪਾਣੀ ਦਾ ਅੰਕੜਾ ਵਧਾ ਕੇ ਦਿਖਾਇਆ ਗਿਆ ਸੀ ਅਤੇ ਰੋਇਲਟੀ ਦਾ ਮੁੱਦਾ ਬਾਅਦ ਵਿਚ ਵਿਚਾਰਨ ਲਈ ਛੱਡ ਦਿੱਤਾ ਗਿਆ ਸੀ।



**1976 ਦਾ ਐਮਰਜੈਂਸੀ ਅਵਾਰਡ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦੌਰਾਨ, ਜਦੋਂ ਵਿਰੋਧੀ ਲੀਡਰਸ਼ਿਪ ਜੇਲ੍ਹਾਂ ਵਿਚ ਸੀ, ਇੱਕਤਰਫਾ ਫੈਸਲਾ ਲੈਂਦਿਆਂ ਪੰਜਾਬ ਦੇ ਪਾਣੀਆਂ ਦਾ ਅਵਾਰਡ ਜਾਰੀ ਕਰ ਦਿੱਤਾ। ਇਸੇ ਦੌਰਾਨ ਸਿੱਖਿਆ ਅਤੇ ਜੰਗਲਾਤ ਵਰਗੇ ਸੂਬਾਈ ਵਿਸ਼ਿਆਂ ਨੂੰ ਵੀ ਕੇਂਦਰ ਨੇ ਸਮਵਰਤੀ ਸੂਚੀ (Concurrent List) ਵਿਚ ਪਾ ਦਿੱਤਾ।

**ਚੀਫ਼ ਜਸਟਿਸਾਂ ਦੀ ਕਾਨੂੰਨੀ ਰਾਇ:**

1. ਜਸਟਿਸ ਐਸ. ਐਮ. ਸੀਕਰੀ (17 ਜਨਵਰੀ 1975): ਭਾਰਤ ਦੇ ਸਾਬਕਾ ਚੀਫ਼ ਜਸਟਿਸ ਤੋਂ ਰਾਇ ਲਈ ਗਈ, ਜਿਨ੍ਹਾਂ ਨੇ ਸਪਸ਼ਟ ਕੀਤਾ ਕਿ ਕੇਂਦਰ ਸਰਕਾਰ ਧਾਰਾ 78 ਦੀ ਵਰਤੋਂ ਕਰਕੇ ਬਿਆਸ ਪ੍ਰੋਜੈਕਟ ਵਿਚ ਦਖਲ ਨਹੀਂ ਦੇ ਸਕਦੀ।
2. ਜਸਟਿਸ ਐਮ. ਹਿਦਾਇਤੁੱਲਾ (5 ਜੂਨ 1978): ਐਮਰਜੈਂਸੀ ਤੋਂ ਬਾਅਦ ਲਈ ਗਈ ਰਾਇ ਵਿਚ ਉਨ੍ਹਾਂ ਨੇ ਵੀ ਧਾਰਾ 78 ਦੇ ਤਹਿਤ ਕੇਂਦਰੀ ਦਖਲ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ।

**1981 ਦਾ ਸਮਝੌਤਾ ਅਤੇ ਸੁਪਰੀਮ ਕੋਰਟ ਕੇਸ ਵਾਪਸ ਲੈਣਾ:** ਇਨ੍ਹਾਂ ਕਾਨੂੰਨੀ ਰਾਵਾਂ ਦੇ ਆਧਾਰ 'ਤੇ ਪੰਜਾਬ ਸੁਪਰੀਮ ਕੋਰਟ ਗਿਆ ਸੀ। ਪਰ 31 ਦਸੰਬਰ 1981 ਨੂੰ ਇੰਦਰਾ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ, ਹਰਿਆਣਾ ਦੇ ਭਜਨ ਲਾਲ ਅਤੇ ਰਾਜਸਥਾਨ ਦੇ ਸ਼ਿਵ ਚਰਨ ਮਾਥੁਰ ਨੂੰ ਬਿਠਾ ਕੇ ਦਬਾਅ ਹੇਠ ਸਮਝੌਤਾ ਕਰਵਾਇਆ ਅਤੇ ਪੰਜਾਬ ਨੂੰ ਸੁਪਰੀਮ ਕੋਰਟ ਵਿਚੋਂ ਕੇਸ ਵਾਪਸ ਲੈਣ ਲਈ ਮਜਬੂਰ ਕੀਤਾ।

**1985 ਦਾ ਰਾਜੀਵ-ਲੌਂਗੋਵਾਲ ਸਮਝੌਤਾ ਅਤੇ ਸੈਕਸ਼ਨ 14:** ਇਸ ਸਮਝੌਤੇ ਦੀ ਆੜ ਵਿਚ 'ਇੰਟਰ-ਸਟੇਟ ਵਾਟਰ ਡਿਸਪਿਊਟਸ ਐਕਟ 1956' ਵਿਚ ਸੈਕਸ਼ਨ 14 ਜੋੜ ਕੇ ਇੱਕ ਟ੍ਰਿਬਿਊਨਲ ਬਣਾਇਆ ਗਿਆ ਤਾਂ ਜੋ ਪੰਜਾਬ ਦੇ ਪਾਣੀਆਂ 'ਤੇ ਕੇਂਦਰ ਦਾ ਹੱਕ ਜਤਾਇਆ ਜਾ ਸਕੇ।

2004 ਦਾ ਵਾਟਰ ਟਰਮੀਨੇਸ਼ਨ ਐਕਟ: ਪੰਜਾਬ ਵਿਧਾਨ ਸਭਾ ਨੇ 2004 ਵਿਚ ਸਮਝੌਤੇ ਰੱਦ ਕਰਨ ਦਾ ਐਕਟ ਪਾਸ ਕੀਤਾ, ਜਿਸ ਦੀ ਧਾਰਾ 5 ਵਿਚ ਪਹਿਲਾਂ ਜਾ ਰਹੇ ਪਾਣੀ ਨੂੰ ਸੁਰੱਖਿਅਤ ਰੱਖਿਆ ਗਿਆ ਸੀ, ਪਰ ਇਹ ਮਾਮਲਾ ਅਜੇ ਵੀ ਅਦਾਲਤੀ ਉਲਝਣਾਂ ਵਿਚ ਹੈ।

—

### ਰਿਪੇਰੀਅਨ ਸਿਧਾਂਤ ਬਨਾਮ ਬੇਸਨ ਥਿਊਰੀ ਅਤੇ ਘੱਗਰ ਦਾ ਮਸਲਾ

**(ਰਿਪੇਰੀਅਨ ਸਿਧਾਂਤ):** ਵਿਸ਼ਵ ਪੱਧਰ 'ਤੇ ਅਤੇ ਭਾਰਤੀ ਟ੍ਰਿਬਿਊਨਲਾਂ (ਜਿਵੇਂ ਨਰਮਦਾ, ਕਾਵੇਰੀ) ਦੀਆਂ ਜਜਮੈਂਟਾਂ ਵਿਚ ਰਿਪੇਰੀਅਨ ਸਿਧਾਂਤ ਹੀ ਮੰਨਿਆ ਗਿਆ ਹੈ, ਜਿਸ ਅਨੁਸਾਰ ਪਾਣੀ 'ਤੇ ਪਹਿਲਾ ਅਧਿਕਾਰ ਉਸ ਧਰਤੀ ਦਾ ਹੁੰਦਾ ਹੈ ਜਿੱਥੋਂ ਦਰਿਆ ਲੰਘਦਾ ਹੈ। 1972 ਵਿਚ ਨਰਮਦਾ ਟ੍ਰਿਬਿਊਨਲ ਨੇ ਰਾਜਸਥਾਨ ਨੂੰ ਰਿਪੇਰੀਅਨ ਨਾ ਹੋਣ ਕਰਕੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

**ਬੇਸਨ ਥਿਊਰੀ ਅਤੇ ਐਨ.ਡੀ. ਗੁਲਾਟੀ:** ਕੁਝ ਧਿਰਾਂ ਬੇਸਨ ਥਿਊਰੀ ਦਾ ਹਵਾਲਾ ਦਿੰਦੀਆਂ ਹਨ। ਜਲ ਵਿਗਿਆਨੀ ਪਾਲ ਸਿੰਘ ਢਿੱਲੋਂ ਦੀ ਕਿਤਾਬ ਅਨੁਸਾਰ ਐਨ.ਡੀ. ਗੁਲਾਟੀ ਨੇ 1953 ਵਿਚ ਘੱਗਰ ਨੂੰ ਬੇਸਨ ਵਿਚ ਰਲਾਉਣ ਦੀ ਕੋਸ਼ਿਸ਼ ਕੀਤੀ ਸੀ।

**ਪ੍ਰੋ. ਗੁਰਦੇਵ ਸਿੰਘ ਗੋਸਲ ਦੀ ਖੋਜ:** ਪ੍ਰੋ. ਗੋਸਲ ਦੇ ਰਿਸਰਚ ਪੇਪਰ 'ਅਨੁਸਾਰ ਘੱਗਰ ਨਾ ਤਾਂ ਸਿੰਧ ਬੇਸਨ ਦਾ ਹਿੱਸਾ ਹੈ ਅਤੇ ਨਾ ਹੀ ਗੰਗਾ ਬੇਸਨ ਦਾ। ਇਹ ਇੱਕ ਸੁਤੰਤਰ ਬੇਸਨ (Water Divide) ਹੈ, ਜੋ ਦੋਵਾਂ ਜਲ ਪ੍ਰਣਾਲੀਆਂ ਦੇ ਵਿਚਕਾਰ ਵੰਡ ਦਾ ਕੰਮ ਕਰਦਾ ਹੈ।

**ਵਾਤਾਵਰਣਕ ਨੁਕਸਾਨ:** ਪਾਣੀ ਨੂੰ ਕੁਦਰਤੀ ਵਹਾਅ ਤੋਂ ਦੂਰ ਥਾਰ ਦੇ ਰੇਗਿਸਤਾਨ ਵਿਚ ਲੈ ਜਾਣ ਨਾਲ ਵਾਸ਼ਪੀਕਰਨ ਕਾਰਨ ਬਹੁਤ ਪਾਣੀ ਅਜਾਈਂ ਜਾਂਦਾ ਹੈ, ਜੋ ਨਾ ਕੁਦਰਤੀ ਤੌਰ 'ਤੇ ਠੀਕ ਹੈ ਅਤੇ ਨਾ ਹੀ ਆਰਥਿਕ ਤੌਰ 'ਤੇ।

**ਪਾਕਿਸਤਾਨ ਜਾਣ ਵਾਲੇ ਪਾਣੀ ਦਾ ਸੱਚ:** ਨੌਰਦਰਨ ਜ਼ੋਨਲ ਕੌਂਸਲ ਦੀ 33ਵੀਂ ਮੀਟਿੰਗ ਦੇ ਹਰਿਆਣਾ ਦੇ ਦਸਤਾਵੇਜ਼ ਅਨੁਸਾਰ ਕੇਵਲ 0.54 MAF ਪਾਣੀ ਹੀ ਹੜ੍ਹਾਂ ਜਾਂ ਵਾਧੂ ਵਹਾਅ ਵੇਲੇ ਪਾਕਿਸਤਾਨ ਵੱਲ ਜਾਂਦਾ ਹੈ, ਨਿਯਮਿਤ ਤੌਰ 'ਤੇ ਕੋਈ ਪਾਣੀ ਅਜਾਈਂ ਨਹੀਂ ਜਾਂਦਾ।

**ਯਮੁਨਾ ਦੇ ਪਾਣੀ ਅਤੇ ਦਿੱਲੀ ਦਾ ਸਵਾਲ:** ਜੇਕਰ ਭਾਈਚਾਰਕ ਵੰਡ ਦੀ ਗੱਲ ਕੀਤੀ ਜਾਂਦੀ ਹੈ, ਤਾਂ ਯਮੁਨਾ ਦੇ ਪਾਣੀ ਵਿਚੋਂ 60:40 ਦੇ ਅਨੁਪਾਤ ਨਾਲ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ? ਇਸ ਦੇ ਨਾਲ ਹੀ ਪੰਜਾਬ ਨੇ ਭਾਈ ਘਨੱਈਆ ਜੀ ਦੀ ਭਾਵਨਾ ਤਹਿਤ ਦਿੱਲੀ ਨੂੰ 20 ਲੱਖ ਏਕੜ ਫੁੱਟ (MAF) ਪਾਣੀ ਬਿਨਾਂ ਕਿਸੇ ਇਤਰਾਜ਼ ਦੇ ਦਿੱਤਾ ਹੈ।

—

### ਸਿੱਟਾ ਅਤੇ ਸੰਭਾਵੀ ਹੱਲ

**ਸੁਪਰੀਮ ਕੋਰਟ ਵਿਚ ਪੈਂਡਿੰਗ ਪਟੀਸ਼ਨ:** ਮਾਰਚ 2008 ਵਿਚ ਸੁਪਰੀਮ ਕੋਰਟ ਵਿਚ ਧਾਰਾ 78, 79 ਅਤੇ 80 ਦੀ ਸੰਵਿਧਾਨਕ ਵੈਧਤਾ (Ultra Vires) ਨੂੰ ਚੁਣੌਤੀ ਦੇਣ ਵਾਲੀ ਇੱਕ ਪਟੀਸ਼ਨ ਪੈਂਡਿੰਗ ਹੈ। ਜੇਕਰ ਇਸ 'ਤੇ ਸੰਵਿਧਾਨਕ ਫੈਸਲਾ ਆ ਜਾਵੇ ਤਾਂ ਪਾਣੀਆਂ ਦਾ ਰੌਲਾ ਹੱਲ ਹੋ ਸਕਦਾ ਹੈ।

**ਫੈਡਰਲਿਜ਼ਮ ਦੀ ਲੜਾਈ:** ਪੰਜਾਬ ਦੇ ਪਾਣੀਆਂ ਦੀ ਲੜਾਈ ਕਿਸੇ ਰਾਜ (ਹਰਿਆਣਾ/ਰਾਜਸਥਾਨ) ਦੇ ਖਿਲਾਫ ਜਾਂ ਫਿਰਕੂ ਮੁੱਦਾ ਨਹੀਂ ਹੈ, ਸਗੋਂ ਇਹ ਦੇਸ਼ ਦੇ ਫੈਡਰਲ ਢਾਂਚੇ ਅਤੇ ਇਨਸਾਫ਼ ਦੀ ਲੜਾਈ ਹੈ।

**ਸੰਵਾਦ ਦੀ ਲੋੜ:** ਕਿਸਾਨ ਜਥੇਬੰਦੀਆਂ, ਵਿਦਵਾਨਾਂ ਅਤੇ ਸਾਰੀਆਂ ਧਿਰਾਂ ਨੂੰ ਸੈਮੀਨਾਰਾਂ ਅਤੇ ਵਿਚਾਰ-ਵਟਾਂਦਰੇ ਰਾਹੀਂ ਇੱਕ ਸਾਂਝੀ ਸਹਿਮਤੀ ਬਣਾਉਣੀ ਚਾਹੀਦੀ ਹੈ।

**(ਪ੍ਰਲਾਂਘ - ਇੱਕ ਉਮੀਦ ਉੱਘੇ ਪੱਤਰਕਾਰ ਹਮੀਰ ਸਿੰਘ ਦੇ ਧੰਨਵਾਦ ਸਹਿਤ)

---

(ਪਿਛਲੇ ਸਫੇ ਦਾ ਬਾਕੀ)

ਕਾਰਲ ਮਾਰਕਸ ਅਤੇ ਮਗਰੋਂ ਮੈਕਸ ਵੈਬਰ ਵਰਗੇ ਵਿਦਵਾਨਾਂ ਨੇ ਵੀ ਸਮਾਜ ਦੀ ਕਾਰਜ ਸ਼ੈਲੀ ਦੇ ਨਮੂਨੇ ਪੇਸ਼ ਕਰਕੇ ਪੁਰਾਤਨ ਸਮਾਜ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

ਮਾਰਕਸ ਬਹੁਤ ਵੱਡੀ ਸ਼ਖ਼ਸੀਅਤ ਸਨ ਕਿਉਂਕਿ ਉਨ੍ਹਾਂ ਨੇ ਇਤਿਹਾਸ ਦਾ ਅਧਿਐਨ ਕਰਨ ਦੇ ਨਾਲ-ਨਾਲ ਰਾਜਨੀਤੀ ਅਤੇ ਅਰਥ-ਸ਼ਾਸਤਰ ਵਿਚ ਵੀ ਪ੍ਰਵੇਸ਼ ਕੀਤਾ। 19ਵੀਂ ਸਦੀ ਦੇ ਸਾਰੇ ਬਸਤੀਵਾਦੀ ਵਿਦਵਾਨਾਂ ਵਾਂਗ ਮਾਰਕਸ ਨੇ ਇਹ ਤਰਕ ਦਿੱਤਾ ਕਿ ਪੂਰਾ ਏਸ਼ੀਆ ਪੂਰਬੀ ਤਾਨਾਸ਼ਾਹੀ ਦੇ ਅਧੀਨ ਸੀ। ਹਰ ਸਮਾਜ 'ਚ ਇੱਕ ਤਾਨਾਸ਼ਾਹ ਹੁੰਦਾ ਸੀ, ਜੋ ਬਹੁਤ ਅਮੀਰ ਹੁੰਦਾ ਸੀ ਕਿਉਂਕਿ ਜ਼ਮੀਨ ਦੀ ਮਾਲਕੀ ਉਸ ਕੋਲ ਸੀ ਅਤੇ ਸਾਰੀ ਦੌਲਤ ਉਸ ਕੋਲ ਜਾਂਦੀ ਸੀ।

ਯੂਰੋਪ ਲਈ ਮਾਰਕਸ ਕੋਲ ਵੱਖਰੇ ਸਿਧਾਂਤ ਸਨ। ਇਹ ਨਮੂਨਾ ਮੁੱਢਲੇ ਕਮਿਊਨਿਜ਼ਮ ਤੋਂ ਸ਼ੁਰੂ ਹੋਇਆ ਜਿਸ ਤੋਂ ਬਾਅਦ ਗੁਲਾਮੀ ਅਤੇ ਸਾਮੰਤਵਾਦ ਆਏ। ਫਿਰ ਉਦਯੋਗੀਕਰਨ ਹੋਇਆ, ਜਿੱਥੇ ਕੁਝ ਲੋਕਾਂ ਕੋਲ ਉਦਯੋਗ ਦੀ ਮਾਲਕੀ ਸੀ ਅਤੇ ਕੁਝ ਕਾਮੇ ਸਨ। ਭਾਰਤੀ ਮਾਰਕਸਵਾਦੀਆਂ ਨੇ ਉਤਪਾਦਨ ਦੇ ਏਸ਼ਿਆਈ ਢੰਗ ਨੂੰ ਨਕਾਰ ਦਿੱਤਾ ਕਿਉਂਕਿ ਇਸ ਦੀ ਹਮਾਇਤ ਕਰਨ ਲਈ ਇਤਿਹਾਸਕ ਸਬੂਤ ਨਹੀਂ ਸਨ। ਉਨ੍ਹਾਂ ਨੇ ਮਾਰਕਸ ਵੱਲੋਂ ਯੂਰਪੀ ਇਤਿਹਾਸ ਲਈ ਕੀਤੀ ਗਈ ਵੰਡ ਨੂੰ ਦੇਖਿਆ ਕਿ ਕੀ ਇਹ ਭਾਰਤੀ ਇਤਿਹਾਸ ਉੱਤੇ ਲਾਗੂ ਹੁੰਦੀ ਹੈ। ਮੁੱਢਲਾ ਕਮਿਊਨਿਜ਼ਮ ਲਾਗੂ ਨਹੀਂ ਹੋਇਆ। ਗੁਲਾਮੀ ਵਾਲਾ ਉਤਪਾਦਨ ਢੰਗ ਭਾਰਤੀ ਸਮਾਜ ਵਿਚ ਇੰਨਾ ਭਾਰੂ ਨਹੀਂ ਸੀ, ਭਾਵੇਂ ਕਿ ਗੁਲਾਮ ਰੱਖੇ ਜਾਂਦੇ ਸਨ। ਫਿਰ ਇੱਕ ਵੱਡੀ ਬਹਿਸ ਛਿੜੀ ਕਿ ਕੀ ਯੂਰਪ ਦੇ ਮੁਕਾਬਲੇ ਭਾਰਤ ਵਿਚ ਸਾਮੰਤਵਾਦ ਮੌਜੂਦ ਸੀ?

ਕੁਝ ਲੋਕਾਂ ਵਾਂਗ ਤੁਸੀਂ ਮਾਰਕਸ ਵੱਲੋਂ ਪੇਸ਼ ਕੀਤੇ ਗਏ ਕੁਝ ਸਿਧਾਂਤਾਂ ਨੂੰ ਅਪਣਾ ਸਕਦੇ ਹੋ, ਜਿਵੇਂ ਕਿ ਸਮਾਜਿਕ-ਆਰਥਿਕ ਸਿਧਾਂਤ ਦੇ ਹਾਕਮ ਜਾਂ ਰਾਜ ਨੂੰ ਸੌਂਪੀ ਗਈ ਅਥਾਰਿਟੀ ਨੂੰ ਤੈਅ ਕਰਦੇ ਹਨ, ਪਰ ਉਤਪਾਦਨ ਦੇ ਢੰਗ ਨੂੰ ਰੱਦ ਕਰ ਸਕਦੇ ਹੋ। ਕੀ ਇਹ ਸ਼ਬਦਿਕ ਅਰਥਾਂ ਵਿਚ ਅਸਲ 'ਚ ਮਾਰਕਸਵਾਦ ਹੈ? ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਵਿਆਖਿਆ ਦੇ ਪੈਟਰਨ ਵਿਚ ਉਹ ਸਿਧਾਂਤ ਕਿੰਨਾ ਪ੍ਰਭਾਵਸ਼ਾਲੀ ਹੈ। ਸਾਰੇ ਸਮਾਜਿਕ ਅਤੇ ਆਰਥਿਕ ਇਤਿਹਾਸ ਨੂੰ ਮਾਰਕਸਵਾਦੀ ਨਹੀਂ ਕਿਹਾ ਜਾ ਸਕਦਾ। ਮਾਰਕਸਵਾਦੀ ਇਤਿਹਾਸਕਾਰਾਂ ਵੱਲੋਂ ਆਧੁਨਿਕ ਕਾਲ ਬਸਤੀਵਾਦ ਅਤੇ ਆਧੁਨਿਕ ਭਾਰਤ ਉੱਤੇ ਬਹੁਤ ਕੰਮ ਕੀਤਾ ਗਿਆ ਹੈ। ਪੂਰਵ-ਆਧੁਨਿਕ ਕਾਲ ਬਾਰੇ ਇੰਨਾ ਕੰਮ ਨਹੀਂ ਹੋਇਆ।

### ਪੜ੍ਹਾਉਣ ਦੇ ਨਵੇਂ ਅਤੇ ਨਿਵੇਕਲੇ ਤਰੀਕੇ

ਪਹਿਲਾ ਤਰੀਕਾ ਇਤਿਹਾਸਕ ਵਿਧੀ ਦਾ ਸੀ। ਅਸੀਂ ਆਪਣੇ ਪੜ੍ਹਾਏ ਗਏ ਸਾਰੇ ਕੋਰਸਾਂ ਵਿਚ ਇਸ ਉੱਤੇ ਜ਼ੋਰ ਦਿੱਤਾ। ਤੁਸੀਂ ਬੈਠ ਕੇ ਇਹ ਨਹੀਂ ਕਹਿ ਸਕਦੇ ਕਿ ਇਹ ਹੋਇਆ ਅਤੇ ਉਹ ਹੋਇਆ, ਪਰ ਇਹ ਨਹੀਂ ਹੋਇਆ। ਤੁਹਾਨੂੰ ਇਹ ਸਾਬਤ ਕਰਨ ਦੇ ਯੋਗ ਹੋਣਾ ਪਵੇਗਾ ਕਿ ਕੀ ਵਾਪਰਿਆ ਸੀ। ਦੂਜਾ, ਦੂਜੀ ਆਲਮੀ ਜੰਗ ਮਗਰੋਂ ਦੁਨੀਆ ਭਰ ਦੇ ਮੰਨੇ-ਪ੍ਰਮੰਨੇ ਇਤਿਹਾਸ ਵਿਭਾਗ ਸਿਰਫ਼ ਘਟਨਾਵਾਂ ਦੀ ਸਾਧਾਰਨ ਕਹਾਣੀ (ਬਿਰਤਾਂਤ ਨਹੀਂ ਸਨ ਪੜ੍ਹਾਉਂਦੇ, ਸਗੋਂ ਉਹ ਇਸ ਗੱਲ ਦਾ ਵਿਸ਼ਲੇਸ਼ਣ ਵੀ ਕਰਦੇ ਸਨ ਕਿ ਉਹ ਕੀ ਅਤੇ ਕਿਉਂ ਪੜ੍ਹਾ ਰਹੇ ਹਨ। ਅਸੀਂ ਜੇ ਐਨ ਯੂ ਦੇ ਆਪਣੇ ਕੋਰਸਾਂ ਵਿਚ ਵੀ ਇਸੇ ਸੋਚ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ।

ਸਾਡੇ ਪਹਿਲੇ ਵਾਈਸ ਚਾਂਸਲਰ ਜੀ ਪਾਰਥਸਾਰਥੀ ਨੇ ਸਾਨੂੰ ਸਾਫ਼ ਸ਼ਬਦਾਂ ਵਿਚ ਕਿਹਾ ਸੀ ਕਿ ਉਹ ਕਿਸੇ ਵੀ ਹੋਰ ਯੂਨੀਵਰਸਿਟੀ ਦੇ ਕੋਰਸਾਂ ਦੀ ਨਕਲ ਹਰਗਿਜ਼ ਨਹੀਂ ਕਰਨੀ ਚਾਹੁੰਦੇ। ਉਹ ਚਾਹੁੰਦੇ ਸਨ ਕਿ ਵਿਦਿਆਰਥੀ ਆਪਣੇ ਆਪ ਸੋਚਣਾ ਅਤੇ ਸਵਾਲ ਕਰਨਾ ਸਿੱਖਣ। ਸਾਨੂੰ ਇਹ ਵੀ ਸਮਝਾਇਆ ਗਿਆ ਸੀ ਕਿ ਇਹ ਯੂਨੀਵਰਸਿਟੀ ਸਿਰਫ਼ ਵੱਡੇ ਸ਼ਹਿਰਾਂ ਦੇ ਬੱਚਿਆਂ ਲਈ ਨਹੀਂ ਹੈ ਸਗੋਂ ਸਾਨੂੰ ਵੱਖ-ਵੱਖ ਇਲਾਕਿਆਂ ਅਤੇ ਵੰਨ-ਸੁਵੰਨੇ ਪਿਛੋਕੜਾਂ ਤੋਂ ਵਿਦਿਆਰਥੀਆਂ ਨੂੰ ਇੱਥੇ ਲਿਆਉਣਾ ਪਵੇਗਾ। ਕਈ ਵਾਰ ਕੋਈ ਨਵਾਂ ਵਿਦਿਆਰਥੀ ਜਦੋਂ ਪੰਜਾਬ ਜਾਂ ਕਿਸੇ ਪਿੰਡ ਦੇ ਹਿੰਦੀ ਮਾਧਿਅਮ ਵਾਲੇ ਸਕੂਲ ਤੋਂ ਆਉਂਦਾ ਹੈ ਤਾਂ ਉਹ ਘਬਰਾਇਆ ਅਤੇ ਗੁਆਚਿਆ ਜਿਹਾ ਮਹਿਸੂਸ ਕਰਦਾ ਹੈ। ਉਹ ਕਹਿੰਦਾ ਹੈ, 'ਮੈਨੂੰ ਸਮਝ ਨਹੀਂ ਆ ਰਿਹਾ ਕਿ ਮੈਂ ਕੀ ਕਰਾਂ ਕਿਉਂਕਿ ਮੈਂ ਹਿੰਦੀ ਮਾਧਿਅਮ ਵਾਲੇ ਸਕੂਲ ਪੜ੍ਹ ਕੇ ਆਇਆ ਹਾਂ।' ਫਿਰ ਅਸੀਂ ਅਤੇ ਸਾਡੇ ਬਾਕੀ ਸਾਥੀ ਉਸ ਨਾਲ ਪਿਆਰ ਨਾਲ ਗੱਲ ਕਰਦੇ ਹਾਂ। ਅਸੀਂ ਉਸ ਨੂੰ ਹੌਸਲਾ ਦਿੰਦੇ ਹਾਂ ਕਿ 'ਬੱਸ ਇਹ ਕਿਤਾਬ ਪੜ੍ਹ ਕੇ ਦੇਖੋ, ਉਸ ਨਾਲ ਗੱਲ ਕਰੋ, ਸਭ ਠੀਕ ਹੋ ਜਾਵੇਗਾ।' ਹੈਰਾਨੀ ਦੀ ਗੱਲ ਇਹ ਹੈ ਕਿ ਸਿਰਫ਼ ਇੱਕ ਸਮੈਸਟਰ ਦੇ ਅੰਤ ਤੱਕ ਉਹੀ ਵਿਦਿਆਰਥੀ ਮੋਢੇ ਉੱਤੇ ਜੇ.ਐਨ.ਯੂ. ਵਾਲਾ ਝੋਲਾ ਪਾਈ ਬਾਕੀ ਸਾਰੇ ਵਿਦਿਆਰਥੀਆਂ ਵਾਂਗ ਆਤਮ-ਵਿਸ਼ਵਾਸ ਨਾਲ ਭਰਿਆ ਫਿਰਦਾ ਹੈ ਕਿਉਂਕਿ ਹੁਣ ਇਸ ਮਾਹੌਲ ਨੇ ਉਸ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੁੰਦਾ ਹੈ।

### ਸੱਤਾ ਨਾਲ ਟਕਰਾਅ

ਮੈਨੂੰ ਲਗਾਤਾਰ ਦੇਸ਼-ਵਿਰੋਧੀ, ਭਾਰਤ-ਵਿਰੋਧੀ ਅਤੇ ਅਕਾਦਮਿਕ ਅਤਿਵਾਦੀ ਹੋਣ ਦੇ ਮਿਹਣੇ ਮਿਲਦੇ ਰਹੇ ਹਨ। ਮੈਨੂੰ ਅਕਾਦਮਿਕ ਅਤਿਵਾਦੀ ਵਾਲਾ ਮਿਹਣਾ ਸੁਣ ਕੇ ਬਹੁਤ ਮਜ਼ਾ ਆਇਆ, ਮੈਨੂੰ ਇਹ ਬਹੁਤ ਸੋਹਣਾ ਲੱਗਿਆ। ਸਮੇਂ ਦੇ ਨਾਲ-ਨਾਲ ਇਹ ਆਲੋਚਨਾ ਗਾਲੀ-ਗਲੋਚ ਤੱਕ ਪਹੁੰਚ ਗਈ। ਇਸ ਨੇ ਮੈਨੂੰ ਬਹੁਤਾ ਪਰੇਸ਼ਾਨ ਨਹੀਂ ਕੀਤਾ ਕਿਉਂਕਿ ਪਾਠ-ਪੁਸਤਕਾਂ ਨੂੰ ਲੈ ਕੇ ਹੋਏ ਵਿਵਾਦਾਂ ਨੇ ਪਹਿਲਾਂ ਹੀ ਮੈਨੂੰ ਇਸ ਤੋਂ ਵੀ ਮਾੜੇ ਹਾਲਾਤ ਲਈ ਤਿਆਰ ਕਰ ਦਿੱਤਾ ਸੀ। ਮੈਂ ਇਸ ਤੋਂ ਇਸ ਲਈ ਵੀ ਨਹੀਂ ਘਬਰਾਈ ਕਿਉਂਕਿ ਮੈਂ ਇਤਿਹਾਸ ਦੇ ਨਵੇਂ ਢੰਗ ਦੀ ਪੂਰੀ ਤਰ੍ਹਾਂ ਹਮਾਇਤ ਕਰਦੀ ਸਾਂ। ਇਹ ਆਲੋਚਨਾ ਇੰਨੀ ਸਤਹੀ ਸੀ ਕਿ ਇਸ ਵਿਚ ਇਤਿਹਾਸ ਦੀ ਕੋਈ ਸਮਝ ਜਾਂ ਪੜ੍ਹਨ ਲਿਖਣ ਦਾ ਨਾਮੋ-ਨਿਸ਼ਾਨ ਤੱਕ ਨਹੀਂ ਸੀ। ਮੈਨੂੰ ਗਾਲ੍ਹਾਂ ਕੱਢਣ ਵਾਲੇ ਅਤੇ ਅੱਜ ਵੀ ਮੇਰੇ ਬਾਰੇ ਬੋਲਣ ਵਾਲੇ ਜ਼ਿਆਦਾਤਰ ਲੋਕ ਟ੍ਰੋਲਰਜ਼ ਹਨ, ਜੋ ਬਿਲਕੁਲ ਨਹੀਂ ਪੜ੍ਹਦੇ। ਹੁਣ ਇਸ ਗਾਲੀ ਗਲੋਚ ਵਿਚ ਲਿੰਗ-ਆਧਾਰਿਤ ਪੱਖ ਵੀ ਜੁੜਦਾ ਜਾ ਰਿਹਾ ਹੈ। ਕਿਸੇ ਨੇ ਇਹ ਟਿੱਪਣੀ ਕੀਤੀ ਸੀ ਕਿ ਪ੍ਰਾਚੀਨ ਜਾਂ ਪੂਰਬ-ਆਧੁਨਿਕ ਭਾਰਤ ਦੇ ਜਿਨ੍ਹਾਂ ਇਤਿਹਾਸਕਾਰਾਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ, ਉਹ ਜ਼ਿਆਦਾਤਰ ਵਿਦੇਸ਼ੀ ਵਿਦਵਾਨ ਔਰਤਾਂ ਹਨ, ਜਿਵੇਂ ਵੈਂਡੀ ਡੋਨੀਜਰ ਅਤੇ ਔਡਰੇ ਟਰੱਸ਼ਕੇ। ਭਾਰਤ ਵਿਚ ਉਨ੍ਹਾਂ ਨੇ ਸ਼ਿਰੀਨ ਰਤਨਾਗਰ ਨੂੰ ਇਸ ਲਈ ਨਿਸ਼ਾਨਾ ਬਣਾਇਆ ਕਿਉਂਕਿ ਉਸਨੇ ਬਾਬਰੀ ਮਸਜਿਦ ਦੀ ਖੁਦਾਈ ਬਾਰੇ ਆਪਣਾ ਸਪੱਸ਼ਟ ਪੱਖ ਰੱਖਿਆ ਸੀ ਅਤੇ ਉਹ ਮੈਨੂੰ ਵੀ ਨਿਸ਼ਾਨਾ ਬਣਾਉਂਦੇ ਹਨ। ਅਸੀਂ ਸਾਰੀਆਂ ਔਰਤਾਂ ਹਾਂ। ਇਸ ਸਭ ਕੁਝ ਤੋਂ ਸਾਨੂੰ ਕੀ ਪਤਾ ਲੱਗਦਾ ਹੈ? ਇਹ ਸਪੱਸ਼ਟ ਤੌਰ 'ਤੇ ਇੱਕ ਸਿਆਸੀ ਚਾਲ ਹੈ।

### 'ਭਾਰਤੀ' ਹੋਣ ਦਾ ਅਰਥ ਕੀ ਹੈ?

'ਭਾਰਤੀ' ਹੋਣਾ ਅਸਲ ਵਿਚ ਆਧੁਨਿਕ ਦੌਰ ਨਾਲ ਜੁੜਿਆ ਹੋਇਆ ਵਿਸ਼ਾ ਹੈ। ਮੈਨੂੰ ਸ਼ੱਕ ਹੈ ਕਿ ਪ੍ਰਾਚੀਨ ਭਾਰਤ ਦੇ ਲੋਕ ਕਦੇ ਗਲੀਆਂ ਵਿਚ ਘੁੰਮ-ਘੁੰਮ ਕੇ ਇਹ ਕਹਿੰਦੇ ਹੋਣਗੇ ਕਿ ਅਸੀਂ 'ਭਾਰਤੀ' ਹਾਂ। ਉਸ ਜ਼ਮਾਨੇ ਵਿਚ ਉਹ ਸ਼ਾਇਦ ਹਿੰਦੋਸਤਾਨੀ, 'ਅਲ-ਹਿੰਦ ਦੇ ਵਾਸੀ', 'ਭਾਰਤ' ਜਾਂ 'ਜੰਬੂਦੀਪ' ਵਰਗੇ ਸ਼ਬਦ ਵਰਤਦੇ ਹੋਣਗੇ। ਆਖ਼ਿਰ ਭਾਰਤੀ ਸ਼ਬਦ ਦੀ ਵਰਤੋਂ ਕਦੋਂ ਸ਼ੁਰੂ ਹੋਈ? ਇਹ ਉਹ ਬੁਨਿਆਦੀ ਸਵਾਲ ਹਨ, ਜੋ ਇਤਿਹਾਸਕਾਰ ਸਹਿਜ ਸੁਭਾਵਿਕ ਹੀ ਆਪਣੇ ਆਪ ਤੋਂ ਪੁੱਛਦੇ ਹਨ।

ਹਿੰਦੂਤਵੀ ਸਮੂਹ ਇਸ ਗੱਲ ਲਈ ਬਹੁਤ ਉਤਾਵਲੇ ਰਹਿੰਦੇ ਹਨ ਕਿ ਸਾਨੂੰ ਸਾਰਿਆਂ ਨੂੰ ਆਪਣੇ ਆਪ ਨੂੰ ਹਿੰਦੂ ਆਖਣਾ ਚਾਹੀਦਾ ਹੈ ਅਤੇ ਦੇਸ਼ ਵਿਚ ਬਹੁਗਿਣਤੀਵਾਦੀ ਰਾਸ਼ਟਰਵਾਦ ਹੋਣਾ ਚਾਹੀਦਾ ਹੈ। ਦੂਜੇ ਪਾਸੇ ਅਜਿਹੇ ਲੋਕ ਵੀ ਹਨ, ਜੋ ਹਿੰਦੂ ਧਰਮ ਦੇ ਅਨੁਯਾਈ ਹੋ ਵੀ ਸਕਦੇ ਹਨ ਅਤੇ ਨਹੀਂ ਵੀ। ਇਸ ਲਈ ਉਹ ਵਧੇਰੇ ਧਰਮ-ਨਿਰਪੱਖ ਦਾਇਰੇ ਵਿਚ ਰਹਿ ਕੇ ਆਪਣੇ ਆਪ ਨੂੰ 'ਭਾਰਤੀ' ਕਹਿਣਾ ਪਸੰਦ ਕਰਦੇ ਹਨ। ਮੈਂ ਖ਼ੁਦ ਨੂੰ ਇੱਕ ਨਾਗਰਿਕ ਅਤੇ ਧਰਮ-ਨਿਰਪੱਖ ਪਛਾਣ, ਭਾਵ ਇੱਕ 'ਭਾਰਤੀ' ਵਜੋਂ ਪਰਿਭਾਸ਼ਿਤ ਕਰਦੀ ਹਾਂ। ਸਾਨੂੰ ਇਸ ਸਚਾਈ ਨੂੰ ਸਵੀਕਾਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਕਿ ਅੱਜ ਜਿਸ ਨੂੰ ਅਸੀਂ 'ਭਾਰਤੀ ਸੱਭਿਆਚਾਰ' ਕਹਿੰਦੇ ਹਾਂ, ਉਹ ਕਿਸੇ ਇੱਕ ਭਾਈਚਾਰੇ ਜਾਂ ਕਿਸੇ ਇੱਕ ਧਰਮ ਦੀ ਦੇਣ ਨਹੀਂ ਹੈ। ਇਹ ਇੱਕ ਸਾਂਝਾ ਸੱਭਿਆਚਾਰ ਹੈ।

### ਵੰਦੇ ਮਾਤਰਮ ਬਨਾਮ ਜਨ ਗਣ ਮਨ

ਇਹ ਦੋਵੇਂ ਅਜਿਹੇ ਗੀਤ ਹਨ, ਜਿਨ੍ਹਾਂ ਦਾ ਕੁਝ ਖ਼ਾਸ ਸਮੂਹਾਂ ਵਿਚ ਪੂਰੇ ਦੇਸ਼ ਦੇ ਪੱਧਰ 'ਤੇ ਆਪਣਾ ਖ਼ਾਸ ਮਹੱਤਵ ਹੈ। 'ਵੰਦੇ ਮਾਤਰਮ' ਕਿਸੇ ਖ਼ਾਸ ਸੋਚ ਵਾਲੇ ਹਿੰਦੂ ਲਈ ਬਹੁਤ ਅਹਿਮ ਹੋ ਸਕਦਾ ਹੈ। ਦੂਜੇ ਪਾਸੇ ਅਜਿਹੇ ਹਿੰਦੂ ਵੀ ਮੌਜੂਦ ਹਨ ਜੋ ਪੁੱਛਦੇ ਹਨ ਕਿ ਆਖ਼ਿਰ ਇਹ ਕਿਸ ਬਾਰੇ ਹੈ। ਜਾਂ ਤਾਂ ਉਨ੍ਹਾਂ ਨੇ ਇਸ ਬਾਰੇ ਕਦੇ ਸੁਣਿਆ ਹੀ ਨਹੀਂ ਹੁੰਦਾ ਜਾਂ ਫਿਰ ਇਹ ਉਨ੍ਹਾਂ ਉੱਤੇ ਕੋਈ ਖ਼ਾਸ ਭਾਵਨਾਤਮਕ ਪ੍ਰਭਾਵ ਨਹੀਂ ਛੱਡਦਾ। ਵੰਨ-ਸੁਵੰਨੇ ਅਤੇ ਵੱਖੋ-ਵੱਖਰੇ ਪਿਛੋਕੜ ਵਾਲੇ ਵੱਡੀ ਗਿਣਤੀ ਲੋਕ ਹੀ ਸਾਡੇ ਦੇਸ਼ ਦੀ ਅਸਲ ਖ਼ੂਬਸੂਰਤੀ 'ਚ ਵਾਧਾ ਕਰਦੇ ਹਨ। ਸਾਡੀ ਆਬਾਦੀ ਸੱਭਿਆਚਾਰਕ ਤੌਰ 'ਤੇ ਬਹੁਤ ਅਮੀਰ ਅਤੇ ਵਿਭਿੰਨਤਾ ਭਰੀ ਹੈ।

(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)

# ਵਿਸਰਦੀ ਰਹਿਤ ਮਰਿਆਦਾ ਦੇ ਆਤਮਘਾਤੀ ਪ੍ਰਭਾਵ

ਗੁਰਸਿੱਖੀ ਖੰਡੇ ਦੀ ਧਾਰ ਤੋਂ ਵੀ ਤਿੱਖੀ ਤੇ ਵਾਲ ਤੋਂ ਵੀਂ ਬਾਰੀਕ ਹੈ। ਗੁਰਸਿੱਖ ਅਖਵਾਉਣ ਦਾ ਹੱਕ ਖੰਡੇ ਦੀ ਧਾਰ 'ਤੇ ਚੱਲਣ ਦਾ ਜਜ਼ਬਾ ਰੱਖਣ ਵਾਲੇ ਨੂੰ ਹੀ ਹੈ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਨਣ ਕੀਤੇ ਧਰਮ ਦੇ ਗੂੜ੍ਹ ਰਹੱਸ ਨੂੰ ਸਮਝ ਕੇ ਧਾਰਨ ਕਰ ਲਿਆ ਹੋਵੇ। ਅਜਿਹਾ ਸਿੱਖ ਲੱਭਣਾ ਔਖਾ ਹੋ ਰਿਹਾ ਹੈ। ਕਿਉਂਕਿ ਗੁਰਸਿੱਖੀ ਦੀ ਪਰਿਭਾਸ਼ਾ ਨੂੰ ਆਪਣੀ ਸੁਵਿਧਾ ਅਨੁਸਾਰ ਲਗਾਤਾਰ ਸੀਮਤ ਕੀਤਾ ਜਾ ਰਿਹਾ ਹੈ। ਡਰ ਹੈ, ਇੱਕ ਵਿਸਤ੍ਰਿਤ ਤੇ ਵਿਵਹਾਰਕ ਜੀਵਨ ਫਲਸਫੇ ਨੂੰ ਸੌੜਾ ਕਰਮਕਾਂਡ ਬਣਾਉਣ ਵੱਲ ਵਧਿਆ ਜਾ ਰਿਹਾ ਹੈ। ਗੁਰਸਿੱਖੀ ਨੂੰ ਅੰਮ੍ਰਿਤ ਵੇਲਾ ਸਾਂਭਣਾ, ਨਾਮ ਜਪਣਾ, ਨਿਤਨੇਮ ਕਰਨਾ, ਅੰਮ੍ਰਿਤਪਾਨ ਕਰ ਪੰਜ ਕਕਾਰ ਧਾਰਨ ਕਰਨਾ ਮੰਨ ਲਿਆ ਗਿਆ ਹੈ। ਇਹ ਗੁਰਸਿੱਖੀ ਦੇ ਅਹਿਮ ਪੜਾਅ ਹਨ ਪਰ ਗੁਰਸਿੱਖੀ ਇਸ ਤੋਂ ਵੀ ਅੱਗੇ ਦਾ ਪੈਂਡਾ ਹੈ। ਸਿੱਖ ਪੰਥ ਦੀ ਪ੍ਰਵਾਨ ਕੀਤੀ ਗਈ ਰਹਿਤ ਮਰਯਾਦਾ ਵਿਚ ਗੁਰਸਿੱਖ ਦੀ



**ਡਾ. ਸਤਿੰਦਰ ਪਾਲ ਸਿੰਘ**
akaalpurkh.7@gmail.com

ਰਹਿਤ ਨੂੰ ਤਿੰਨ ਹਿੱਸਿਆਂ- ਸ਼ਖਸੀ ਰਹਿਣੀ, ਗੁਰਮਤਿ ਦੀ ਰਹਿਣੀ ਤੇ ਪੰਥਕ ਰਹਿਣੀ ਵਿਚ ਵੰਡਿਆ ਗਿਆ ਹੈ। ਜਾਪਦਾ ਹੈ ਕਿ ਇਨ੍ਹਾਂ 'ਚੋਂ 'ਗੁਰਮਤਿ ਦੀ ਰਹਿਣੀ' ਇੱਕ ਦਸਤਾਵੇਜ ਹੀ ਬਣ ਕੇ ਰਹਿ ਗਈ ਹੈ। ਗੁਰਸਿੱਖ ਦੇ ਵਿਅਕਤੀਗਤ ਜੀਵਨ ਨਾਲ ਸਬੰਧਤ ਇਸ ਦੀ ਲੱਗਭੱਗ ਹਰ ਮਰਿਆਦਾ ਨੂੰ ਵਿਸਾਰ ਦਿੱਤਾ ਗਿਆ ਹੈ। ਜਦੋਂ ਤੱਕ ਨਿਜੀ ਪ੍ਰਤੀਬੱਧਤਾ ਨਹੀਂ ਹੋਵੇਗੀ ਗੁਰਸਿੱਖ ਦੀ ਖੰਡੇ ਦੀ ਧਾਰ 'ਤੇ ਚੱਲਣ ਦੀ ਸਮਰੱਥਾ ਕਿਵੇਂ ਵਿਕਸਿਤ ਹੋਵੇਗੀ। ਗੁਰਸਿੱਖੀ ਵਿਸ਼ਵਾਸ ਤੇ ਵਿਵਹਾਰ ਦੀ ਧਾਰਾ ਨਾਲ ਨਾਲ ਪ੍ਰਵਾਹਮਾਨ ਹੋਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗੁਰੂ ਘਰ ਅੰਦਰ ਦੀਆਂ ਘਟਨਾਵਾਂ, ਗੁਰਬਾਣੀ ਦੀ ਬੇਅਦਬੀ ਰੋਸ਼ ਪੈਦਾ ਕਰਦੀ ਹੈ, ਪਰ ਆਪਣੇ ਅੰਦਰ ਦੀ ਗੁਰਮਤਿ ਵਿਰੁੱਧ ਸੋਚ ਚਿੰਤਾ ਦਾ ਵਿਸ਼ਾ ਵੀ ਨਹੀਂ ਬਣਦੀ।

ਗੁਰਮਤਿ ਦੀ ਰਹਿਣੀ ਵਿਚ ਮਰਿਆਦਾ ਬੰਨ੍ਹੀ ਗਈ ਹੈ ਕਿ 'ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸਗਨ, ਤਿੱਥ, ਮਹੂਰਤ, ਗ੍ਰਹਿ, ਰਾਸ, ਸਰਾਧ, ਪਿੱਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ-ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ-ਪੂਜਾ ਆਦਿ ਭਰਮ ਰੂਪ ਕਰਮਾਂ ਉਤੇ ਨਿਸ਼ਚਾ ਨਹੀਂ ਕਰਨਾ। ਗੁਰੂ ਅਸਥਾਨ ਤੋਂ ਛੁੱਟ ਕਿਸੇ ਧਰਮ, ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ। ਸਿੱਖ ਜਗਤ ਦਾ ਵਰਤਮਾਨ ਪਰਿਦ੍ਰਿਸ਼ ਦੱਸਦਾ ਹੈ ਕਿ ਇਸ ਪੂਰੀ ਮਰਿਆਦਾ ਨੂੰ ਨਕਾਰ ਦਿੱਤਾ ਗਿਆ ਹੈ, ਸਗੋਂ ਇਸ ਦੇ ਉਲਟ ਵਿਵਹਾਰ ਹੋ ਰਿਹਾ ਹੈ। ਇਸ ਨੇ ਅਤਿ ਖਾਮੋਸ਼ੀ ਨਾਲ ਗੁਰਸਿੱਖੀ ਦਾ ਸਵਰੂਪ ਹੀ ਬਦਲ ਦਿੱਤਾ ਹੈ ਤੇ ਅਹਿਸਾਸ ਤੱਕ ਨਹੀਂ ਹੋਣ ਦਿੱਤਾ। ਜਿਵੇਂ ਮੰਨ ਲਿਆ ਗਿਆ ਹੋਵੇ ਕਿ ਇਸ ਮਰਿਆਦਾ ਦੇ ਉਲੰਘਣ ਦਾ ਗੁਰਸਿੱਖੀ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਅੰਮ੍ਰਿਤ ਸੰਚਾਰ ਹੋ ਰਿਹਾ ਹੈ, ਸਿੱਖੀ ਵੇਸ਼ ਕਾਇਮ ਹੈ, ਗੁਰੂ ਘਰ ਵਿਚ ਸੰਗਤਾਂ ਦੀ ਹਾਜਰੀ ਹੈ ਆਦਿਕ। ਮਰਿਆਦਾ ਦੀ ਉਲੰਘਣਾ ਇੱਕ, ਤੇ ਉਸ ਨੂੰ ਨਾ ਮੰਨਣਾ ਦੂਜੀ ਗੱਲ ਹੈ। ਦੋਹਾਂ ਗੱਲਾਂ ਦੇ ਆਪਣੇ ਪ੍ਰਭਾਵ ਹਨ। ਮਰਿਆਦਾ ਦੀ ਉਲੰਘਣਾ ਨਾਲ ਵਿਵਹਾਰ ਬਦਲ ਜਾਂਦਾ ਹੈ ਤੇ ਮਰਿਆਦਾ ਨਾ ਮੰਨਣ ਨਾਲ ਸੋਚ ਪ੍ਰਭਾਵਿਤ ਹੁੰਦੀ ਹੈ। ਵੇਖਣ ਵਿਚ ਸਧਾਰਨ ਲੱਗਣ ਵਾਲੀਆਂ ਗੱਲਾਂ ਹੀ ਮੂਲ ਨੂੰ ਕਮਜ਼ੋਰ ਕਰਦਿਆਂ ਹਨ।

ਜਾਤ-ਪਾਤ: ਅੱਜ ਸਿੱਖ ਸਮਾਜ ਜਾਤ-ਪਾਤ ਵਿਚ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ। ਜੱਟ, ਖਤਰੀ, ਅਰੋੜੇ, ਰਾਮਗੜ੍ਹੀਏ, ਰਾਮਦਾਸੀਏ ਆਦਿਕ ਵਰਗ ਸਿੱਖ ਦਾ ਬਦਲ ਬਣ ਚੁਕੇ ਹਨ। ਸਿੱਖ ਹੋਣ 'ਤੋਂ ਜਿਆਦਾ ਮਾਇਨੇ ਰੱਖ ਰਿਹਾ ਹੈ ਕਿ ਕਿਹੜਾ ਸਿੱਖ ਹੈ। ਸਮਾਜਕ ਮਿਲਵਰਤਨ, ਵਿਆਹ ਸਬੰਧਾਂ ਵਿਚ ਹੀ ਨਹੀਂ, ਸਮਾਜਕ ਭਰੋਸੇ ਵਿਚ ਵੀ ਜਾਤ-ਵਰਗ ਮਹੱਤਵਪੂਰਨ ਹੋ ਗਿਆ ਹੈ। ਇਸ ਵੰਡ 'ਤੇ ਰਹਿੰਦੀ ਕਸਰ ਸਿਆਸਤ ਨੇ ਪੂਰੀ ਕਰ ਦਿੱਤੀ ਹੈ। ਧਰਮ 'ਤੇ ਵੀ ਇਸ ਦਾ ਅਸਰ ਜਾਤੀਆਂ ਤੇ ਆਪੋ-ਆਪਣੇ ਗੁਰਦੁਆਰਿਆਂ ਵਿਚ ਵੇਖਿਆ ਜਾ ਸਕਦਾ ਹੈ। ਦਸਮ ਪਿਤਾ ਨੇ ਅੰਮ੍ਰਿਤ ਪਾਨ ਕਰਾ ਕੇ ਹਰ ਵੰਡ, ਵਿਤਕਰੇ ਨੂੰ ਅੰਤਮ ਵਿਰਾਮ ਦੇ ਦਿੱਤਾ ਸੀ ਅਤੇ ਸਿੰਘ-ਕੌਰ ਸਿਰਜੇ ਸਨ। ਅੱਜ ਜਾਤ, ਵਿਸ਼ੇਸ਼ਣ ਲਗਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਖਸ਼ੇ 'ਸਿੰਘ' ਤੇ 'ਕੌਰ' ਨੂੰ ਹੀਣ ਦਰਜਾ ਦੇ ਦਿੱਤਾ ਗਿਆ ਹੈ। ਆਪਣੀ ਜਾਤ ਦਾ ਸਿੱਖ ਜਿਆਦਾ ਭਰੋਸੇਮੰਦ ਹੋ ਗਿਆ ਹੈ। ਇਹ ਸਮਾਜਕ ਤਰੇੜ ਸਪਸ਼ਟ ਵਿਖਾਈ ਦੇ ਰਹੀ ਹੈ। ਇਸ ਨੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ' ਦੀ ਭਾਵਨਾ ਨੂੰ ਭੰਗ ਕੀਤਾ ਹੈ।

ਜੰਤ੍ਰ-ਮੰਤ੍ਰ-ਤੰਤ੍ਰ: ਗੁਰੂ ਸਾਹਿਬਾਨ ਨੇ ਗੁਰਬਾਣੀ ਨਾਲ ਜੋੜਿਆ ਕਿ ਸਿੱਖ ਦੀ ਅੰਤਰ ਅਵਸਥਾ ਨਿਰਮਲ ਹੋ ਸਕੇ। ਗੁਰਬਾਣੀ ਜੀਵਨ ਸੁਧਾਰ ਦੀ ਇੱਕ ਪੂਰਨ ਪ੍ਰਕ੍ਰਿਆ ਹੈ 'ਗਾਵੀਐ ਸੁਣੀਐ ਮਨਿ ਰਖੀਐ ਭਾਉ।' ਗੁਰਬਾਣੀ ਪੜ੍ਹਨਾ, ਗਾਵਣਾ ਭੌਤਿਕ ਨਿਰਮਲਤਾ ਦਾ ਮਾਰਗ ਹੈ। ਗੁਰਬਾਣੀ ਸੁਣਨਾ, ਧਾਰਨ ਕਰ ਕੇ ਮਨ ਅੰਦਰ ਭਾਵਨਾ ਦ੍ਰਿੜ੍ਹ ਕਰਨਾ ਆਤਮਿਕ ਨਿਰਮਲਤਾ ਦੀ ਜੁਗਤ ਹੈ। ਗੁਰਬਾਣੀ ਤਨ ਤੇ ਮਨ ਦੋਹਾਂ ਨੂੰ ਨਿਹਾਲ ਕਰਨ ਵਾਲੀ ਹੈ। ਤਨ ਤੇ ਮਨ ਦੀ ਨਿਰਮਲਤਾ ਹੀ ਗੁਰਸਿੱਖ ਦੇ ਕਰਮਾਂ ਵਿਚ ਪ੍ਰਗਟ ਹੁੰਦੀ ਹੈ। ਗੁਰਬਾਣੀ ਆਚਾਰ-ਵਿਹਾਰ ਦੀ ਰਹਿਤ ਹੈ 'ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।' ਕੀ ਅੱਜ ਗੁਰਬਾਣੀ ਨੂੰ ਇਸ ਰੂਪ ਵਿਚ ਧਾਰਨ ਕੀਤਾ ਜਾ ਰਿਹਾ ਹੈ। ਗੁਰਬਾਣੀ ਦੀ ਚਿਤਾਵਨੀ ਨੂੰ ਵੀ ਵਿਸਾਰ ਦਿੱਤਾ ਗਿਆ ਹੈ 'ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ।' ਗੁਰਬਾਣੀ ਨੂੰ ਗੀਤ ਜਾਨ ਜੰਤ੍ਰ, ਮੰਤ੍ਰ, ਤੰਤ੍ਰ ਵਾਂਗੂੰ ਹੀ ਲਿਆ ਜਾ ਰਿਹਾ ਹੈ। ਇਹ ਦੁੱਖ ਹੈ ਤਾਂ ਇਹ ਬਾਣੀ ਪੜ੍ਹਨੀ ਹੈ, ਇਸ ਸੰਕਟ ਵਿਚ ਇਹ ਬਾਣੀ ਸਹਾਇਕ ਹੈ। ਕਿਸ ਬਾਣੀ ਤੋਂ ਕੀ ਪ੍ਰਾਪਤੀ ਹੁੰਦੀ ਹੈ- ਇਹ ਵੀ ਤੈ ਕਰ ਲਿਆ ਗਿਆ ਹੈ ਅਤੇ ਬ੍ਰਹਮ ਵਿਚਾਰ ਦੇ ਤੱਤ ਨੂੰ ਸਿਰੇ ਤੋਂ ਨਕਾਰ ਦਿੱਤਾ ਗਿਆ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ 'ਤੇ ਚਾਲੀਸ ਦਿਨ ਦੇ ਸੁਖਮਨੀ ਸਾਹਿਬ ਦੇ ਪਾਠ ਦੀ ਲੜੀ ਇੱਕ ਪਰੰਪਰਾ ਹੀ ਬਣਾ ਦਿੱਤੀ ਗਈ ਹੈ। ਇਹ ਬਾਣੀ ਪ੍ਰਤੀ ਸ਼ਰਧਾ ਨਹੀਂ ਬਾਣੀ ਦੀ ਭਾਵਨਾ ਦਾ ਨਿਰਾਦਰ ਹੈ। ਗੁਰੂ ਸਾਹਿਬਾਨ ਤੰਤ੍ਰ-ਮੰਤ੍ਰ ਦੇ ਕਰਮਕਾਂਡ ਤੋਂ ਚਿੰਤਤ ਸਨ ਤੇ ਬਾਣੀ ਰਾਹੀਂ ਕਰਮਕਾਂਡ ਤੋਂ ਉਬਾਰ ਕੇ ਗੁਣਾਂ ਨਾਲ ਜੋੜਨਾ ਚਾਹੁੰਦੇ ਸਨ। ਪਰ ਗੁਰਬਾਣੀ ਨੂੰ ਹੀ ਕਰਮਕਾਂਡ ਬਣਾਉਣ ਵੱਲ ਜ਼ੋਰ ਹੈ।

ਸਗਨ-ਤਿੱਥ-ਮਹੂਰਤ: ਗੁਰੂ ਅਰਜਨ ਸਾਹਿਬ ਦੀ ਸੇਧ ਸੀ 'ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ।' ਅਕਾਲ ਪੁਰਖ ਦੀ ਕਿਰਪਾ ਹੋਵੇ ਤਾਂ ਹਰ ਦਿਨ, ਹਰ ਪਲ ਸੁੱਖਦਾਈ ਹੋ ਜਾਂਦਾ ਹੈ 'ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।' ਸਿੱਖ ਜਗਤ ਵਿਚ ਅਜਿਹੇ ਭਰਮ ਗਹਿਰੇ ਤੱਕ ਜੜ ਪਕੜ ਚੁਕੇ ਹਨ। ਕਿਸ ਦਿਨ ਕੀ ਕਰਨਾ ਹੈ, ਕੀ ਨਹੀਂ ਕਰਨਾ ਹੈ, ਇਸ ਦੀ ਵਿਚਾਰ ਬਹੁਤ ਸਾਰੇ ਲੋਗ ਕਰ ਰਹੇ ਹਨ, ਖਾਸ ਤੌਰ 'ਤੇ ਵਿਆਹ ਕਾਰਜਾਂ ਵਿਚ ਕੁੱਝ ਮਹੀਨਿਆਂ, ਦਿਨਾਂ ਦਾ ਧਿਆਨ ਰੱਖਿਆ ਜਾਂਦਾ ਹੈ ਤਾਂ ਜੋ ਕੋਈ ਵਿਘਨ ਨਾ ਪਵੇ, ਕਾਰਜ ਸਫਲ ਹੋਵੇ, ਭਵਿੱਖ ਅਚਿੰਤ ਹੋਵੇ। ਕੁੱਝ ਖਰੀਦਣ ਵਿਚ ਵੀ ਦਿਨਾਂ ਦਾ ਧਿਆਨ ਰੱਖਿਆ ਜਾਂਦਾ ਹੈ। ਇਹ ਭਰਮ ਕਿਸੇ ਨ ਕਿਸੇ ਰੂਪ ਵਿਚ ਬੇੜੀਆਂ ਬਣੇ ਹੋਏ ਹਨ।

ਸਰਾਧ, ਪਿਤਰ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਸਦ' ਵਿਚ ਸੰਸਾਰ ਤੋਂ ਵਿਦਾ ਹੋ ਗਏ ਪ੍ਰਾਣੀ ਦਾ ਸ਼ੋਕ ਕਰਨ ਦੀ ਥਾਂ ਪਰਮਾਤਮਾ ਦਾ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਗਿਆ ਹੈ। ਜਿਸ ਦਾ ਜਨਮ ਹੋਇਆ ਹੈ ਉਸ ਦਾ ਮਰਨ ਪੱਕਾ ਹੈ। ਜਿਸ ਤਨ ਦਾ ਨਾਸ਼ ਹੁੰਦਾ ਹੈ ਉਹ ਜੀਵਾਤਮਾ ਦੇ ਘਰ ਜਿਹਾ ਹੁੰਦਾ ਹੈ। ਅਜਿਹੇ ਘਰ ਬਣਦੇ-ਢਹਿੰਦੇ ਰਹਿੰਦੇ ਹਨ। ਹਰ ਜਨਮ ਵਿਚ ਨਵੇਂ ਸਬੰਧ ਬਣਦੇ ਰਹਿੰਦੇ ਹਨ। ਇਹ ਸੱਚ ਪਿਤਰਾਂ ਦੇ ਸ਼ਰਾਧ ਜਿਹੇ ਕਰਮਾਂ ਨੂੰ ਆਪ ਹੀ ਭਰਮ ਸਾਬਿਤ ਕਰਦਾ ਹੈ। ਪਰ ਸਿੱਖ ਵੀ ਮਿੱਠੀ ਯਾਦ ਦੇ ਨਾਮ 'ਤੇ ਕਿਸੇ ਨ ਕਿਸੇ ਤਰ੍ਹਾਂ ਇਸ ਭਰਮ ਦਾ ਸ਼ਿਕਾਰ ਹੋ ਰਹੇ ਹਨ। ਆਪਣੇ ਪੁਰਖਿਆਂ ਨੂੰ ਯਾਦ ਕਰਨ ਲਈ ਕੀ ਕਿਸੇ ਦਿਨ ਦਾ ਇੰਤਜਾਰ ਕਰਨਾ ਹੁੰਦਾ ਹੈ।

ਹੋਮ ਜੱਗ- ਅਜਿਹੇ ਕਰਮਕਾਂਡ ਸਨ, ਜਿਨ੍ਹਾਂ ਦਾ ਮਨੁੱਖ ਦੇ ਆਤਮਿਕ ਵਿਕਾਸ, ਪਰਮਾਤਮਾ ਪ੍ਰਤੀ ਸਮਰਪਣ, ਸ਼ਰਧਾ ਨਾਲ ਕੋਈ ਸਿੱਧਾ-ਅਸਿੱਧਾ ਸਬੰਧ ਨਹੀਂ ਸੀ। ਗੁਰੂ ਨਾਨਕ ਸਾਹਿਬ ਦਾ ਪੰਥ ਮਨ ਦੀ ਇਕਾਗਰਤਾ, ਭਾਵਨਾਤਮਕ ਅਤੇ ਆਚਾਰ-ਗਤ ਪ੍ਰਤੀਬੱਧਤਾ ਦੇ ਰੂਪ ਵਿਚ ਉਭਰਿਆ। ਗੁਰੂ ਨਾਨਕ ਸਾਹਿਬ ਦਾ ਸਿੱਖ ਪਰਮਾਤਮਾ ਦਾ ਸਿਮਰਨ ਕਰਦਿਆਂ ਇਮਾਨਦਾਰ ਕਿਰਤ ਕਰਨ ਵਾਲੇ ਆਦਰਸ਼ ਮਨੁੱਖ ਵੱਜੋਂ ਸਾਹਮਣੇ ਆਇਆ। ਜਿਸ ਗੁਰਬਾਣੀ 'ਤੋਂ ਪ੍ਰੇਰਣਾ ਲੈ ਕੇ ਜੀਵਨ-ਜਾਚ ਪਾਵਨ ਕਰਨੀ ਸੀ, ਉਸ ਗੁਰਬਾਣੀ ਨੂੰ ਜੱਗ ਜਿਹਾ ਬਣਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦਾ ਅਖੰਡਪਾਠ ਇੱਕ ਜੱਗ ਜਿਹਾ ਹੀ ਹੋ ਗਿਆ ਹੈ, ਜਿਸ ਨੂੰ ਧਾਰਮਕ ਲੋਗ ਆਪਣੇ ਜਜ਼ਮਾਨ ਲਈ ਕਰਦੇ ਹੁੰਦੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਪ ਕਰਨ ਦੀ ਥਾਂ ਪਾਠ, ਅਖੰਡਪਾਠ ਕਰਾਏ ਜਾ ਰਹੇ ਹਨ। ਗੁਰਸਿੱਖ ਜਜ਼ਮਾਨ ਬਣ ਗਏ ਹਨ।

ਏਕਾਦਸ਼ੀ-ਪੂਰਨਮਾਸੀ: ਏਕਾਦਸ਼ੀ ਅਤੇ ਪੂਰਨਮਾਸ਼ੀ ਬਾਰੇ ਭਿੰਨ-ਭਿੰਨ ਵਿਚਾਰ ਪ੍ਰਚਲਿਤ ਸਨ। ਲੋਗ ਆਪਣੇ ਹਿੱਤ ਲਈ ਵੱਖ ਵੱਖ ਉਪਾਅ ਕਰਦੇ ਸਨ, ਵਰਤ ਰੱਖਦੇ ਸਨ ਤਾਂ ਜੋ ਇਨ੍ਹਾਂ ਦਿਨਾਂ ਦੇ ਪ੍ਰਭਾਵ ਸਿੱਧ ਹੋ ਸਕਣ। ਗੁਰੂ ਸਾਹਿਬਾਨ ਨੇ ਇਹ ਭਰਮ ਤੋੜੇ ਤੇ ਪਰਮਾਤਮਾ 'ਤੇ ਭਰੋਸਾ ਰੱਖਣਾ ਸਿਖਾਇਆ ਜੋ ਅਨੰਦ ਦਾ ਮੂਲ ਹੈ। ਗੁਰੂ ਅਰਜਨ ਸਾਹਿਬ ਨੇ ਵਚਨ ਕੀਤਾ ਕਿ 'ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ।' ਪੂਰਨਮਾਸ਼ੀ ਲਈ ਵਚਨ ਕੀਤਾ 'ਪੂਰਨਮਾ ਪੂਰਨ ਪਰਭ ਏਕੁ ਕਰਣ ਕਾਰਣ ਸਮਰਥੁ।' ਅੱਜ ਕਈ ਗੁਰਦੁਆਰਿਆਂ ਵਿਚ ਇਨ੍ਹਾਂ ਦਿਨਾਂ ਤੇ ਖਾਸ ਸਮਾਗਮ ਕੀਤੇ ਜਾਂਦੇ ਹਨ, ਖਾਸ ਲੰਗਰ ਬਣਾਏ ਤੇ ਵਰਤਾਏ ਜਾਂਦੇ ਹਨ। ਆਮ ਦਿਨਾਂ ਤੋਂ ਵੱਧ ਇਨ੍ਹਾਂ ਮੌਕਿਆਂ 'ਤੇ ਸੰਗਤ ਜੁੜਦੀ ਹੈ। ਅਜਿਹੇ ਸਮਾਗਮ ਵਰਤ ਦਾ ਹੀ ਇੱਕ ਰੂਪ ਹਨ। ਗੁਰਸਿੱਖ ਦੇ ਉਸ ਵਰਤ ਦਾ ਸਵਰੂਪ ਹੀ ਬਦਲ ਗਿਆ ਹੈ ਜੋ ਗੁਰੂ ਅਰਜਨ ਸਾਹਿਬ ਨੇ ਪ੍ਰਗਟ ਕੀਤਾ ਸੀ ਕਿ 'ਮਨਿ ਸੰਤੋਖੁ ਸਰਬ ਜੀਅ ਦਇਆ॥ ਇਨ ਬਿਧਿ ਬਰਤੁ ਸੰਪੂਰਨ ਭਇਆ॥' ਗੁਰਸਿੱਖ ਦਾ ਵਰਤ ਸੁਚੱਜੇ ਗੁਣ ਧਾਰਨ ਕਰਨ ਦਾ ਹੈ ਜਿਸ ਨਾਲ ਉਹ ਪਰਮਾਤਮਾ ਦੀ ਮਿਹਰ ਦਾ ਪਾਤਰ ਬਣਦਾ ਹੈ। ਗੁਰਦੁਆਰਿਆਂ ਵਿਚ ਅਮਾਵਸਿਆ, ਪੂਰਨਮਾਸ਼ੀ ਤੇ ਹੋਣ ਵਾਲੇ ਸਮਾਗਮ ਗੁਰਬਾਣੀ ਦੀ ਕੇਂਦਰੀ ਭਾਵਨਾ ਤੋਂ ਦੂਰ ਕਰਨ ਵਾਲੇ ਹਨ।

ਤਿਲਕ-ਜੰਞੂ: ਗੁਰੂ ਨਾਨਕ ਸਾਹਿਬ ਨੇ 'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ' ਜਿਹੀ ਬਾਣੀ ਉਚਾਰ ਕੇ ਅਤੇ ਆਪਣੇ ਜੀਵਨ ਵਿਚ ਢਾਲ ਕੇ ਬਾਹਰਲੇ ਭੇਖ ਤੇ ਧਾਰਮਿਕ ਪ੍ਰਤੀਕਾਂ ਦੇ ਭਰਮ 'ਤੋਂ ਬਾਹਰ ਕੱਢਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਪਾਨ ਕਰਾ ਕੇ ਸਿੱਖ ਨੂੰ ਪੰਜ ਕਕਾਰ ਬਖਸ਼ੇ। ਇਹ ਕਕਾਰ ਵੇਸ਼ ਜਾਂ ਪ੍ਰਤੀਕ ਨਹੀਂ, ਗੁਰਸਿੱਖ ਦੇ ਅੰਦਰ ਦਇਆ, ਸੰਤੋਖ, ਜਤ, ਸਤ ਦੀ ਦ੍ਰਿੜ੍ਹਤਾ ਦਾ ਪ੍ਰਗਟੀਕਰਨ ਸਨ। ਅੱਜ ਮਨ ਅੰਦਰ ਦਇਆ, ਸੰਤੋਖ, ਜਤ, ਸਤ ਦਾ ਤਿਲ ਮਾਤਰ ਵੀ ਨਹੀਂ ਪਰ ਕਕਾਰ ਵਿਖਾਈ ਦੇ ਰਹੇ ਹਨ। ਜ਼ੋਰ ਵੀ ਕਕਾਰਾਂ 'ਤੇ ਹੁੰਦਾ ਹੈ ਗੁਣਾਂ ਤੇ ਨਹੀਂ।

ਮੂਰਤੀ ਪੂਜਾ: ਗੁਰੂ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਜਿਸ ਦਾ ਮੂਲ ਮਨੋਰਥ ਗੁਰਬਾਣੀ ਪੜ੍ਹ-ਸੁਣ ਕੇ ਸੱਚ ਦਾ ਗਿਆਨ ਪ੍ਰਾਪਤ ਕਰਨਾ ਅਤੇ ਪ੍ਰੇਰਿਤ ਹੋ ਕੇ ਆਤਮਿਕ ਨਿਰਮਲਤਾ ਲਈ ਜਤਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਤੇ ਸ਼ਰਧਾ ਗੁਰਸਿੱਖ ਦਾ ਮੁੱਢਲਾ ਸੰਕਲਪ ਹੈ ਪਰ ਰਾਹ ਅੱਗੇ ਵੀ ਹੈ- ਗੁਰਬਾਣੀ ਦੀ ਸੇਧ ਤੇ ਸਿਖਿਆ ਧਾਰਨ ਕਰ ਪਰਮਾਤਮਾ ਦੀ ਸ਼ਰਣ ਪ੍ਰਾਪਤ ਹੋ ਜਾਏ। ਗੁਰਸਿੱਖ ਦੀ ਜੀਵਨ-ਯਾਤਰਾ ਦਾ ਸਨਮਾਨ ਤੇ ਸ਼ਰਧਾ ਤੱਕ ਆ ਕੇ ਰੁੱਕ ਜਾਣਾ ਕਿਸੇ ਨ ਕਿਸੇ ਰੂਪ ਵਿਚ ਮੂਰਤੀ ਪੂਜਾ ਨਾਲ ਮੇਲ ਖਾਂਦਾ ਵਿਖਾਈ ਦਿੰਦਾ ਹੈ। ਇਹ ਵੱਡੀ ਚੁਣੌਤੀ ਹੈ ਜਿਸ ਨਾਲ ਗੁਰਸਿੱਖੀ ਦੀ ਮੌਲਿਕਤਾ ਹੀ ਸਵਾਲਾਂ ਦੇ ਘੇਰੇ ਵਿਚ ਆ ਜਾਂਦੀ ਹੈ। ਪਰ ਆਮ ਪਰਿਦ੍ਰਿਸ਼ ਅਜਿਹਾ ਹੀ ਬਣਦਾ ਜਾ ਰਿਹਾ ਹੈ।

ਇਹ ਸਿੱਖ ਰਹਿਤ ਮਰਿਆਦਾ ਅੰਦਰ ਦਿੱਤੀ 'ਗੁਰਮਤਿ ਦੀ ਰਹਿਣੀ 'ਦਾ ਮਾਤਰ ਇੱਕ ਬਿੰਦੂ ਸੀ। ਇਸ 'ਤੇ ਨਾਂ ਕੋਈ ਚਰਚਾ ਹੈ ਨਾ ਹੀ ਕੋਈ ਚਿੰਤਾ ਹੈ। ਕਿਸੇ ਵਿਸ਼ੇ ਨੂੰ ਇਸ ਕਾਰਨ ਨਜ਼ਰ-ਅੰਦਾਜ ਕਰ ਦਿੱਤਾ ਜਾਂਦਾ ਹੈ ਕਿ ਤਰਜੀਹ ਵੱਡੇ ਵਿਸ਼ੇ ਦੀ ਹੁੰਦੀ ਹੈ। ਪਰ ਇਹ ਸਮਝਣ ਦੀ ਲੋੜ ਹੈ ਕਿ ਅਣਦੇਖੇ ਕੀਤੇ ਛੋਟੇ ਵਿਸ਼ੇ ਹੀ ਭਵਿੱਖ ਦੀਆਂ ਵੱਡੀਆਂ ਚੁਣੌਤੀਆਂ ਬਣ ਜਾਂਦੇ ਹਨ। ਗੁਰਸਿੱਖ ਇੱਕ ਸ਼ਖ਼ਸੀਅਤ ਹੈ ਜਿਸ ਦਾ ਵਿਕਾਸ ਬਹੁਮੁਖੀ ਤੱਤਾਂ 'ਤੋਂ ਹੋਇਆ ਹੈ। ਕੁੱਝ ਤੱਤਾਂ ਪ੍ਰਤੀ ਅਵੇਸਲਾ ਹੋ ਜਾਣਾ ਉਸ ਸ਼ਖ਼ਸੀਅਤ ਦੀ ਨੀਂਹ ਕਮਜ਼ੋਰ ਕਰਨਾ ਹੈ। ਗੁਰੂ ਪੂਰਨ ਹੈ, ਉਸ ਨੇ ਪੂਰਨ ਗੁਰਸਿੱਖ ਸਿਰਜਿਆ ਹੈ। ਪਰਮਾਤਮਾ ਦੀ ਬਖਸ਼ਿਸ਼ ਵੀ ਪੂਰਨ ਪੁਰਖ 'ਤੇ ਹੀ ਹੁੰਦੀ ਹੈ 'ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪਰਭ ਆਪਿ।' ਸਿੱਖ ਰਹਿਤ ਮਰਯਾਦਾ ਦੀਆਂ ਬਹੁਤ ਸਾਰੀਆਂ ਰਹਿਤ ਹਨ ਜਿਨ੍ਹਾਂ ਨੂੰ ਪੰਥ ਨੇ ਵਿਸਾਰ ਦਿੱਤਾ ਹੈ। ਰਹਿਤ ਨੂੰ ਵਿਸਾਰ ਕੇ ਅਸੀਂ ਆਤਮਘਾਤ ਵੱਲ ਵੱਧ ਰਹੇ ਹਾਂ।

ਐਸ.ਜੀ.ਪੀ.ਸੀ. ਦੁਆਰਾ ਪ੍ਰਕਾਸ਼ਿਤ 'ਸਿੱਖ ਰਹਿਤ ਮਰਯਾਦਾ 'ਤਕਰੀਬਨ 32 ਪੰਨਿਆਂ ਦੀ ਪੁਸਤਿਕਾ ਹੈ ਜੋ ਭੇਟਾ ਰਹਿਤ ਉਪਲਬੱਧ ਹੈ। ਇਹ ਹਰ ਘਰ ਵਿਚ ਹੋਣੀ ਚਾਹੀਦੀ ਹੈ ਬਹੁਤੇ ਲੋਗਾਂ ਨੂੰ ਗਿਆਤ ਹੀ ਨਹੀਂ ਕਿ ਅਜਿਹਾ ਕੋਈ ਦਸਤਾਵੇਜ ਹੈ, ਜਿਸ ਨੂੰ ਸਿੱਖ ਪੰਥ ਨੇ ਪੂਰੇ ਵੀਚਾਰ, ਬਹਿਸ-ਮੁਬਾਹਿਸੇ ਤੋਂ ਬਾਅਦ ਇੱਕ ਖਾਸ ਬੈਠਕ ਵਿਚ ਬਾਕਾਇਦਾ ਸਵੀਕਾਰ ਕੀਤਾ ਸੀ। ਆਮ ਸਿੱਖ ਉਹ ਰਹਿਤ-ਮਰਿਆਦਾ ਜਾਣਦਾ ਹੈ, ਜੋ ਉਸ ਨੇ ਪ੍ਰਚਾਰਕਾਂ ਤੋਂ ਸੁਣੀ ਹੈ ਜਾਂ ਜਿਸ ਨੂੰ ਵਿਵਹਾਰ ਵਿਚ ਰਹਿਤ-ਮਰਿਆਦਾ ਮੰਨ ਲਿਆ ਗਿਆ ਹੈ। ਇੱਕ ਵੱਡੇ ਭਰਮ ਦੇ ਤਹਿਤ ਰਹਿਤ-ਮਰਿਆਦਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰੇ ਅਤੇ ਅੰਮ੍ਰਿਤ-ਪਾਨ ਤੱਕ ਸੀਮਤ ਕਰ ਦਿੱਤਾ ਗਿਆ ਹੈ। ਗੁਰਸਿੱਖ ਦੀ ਵਿਅਕਤੀਗਤ ਰਹਿਤ ਦਾ ਜਾਂ ਗਿਆਨ ਹੀ ਨਹੀਂ ਜਾਂ ਵਿਸਾਰ ਦਿੱਤਾ ਗਿਆ ਹੈ।

ਗੁਰਸਿੱਖ ਦੀ ਗੁਰਮਤਿ ਅਨੁਸਾਰ ਰਹਿਣੀ ਦੇ ਤਿੰਨ ਬਿੰਦੂ ਹਨ ਕਿ ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ, ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜਰੂਰੀ ਹੈ, ਹੋਰ ਵਿਦਿਆ ਵੀ ਪੜ੍ਹੇ ਅਤੇ ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫਰਜ ਹੈ।

ਅਰਦਾਸ: ਅਰਦਾਸ ਉਸ ਅਕਾਲ ਪੁਰਖ ਅੱਗੇ ਮਨ ਦੀ ਬਿਰਥਾ ਪ੍ਰਗਟ ਕਰਨਾ ਹੈ ਜਿਸ ਨੂੰ ਗੁਰਸਿੱਖ ਆਪਣਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥' ਮੰਨਦਾ ਹੈ। ਗੁਰਸਿੱਖ ਦੀ ਅਰਦਾਸ ਉਸ ਅਕਾਲ ਪੁਰਖ ਅੱਗੇ ਹੁੰਦੀ ਹੈ ਜਿਸ ਵਿਚ ਉਹ ਸਾਰੇ ਸੰਸਾਰਕ ਸਬੰਧ ਇੱਕ ਨਾਲ ਵੇਖਦਾ ਹੈ, ਸਾਰੇ ਸੰਸਾਰਕ ਸਬੰਧਾਂ ਦਾ ਮੋਹ, ਆਸਰਾ ਤਿਆਗ ਕੇ ਇੱਕ ਪਰਮਾਤਮਾ 'ਤੇ ਹੀ ਭਰੋਸਾ ਰੱਖਦਾ ਹੈ। ਇਹ ਭਾਵਨਾ ਹੀ ਅਰਦਾਸ ਦਾ ਰੂਪ ਲੈਂਦੀ ਹੈ। ਸਿੱਖ ਰਹਿਤ-ਮਰਿਆਦਾ ਵਿਚ ਪੂਰੀ ਅਰਦਾਸ ਦਾ ਖਰੜਾ ਦਿੱਤਾ ਗਿਆ ਹੈ। ਗੁਰਸਿੱਖ ਇਸ ਅਰਦਾਸ ਵਿਚ ਪਹਿਲਾਂ ਗੁਰੂ ਸਾਹਿਬਾਨ, ਪੰਜ ਪਿਆਰਿਆਂ, ਚੌਹਾਂ ਸਾਹਿਬਜਾਦਿਆਂ, ਚਾਲੀਹ ਮੁਕਤਿਆਂ, ਹੋਰ ਜਤ, ਸਤ ਧਾਰਨ ਕਰਨ ਵਾਲੇ, ਤਿਆਗ, ਕੁਰਬਾਨੀਆਂ ਦੇਣ ਵਾਲੇ ਸਿੱਖਾਂ, ਪੰਜਾਂ ਤਖਤਾਂ, ਸਮੂਹ ਗੁਰਦੁਆਰਿਆਂ ਦਾ ਧਿਆਨ ਕਰਦਾ ਹੈ। ਇਹ ਧਿਆਨ ਆਪਣੇ ਆਪ ਨੂੰ ਉਸ ਵਡਿਆਈ ਨਾਲ ਜੋੜਨਾ ਅਤੇ ਸਮਰਪਿਤ ਹੋਣਾ ਹੈ। ਇਸ ਨਾਲ ਮਨ ਦੀ ਭਾਵਨਾ ਬਣਦੀ ਹੈ। ਇਸ ਤੋਂ ਬਾਅਦ ਬੇਨਤੀ ਆਰੰਭ ਹੁੰਦੀ ਹੈ। ਇਸ ਬੇਨਤੀ ਵਿਚ ਪੰਥਕ, ਸਮਾਜਕ ਅਤੇ ਨਿਜ ਬੇਨਤੀ ਵੀ ਸ਼ਾਮਿਲ ਹੈ। ਰਹਿਤ ਮਰਿਆਦਾ ਹੈ ਕਿ ਸਿੱਖ ਹਰ ਕੰਮ ਕਰਨ ਤੋਂ ਪਹਿਲਾਂ ਅਰਦਾਸ ਕਰੇ ਪਰ ਅੱਜ ਇਸ ਨੂੰ ਵਿਸਾਰ ਦਿੱਤਾ ਗਿਆ ਹੈ। ਅਰਦਾਸ ਆਪ ਕਰਨ ਦੀ ਥਾਂ ਗ੍ਰੰਥੀ ਸਿੰਘ ਨੂੰ ਲੱਭਿਆ ਜਾਂਦਾ ਹੈ। ਕਿਉਂਕਿ ਹਰ ਗੁਰਸਿੱਖ ਨੂੰ ਪੂਰੀ ਅਰਦਾਸ ਯਾਦ ਹੀ ਨਹੀਂ ਹੁੰਦੀ। ਅਰਦਾਸ ਗ੍ਰੰਥੀ ਸਿੰਘ ਕਰ ਰਹੇ ਹੋਣ ਤਾਂ ਅਰਦਾਸ ਇਕਾਗਰ ਮੰਨ ਨਾਲ ਸੁਣਨ ਦੀ ਥਾਂ ਧਿਆਨ ਅਰਦਾਸ ਭੇਟਾ ਦੇਣ 'ਤੇ ਜਿਆਦਾ ਹੁੰਦਾ ਹੈ। ਅਰਦਾਸ ਦੀ ਰਹਿਤ ਹੀ ਨਹੀਂ ਮੂਲ ਭਾਵਨਾ ਨੂੰ ਵੀ ਵਿਸਾਰ ਦਿੱਤਾ ਗਿਆ ਹੈ। ਅਰਦਾਸ ਆਪਣੇ-ਆਪ ਨੂੰ ਪੂਰਨ ਤੌਰ 'ਤੇ ਪਰਮਾਤਮਾ ਦੇ ਨਿਆਂ ਤੇ ਛੱਡ ਦੇਣਾ ਹੈ 'ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ।' ਅਰਦਾਸ ਵਿਚ ਦੀਨ ਭਾਵ ਹੋਵੇ 'ਤੁਝ ਬਿਨੁ ਕਵਨੁ ਹਮਾਰਾ।' ਅਰਦਾਸ ਵਿਚ ਪੂਰਨ ਸਮਰਪਣ ਹੋਵੇ 'ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥ ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥' ਆਪਣੀ ਅਰਦਾਸ ਆਪ ਨਾ ਕਰਨਾ ਇਸ ਭਾਵਨਾ ਤੋਂ ਸੱਖਣਾ ਹੋਣਾ ਹੈ। ਅਰਦਾਸ ਕੋਈ ਰਸਮ ਨਹੀਂ ਹੈ, ਜੋ ਕਿਸੇ ਕੋਲੋਂ ਭੇਟਾ ਦੇ ਕੇ ਕਰਾ ਲਈ ਜਾਵੇ। ਅਰਦਾਸ ਤਾਂ ਗੁਰਸਿੱਖ ਦੇ ਜੀਵਨ ਦਾ ਅਨ-ਨਿਖੇੜਵਾਂ ਅੰਗ ਹੈ, ਪਰਮਾਤਮਾ ਨਾਲ ਜੁੜਣ ਦੀ ਡੋਰ ਹੈ। ਜੇ ਅਰਦਾਸ ਹੀ ਯਾਦ ਨਹੀਂ ਤਾਂ ਗੁਰਸਿੱਖੀ ਦੀ ਕਿਹੋ ਜਿਹੀ ਪਰਿਪੱਕਤਾ।

ਇੱਕ ਹੋਰ ਪ੍ਰਚਲਨ ਕਾਇਮ ਹੋ ਗਿਆ ਹੈ ਕਿ ਅਰਦਾਸ ਹੀ ਛੋਟੀ ਕਰ ਦਿੱਤੀ ਗਈ ਹੈ। ਕੁੱਝ ਖਾਸ ਮੌਕਿਆਂ 'ਤੇ ਪੂਰੀ ਅਰਦਾਸ ਕਰਨ ਦੀ ਲੋੜ ਨਹੀਂ ਸਮਝੀ ਜਾਂਦੀ। 'ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ 'ਤੋਂ ਬਾਅਦ ਹੀ ਖਾਸ ਬੇਨਤੀ ਕਰ ਦਿੱਤੀ ਜਾਂਦੀ ਹੈ। ਇਹ ਅਰਦਾਸ ਦਾ ਹੀ ਨਹੀਂ ਅਰਦਾਸ ਦੀ ਮੁਕੰਮਲ ਭਾਵਨਾ ਦਾ ਅੰਗ ਭੰਗ ਹੈ। ਛੋਟੀ ਅਰਦਾਸ ਅਤੇ ਪੂਰੀ ਅਰਦਾਸ ਨੇ ਭਰਮ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਅਰਦਾਸ ਪੂਰੀ ਹੋਣ ਤੋਂ ਬਾਅਦ ਦੋਹਰਾ ਪੜ੍ਹਿਆ ਜਾ ਰਿਹਾ ਹੈ, ਜਿਸ ਦਾ ਰਹਿਤ ਮਰਿਆਦਾ ਵਿਚ ਕੋਈ ਜਿਕਰ ਨਹੀਂ ਹੈ। ਪੜ੍ਹੇ ਜਾਣ ਵਾਲੇ ਦੋਹਰੇ 'ਚ ਵੀ 'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ 'ਜਾਂ 'ਗੁਰੂ ਖਾਲਸਾ ਮਾਨਿਓ ਪ੍ਰਗਟ ਗੁਰਾਂ ਕੀ ਦੇਹ 'ਦਾ ਵਿਵਾਦ ਸਾਹਮਣੇ ਆਉਂਦਾ ਰਹਿੰਦਾ ਹੈ। ਘੱਟੋ-ਘੱਟ ਭਾਵਨਾ ਨਾਲ ਜੁੜੀ ਅਰਦਾਸ ਤਾਂ ਨਿਰ-ਵਿਵਾਦ ਹੋਣੀ ਚਾਹੀਦੀ ਹੈ। ਪ੍ਰਮੁੱਖ ਸਿੱਖ ਸੰਸਥਾਵਾਂ ਇਸ 'ਤੇ ਮੌਨ ਰਹਿੰਦੀਆਂ ਹਨ।

ਗੁਰਮੁਖੀ ਵਿਦਿਆ: ਗੁਰਮੁਖੀ ਨੂੰ ਮਾਂ ਬੋਲੀ ਮੰਨ ਕੇ ਪੜ੍ਹਨ, ਲਿਖਣ, ਬੋਲਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਬੇਸ਼ਕ ਗੁਰਮੁਖੀ ਮਾਂ ਬੋਲੀ ਹੈ ਪਰ ਗੁਰਮੁਖੀ ਪੜ੍ਹਨ ਲਈ ਪ੍ਰੇਰਿਤ ਕਰਦਿਆਂ ਇਸ ਨੂੰ ਰਹਿਤ ਮਰਿਆਦਾ ਨਾਲ ਨਹੀਂ ਜੋੜਿਆ ਗਿਆ। ਗੁਰਮੁਖੀ ਮਾਤਰ ਭਾਸ਼ਾ ਦਾ ਗਿਆਨ ਪ੍ਰਾਪਤ ਕਰਨਾ ਨਹੀਂ, ਗੁਰਸਿੱਖੀ ਦੀ ਪਰਿਪੱਕਤਾ ਦਾ ਵਿਸ਼ਾ ਵੀ ਹੈ। ਇਹ ਭਾਵਨਾ ਬਣੀ ਹੀ ਨਹੀਂ ਕਿ ਗੁਰਮੁਖੀ ਦਾ ਗਿਆਨ ਗੁਰਸਿੱਖੀ ਨੂੰ ਪੂਰਨ ਕਰਨ ਵਾਲਾ ਹੈ। ਗੁਰਮੁਖੀ ਗੁਰਸਿੱਖੀ ਦਾ ਗੌਰਵ ਹੈ। ਦੂਜਾ ਪੱਖ ਮਾਂ ਬੋਲੀ ਹੋਣ ਦਾ ਹੈ। ਮਾਂ ਬੋਲੀ ਸਭਿਆਚਾਰਕ ਲੋੜ ਹੈ ਪਰ ਰਹਿਤ-ਮਰਿਆਦਾ ਅਨੁਸਾਰ ਇਹ ਧਾਰਮਕ ਪੰਥਕ ਯੋਗਤਾ ਹੈ। ਜਿਸ ਨੂੰ ਗੁਰਮੁਖੀ ਦਾ ਗਿਆਨ ਨਹੀਂ, ਉਹ ਗੁਰਮਤਿ ਦੀ ਸ਼ਖ਼ਸੀਅਤ ਦਾ ਧਾਰਨੀ ਨਹੀਂ ਕਿਹਾ ਜਾ ਸਕਦਾ। ਗੁਰਮੁਖੀ ਦੀ ਅਗਿਆਨਤਾ ਗੁਰਸਿੱਖੀ ਨੂੰ ਅਪੂਰਨ ਕਰਦੀ ਹੈ। ਤੀਜਾ ਸਵਾਲ ਪੰਜਾਬੀ ਜਾਂ ਗੁਰਮੁਖੀ ਦਾ ਹੈ। ਰਹਿਤ-ਮਰਿਆਦਾ ਵਿਚ ਇਸ ਭਾਸ਼ਾ ਲਈ ਗੁਰਮੁਖੀ ਨਾਮ ਦੀ ਵਰਤੋਂ ਕੀਤੀ ਗਈ ਹੈ। ਇਸ ਨੂੰ ਅੰਤਿਮ ਮੰਨਿਆ ਜਾ ਸਕਦਾ ਹੈ ਕਿ ਭਾਸ਼ਾ ਪੰਜਾਬੀ ਨਹੀਂ ਗੁਰਮੁਖੀ ਕਹੀ ਜਾਵੇ, ਪਰ ਅਜੇ ਵੀ ਪੰਜਾਬੀ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ। ਅੱਠ ਦਸ਼ਕ ਬਤੀਤ ਹੋ ਜਾਨ ਤੋਂ ਬਾਅਦ ਵੀ ਗੁਰਮੁਖੀ ਜਾਂ ਪੰਜਾਬੀ ਦੀ ਦੁਵਿਧਾ ਦਾ ਬਣਿਆ ਰਹਿਣਾ ਕੌਮ ਦੀ ਵਿਚਾਰਕ, ਸਿਧਾਂਤਕ ਸੰਵੇਦਨਾ 'ਤੇ ਸਵਾਲ ਖੜਾ ਕਰਦਾ ਹੈ। ਗੁਰਮੁਖੀ ਰਹਿਤ ਦਾ ਹਿੱਸਾ ਹੈ ਤਾਂ ਇਸ ਦੀ ਸਿਖਿਆ ਦਾ ਲੋੜੀਂਦਾ ਪ੍ਰਬੰਧ ਵੀ ਹੋਣਾ ਚਾਹੀਦੈ। ਪੰਜਾਬ ਵਿਚ ਗੁਰਮੁਖੀ ਪੜ੍ਹਨ ਦੀ ਸੁਵਿਧਾ ਹੈ ਪਰ ਪੰਜਾਬ ਤੋਂ ਬਾਹਰ ਦੇ ਪ੍ਰਾਂਤਾਂ, ਵਿਦੇਸ਼ਾਂ ਵਿਚ ਅਧਿਆਪਕਾਂ ਦੀ ਘਾਟ ਕਾਰਨ ਗੁਰਮੁਖੀ ਭਾਸ਼ਾ ਦਾ ਪ੍ਰਚਾਰ-ਪ੍ਰਸਾਰ ਨਹੀਂ ਹੋ ਰਿਹਾ। ਸਿੱਖ ਪੰਥ ਕੋਲ ਕੋਈ ਡਾਟਾ ਨਹੀਂ, ਕਿ ਵਿਸ਼ਵ ਵਿਚ ਸਿੱਖਾਂ ਦੇ ਗੁਰਮੁਖੀ ਗਿਆਨ ਦੀ ਕੀ ਦਰ ਹੈ, ਕਿਤਨੇ ਪੰਜਾਬੀ ਅਧਿਆਪਕਾਂ ਦੀ ਲੋੜ ਹੈ,

*(ਬਾਕੀ ਅਗਲੇ ਸਫੇ 'ਤੇ)*

***ਗੁਰਸਿੱਖੀ ਵਿਦਿਆ ਨੂੰ ਜੇ ਰਹਿਤ-ਮਰਿਆਦਾ ਦਾ ਅੰਗ ਬਣਾਇਆ ਗਿਆ ਹੈ ਤਾਂ ਇਸ ਦੇ ਪਿੱਛੇ ਜ਼ਰੂਰ ਗੰਭੀਰ ਸੋਚ ਰਹੀ ਹੋਵੇਗੀ ਕਿ ਬਹੁ-ਰੰਗੀ ਸੰਸਾਰ ਵਿਚ ਵਿਚਰਦਿਆਂ ਆਪਣੇ ਸਿਧਾਂਤਾਂ ਅਤੇ ਵਿਵਹਾਰ 'ਤੇ ਪਰਿਪੱਕ ਸਿੱਖ ਤਿਆਰ ਕੀਤੇ ਜਾਣ, ਪਰ ਅਜਿਹੀ ਕੋਈ ਵਿਵਸਥਾ ਬਣਾਈ ਹੀ ਨਹੀਂ ਜਾ ਸਕੀ ਕਿ ਸਿੱਖ ਪੀੜ੍ਹੀਆਂ ਗੁਰਸਿੱਖੀ ਤੋਂ ਅਕਾਦਮਿਕ ਤੌਰ 'ਤੇ ਜਾਣੂੰ ਹੋ ਸਕਣ। ਇਸ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਵਰਤਮਾਨ ਪੀੜ੍ਹੀਆਂ ਹੀ ਗੁਰਸਿੱਖੀ ਦੇ ਗਿਆਨ ਤੋਂ ਵਾਂਝੀਆਂ ਹਨ, ਉਨ੍ਹਾਂ ਕੋਲੋਂ ਅਗਲੀਆਂ ਪੀੜ੍ਹੀਆਂ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਦਸ ਗੁਰੂ ਸਾਹਿਬਾਨ, ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਦੇ ਨਾਮ ਯਾਦ ਕਰਾ ਦੇਣਾ, ਨਿਤਨੇਮ ਦੀਆਂ ਬਾਣੀਆਂ ਕੰਠ ਕਰਾ ਦੇਣਾ, ਕੁੱਝ ਪ੍ਰਚਲਿਤ ਸਾਖੀਆਂ ਸੁਣਾ ਦੇਣਾ ਗੁਰਸਿੱਖੀ ਦੀ ਵਿਦਿਆ ਨਹੀਂ, ਗੁਰਸਿੱਖੀ ਦਾ ਕਕਹਿਰਾ ਹੈ।***

# ਸੱਥ ਦੀਆਂ ਸਿਆਣੀਆਂ ਸਲਾਹਾਂ



ਭਾਗ ਸਿਆਂ! ਆਹ ਮੁੰਡੇ ਟਰੈਕਟਰ ਟਰਾਲੀ ਜੋੜੀ ਫਿਰਦੇ ਨੇ... ਲੱਗਦਾ ਰਸਦ ਇਕੱਠੀ ਕਰਦੇ ਫਿਰਦੇ ਨੇ... ਮੱਲ ਬਾਬੇ ਨੇ ਪੱਕੇ ਦਰਵਾਜ਼ੇ ਦੀਆਂ ਪੌੜੀਆਂ ਚੜ੍ਹਦੇ ਹੋਏ ਪੁੱਛਿਆ।

ਮੱਲ ਸਿਆਂ! ਨੇਪਾਲ ਵਿਚ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ। ਉੱਥੇ ਲਿਜਾਣ ਵਾਸਤੇ ਘਰੋ-ਘਰੀ ਆਟਾ, ਚੌਲ, ਦਾਲਾਂ, ਸਰ੍ਹੋਂ ਦਾ ਤੇਲ ਤੇ ਘਿਓ, ਪੈਸਾ ਬਗੈਰਾ ਇਕੱਠਾ ਕਰਦੇ ਨੇ ਪਿੰਡ ਦੇ ਨੌਜਵਾਨ। ਭਾਗ ਸਿਉਂ ਨੇ ਲੰਮੀਆਂ ਕੀਤੀਆਂ ਲੱਤਾਂ ਨੂੰ ਇਕੱਠਿਆਂ ਕਰਦਿਆਂ ਜਵਾਬ ਦਿੱਤਾ।

ਸਾਲਿਆਂ ਤੋਂ ਪਿੰਡ ਸਾਂਭਿਆ ਨਹੀਂ ਜਾਂਦਾ, ਤੁਰ ਪਏ ਨੇਪਾਲ ਸਾਂਭਣ ਨੂੰ... ਜਗੀਰ ਬਾਬੇ ਨੇ ਜ਼ੋਰ ਦੇਣੀ ਬੇਗੀ 'ਤੇ ਯੱਕਾ ਮਾਰ ਕੇ ਸਾਰ ਬਣਾਉਂਦਿਆਂ ਕਿਹਾ।

ਓ ਬਾਬਾ! ਦੁਖੀ ਤੇ ਮਜ਼ਲੂਮ ਦੀ ਮਦਦ ਕਰਨੀ ਚਾਹੀਦੀ ਹੈ। ਸ਼ਿੰਗਾਰੇ ਨੇ ਜਗੀਰ ਬਾਬੇ ਦਾ ਗੋਲ਼ਾ ਕੁੱਟਦਿਆਂ ਕਿਹਾ।

ਪਿੰਡ ਕਰ ਲਵੋ ਦੁਖੀਆਂ ਤੇ ਮਜ਼ਲੂਮਾਂ ਦੀ ਮਦਦ, ਵੱਡਾ ਬਣਦਾ ਬਾਬਾ ਘਨ੍ਹਈਆ। ਦੂਜੇ ਪਾਸਿਓਂ ਸੰਤੋਖ ਬਾਬਾ ਬੋਲ ਪਿਆ।



ਸਿੱਖ ਕੌਮ ਦੇ ਹੀ ਹਿੱਸੇ ਆਈ ਹੈ ਲੰਗਰਾਂ ਦੀ ਸੇਵਾ...ਸ਼ਿੰਗਾਰੇ ਦੀ ਟੀਮ ਨੇ ਬਾਬੇ ਜਗੀਰ ਦੀ ਟੀਮ ਸਿਰ ਕੋਟ ਕਰ ਦਿੱਤਾ ਤੇ ਸ਼ਿੰਗਾਰੇ ਨੇ ਖੁਸ਼ੀ ਦਾ ਜੈਕਾਰਾ ਛੱਡਦਿਆਂ ਕਿਹਾ।

**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916 273 2856**

ਆਹ! ਤਾਂ ਉਹ ਗੱਲ ਹੋਈ ਪਈ ਆ ਕਿ ਪਿਉ ਵਿਚਾਰਾ ਬਿਮਾਰੀ ਨਾਲ ਮੰਜੇ 'ਤੇ ਪਿਆ ਪੁੱਤ ਨੂੰ ਪਾਣੀ ਦੀ ਗੁਹਾਰ ਲਾ ਰਿਹਾ ਕਿ 'ਮੈਨੂੰ ਪਾਣੀ ਦਾ ਗਲਾਸ ਪਲਾ ਜਾਹ... ਤੇ ਅੱਗੋਂ ਪੁੱਤ ਕਹਿੰਦਾ 'ਮੈਂ ਤਾਂ ਚੱਲਿਆਂ ਛਬੀਲ 'ਤੇ ਜਲ ਦੀ ਸੇਵਾ ਕਰਨ... ਮੱਲ ਬਾਬਾ ਵੀ ਸਿਰੇ ਦੀ ਆਖ ਗਿਆ।

ਮੇਰੇ ਕਹਿਣ ਦਾ ਮਤਲਬ ਆ ਕਿ ਪਹਿਲਾਂ ਪਿੰਡ ਪੱਧਰ 'ਤੇ ਨਿਸ਼ਕਾਮ ਸੇਵਾ ਸ਼ੁਰੂ ਕਰੋ। ਪਿੰਡ ਦੇ ਗਰੀਬ ਘਰਾਂ ਨੂੰ ਚੁਣ ਲਵੋ, ਕੋਈ ਵੀ ਜਾਤ ਮਜ਼੍ਹਬ ਦਾ ਹੋਵੇ ਸਿਰਫ਼ ਇਨਸਾਨੀਅਤ ਦੇ ਨਾਤੇ ਸੇਵਾ ਸ਼ੁਰੂ ਕੀਤੀ ਜਾਵੇ। ਬਾਬੇ ਜਗੀਰ ਨੇ ਤਾਸ਼ ਦੇ ਪੱਤੇ ਵੰਡਦਿਆਂ ਕਿਹਾ।

ਪਿੰਡ ਤੁਸੀਂ ਕਿਸੇ ਗਰੀਬ ਦੀ ਮੱਝ ਵਾਸਤੇ ਪੱਠਿਆਂ ਦਾ ਥੱਬਾ ਨਹੀਂ ਦਿੰਦੇ ਤੇ ਅਣਜਾਣ ਲੋਕਾਂ ਲਈ ਟਰਾਲੀਆਂ ਭਰ ਕੇ ਤੁਰ ਪੈਂਦੇ ਹੋ। ਓਏ ਲੋਕੋ! ਕੁੱਝ ਸਮਝੋ! ਲੰਗਰ ਦੀ ਸੇਵਾ ਨਾਲ ਸਾਨੂੰ ਮੂਰਖ ਬਣਾਇਆ ਜਾ ਰਿਹਾ ਹੈ। ਆਪਣੇ ਲੋਕਾਂ ਦੀ ਮਦਦ ਕਰ ਲਵੋ। ਆਪਣੇ ਲੋਕਾਂ ਨੂੰ ਲੰਗਰ ਦੇ ਰਾਸ਼ਨ ਖਰੀਦ ਕੇ ਦੇਵੋ, ਐਤਕੀਂ ਸੰਤੋਖ ਬਾਬਾ ਬੋਲਿਆ।

ਇਹ ਤਾਂ ਗੁਰੂ ਨਾਨਕ ਦੇਵ ਜੀ ਦਾ ਵੀਹ ਰੁਪਈਆਂ ਦਾ ਲੰਗਰ ਹੈ ਜੋ ਲਗਾਤਾਰ ਚੱਲ ਰਿਹਾ ਹੈ। ਸ਼ਿੰਗਾਰੇ ਨੇ ਤਾਸ਼ ਦੇ ਪੱਤਿਆਂ ਨੂੰ ਇੱਕ ਹੱਥ ਵਿਚ ਖੋਲ੍ਹਦਿਆਂ ਕਿਹਾ।

ਇੱਕ ਤਾਂ ਤੁਹਾਨੂੰ ਆਹ ਗੱਲ ਨਹੀਂ ਟਿਕਣ ਦਿੰਦੀ ਕਿ ਬਾਬੇ ਨਾਨਕ ਨੇ ਵੀਹ ਰੁਪਈਆਂ ਦਾ ਲੰਗਰ ਲਾ ਕੇ ਭੁੱਖੇ ਸਾਧੂਆਂ ਦੀ ਸੇਵਾ ਕੀਤੀ ਸੀ ਤੇ ਉਹੀ ਪਰੰਪਰਾ ਚੱਲੀ ਆਉਂਦੀ ਹੈ। ਓਏ ਭਲਿਓ ਲੋਕੋ! ਉਨ੍ਹਾਂ ਸਮਿਆਂ ਵਿਚ ਵੀਹ ਵੀਹ ਕੋਹ 'ਤੇ ਕੁਝ ਨਹੀਂ ਮਿਲਦਾ ਹੁੰਦਾ ਸੀ ਖਾਣ ਪੀਣ ਵਾਸਤੇ...ਤੇ ਸਾਰੇ ਲੋਕ ਪੈਦਲ ਹੀ ਜਾਂਦੇ ਹੁੰਦੇ ਸਨ। ਬਾਬੇ ਨਾਨਕ ਨੂੰ ਵੀ ਪਿਤਾ ਕਾਲੂ ਜੀ ਨੇ ਸੱਚ ਦਾ ਸੌਦਾ ਕਰਨ ਵਾਸਤੇ ਭੇਜਿਆ ਸੀ ਰਸਤੇ ਵਿਚ ਸਾਧੂ ਮਿਲ ਪਏ ਸਨ ਜੋ ਭਗਤੀ ਵਿਚ ਲੀਨ ਸਨ। ਅੱਜ ਦੇ ਸਾਧਾਂ ਵਾਂਗ ਵਿਹਲੇ ਤੇ ਮੁਸ਼ਟੰਡੇ ਨਹੀਂ ਸਨ ਤੇ ਵੱਡੇ-ਵੱਡੇ ਡੇਰਿਆਂ ਦੇ ਮਾਲਕ ਨਹੀਂ ਸਨ। ਬਾਬੇ ਨਾਨਕ ਨੇ ਉਨ੍ਹਾਂ ਸਾਧੂਆਂ ਨੂੰ ਭੋਜਨ ਛਕਾਇਆ ਸੀ ਤੇ ਪੁੰਨ ਦਾ ਸੌਦਾ ਕੀਤਾ ਸੀ। ਫਿਰ ਘਰੇ ਖਾਲੀ ਹੱਥ ਆਏ ਬਾਬੇ ਨਾਨਕ ਨੂੰ ਪਿਤਾ ਕਾਲੂ ਜੀ ਨੇ ਘੂਰਿਆ ਵੀ ਸੀ ਤੇ ਸਮਝਾਇਆ ਵੀ ਸੀ ਕਿ ਵੀਹ ਰੁਪਈਆਂ ਦਾ ਵਣਜ ਕਰਨਾ ਸੀ ਤੇ ਉਸ ਦੀ ਕਮਾਈ ਦਾ ਦਸਵਾਂ ਹਿੱਸਾ ਲੋੜਵੰਦਾਂ ਨੂੰ ਵੰਡਣਾ ਸੀ। ਫਿਰ ਇਹੀ ਗੱਲ ਵੱਡੇ ਹੋ ਕੇ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਮਝਾਈ ਸੀ ਕਿ ਸੱਚ ਦੀ ਕਮਾਈ ਦਾ ਦਸਵਾਂ ਦਸਵੰਦ ਲੋੜਵੰਦ ਲੋਕਾਂ ਨੂੰ ਦਾਨ ਕਰ ਦੇਵੋ, ਜੋ ਸਾਡੇ ਨੇੜੇ ਤੇੜੇ ਹੋਣ, ਹੁਣ ਤਾਂ ਥਾਂ-ਥਾਂ ਦੁਕਾਨਾਂ, ਢਾਬੇ ਨੇ ਵੀਹ ਕੋਹ ਵਿਚ ਤਾਂ ਪੰਜ ਸ਼ਹਿਰ ਆ ਜਾਂਦੇ ਹਨ। ਬਾਬੇ ਸੰਤੋਖ ਨੇ ਆਪਣੇ ਪੁਰਖਿਆਂ ਤੋਂ ਸੁਣੀ ਹੋਈ ਸਾਖੀ ਸੁਣਾ ਦਿੱਤੀ।

ਚੱਲ ਬਾਬਾ! ਸਿਟ ਪੱਤਾ... ਸ਼ਿੰਗਾਰੇ ਨੇ ਬਾਬੇ ਜਗੀਰ ਨੂੰ ਕਿਹਾ।

ਦੋ ਕੁ ਸਾਲ ਪਹਿਲਾਂ ਦੀ ਗੱਲ ਆ ਅਨੰਦਪੁਰ ਹੋਲੇ-ਮਹੱਲੇ 'ਤੇ ਜਾਂਦੇ ਲੋਕਾਂ ਲਈ ਜੀ.ਟੀ. ਰੋਡ 'ਤੇ ਨੌਜਵਾਨਾਂ ਨੇ ਪਿੰਡੋਂ ਰਾਸ਼ਨ ਇਕੱਠਾ ਕਰਕੇ ਲੰਗਰ ਲਾਇਆ ਹੋਇਆ ਸੀ। ਰਾਏਕੋਟ ਵੱਲ ਦੀ ਟਰੈਕਟਰ-ਟਰਾਲੀ ਨੂੰ ਮੁੰਡਿਆਂ ਨੇ ਮੁੱਲਾਂਪੁਰ ਕੋਲ ਰੋਕ ਲਿਆ ਕਿ ਪ੍ਰਸ਼ਾਦਾ ਛਕ ਕੇ ਜਾਇਓ। ਉਨ੍ਹਾਂ ਕਿਹਾ, 'ਅਜੇ ਤਾਂ ਅਸੀਂ ਵੀਹ ਮੀਲਾਂ ਹੀ ਆਏ ਹਾਂ ਤੇ ਆਉਂਦੇ ਹੋਏ ਗੁਰਦੁਆਰੇ ਤੋਂ ਲੰਗਰ ਛਕ ਕੇ ਤੁਰੇ ਸੀ। ਅਜੇ ਸਾਨੂੰ ਲੰਗਰ ਦੀ ਲੋੜ ਨਹੀਂ ਤੇ ਲੋੜ ਪੈਣ 'ਤੇ ਅਗਾਂਹ ਛਕ ਲਵਾਂਗੇ।' ਉਨ੍ਹਾਂ ਬਥੇਰਾ ਕਿਹਾ ਪਰ ਸੇਵਾਦਾਰਾਂ ਨੇ ਟਰਾਲੀ ਵਿਚੋਂ ਧੱਕੇ ਨਾਲ ਉਤਾਰ ਕੇ ਥਾਲ਼ੀਆਂ ਭਰ ਦਿੱਤੀਆਂ। ਉਨ੍ਹਾਂ ਤੋਂ ਕਿੱਥੇ ਖਾ ਹੋਣਾ ਸੀ ਸਾਰਾ ਲੰਗਰ ਸਿਟ ਗਏ। ਅਗਾਂਹ ਪੰਜ-ਸੱਤ ਮੀਲਾਂ 'ਤੇ ਇੱਕ ਹੋਰ ਪਿੰਡ ਦੇ ਅੱਡੇ 'ਤੇ ਫਿਰ ਲੰਗਰ ਲੱਗਿਆ ਹੋਇਆ ਸੀ ਉਥੇ ਵੀ ਨੌਜਵਾਨਾਂ ਨੇ ਸੜਕ ਮੂਹਰੇ ਖੜ੍ਹ ਕੇ ਟਰਾਲੀ ਰੋਕ ਲਈ ਸੀ ਉੱਥੇ ਵੀ ਨੌਜਵਾਨ ਕਹਿੰਦੇ ਕਿ ਗੁਰੂ ਦਾ ਲੰਗਰ ਛਕ ਕੇ ਅੱਗੇ ਵਧਿਓ। ਉੱਥੇ ਲੰਗਰ ਛਕਾਉਣ ਨੂੰ ਲੈ ਕੇ ਲੜਾਈ ਹੋ ਗਈ ਸੀ। ਨੌਜਵਾਨ ਆਪਸ ਵਿਚ ਗਰਮ ਹੋ ਗਏ ਸਨ। ਇਹ ਤਾਂ ਬਾਬੇ ਨਾਨਕ ਦੇਵ ਜੀ ਦਾ ਲੰਗਰ ਨਹੀਂ ਸੀ ਕਿ ਤੁਸੀਂ ਰੱਜਿਆਂ ਨੂੰ ਡੰਡੇ ਨਾਲ ਲੰਗਰ ਛਕਾਓ। ਮੱਲ ਬਾਬੇ ਨੇ ਸੁਣੀ ਹੋਈ ਗੱਲ ਸੁਣਾਉਂਦਿਆਂ ਕਿਹਾ।

'ਹੁਣ ਤਾਂ ਲੰਗਰ ਪਹਿਲਾਂ ਵਰਗਾ ਰਿਹਾ ਨਹੀਂ। ਹੁਣ ਤਾਂ ਢਾਬੇ ਵਾਂਗ ਲੰਗਰ ਵਿਚ ਵੀ ਤਰ੍ਹਾਂ-ਤਰ੍ਹਾਂ ਦੇ ਪਕਵਾਨ ਆ ਗਏ ਹਨ। ਲੋਕ ਖਾਂਦੇ ਘੱਟ ਹਨ, ਸੁੱਟਦੇ ਜ਼ਿਆਦਾ ਨੇ।' ਇਹ ਕਹਿ ਕੇ ਭਾਗ ਸਿਓਂ ਬਾਬਾ ਵੀ ਹਾਜ਼ਰੀ ਲਵਾ ਗਿਆ ਸੀ।

ਆਹ ਆਪਣੇ ਗੁਰਦੁਆਰੇ ਦੇਖ ਲਓ ਜਲੇਬੀਆਂ ਦਾ ਲੰਗਰ ਹੋਊ ਤਾਂ ਇਕੱਠ ਬਥੇਰਾ ਹੋ ਜਾਂਦਾ ਨਹੀਂ ਤਾਂ ਸਵੇਰੇ ਕੋਈ ਕਥਾ ਸੁਣਨ ਨਹੀਂ ਜਾਂਦਾ, ਸਾਰਾ ਦਰਬਾਰ ਖ਼ਾਲੀ ਹੁੰਦਾ ਹੈ...ਮਸਾਂ ਦਸ ਪੰਦਰਾਂ ਬੰਦੇ-ਬੁੜੀਆਂ ਹੁੰਦੇ ਨੇ ਤੇ ਪਿੰਡੋਂ ਲੋਕ ਦਰਬਾਰ ਸਾਹਿਬ ਤੇ ਸਾਬੋ ਕੀ ਤਲਵੰਡੀ ਤੇ ਹਜ਼ੂਰ ਸਾਹਿਬ ਨੂੰ ਤੁਰੇ ਜਾਂਦੇ ਹਨ। ਤੀਰਥਾਂ 'ਤੇ ਜਾਣਾ ਚਾਹੀਦਾ ਹੈ ਮਾੜੀ ਗੱਲ ਨਹੀਂ ਪਰ ਆਪਣੇ ਗੁਰਦੁਆਰੇ ਵੀ ਰੋਜ਼ ਮੱਥਾ ਟੇਕਣਾ ਚਾਹੀਦਾ ਹੈ। ਆਪਣੇ ਤਾਂ ਪਿੰਡ ਤੀਰਥ ਅਸਥਾਨ ਹੈ, ਮੱਲ ਬਾਬੇ ਨੇ ਕਿਹਾ।

ਬਾਬਾ ਜੀ! ਅੱਜ-ਕੱਲ੍ਹ ਲੋਕ ਪਰਮਾਤਮਾ ਦੀ ਸ਼ਰਦਾ ਪਿੱਛੇ ਨਹੀਂ ਸਗੋਂ ਭੀੜ ਤੇ ਲੰਗਰਾਂ ਪਿੱਛੇ ਜਾਂਦੇ ਹਨ। ਸ਼ਿੰਗਾਰਾ ਗੱਲ ਸਿਆਣੀ ਕਰ ਗਿਆ ਸੀ।

ਗੁਰਦੁਆਰੇ ਵੀ ਸੰਗਤ ਦਾ ਇਕੱਠ ਵੈਦ ਜੀ ਹੋਣਾ ਨਾਲ ਹੀ ਹੁੰਦਾ ਸੀ। ਹੁਣ ਤਾਂ ਲੋਕ ਸੰਗਰਾਂਦ ਨੂੰ ਹੀ ਮੱਥਾ ਟੇਕਣ ਜਾਂਦੇ ਹਨ। ਗੁਰਦੁਆਰੇ ਵੀ ਪਾਰਟੀਬਾਜ਼ੀ ਹੋ ਗਈ ਹੈ। ਕੋਈ ਵੀ ਧਾਰਮਿਕ ਥਾਂ ਨਹੀਂ ਜਿੱਥੇ ਪਾਰਟੀਬਾਜ਼ੀ ਨਾ ਹੋਵੇ। ਜਗੀਰ ਬਾਬਾ ਵੀ ਪੱਤੇ ਫਰੋਲਦਾ ਹਾਜ਼ਰੀ ਲਵਾ ਗਿਆ।

ਸ਼ਰੀਕੇ ਦੀ ਫੁੱਟ ਤਾਂ ਸੁਣੀ ਸੀ, ਹੁਣ ਤਾਂ ਪਿੰਡਾਂ ਵਿਚ ਵੀ ਫੁੱਟ ਪੈ ਗਈ ਹੈ। ਇੱਕ ਤਾਂ ਵੋਟਾਂ ਨੇ ਲੋਕਾਂ ਦੀ ਮੱਤ ਮਾਰੀ ਪਈ। ਕੋਈ ਨਾ ਕੋਈ ਇਲੈਕਸ਼ਨ ਆਈ ਰਹਿੰਦੀ ਹੈ। ਪਿੰਡ ਵਿਚ ਤਿੰਨ-ਚਾਰ ਪਾਰਟੀਆਂ ਵਾਲੇ ਅੰਨ੍ਹੇ ਭਗਤ ਲੀਡਰਾਂ ਪਿੱਛੇ ਆਪਣੀ ਭਾਈਚਾਰਕ ਸਾਂਝ ਦਾ ਆਪਣੇ ਹੱਥੀਂ ਹੀ ਗਲਾ ਘੁੱਟ ਦਿੰਦੇ ਨੇ...ਸ਼ਿੰਗਾਰੇ ਨੇ ਨਵਾਂ ਮੁੱਦਾ ਛੇੜਦਿਆਂ ਕਿਹਾ।

ਪਿੰਡਾਂ ਵਿਚ ਭਾਈਚਾਰਕ ਸਾਂਝ ਕਿਉਂ ਮੁੱਕ ਰਹੀ ਹੈ ਇਸ ਦੇ ਬਹੁਤ ਕਾਰਨ ਹਨ ਮਾਸਟਰ ਵੀ ਖੁੱਲ੍ਹੇ ਵਾਲਾਂ ਨੂੰ ਹਵਾ ਲਵਾਉਂਦਾ ਪਹੁੰਚ ਗਿਆ ਸੀ।

'ਆ ਮਾਸਟਰਾਂ! ਸਾਂਭ ਆਪਣੀ ਵਾਰੀ ਮੈਂ ਤਾ ਗਾਵਾਂ ਨੂੰ ਪਾਣੀ ਪਿਲਾਉਣ ਜਾਣਾ ਹੈ।' ਸ਼ਿੰਗਾਰਾ ਉੱਠਣ ਦੇ ਮੂਡ ਵਿਚ ਬੋਲਿਆ।

ਖੇਡੀ ਚੱਲ ਕੀ ਹੋ ਗਿਆ। ਮਾਸਟਰ ਨੇ ਬੈਠਦਿਆਂ ਕਿਹਾ।

'ਨਹੀਂ... ਮਾਸਟਰ ਜੀ! ਸ਼ਾਮ ਨੂੰ ਧਾਰਾਂ ਨਹੀਂ ਕੱਢਣੀਆਂ? ਫਿਰ ਡੇਅਰੀ ਕੀ ਪਾਊਂਗਾ।' ਸ਼ਿੰਗਾਰਾ ਵਪਾਰੀ ਬਣਦਾ ਬੋਲਿਆ।

ਡੇਅਰੀ ਪਾਉਣ ਜਾਂਦਾ ਵਾ ਦੁੱਧ...ਘਰਾਂ ਵਾਲਿਆਂ ਨੂੰ ਵੇਚ ਛੱਡਿਆ ਕਰ। ਮੱਲ ਬਾਬੇ ਨੇ ਕਿਹਾ...

ਬਾਬਾ! ਘਰਾਂ ਵਾਲ਼ੇ ਨਖ਼ਰੇ ਬਹੁਤ ਜ਼ਿਆਦਾ ਕਰਦੇ ਹਨ ਤੇ ਪੈਸੇ ਦੇਣ ਲੱਗੇ ਦੁੱਧ ਵਿਚ ਨਗੋਚਾਂ ਕੱਢਣ ਲੱਗ ਜਾਂਦੇ ਹਨ। ਸ਼ਿੰਗਾਰੇ ਨੇ ਲੋਕਾਂ ਦੇ ਵਰਤਾਰੇ ਦੀ ਗੱਲ ਸੁਣਾਉਂਦਿਆਂ ਕਿਹਾ।

ਲੋਕਾਂ ਦਾ ਵੀ ਸਰਿਆ ਪਿਆ। ਨਾ ਕੋਈ ਮੱਝ ਰੱਖ ਕੇ ਰਾਜ਼ੀ ਤੇ ਨਾ ਦੁੱਧ ਦਾ ਭਾਅ ਦੇ ਕੇ ਤੇ ਦੁੱਧ ਭਾਲਦੇ ਨੇ ਪੂਰਾ ਖਾਲਸ... ਬਾਬਾ ਜਗੀਰ ਵੀ ਸ਼ਿੰਗਾਰੇ ਦੇ ਹੱਕ ਵਿਚ ਵੋਟ ਪਾ ਗਿਆ।

ਲੋਕ ਉਂਝ ਹੀ ਸਿਆਣੇ ਬਹੁਤੇ ਹੋ ਗਏ ਨੇ...ਮੱਝ ਦੇ ਮੁੱਲ ਦਾ ਤੇ ਖ਼ਰਚੇ ਦਾ ਹਿਸਾਬ ਲਾਉਣ ਲੱਗ ਪਏ ਨੇ। ਉਨ੍ਹਾਂ ਨੂੰ ਲੱਗਦਾ ਵੀ ਦੁੱਧ ਮੁੱਲ ਲਿਆ ਹੀ ਚੰਗਾ ਹੈ। ਮਾਸਟਰ ਨੇ ਲੋਕਾਂ ਦੇ ਹਿਸਾਬ-ਕਿਤਾਬ ਦੀ ਗੱਲ ਸੁਣਾਉਂਦਿਆਂ ਕਿਹਾ।

ਡੇਅਰੀ ਵਿਚ ਦੁੱਧ ਪਾਉਣ ਵਾਲੇ ਦਸ ਬੰਦੇ ਹੁੰਦੇ ਨੇ ਤੇ ਦੁੱਧ ਲੈਣ ਵਾਲੇ ਤੀਹ ਖੜ੍ਹੇ ਹੁੰਦੇ ਨੇ... ਸ਼ਿੰਗਾਰੇ ਨੇ ਦੱਸਿਆ।

ਲੋਕਾਂ ਨੇ ਕੁੱਤੇ ਰੱਖ ਲਏ ਨੇ ਤੇ ਪਸ਼ੂ ਘਰੋਂ ਕੱਢ ਦਿੱਤੇ ਨੇ। ਜਵਾਕਾਂ ਦੇ ਚਿਤੜਾਂ ਨੂੰ ਡੈਪਰ ਲਾ ਦਿੱਤੇ ਨੇ ਤੇ ਕੁੱਤਿਆਂ ਦਾ ਗੰਦ ਹੱਥੀਂ ਚੁੱਕਦੇ ਨੇ। ਪਹਿਲੀਆਂ ਮਾਵਾਂ ਜਵਾਕ ਦੇ ਪੋਤੜੇ ਹੱਥੀਂ ਧੋਂਦੀਆਂ ਸਨ। ਜਿਸ ਨਾਲ ਮਾਂ ਤੇ ਬੱਚੇ ਦਾ ਮੋਹ ਵਧਦਾ ਸੀ। ਹੁਣ ਤਾਂ ਮੁੱਲ ਦੇ ਪੋਤੜਿਆਂ ਨੇ ਬੰਦੇ ਦਾ ਦਿਵਾਲਾ ਕੱਢ ਕੇ ਰੱਖ ਦਿੱਤਾ। ਹੁਣ ਦੀਆਂ ਤਾਂ ਕੁੱਤੇ ਦੇ ਨਾਲ ਲਾਡੀਆਂ ਕਰਨਗੀਆਂ ਤੇ ਬੰਦੇ ਨੂੰ ਟੁੱਟ ਕੇ ਪੈਂਦੀਆਂ ਨੇ...ਲੱਗਦਾ ਸੀ ਕਿ ਮਾਸਟਰ ਨੇ ਸ਼ਾਇਦ ਆਪਣੇ ਘਰ ਦਾ ਹਾਲ ਸੁਣਾਇਆ ਸੀ।

ਸ਼ਿੰਗਾਰਾ ਉੱਠ ਕੇ ਘਰ ਨੂੰ ਤੁਰ ਗਿਆ ਤੇ ਮਾਸਟਰ ਨੇ ਉਸ ਦੀ ਥਾਂ ਮੱਲ ਲਈ।

ਮਾਸਟਰਾ! ਤੂੰ ਕੀ ਆਖਦਾ ਸੀ ਭਲਾ? ਮੱਲ ਸਿਓਂ ਨੇ ਸਾਫ਼ੇ ਦਾ ਲੜ ਠੀਕ ਕਰਦਿਆਂ ਮਾਸਟਰ ਦੀ ਟੁੱਟੀ ਗੱਲ ਨੂੰ ਜੋੜਦਿਆਂ ਪੁੱਛਿਆ।

ਤਾਇਆ ਜੀ! ਪਹਿਲਾਂ ਤਾਂ ਰਾਜਨੀਤਕ ਪਾਰਟੀਆਂ ਨੇ ਪਿੰਡਾਂ ਵਿਚ ਧੜੇਬਾਜ਼ੀ ਬਣਾ ਦਿੱਤੀ, ਹੁਣ ਕਿਸਾਨ ਜਥੇਬੰਦੀਆਂ ਨੇ, ਤੇ ਸਰਪੰਚਾਂ ਦੀ ਚੋਣ ਨੇ ਆਪਣੀ ਵੱਖਰੀ ਖਿਚੋਤਾਣ ਅਰੰਭ ਦਿੱਤੀ ਹੈ। ਟੂਰਨਾਮੈਂਟਾਂ ਵਾਲੀਆਂ ਪਾਰਟੀਆਂ ਉਹ ਵੱਖੋ-ਵੱਖਰੀਆਂ ਚੱਲ ਰਹੀਆਂ ਹਨ। ਪਿੰਡ ਦਾ ਕੱਲਾ-ਕੱਲਾ ਘਰ ਪਾਰਟੀ ਬਣਿਆ ਹੋਇਆ ਹੈ। ਮਾਸਟਰ ਨੇ ਤਾਸ਼ ਦੀ ਬਾਜ਼ੀ ਅਰੰਭ ਕਰਦਿਆਂ ਗੱਲ ਮੁਕਾ ਦਿੱਤੀ।

ਚੱਲ ਹੁਣ ਬੁੜੇ ਨੂੰ ਉਡੀਕਦਾ ਆਂ... ਸੋਚੀ ਪਏ ਫੌਜੀ ਨੂੰ ਮਾਸਟਰ ਨੇ ਕਿਹਾ। ਇਨ੍ਹਾਂ ਦਾ ਇਸ ਤਰ੍ਹਾਂ ਦਾ ਮਜ਼ਾਕ ਚੱਲਦਾ ਹੀ ਰਹਿੰਦਾ ਸੀ।

ਆਹ ਚੱਕ ਫੌਜੀ ਨੇ ਦਹਿਲੇ 'ਤੇ ਗੋਲਾ ਮਾਰ ਕੇ ਸਾਰ ਕੁੱਟਦਿਆਂ ਕਿਹਾ।

ਸੁਣਿਆ ਕਿ ਵਿਹੜੇ ਵਾਲਾ ਤਾਰਾ ਚੜ੍ਹਾਈ ਕਰ ਗਿਆ। ਦਰਸ਼ੀ ਰਾਜੇ ਨੇ ਆਉਂਦਿਆਂ ਕਿਹਾ।

ਆਹੋ! ਵਿਚਾਰਾ ਬਿਮਾਰ ਸੀ... ਕਿਸੇ ਨੇ ਸਾਰ ਨਹੀਂ ਲਈ। ਤਿੰਨ ਨਿਆਣੇ ਨੇ ਛੋਟੇ ਛੋਟੇ...ਮੱਲ ਬਾਬੇ ਨੇ ਕਿਹਾ।

ਇੱਕ ਦਿਨ ਗਹੌਰੀਏ ਡਾਕਟਰ ਦੇ ਬੈਠਾ ਸੀ ਵਿਚਾਰੇ ਕੋਲ ਟੀਕਾ ਲਵਾਉਣ ਜੋਗੇ ਰੁਪਈਏ ਨਹੀਂ ਸਨ। ਡਾਕਟਰ ਵਿਚਾਰਾ ਕਿੰਨੇ ਕੁ ਟੀਕੇ ਮੁਫ਼ਤ ਵਿਚ ਲਾ ਦਿੰਦਾ। ਫਿਰ ਮੈਂ ਪੰਜਾਹ ਰੁਪਈਏ ਦਿੱਤੇ ਤੇ ਟੀਕਾ ਲਵਾਇਆ ਭਾਗ ਸਿਓਂ ਨੇ ਕਿਹਾ।

ਆਹੀ ਗੱਲੋਂ ਤਾਂ ਕਹਿੰਦੇ ਆ ਵੀ... ਭਾਈ! ਪਹਿਲਾਂ ਆਪਣੇ ਪਿੰਡ ਵਿਚ ਹੀ ਝਾਤੀ ਮਾਰ ਲਵੋ। ਪਤਾ ਕਰੋ ਕਿਸ ਨੂੰ ਬਿਮਾਰੀ ਦਾ ਇਲਾਜ ਚਾਹੀਦਾ, ਕਿਸ ਨੂੰ ਘਰ ਦਾ ਰਾਸ਼ਨ ਚਾਹੀਦਾ, ਕਿਹੜੇ ਬੱਚੇ ਨੂੰ ਸਕੂਲ ਦੀ ਫ਼ੀਸ ਚਾਹੀਦੀ ਹੈ। ਆਪਣੇ ਤਾਂ ਪਿੰਡ ਹੀ ਇਸ ਸੇਵਾ ਦਾ ਲੰਗਰ ਲਾਉਣਾ ਜ਼ਰੂਰੀ ਹੈ। ਆਪਣੇ ਤਾਂ ਨਿਆਣੇ ਕਿੰਨੇ ਬਾਹਰਲੇ ਦੇਸ਼ਾਂ ਵਿਚ ਹਨ। ਉਨ੍ਹਾਂ ਦਾ ਸਹਿਯੋਗ ਲਵੋ ਤੇ ਪਿੰਡ ਵਿਚ ਦੁਖੀ, ਗਰੀਬ ਤੇ ਮਜ਼ਲੂਮਾਂ ਦੀ ਬਾਂਹ ਫੜੋ। ਪਾਰਟੀਬਾਜ਼ੀ ਤੋਂ ਹਟ ਕੇ ਕਮਾਂਡ ਨੌਜਵਾਨਾਂ ਦੇ ਹੱਥ ਵਿਚ ਸੰਭਾਲੋ ਤੇ ਬੱਸ ਆਪੇ ਬੱਲੇ-ਬੱਲੇ ਹੋ ਜਾਣੀ ਆ। ਬਾਬਾ ਜਗੀਰ ਗੱਲ ਸਿਰੇ ਲਾਉਂਦਾ ਹੋਇਆ ਬੋਲਿਆ।

ਲੈ ਫਿਰ ਅੱਜ ਹੀ ਜੱਗੀ ਤੇ ਰਮਨੇ ਨੂੰ ਕਨੇਡਾ ਫੋਨ ਲਾਉਂਦੇ ਆਂ ਤੇ ਅਮਰੀਕਾ ਦੀ ਸੰਗਤ ਤੋਂ ਸਲਾਹ ਲੈ ਕੇ ਇਹ ਸੇਵਾ ਦਾ ਕਾਰਜ ਸ਼ੁਰੂ ਕਰਾਂਗੇ। ਮਾਸਟਰ ਨੇ ਪੱਤੇ ਵੰਡਦਿਆਂ ਕਿਹਾ।

ਮਾਸਟਰਾ! ਆਹ ਸਿਰੇ 'ਤੇ ਆ ਕੇ ਮੋਦੀ ਹੀ ਬਣ ਗਿਆ। ਜਿਵੇਂ ਉਹ ਟਰੰਪ ਬਾਈ ਤੋਂ ਸਲਾਹ ਲੈਂਦਾ ਹੁੰਦਾ ਹੈ ਤੇ ਤੈਂ ਵੀ ਅਮਰੀਕਾ ਵਾਲੀ ਸੰਗਤ ਤੋਂ ਸਲਾਹ ਦੀ ਗੱਲ ਆਖੀ। ਫੌਜੀ ਨੇ ਸਿਰ ਚੜ੍ਹੀ ਬਾਜ਼ੀ ਉਤਾਰਦਿਆਂ ਕਿਹਾ ਤੇ ਸਾਰੇ ਹੱਸਣ ਲੱਗ ਪਏ।

ਭਾਈ! ਸਰਪੰਚ ਦੇਸ਼ ਹੈ ਸਲਾਹ ਤਾਂ ਫਿਰ ਬਣਦੀ ਹੀ ਹੈ। ਮਾਸਟਰ ਨੇ ਪੱਤੇ ਇਕੱਠੇ ਕਰਕੇ ਡੱਬੀ ਵਿਚ ਪਾ ਦਿੱਤੇ ਤੇ ਢਾਣੀ ਘਰਾਂ ਨੂੰ ਤੁਰ ਪਈ। ਰੱਬ ਰਾਖਾ।

---

*(ਪਿਛਲੇ ਸਫੇ ਦਾ ਬਾਕੀ)*

ਕਿਤਨੇ ਪੰਜਾਬੀ ਅਧਿਆਪਕ ਉਪਲਬਧ ਹਨ। ਇਸ ਉਦਾਸੀਨਤਾ ਦੇ ਕਾਰਨ ਹੀ ਗੁਰਮੁਖੀ ਜਾਨਣ, ਬੋਲਣ ਵਾਲਿਆਂ ਦੀ ਗਿਣਤੀ ਨਿਰੰਤਰ ਘੱਟਦੀ ਜਾ ਰਹੀ ਹੈ। ਜਿਸ ਨੂੰ ਗੁਰਮੁਖੀ ਦਾ ਗਿਆਨ ਨਹੀਂ, ਉਹ ਗੁਰਬਾਣੀ ਨਾਲ ਕਿਵੇਂ ਜੁੜੇਗਾ ਤੇ ਕਿਵੇਂ ਗੁਰਸਿੱਖੀ ਧਾਰਨ ਕਰੇਗਾ। ਹਿਤ-ਮਰਿਆਦਾ ਵਿਚ ਹੋਰ ਵਿਦਿਆ ਪੜ੍ਹਨ ਦੀ ਵੀ ਲੋੜ ਦੱਸੀ ਗਈ ਹੈ। ਭਾਵ ਪੰਜਾਬੀ ਦੇ ਨਾਲ ਹੋਰ ਭਾਸ਼ਾਵਾਂ, ਹੋਰਨਾਂ ਭਾਸ਼ਾਵਾਂ ਦੇ ਗ੍ਰੰਥਾਂ ਦਾ ਗਿਆਨ, ਜੀਵਨ ਸੁਖਦ ਬਣਾਉਣ ਵਾਲੀ ਵਿਦਿਆ ਦੀ ਪ੍ਰਾਪਤੀ ਵੀ ਸ਼ਾਮਿਲ ਮੰਨੀ ਜਾ ਸਕਦੀ ਹੈ, ਤਾਂ ਜੋ ਸਿੱਖ ਕੌਮ ਸੰਸਾਰਕ ਸੰਦਰਭਾਂ, ਲੋੜਾਂ ਅਨੁਸਾਰ ਅਗਾਂਹ-ਵੱਧੂ ਕੌਮ ਬਣ ਸਕੇ। ਵਿਦਿਆ ਮਨੁੱਖ ਅੰਦਰ ਗੁਣਾਂ ਨੂੰ ਜਨਮ ਦਿੰਦੀ ਹੈ ਨਾਲ ਹੀ ਇੱਕ ਚੇਤਨਾ ਪੈਦਾ ਕਰਦੀ ਹੈ ਜਿਸ ਨਾਲ ਮਨੁੱਖ ਵਰਤਮਾਨ ਅਤੇ ਭਵਿੱਖ ਦੀਆਂ ਚੁਣੌਤੀਆਂ ਨੂੰ ਸਮਝ ਕੇ ਨਜਿੱਠਣ ਲਈ ਆਪਣੇ ਆਪ ਨੂੰ ਤਿਆਰ ਕਰਦਾ ਹੈ। ਰਹਿਤ-ਮਰਿਆਦਾ ਦਾ ਇਹ ਬਿੰਦੂ ਸਿੱਖ ਸਮਾਜ ਨੂੰ ਇੱਕ ਜਾਗ੍ਰਤ ਸਮਾਜ ਦੇ ਰੂਪ ਵਿਚ ਤਿਆਰ ਕਰਨ ਦਾ ਆਧਾਰ ਬਣਦਾ ਹੈ। ਅੱਜ ਵਿਸ਼ਵ ਭਰ ਵਿਚ ਵਿਦਿਅਕ ਅਦਾਰੇ ਵਪਾਰਕ ਅਦਾਰੇ ਬਣ ਕੇ ਰਹਿ ਗਏ ਹਨ। ਪੰਥਕ ਪੱਧਰ 'ਤੇ ਇਹ ਸੰਭਵ ਨਹੀਂ ਕਿ ਵਿਦਿਅਕ ਅਦਾਰੇ ਵਪਾਰਕ ਸੋਚ ਨਾਲ ਚਲਾਏ ਜਾਣ। ਇਸ ਦਾ ਵਿਕਲਪ ਹੈ ਵਿਦਿਆ ਪ੍ਰਤੀ ਵਿਆਪਕ ਚੇਤਨਾ ਪੈਦਾ ਕਰਨਾ ਅਤੇ ਅਕਾਦਮਿਕ, ਆਰਥਿਕ ਸਹਿਯੋਗ ਕਰਨਾ। ਇਸ ਬਾਰੇ ਸੋਚਿਆ ਹੀ ਨਹੀਂ ਜਾ ਰਿਹਾ। ਇਸ ਦਾ ਹੀ ਨਤੀਜਾ ਹੈ ਕਿ ਬਾਹਰ ਦੇ ਦੇਸ਼ਾਂ ਵਿਚ ਸਿੱਖਾਂ ਨੂੰ ਸ਼ਰੀਰਕ ਮਸ਼ੱਕਤ ਕਰਨ ਵਾਲੀ ਕੌਮ ਮੰਨ ਲਿਆ ਗਿਆ ਹੈ।

ਗੁਰਸਿੱਖੀ ਵਿਦਿਆ: ਇਹ ਅਜਿਹਾ ਸ਼ਬਦ ਹੈ ਜੋ ਸ਼ਾਇਦ ਹੀ ਕਿਸੇ ਸਿੱਖ ਆਗੂ, ਪ੍ਰਚਾਰਕ, ਪ੍ਰਬੰਧਕ ਦੇ ਮੁਖ 'ਤੇ ਆਉਂਦਾ ਹੋਵੇ। ਸਿੱਖ ਰਹਿਤ-ਮਰਯਾਦਾ ਵਿਚ ਵਰਤੇ 'ਗੁਰਸਿੱਖੀ ਦੀ ਵਿਦਿਆ' ਸ਼ਬਦ ਤੋਂ ਸਪਸ਼ਟ ਭਾਵ ਉਭਰਦਾ ਹੈ ਕਿ ਅਜਿਹੀ ਵਿਦਿਆ, ਅਜਿਹਾ ਕੋਰਸ ਜੋ ਵਿਦਿਆਰਥੀ ਨੂੰ ਗੁਰਸਿੱਖੀ ਦਾ ਪੂਰਨ ਗਿਆਨ ਦੇ ਸਕੇ। ਅੱਜ ਮਾਤਾ-ਪਿਤਾ ਦੀ ਚਿੰਤਾ ਸਕੂਲ, ਕਾਲਜ ਦੀ ਵਿਦਿਆ ਹੈ ਕਿ ਸ੍ਰੇਸ਼ਟ ਵਿਦਿਅਕ ਅਦਾਰਾ ਹੋਵੇ, ਬੱਚੇ ਦਾ ਰਿਜਲਟ ਚੰਗਾ ਆਵੇ। 'ਗੁਰਸਿੱਖੀ ਵਿਦਿਆ' ਨਾਮ ਦਾ ਸ਼ਬਦ ਹੀ ਚੇਤੇ ਨਹੀਂ ਆਉਂਦਾ। ਕਿਉਂਕਿ ਅਜਿਹਾ ਕੋਈ ਫਾਰਮੇਟ ਪੰਥਕ ਪੱਧਰ 'ਤੇ ਅੱਜ ਤੱਕ ਤਿਆਰ ਹੀ ਨਹੀਂ ਕੀਤਾ ਗਿਆ। ਸਿੱਖ ਅਧਿਐਨ ਦੇ ਨਾਮ 'ਤੇ ਕੁੱਝ ਪੋਸਟਲ ਕੋਰਸ ਜਰੂਰ ਹਨ ਜੋ ਸੰਖੇਪ ਗੁਰ ਇਤਿਹਾਸ, ਸਿੱਖ ਇਤਿਹਾਸ ਤੱਕ ਹੀ ਸੀਮਤ ਹਨ। ਇਨ੍ਹਾਂ ਕੋਰਸਾਂ ਪ੍ਰਤੀ ਕੋਈ ਖਾਸ ਰੁਚੀ ਪੈਦਾ ਨਹੀਂ ਕੀਤੀ ਜਾ ਸਕੀ। ਇੱਕ ਜਾਂ ਦੋ ਸਾਲ ਦੇ ਇਹ ਕੋਰਸ ਵਿਦਿਆਰਥੀ ਦੀ ਉਮਰ, ਯੋਗਤਾ, ਲੋੜ ਅਨੁਸਾਰ ਵਿਗਿਆਨਕ ਢੰਗ ਨਾਲ ਤਿਆਰ ਨਾ ਕਰ ਕੇ ਆਪਣੀ ਸੋਚ ਅਨੁਸਾਰ ਬਣਾ ਦਿੱਤੇ ਗਏ ਹਨ। ਗੁਰਸਿੱਖੀ ਵਿਦਿਆ ਨੂੰ ਜੇ ਰਹਿਤ-ਮਰਿਆਦਾ ਦਾ ਅੰਗ ਬਣਾਇਆ ਗਿਆ ਹੈ ਤਾਂ ਇਸ ਦੇ ਪਿੱਛੇ ਜਰੂਰ ਗੰਭੀਰ ਸੋਚ ਰਹੀ ਹੋਵੇਗੀ ਕਿ ਬਹੁ-ਰੰਗੀ ਸੰਸਾਰ ਵਿਚ ਵਿਚਰਦਿਆਂ ਆਪਣੇ ਸਿਧਾਂਤਾਂ ਅਤੇ ਵਿਵਹਾਰ 'ਤੇ ਪਰਿਪੱਕ ਸਿੱਖ ਤਿਆਰ ਕੀਤੇ ਜਾਣ। ਗੁਰਸਿੱਖੀ ਵਿਦਿਆ ਮਾਤਰ ਇਤਿਹਾਸ, ਸਿਧਾਂਤਕ ਪੱਖ ਨਹੀਂ- ਭਾਵਨਾ, ਸੰਕਲਪ ਤੇ ਵਿਵਹਾਰ ਵੀ ਹੈ। ਗੁਰਬਾਣੀ ਤੋਂ ਕੀ ਅਤੇ ਕਿਵੇਂ ਪ੍ਰੇਰਣਾ ਲੈਣੀ ਹੈ, ਕਿਵੇਂ ਔਖੀਆਂ ਸਥਿਤੀਆਂ ਵਿਚ ਵੀ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਣਾ ਹੈ। ਘਰ ਅੰਦਰ, ਗੁਰਦੁਆਰੇ ਵਿਚ, ਸਮਾਜ ਅੰਦਰ ਕਿਵੇਂ ਗੁਰੂ ਨਾਨਕ ਦੇ ਸੁਭਾਗਸ਼ਾਲੀ ਸਿੱਖ ਜਿਹਾ ਵਿਵਹਾਰ ਕਰਨਾ ਹੈ, ਗੁਰਸਿੱਖੀ ਪ੍ਰਤੀ ਸ਼ੰਕਾਵਾਂ ਦਾ ਕਿਵੇਂ ਨਿਦਾਨ ਕਰਨਾ ਹੈ, ਦੀ ਵਿਦਿਆ ਇੱਕ-ਦੋ ਸਾਲ ਦੇ ਪੋਸਟਲ ਕੋਰਸਾਂ ਦੇ ਵੱਸ ਦਾ ਵਿਸ਼ਾ ਨਹੀਂ ਹੈ। ਅਜਿਹੀ ਕੋਈ ਵਿਵਸਥਾ ਬਣਾਈ ਹੀ ਨਹੀਂ ਜਾ ਸਕੀ ਕਿ ਸਿੱਖ ਪੀੜ੍ਹੀਆਂ ਗੁਰਸਿੱਖੀ ਤੋਂ ਅਕਾਦਮਿਕ ਤੌਰ 'ਤੇ ਜਾਣੂੰ ਹੋ ਸਕਣ। ਇਸ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਵਰਤਮਾਨ ਪੀੜ੍ਹੀਆਂ ਹੀ ਗੁਰਸਿੱਖੀ ਦੇ ਗਿਆਨ ਤੋਂ ਵਾਂਝੀਆਂ ਹਨ, ਉਨ੍ਹਾਂ ਕੋਲੋਂ ਅਗਲੀਆਂ ਪੀੜ੍ਹੀਆਂ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਦਸ ਗੁਰੂ ਸਾਹਿਬਾਨ, ਚਾਰ ਸਾਹਿਬਜਾਦਿਆਂ, ਪੰਜ ਪਿਆਰਿਆਂ ਦੇ ਨਾਮ ਯਾਦ ਕਰ ਦੇਣਾ, ਨਿਤਨੇਮ ਦੀਆਂ ਬਾਣੀਆਂ ਕੰਠ ਕਰਾ ਦੇਣਾ, ਕੁੱਝ ਪ੍ਰਚਲਿਤ ਸਾਖੀਆਂ ਸੁਣਾ ਦੇਣਾ ਗੁਰਸਿੱਖੀ ਦੀ ਵਿਦਿਆ ਨਹੀਂ, ਗੁਰਸਿੱਖੀ ਦਾ ਕਕਹਿਰਾ ਹੈ।

ਆਪਣੀ ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣਾ ਰਹਿਤ ਮਰਿਆਦਾ ਅਨੁਸਾਰ ਫਰਜ਼ ਦੱਸਿਆ ਗਿਆ ਹੈ। ਇਸ ਫਰਜ਼ ਨੂੰ ਨਿਭਾਉਣ ਵਿਚ ਸੰਸਥਾਗਤ ਅਤੇ ਵਿਅਕਤੀਗਤ-ਦੋਹਾਂ ਹੀ ਪੱਧਰ 'ਤੇ ਨਾਕਾਮੀ ਵਿਖਾਈ ਦਿੰਦੀ ਹੈ। ਜੇ ਪੰਥ ਕੋਲ ਪਰਿਪੱਕ ਸਿੱਖ ਤਿਆਰ ਦੀ ਕੋਈ ਯੋਜਨਾ ਹੀ ਨਹੀਂ, ਤਾਂ ਅਸੀਂ ਕਿਸ ਤੋਂ ਪੰਥ ਦੇ ਹਿੱਤਾਂ ਦੀ ਆਸ ਕਰ ਸਕਦੇ ਹਾਂ। ਸਥਿਤੀ ਤਾਂ ਹੋਰ ਬਿਖਮ ਹੋਣ ਵਾਲੀ ਹੈ। ਜਿਸ ਦਰ ਨਾਲ ਸਿੱਖ ਪਰਿਵਾਰ ਬਾਹਰ ਦੇਸ਼ਾਂ ਵੱਲ ਰੁਝਾਨ ਕਰ ਰਹੇ ਹਨ, ਗੁਰਸਿੱਖੀ ਦੀ ਵਿਦਿਆ ਦਾ ਵਿਚਾਰ ਕਿਤਾਬੀ ਹੀ ਬਣ ਕੇ ਰਹਿ ਜਾਣ ਵਾਲਾ ਲੱਗਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਗੱਦੀ 'ਤੇ ਆਸੀਨ ਕਰਨ ਤੋਂ ਬਾਅਦ ਤਾਂ ਸਿੱਖ ਕੌਮ ਨੂੰ ਸੰਸਾਰ ਦੀ ਸੱਭ ਤੋਂ ਵਿਦਿਅਕ ਕੌਮ ਦੇ ਰੂਪ ਵਿਚ ਉਭਰਨਾ ਚਾਹੀਦਾ ਸੀ। ਸ਼ਬਦ ਗੁਰੂ ਅੱਗੇ ਨਿੱਤ ਸੀਸ ਨਿਵਾਉਣ ਵਾਲਾ, ਨਿੱਤ ਗਿਆਨ ਅੰਮ੍ਰਿਤ ਨਾਲ ਭਰਪੂਰ ਗੁਰਬਾਣੀ ਸੁਣਨ-ਪੜ੍ਹਨ ਵਾਲਾ ਸਿੱਖ ਤਾਂ ਪੂਰਨ ਵਿਦਵਾਨ ਹੋਣਾ ਚਾਹੀਦਾ ਸੀ। ਰਹਿਤ-ਮਰਿਆਦਾ ਵੀ ਇਹੋ ਸੀ। ਵਿਚਾਰਨ ਦੀ ਲੋੜ ਹੈ ਕਿ ਸਾਡੀ ਉਦਾਸੀਨਤਾ ਕਿੱਧਰ ਲੈ ਜਾ ਰਹੀ ਹੈ।

# ਪੰਜਾਬ ਅਤੇ ਦਿੱਲੀ ਦਾ ਇੱਟ-ਖੜੱਕਾ, ਖੇਤਰੀ ਅਣਖ ਤੇ ਹੋਂਦ ਦੀ ਲੜਾਈ

ਪੰਜਾਬ ਇਸ ਸਮੇਂ ਤਪਿਆ ਪਿਆ ਹੈ। 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੀਆਂ ਸਿਆਸੀ ਸਰਗਰਮੀਆਂ ਤੋਂ ਵੀ ਵੱਧ ਪੰਜਾਬ ਦੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ, ਬੇਰੁਜ਼ਗਾਰਾਂ ਦਾ ਸੰਘਰਸ਼ ਉਸ ਕਹਾਵਤ ਨੂੰ ਯਾਦ ਕਰਾਉਂਦਾ ਹੈ- 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਘਰ ਆਏ ਤਾਂ ਰਾਤਾਂ ਅੱਧੀਆਂ।'

ਪੰਜਾਬ ਦੇ ਇਹ ਦਿਨ ਰੋਜ਼ਾਨਾ ਦੇ ਸੰਘਰਸ਼, ਮੁਸ਼ਕਲਾਂ ਅਤੇ ਚੁਣੌਤੀਆਂ ਨਾਲ ਭਰੇ ਹੋਏ ਹਨ। ਪੰਜਾਬ ਸਰਕਾਰ ਅਤੇ ਉਸ ਦਾ ਸਰਕਾਰੀ ਪਰਿਵਾਰ (ਪੰਜਾਬ ਦੇ ਮੁਲਾਜ਼ਮ) ਇੱਕ ਦੂਜੇ ਦੇ ਆਹਮੋ-ਸਾਹਮਣੇ ਖੜ੍ਹੇ ਹਨ। ਜਿਵੇਂ ਪੰਜਾਬੀਆਂ ਦਾ ਦਿੱਲੀ ਨਾਲ ਇੱਟ-ਖੜੱਕਾ ਮਸ਼ਹੂਰ ਹੈ, ਉਵੇਂ ਹੀ ਪੰਜਾਬ ਦੇ ਮੁਲਾਜ਼ਮਾਂ ਦੀ ਪੰਜਾਬ ਸਰਕਾਰ ਨਾਲ ਲੜਾਈ ਮਸ਼ਹੂਰ ਹੋ ਗਈ ਹੈ। ਪਹਿਲਾਂ ਧਰਨੇ-ਹੜਤਾਲਾਂ, ਫਿਰ ਕਾਨੂੰਨੀ ਲੜਾਈ ਅਤੇ ਫਿਰ ਸਰਕਾਰ ਨਾਲ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਸਿੱਧੀ ਟੱਕਰ! ਗੱਲ ਕਿੱਥੇ ਨਿਬੜੇਗੀ, ਕੁਝ ਪਤਾ ਨਹੀਂ, ਪਰ ਇਸ ਵੇਲੇ ਦੋਹੀਂ ਦਲੀ ਮੁਕਾਬਲਾ ਚਰਚਾ ਵਿਚ ਹੈ।

ਆਖਰ ਸਰਕਾਰੀ ਮੁਲਾਜ਼ਮਾਂ ਦੀਆਂ ਮੰਗਾਂ ਹਨ ਕਿਹੜੀਆਂ, ਜਿਨ੍ਹਾਂ ਲਈ ਉਨ੍ਹਾਂ ਨੂੰ ਸੜਕਾਂ 'ਤੇ ਰੁਲਣਾ ਪੈ ਰਿਹਾ ਹੈ? ਪੰਜਾਬ ਦੇ ਮੁਲਾਜ਼ਮ 18 ਫੀਸਦੀ ਮਹਿੰਗਾਈ ਭੱਤੇ ਦੀ ਬਕਾਇਆ ਕਿਸ਼ਤ, ਪੁਰਾਣੀ ਪੈਨਸ਼ਨ ਸਕੀਮ ਦੀ ਪੂਰਨ ਬਹਾਲੀ, ਹਜ਼ਾਰਾਂ ਕੱਚੇ ਤੇ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਪੇਅ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਪਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਦੇਣ, ਆਸ਼ਾ ਵਰਕਰਾਂ, ਮਿਡ-ਡੇ-ਮੀਲ ਅਤੇ ਆਂਗਣਵਾੜੀ ਵਰਕਰਾਂ ਲਈ ਘੱਟੋ-ਘੱਟ ਉਜਰਤਾਂ ਤੈਅ ਕਰਨ ਅਤੇ ਵੱਖ-ਵੱਖ ਮਹਿਕਮਿਆਂ ਵਿਚ ਅੰਦਰੂਨੀ ਤਰੱਕੀਆਂ ਦੇ ਨਾਲ-ਨਾਲ ਸਰਵਿਸ ਰੂਲਜ਼ ਵਿਚ ਸੁਧਾਰ ਲਈ ਸਰਕਾਰ ਤੋਂ ਲਗਾਤਾਰ ਮੰਗ ਕਰ ਰਹੇ ਹਨ। ਜਿਨ੍ਹਾਂ ਲਈ ਵਾਅਦਾ ਆਮ ਆਦਮੀ ਪਾਰਟੀ ਨੇ ਹਕੂਮਤ ਸੰਭਾਲਣ ਤੋਂ ਪਹਿਲਾਂ ਆਪਣੇ ਮੁਲਾਜ਼ਮਾਂ ਨਾਲ ਕੀਤਾ ਸੀ।

ਦੂਜੇ ਪਾਸੇ, ਸਰਕਾਰ ਦਾ ਤਰਕ ਹੈ ਕਿ ਪੰਜਾਬ ਦੇ ਮੁਲਾਜ਼ਮ ਪਹਿਲਾਂ ਹੀ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਤੋਂ ਵੱਧ ਤਨਖਾਹਾਂ ਲੈ ਰਹੇ ਹਨ। ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਦੀ ਆਰਥਿਕ ਹਾਲਤ ਠੀਕ ਨਹੀਂ ਹੈ ਅਤੇ ਕੁੱਲ ਸਰਕਾਰੀ ਆਮਦਨ ਦਾ ਲਗਭਗ 51 ਫੀਸਦੀ ਹਿੱਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ 'ਤੇ ਹੀ ਖਰਚ ਹੋ ਜਾਂਦਾ ਹੈ। ਜਦਕਿ ਮੁਲਾਜ਼ਮਾਂ ਦਾ ਪਲਟਵਾਂ ਦੋਸ਼ ਹੈ ਕਿ ਸਰਕਾਰੀ ਖਜ਼ਾਨਾ ਇਸ਼ਤਿਹਾਰਬਾਜ਼ੀ ਅਤੇ ਫਜ਼ੂਲਖਰਚੀ 'ਤੇ ਅੰਨ੍ਹੇਵਾਹ ਰੋੜ੍ਹਿਆ ਜਾ ਰਿਹਾ ਹੈ। ਪੰਜਾਬ ਵਿਚ ਮਹਿੰਗਾਈ ਅਸਮਾਨੀਂ ਛੂਹ ਰਹੀ ਹੈ, ਇਸ ਲਈ ਮਹਿੰਗਾਈ ਭੱਤਾ ਲੈਣਾ ਮੁਲਾਜ਼ਮਾਂ ਦਾ ਸੰਵਿਧਾਨਕ ਹੱਕ ਹੈ, ਕੋਈ ਖੈਰਾਤ ਨਹੀਂ।

ਮੌਜੂਦਾ ਸਰਕਾਰ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਹਮਦਰਦੀ ਨਾਲ ਸੁਣਨ ਦੀ ਬਜਾਏ ਥਾਂ-ਥਾਂ 'ਤੇ ਲਾਠੀਚਾਰਜ ਕਰਕੇ, ਪਾਣੀ ਦੀਆਂ ਬੋਛਾਰਾਂ ਮਾਰ ਕੇ ਅਤੇ ਪਰਚੇ ਦਰਜ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦੱਬਣ ਦੇ ਰਸਤੇ 'ਤੇ ਪਈ ਹੋਈ ਹੈ। ਇਹੋ ਜਿਹਾ ਹੀ ਤਾਨਾਸ਼ਾਹੀ ਵਤੀਰਾ ਪਿਛਲੇ ਦਿਨਾਂ ਵਿਚ ਆਪਣੀਆਂ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਨੌਜਵਾਨਾਂ, ਕੱਚੇ ਅਧਿਆਪਕਾਂ ਅਤੇ ਕਿਸਾਨਾਂ ਨਾਲ ਵੀ ਵੱਖ-ਵੱਖ ਥਾਵਾਂ 'ਤੇ ਵੇਖਣ ਨੂੰ ਮਿਲਿਆ ਹੈ, ਜਿੱਥੇ ਹੱਕ ਮੰਗਦੇ ਲੋਕਾਂ ਉੱਤੇ ਜਬਰ ਢਾਹਿਆ ਗਿਆ। ਭਾਵੇਂ ਕਿ ਲੰਮੇ ਸਮੇਂ ਬਾਅਦ ਮੁਲਾਜ਼ਮਾਂ ਨਾਲ ਗੱਲਬਾਤ ਦਾ ਰਸਤਾ ਸਰਕਾਰ ਵੱਲੋਂ ਖੋਲ੍ਹਿਆ ਗਿਆ ਹੈ।

ਦੂਜੇ ਪਾਸੇ, ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ, ਜਿਸ ਵਿਚ 32 ਕਿਸਾਨ ਜਥੇਬੰਦੀਆਂ ਸ਼ਾਮਲ ਹਨ, ਕਿਸਾਨ ਪਹਿਲੀ ਸਤੰਬਰ ਤੋਂ ਲਗਾਤਾਰ ਧਰਨੇ 'ਤੇ ਹਨ। ਜੇਕਰ ਅਸੀਂ ਇਤਿਹਾਸ ਵੱਲ ਝਾਤੀ ਮਾਰੀਏ ਤਾਂ 2020-21 ਦਾ ਦਿੱਲੀ ਮੋਰਚਾ ਇੱਕ ਅਜਿਹਾ ਇਤਿਹਾਸਕ ਅੰਦੋਲਨ ਸੀ, ਜਿਸ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ। ਕੇਂਦਰ ਸਰਕਾਰ ਦੁਆਰਾ ਲਿਆਂਦੇ ਤਿੰਨ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਵਿਰੁੱਧ ਪੰਜਾਬ ਦੇ ਕਿਸਾਨਾਂ ਨੇ 26 ਨਵੰਬਰ 2020 ਨੂੰ ਦਿੱਲੀ ਵੱਲ ਕੂਚ ਕੀਤਾ ਅਤੇ ਸਿੰਘੂ ਤੇ ਟਿਕਰੀ ਬਾਰਡਰਾਂ 'ਤੇ 378 ਦਿਨ (ਲਗਭਗ ਇੱਕ ਸਾਲ ਤੋਂ ਵੀ ਵੱਧ ਸਮਾਂ) ਇਤਿਹਾਸਕ ਮੋਰਚਾ ਲਾਇਆ। ਅੰਤ 19 ਨਵੰਬਰ 2021 ਨੂੰ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਅਤੇ ਇਹ ਕਾਲੇ ਕਾਨੂੰਨ ਰੱਦ ਕਰਨੇ ਪਏ। ਇਹ ਅੰਦੋਲਨ ਇਸ ਕਰਕੇ ਛੇੜਿਆ ਗਿਆ ਸੀ ਕਿਉਂਕਿ ਖੇਤੀ ਤੋਂ ਬਿਨਾਂ ਪੰਜਾਬ ਦਾ ਕਿਸਾਨ ਤੇ ਮਜ਼ਦੂਰ ਜਿਉਂਦਾ ਨਹੀਂ ਰਹਿ ਸਕਦਾ; ਜ਼ਮੀਨ ਪੰਜਾਬ ਦੀ ਰੂਹ ਹੈ।

ਪਰ ਕੇਂਦਰ ਸਰਕਾਰ ਦਾ ਵਤੀਰਾ ਅਜੇ ਵੀ ਪੰਜਾਬ ਪ੍ਰਤੀ ਸਾਫ਼ ਨਹੀਂ ਹੈ। ਜੋ ਖੇਤੀ ਕਾਨੂੰਨ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਲਾਗੂ ਨਹੀਂ ਕਰ ਸਕੀ, ਉਨ੍ਹਾਂ ਨੂੰ ਹੁਣ ਵਿੰਗੇ-ਟੇਢੇ ਢੰਗਾਂ ਨਾਲ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਬਹੁਤ ਲੰਮੀਆਂ-ਲੰਮੀਆਂ ਭਾਰਤਮਾਲਾ ਐਕਸਪ੍ਰੈੱਸ-ਵੇਅ ਅਤੇ ਗਲਿਆਰਿਆਂ ਦੀਆਂ ਸੜਕਾਂ ਬਣਾ ਕੇ ਥਾਂ-ਥਾਂ 'ਤੇ ਅਜਿਹੀਆਂ ਥਾਵਾਂ 'ਤੇ ਜ਼ਮੀਨਾਂ ਐਕਵਾਇਰ ਕੀਤੀਆਂ ਜਾ ਰਹੀਆਂ ਹਨ, ਜਿੱਥੇ ਆਮ ਲੋਕਾਂ ਦੇ ਆਉਣ-ਜਾਣ ਦਾ ਕੋਈ ਖਾਸ ਮਤਲਬ ਵੀ ਨਹੀਂ ਹੈ। ਇਸ ਨਾਂ 'ਤੇ ਪੰਜਾਬ ਦੀ ਉਪਜਾਊ ਜ਼ਮੀਨ ਕਾਰਪੋਰੇਟਾਂ ਹਵਾਲੇ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

ਅਫ਼ਸੋਸਜਨਕ ਪਹਿਲੂ ਇਹ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੀ ਕਿਸਾਨਾਂ ਦੇ ਨਾਲ ਖੜ੍ਹਨ ਦੀ ਬਜਾਏ, ਕਿਸੇ ਨਾ ਕਿਸੇ ਹੋਰ ਢੰਗ ਨਾਲ (ਜਿਵੇਂ ਕਿ ਲੈਂਡ ਪੂਲਿੰਗ ਨੀਤੀਆਂ ਅਤੇ ਉਦਯੋਗਿਕ ਪ੍ਰੋਜੈਕਟਾਂ ਦੇ ਨਾਂ 'ਤੇ) ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਲਈ ਪਿਛਲੇ ਸਮੇਂ ਵਿਚ ਕਾਰਜਸ਼ੀਲ ਰਹੀ ਹੈ। ਕਿਸਾਨਾਂ ਦੀਆਂ ਮੰਗਾਂ ਬਿਲਕੁਲ ਸਪਸ਼ਟ ਹਨ- ਪੰਜਾਬ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਪੰਜਾਬ ਦੇ ਪਾਣੀਆਂ ਨਾਲ ਸੰਬੰਧਿਤ ਪੁਰਾਣੇ ਸਮਝੌਤੇ ਰੱਦ ਕਰੇ, ਭਾਖੜਾ ਬਿਆਸ ਪ੍ਰਬੰਧਨ ਬੋਰਡ ਵਿਚ ਪੰਜਾਬ ਦਾ ਅਧਿਕਾਰ ਬਹਾਲ ਕਰੇ, 22 ਫਸਲਾਂ ਲਈ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਵੇ, ਕਰਜ਼ਾ ਮੁਆਫ਼ ਕਰੇ ਅਤੇ ਗੰਨੇ ਦਾ ਭਾਅ 500 ਰੁਪਏ ਕੁਇੰਟਲ ਕਰੇ। ਪਰ ਪੰਜਾਬ ਅਤੇ ਕੇਂਦਰ ਦੋਵੇਂ ਸਰਕਾਰਾਂ ਚੁੱਪੀ ਧਾਰੀ ਬੈਠੀਆਂ ਹਨ। ਭਾਵੇਂ ਕਿ ਹੁਣ ਉਪਰੋਕਤ ਮੰਗਾਂ ਨੂੰ ਪੂਰਿਆਂ ਕਰਨ ਲਈ ਪੰਜਾਬ ਸਰਕਾਰ ਤੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਇੱਕ ਮਹੀਨੇ ਦਾ ਸਮਾਂ ਨੀਅਤ ਕਰਕੇ ਦੋਹਾਂ ਧਿਰਾਂ 'ਚ ਕੁਝ ਸਮੇਂ ਦੀ ਚੁੱਪ ਪਸਰ ਗਈ ਹੈ।

ਪਹਿਲਾਂ ਤੋਂ ਹੀ ਇਹ ਗੱਲ ਸਾਹਮਣੇ ਆਉਂਦੀ ਰਹੀ ਹੈ ਕਿ ਪੰਜਾਬ ਦਾ ਦਿੱਲੀ ਨਾਲ ਟਕਰਾਅ ਸਦੀਆਂ ਪੁਰਾਣਾ, ਇਤਿਹਾਸਕ ਅਤੇ ਸਿਆਸੀ ਸੰਘਰਸ਼ ਹੈ। ਦਿੱਲੀ ਹਮੇਸ਼ਾ ਕੇਂਦਰੀਕ੍ਰਿਤ ਤਾਕਤ ਦਾ ਗੜ੍ਹ ਰਹੀ ਹੈ ਅਤੇ ਪੰਜਾਬ ਹਮੇਸ਼ਾ ਆਪਣੀ ਸਵੈ-ਮਾਣਤਾ, ਅਣਖ ਅਤੇ ਸੂਬਾਈ ਖੁਦਮੁਖਤਿਆਰੀ ਲਈ ਲੜਦਾ ਰਿਹਾ ਹੈ। ਹੁਣ ਤਾਂ ਮੌਜੂਦਾ ਪੰਜਾਬ ਸਰਕਾਰ ਉੱਤੇ ਵੀ ਇਹ ਇਲਜ਼ਾਮ ਲੱਗ ਰਹੇ ਹਨ ਕਿ ਦਿੱਲੀ ਦੇ ਦੂਜੇ ਹਾਕਮ ਪੰਜਾਬ ਉੱਤੇ ਆਪਣੇ ਸੂਬਾ-ਦਫਤਰਾਂ ਰਾਹੀਂ ਰਾਜ ਕਰਦੇ ਹਨ, ਮਨਮਾਨੀਆਂ ਕਰਦੇ ਹਨ ਅਤੇ ਪੰਜਾਬੀਆਂ ਦੀ ਕੋਈ ਗੱਲ ਨਹੀਂ ਸੁਣੀ ਜਾ ਰਹੀ। ਸਗੋਂ ਉਨ੍ਹਾਂ ਨੂੰ 'ਮੁਫ਼ਤ ਦੀਆਂ ਰੇਵੜੀਆਂ' ਦਾ ਮਿੱਠਾ ਜ਼ਹਿਰ ਦੇ ਕੇ ਮੂਰਛਿਤ ਕੀਤਾ ਜਾ ਰਿਹਾ ਹੈ ਅਤੇ ਵੋਟਰਾਂ ਨੂੰ ਭਾਵਨਾਤਮਕ ਤੌਰ 'ਤੇ ਖਰੀਦਣ ਦਾ ਯਤਨ ਹੋ ਰਿਹਾ ਹੈ।

ਇਤਿਹਾਸ ਗਵਾਹ ਹੈ ਕਿ ਦਿੱਲੀ ਦੇ ਸ਼ਾਹੀ ਤਖ਼ਤ ਨੇ ਪੰਜਾਬ ਦੇ ਰਹਿਬਰਾਂ 'ਤੇ ਅਨੇਕਾਂ ਜ਼ੁਲਮ ਕੀਤੇ। ਛੇਵੀਂ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਜ਼ੁਲਮ, ਜਬਰ ਤੇ ਅਨਿਆਂ ਵਿਰੁੱਧ ਸੰਘਰਸ਼ ਦਿੱਲੀ ਦੀ ਹਕੂਮਤ ਨਾਲ ਹੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਲੀ ਦੇ ਤਖ਼ਤ ਨੂੰ ਇੱਕ ਸਿੱਧੀ ਵੰਗਾਰ ਸੀ। ਬਾਅਦ ਵਿਚ ਸ. ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਜਰਨੈਲਾਂ ਨੇ ਦਿੱਲੀ ਦੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਕੇ ਦਿੱਲੀ ਦੇ ਤਖ਼ਤ ਨੂੰ ਝੁਕਣ ਲਈ ਮਜਬੂਰ ਕੀਤਾ।

ਆਜ਼ਾਦੀ 'ਤੋਂ ਬਾਅਦ ਵੀ ਪੰਜਾਬ ਨਾਲ ਕੇਂਦਰ ਸਰਕਾਰ ਵੱਲੋਂ ਕੀਤੇ ਵਾਅਦਿਆਂ 'ਤੋਂ ਪਿੱਛੇ ਹਟਣ, ਪੰਜਾਬ ਦੇ ਪਾਣੀਆਂ ਦੀ ਅਣ-ਅਧਿਕਾਰਤ ਵੰਡ ਅਤੇ ਰਾਜਧਾਨੀ ਚੰਡੀਗੜ੍ਹ ਦੇ ਮੁੱਦੇ 'ਤੇ ਕੇਂਦਰ ਨਾਲ ਟਕਰਾਅ ਲਗਾਤਾਰ ਵਧਦਾ ਗਿਆ। 1973 ਦਾ 'ਅਨੰਦਪੁਰ ਸਾਹਿਬ ਦਾ ਮਤਾ' ਕੇਂਦਰ ਅਤੇ ਦਿੱਲੀ ਨਾਲ ਟਕਰਾਅ ਦਾ ਮੁੱਖ ਕਾਰਨ ਬਣਿਆ, ਜੋ ਵੱਧ ਅਧਿਕਾਰਾਂ ਅਤੇ ਸੂਬਾਈ ਖੁਦਮੁਖਤਿਆਰੀ ਦੀ ਮੰਗ ਕਰਦਾ ਸੀ। ਫਿਰ 1984 ਦੇ ਦੁਖਾਂਤ-ਸਾਕਾ ਨੀਲਾ ਤਾਰਾ ਅਤੇ 1984 ਦੀ ਸਿੱਖ ਨਸਲਕੁਸ਼ੀ ਵਰਗੇ ਦਰਦਨਾਕ ਕਾਂਡਾਂ ਨੇ ਦਿੱਲੀ ਅਤੇ ਪੰਜਾਬ ਵਿਚਕਾਰ ਇਸ ਪਾੜੇ ਨੂੰ ਹੋਰ ਡੂੰਘਾ ਕਰ ਦਿੱਤਾ।

ਅਸਲ ਵਿਚ, ਪੰਜਾਬ ਅਤੇ ਦਿੱਲੀ ਦਾ ਇਹ ਇੱਟ-ਖੜੱਕਾ ਕੇਵਲ ਨਫ਼ੇ-ਨੁਕਸਾਨ ਦਾ ਨਹੀਂ, ਸਗੋਂ ਕੇਂਦਰੀਕਰਨ ਵਿਰੁੱਧ ਖੇਤਰੀ ਅਣਖ ਤੇ ਹੋਂਦ ਦੀ ਲੜਾਈ ਹੈ। ਪੰਜਾਬੀ ਸੁਭਾਅ ਤੋਂ ਹੀ ਕਿਸੇ ਦੀ ਗੁਲਾਮੀ ਜਾਂ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਦੇ, ਜਦਕਿ ਦਿੱਲੀ ਦਾ ਤਖ਼ਤ ਹਮੇਸ਼ਾ ਹਰ ਚੀਜ਼ 'ਤੇ ਆਪਣਾ ਏਕਾਧਿਕਾਰ ਅਤੇ ਕੰਟਰੋਲ ਚਾਹੁੰਦਾ ਹੈ।

ਧੱਕੇਸ਼ਾਹੀ ਦਾ ਇਹ ਵਰਤਾਰਾ ਅੱਜ ਪੰਜਾਬ ਦੇ ਮੁਲਾਜ਼ਮ ਵੀ ਭੁਗਤ ਰਹੇ ਹਨ, ਪੰਜਾਬ ਦੇ ਬੇਰੁਜ਼ਗਾਰ ਤੇ ਕੱਚੇ ਮੁਲਾਜ਼ਮ ਵੀ ਅਤੇ ਕਿਸਾਨ-ਮਜ਼ਦੂਰ ਵੀ। ਇਸ ਰੌਲੇ-ਰੱਪੇ ਵਿਚ ਪੰਜਾਬ ਦਾ ਮਾਹੌਲ ਬੇਹੱਦ ਅਸ਼ਾਂਤ ਹੋ ਰਿਹਾ ਹੈ। ਪੰਜਾਬ ਦੇ ਆਮ ਲੋਕ, ਜੋ ਇੱਕ ਪਾਸੇ ਬੁਰੀ ਤਰ੍ਹਾਂ ਮਹਿੰਗਾਈ ਵਿਚ ਪਿਸ ਰਹੇ ਹਨ, ਉੱਥੇ ਦੂਜੇ ਪਾਸੇ ਨਿੱਤ ਦਿਹਾੜੇ ਸਰਕਾਰਾਂ ਦੇ ਜ਼ਿੱਦੀ ਰਵੱਈਏ ਕਾਰਨ ਹੋ ਰਹੀਆਂ ਹੜਤਾਲਾਂ, ਚੱਕਾ-ਜਾਮ ਅਤੇ ਬੰਦ ਦਾ ਸ਼ਿਕਾਰ ਹੋ ਰਹੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਜਮਹੂਰੀਅਤ ਵਿਚ ਬਦਲ ਕੇਵਲ 'ਟਕਰਾ' ਹੀ ਰਹਿ ਗਿਆ ਹੈ? ਕਿੱਥੇ ਗਈ ਆਮ ਸਹਿਮਤੀ ਬਣਾਉਣ ਲਈ ਪੰਜਾਬ ਵਿਚ 'ਸੱਥਾਂ' ਦੀ ਪਰੰਪਰਾ ਅਤੇ ਸੁਖਾਵਾਂ ਮਾਹੌਲ? ਸਰਕਾਰ ਦਾ ਇਹ ਅੜੀਅਲ ਰਵੱਈਆ ਪੰਜਾਬ ਲਈ ਘਾਤਕ ਸਿੱਧ ਹੋ ਰਿਹਾ ਹੈ। ਕੇਂਦਰ ਵੱਲੋਂ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ। ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਹੋ ਰਿਹਾ, ਅਤੇ ਪੰਜਾਬ ਨਸ਼ਿਆਂ ਦੀ ਦਲਦਲ 'ਚ ਫਸ ਚੁੱਕਾ ਹੈ। ਬੇਰੁਜ਼ਗਾਰੀ ਨਾਲ ਮਾਰਿਆ ਪੰਜਾਬ ਦਾ ਨੌਜਵਾਨ ਬੇਗਾਨੇ ਮੁਲਕਾਂ ਵੱਲ ਵਹੀਰਾਂ ਘੱਤ ਰਿਹਾ ਹੈ।

ਦੂਜੇ ਪਾਸੇ, ਸਿਆਸੀ ਲੋਕ ਸਿਰਫ਼ ਤੇ ਸਿਰਫ਼ ਵੱਡੇ-ਵੱਡੇ ਇਕੱਠ ਕਰਕੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਹੇ ਹਨ, ਪਰ ਲੋਕਾਂ ਦੇ ਮੁੱਢਲੇ ਮਸਲਿਆਂ ਪ੍ਰਤੀ ਉਨ੍ਹਾਂ ਦੀ ਸੰਜੀਦਗੀ ਜ਼ੀਰੋ ਹੈ। ਉਨ੍ਹਾਂ ਦੀ ਇਹ ਖ਼ਾਮੋਸ਼ੀ ਕਿਸੇ ਸਾਜ਼ਿਸ਼ ਤੋਂ ਘੱਟ ਨਹੀਂ ਜਾਪਦੀ। ਕਿੱਧਰ ਜਾਣ ਪੰਜਾਬ ਦੇ ਇਹ ਬੇਵਸ ਲੋਕ? ਉਸ ਪੰਜਾਬ ਦੇ ਵਾਰਿਸ, ਜੋ ਕਦੇ ਕਿਸੇ ਦੀ ਈਨ ਨਹੀਂ ਸੀ ਮੰਨਦੇ, ਜੋ ਆਪਣੀ ਭਾਈਚਾਰਕ ਸਾਂਝ ਅਤੇ ਮਹਿਮਾਨਨਿਵਾਜ਼ੀ ਲਈ ਵਿਸ਼ਵ ਪੱਧਰ 'ਤੇ ਜਾਣੇ ਜਾਂਦੇ ਹਨ!

ਕੋਈ ਪੰਜਾਬੀਆਂ ਨੂੰ ਅੰਨਦਾਤਾ ਕਹੇ, ਜਨਤਾ ਜਨਾਰਧਨ ਕਹੇ ਅਤੇ ਹੋਰ ਵੀ ਬਹੁਤ ਕੁਝ ਪਰ ਹਕੀਕਤ ਇਹ ਹੈ ਕਿ ਹਰ ਦੋ ਢਾਈ ਜਾਂ ਪੰਜ ਸਾਲ ਵਿਚ ਹੋਣ ਵਾਲੀਆਂ ਚੋਣਾਂ ਦੇ ਅਸੀਂ ਮਾਲਕ ਨਹੀਂ ਰਹੇ। ਅਸੀਂ ਆਪਣੇ ਮਨ ਨੂੰ ਅਜ਼ਾਦੀ ਦੇ ਬੈਠੇ ਹਾਂ ਕਿ ਸਿਆਸਤਦਾਨ ਆਪਣੀ ਮਰਜ਼ੀ ਨਾਲ ਚੋਣਾਂ 'ਚ ਸਾਨੂੰ ਵਰਤ ਲੈਣ। ਅਸੀਂ ਤਾਂ ਉਨ੍ਹਾਂ ਦੇ ਪਿੰਜਰੇ 'ਚ ਕੈਦ ਹੋਏ ਬੈਠੇ ਹਾਂ। ਤਦੇ ਕਰਕੇ ਸੰਘਰਸ਼ ਕਰਦੇ ਲੋਕਾਂ ਨੂੰ ਇਹ ਵੀ ਸੁਚੇਤ ਰਹਿਣਾ ਪੈ ਰਿਹਾ ਹੈ ਕਿ ਜਾਤ ਜਾਂ ਧਰਮ ਦੇ ਨਾਂ 'ਤੇ ਕੋਈ ਉਨ੍ਹਾਂ ਵਿਚ ਫੁੱਟ ਨਾ ਪਾ ਦੇਵੇ, ਜਾਂ ਮੁੱਠੀ ਭਰ ਚੌਲ, ਕਣਕ ਦਾ ਆਟਾ, ਦਾਲ ਜਾਂ ਕੁਝ ਰੁਪਏ ਦੀ ਖੈਰਾਤ ਦੇ ਕੇ ਉਨ੍ਹਾਂ ਦੀ ਅਣਖੀ ਸੁਭਾਅ 'ਤੇ ਵਾਰ ਨਾ ਕਰੇ। ਇੱਕ ਸੱਭਿਅਕ ਸਮਾਜ ਵਿਚ ਜਿਉਣ ਦੇ ਹੱਕ ਤਾਂ ਸਭ ਦੇ ਹਨ, ਪਰ ਜੇਕਰ ਉਨ੍ਹਾਂ ਹੱਕਾਂ ਦੀ ਰਾਖੀ ਲਈ ਉਨ੍ਹਾਂ ਨੂੰ ਸੜਕਾਂ 'ਤੇ ਉੱਤਰ ਕੇ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਹੈ, ਤਾਂ ਇਹ ਸੂਬੇ ਅਤੇ ਕੇਂਦਰ ਦੀਆਂ ਸੱਤਾਧਾਰੀ ਤਾਕਤਾਂ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ। ਇਹ ਤਾਕਤਾਂ ਭਾਵੇਂ ਸੂਬੇ ਵਿਚ ਸੱਤਾਧਾਰੀ ਹੋਣ ਜਾਂ ਕੇਂਦਰ ਵਿਚ, ਸਵਾਲ ਤਾਂ ਉਨ੍ਹਾਂ 'ਤੇ ਉੱਠਣਗੇ ਹੀ। ਕੀ ਪੰਜਾਬੀਆਂ ਦੀਆਂ ਹੱਕੀ ਆਵਾਜ਼ਾਂ ਨੂੰ ਇਸ ਤਰ੍ਹਾਂ ਦਬਾਇਆ ਜਾ ਸਕਦਾ ਹੈ? ਬਿਲਕੁਲ ਨਹੀਂ, ਪੰਜਾਬੀ ਸੰਘਰਸ਼ਸ਼ੀਲ ਹਨ, ਸੋਚ ਪੱਖੋਂ ਹੀਣੇ ਨਹੀਂ ਹਨ।

ਮਨੁੱਖੀ ਹੱਕਾਂ ਦੀ ਰਾਖੀ ਲਈ, ਰਾਜਾਂ ਦੇ ਵੱਧ ਅਧਿਕਾਰਾਂ ਵਾਸਤੇ, ਆਪਣੇ ਸੂਬੇ ਦੇ ਇਲਾਕਿਆਂ, ਪੰਜਾਬੀ ਬੋਲੀ, ਪੰਜਾਬ ਦੇ ਪਾਣੀਆਂ ਅਤੇ ਕਾਰਪੋਰੇਟਾਂ ਵੱਲੋਂ ਖੇਤੀ ਜ਼ਮੀਨਾਂ ਹੜੱਪਣ ਦੀਆਂ ਸਾਜ਼ਿਸ਼ਾਂ ਵਿਰੁੱਧ ਪੰਜਾਬੀਆਂ ਨੇ ਇਤਿਹਾਸ ਵਿਚ ਹਮੇਸ਼ਾ ਵੱਡੀਆਂ ਲੜਾਈਆਂ ਲੜੀਆਂ ਹਨ। ਵਿਦਿਆਰਥੀ ਅਤੇ ਨੌਜਵਾਨ ਹਮੇਸ਼ਾ ਇਨ੍ਹਾਂ ਸੰਘਰਸ਼ਾਂ ਵਿਚ ਮੋਹਰੀ ਰੋਲ ਅਦਾ ਕਰਦੇ ਰਹੇ ਹਨ। ਅੱਜ ਦਾ ਦੌਰ ਪੰਜਾਬ ਦੇ ਲੋਕਾਂ ਦੀ ਪਰਖ ਦੀ ਘੜੀ ਬਣਿਆ ਦਿੱਸ ਰਿਹਾ ਹੈ। ਜਦੋਂ ਆਪਣੇ ਹੀ ਹਾਕਮਾਂ ਵੱਲੋਂ ਉਨ੍ਹਾਂ ਨਾਲ ਜ਼ਿਆਦਤੀਆਂ ਹੋ ਰਹੀਆਂ ਹਨ, ਤਾਂ ਵੀ ਉਹ ਸੰਘਰਸ਼ ਦੇ ਰਾਹ 'ਤੇ ਹਨ। ਜਾਤ, ਧਰਮ ਅਤੇ ਫਿਰਕੇਬਾਜ਼ੀ 'ਤੋਂ ਉੱਪਰ ਉੱਠ ਕੇ ਉਹ ਆਪਣੇ ਹੱਕਾਂ ਲਈ ਲਗਾਤਾਰ ਕਿਰਿਆਸ਼ੀਲ ਹਨ। ਪੰਜਾਬ ਦਾ ਇਹ ਸੰਘਰਸ਼ੀਲ ਇਤਿਹਾਸ ਹੀ ਉਸ ਦੀ ਅਸਲ ਤਾਕਤ ਹੈ।

# ਸਾਹਾਂ ਦੀ ਅਮਾਨਤ

ਹਰ ਨਵੀਂ ਸਵੇਰ ਸਾਡੇ ਦਰਵਾਜ਼ੇ ਉੱਤੇ ਇੱਕ ਅਨਮੋਲ ਤੋਹਫ਼ਾ ਰੱਖ ਜਾਂਦੀ ਹੈ, ਪਰ ਅਸੀਂ ਅਕਸਰ ਉਸ ਨੂੰ ਖੋਲ੍ਹਣਾ ਹੀ ਭੁੱਲ ਜਾਂਦੇ ਹਾਂ। ਅੱਖਾਂ ਦਾ ਖੁੱਲ੍ਹਣਾ, ਆਪਣੇ ਪਰਿਵਾਰ ਨੂੰ ਵੇਖਣਾ, ਕਿਸੇ ਪਿਆਰੇ ਦੀ ਆਵਾਜ਼ ਸੁਣਨਾ, ਆਪਣੇ ਪੈਰਾਂ ਉੱਤੇ ਤੁਰਨਾ ਅਤੇ ਖੁੱਲ੍ਹੀ ਹਵਾ ਵਿਚ ਸਾਹ ਲੈਣਾ ਸਾਨੂੰ ਆਮ ਜਿਹੀਆਂ ਗੱਲਾਂ ਲੱਗਦੀਆਂ ਹਨ। ਅਸਲ ਵਿਚ ਇਹੀ ਜੀਵਨ ਦੀ ਸਭ ਤੋਂ ਵੱਡੀ ਦੌਲਤ ਹੈ। ਅਸੀਂ ਚੰਗੇ ਭਵਿੱਖ ਦੀ ਉਡੀਕ ਕਰਦਿਆਂ ਅੱਜ ਦੀ ਖ਼ੁਸ਼ੀ ਗੁਆ ਦਿੰਦੇ ਹਾਂ। ਕਦੇ ਵੱਡਾ ਘਰ, ਕਦੇ ਉੱਚਾ ਅਹੁਦਾ ਅਤੇ ਕਦੇ ਹੋਰ ਪੈਸਾ ਹਾਸਲ ਕਰਨ ਦੀ ਦੌੜ ਵਿਚ ਇਹ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਭੁੱਲ ਜਾਂਦੇ ਹਾਂ ਕਿ ਜ਼ਿੰਦਗੀ ਦੀ ਅਸਲ ਸੁੰਦਰਤਾ ਮੰਜ਼ਿਲ ਉੱਤੇ ਪਹੁੰਚਣ ਵਿਚ ਨਹੀਂ, ਸਗੋਂ ਆਪਣੇ ਪਿਆਰਿਆਂ ਨਾਲ ਤੁਰੇ ਹਰ ਕਦਮ ਵਿਚ ਹੈ। ਜ਼ਿੰਦਗੀ ਕਿੰਨੀ ਲੰਮੀ ਹੋਵੇਗੀ, ਇਹ ਸਾਡੇ ਹੱਥ ਵਿਚ ਨਹੀਂ, ਪਰ ਇਸ ਨੂੰ ਕਿੰਨਾ ਪਿਆਰ, ਸੱਚਾਈ ਅਤੇ ਨੇਕੀ ਨਾਲ ਜੀਣਾ ਹੈ, ਇਹ ਫ਼ੈਸਲਾ ਅਸੀਂ ਹਰ ਰੋਜ਼ ਕਰ ਸਕਦੇ ਹਾਂ।

ਕਈ ਵਾਰ ਕੋਈ ਵੱਡਾ ਸੰਕਟ ਸਾਨੂੰ ਜ਼ਿੰਦਗੀ ਦੀ ਅਸਲ ਕੀਮਤ ਸਮਝਾ ਦਿੰਦਾ ਹੈ। ਕੋਰੋਨਾ ਮਹਾਂਮਾਰੀ ਦੇ ਦਿਨਾਂ ਵਿਚ ਦੁਨੀਆ ਨੇ ਇਹ ਸੱਚ ਬਹੁਤ ਨੇੜਿਓਂ ਦੇਖਿਆ। ਹਰ ਪਾਸੇ ਡਰ ਅਤੇ ਬੇਵਸੀ ਦਾ ਮਾਹੌਲ ਸੀ। ਕਿਤੇ ਕੋਈ ਦੋਸਤ ਚਲਾ ਗਿਆ, ਕਿਤੇ ਕੋਈ ਰਿਸ਼ਤੇਦਾਰ ਵਿਛੜ ਗਿਆ ਅਤੇ ਕਈ ਘਰਾਂ ਵਿਚ ਇਕੱਠੇ ਕਈ ਜੀਅ ਸਦਾ ਲਈ ਚੁੱਪ ਹੋ ਗਏ। ਜਦੋਂ ਹਸਪਤਾਲਾਂ ਵਿਚ ਬੈੱਡ ਨਹੀਂ ਮਿਲਦੇ ਸਨ ਅਤੇ ਲੋਕ ਆਕਸੀਜਨ ਲਈ ਤਰਸਦੇ ਸਨ, ਤਾਂ ਦੌਲਤ, ਅਹੁਦਾ ਅਤੇ ਤਾਕਤ ਸਭ ਬੇਅਰਥ ਜਾਪਣ ਲੱਗੇ ਸਨ। ਉਸ ਸਮੇਂ ਮਨੁੱਖ ਦੀ ਸਭ ਤੋਂ ਵੱਡੀ ਇੱਛਾ ਕੇਵਲ ਇਹ ਸੀ ਕਿ ਉਸਦਾ ਅਤੇ ਉਸਦੇ ਪਰਿਵਾਰ ਦਾ ਸਾਹ ਚੱਲਦਾ ਰਹੇ। ਉਸ ਔਖੇ ਸਮੇਂ ਨੇ ਸਾਨੂੰ ਦੱਸਿਆ ਕਿ ਸਧਾਰਨ ਜਿਹਾ ਦਿਨ ਵੀ ਰੱਬ ਦੀ ਵੱਡੀ ਬਖ਼ਸ਼ਿਸ਼ ਹੁੰਦਾ ਹੈ। ਪਰ ਜਿਵੇਂ ਹੀ ਖ਼ਤਰਾ ਟਲਿਆ, ਅਸੀਂ ਮੁੜ ਉਸੇ ਭੱਜ-ਦੌੜ, ਗੁੱਸੇ, ਲਾਲਚ ਅਤੇ ਅਹੰਕਾਰ ਵਿਚ ਉਲਝ ਗਏ। ਜਿਨ੍ਹਾਂ ਹੱਥਾਂ ਨੇ ਮੁਸੀਬਤ ਵੇਲੇ ਅਰਦਾਸਾਂ ਕੀਤੀਆਂ ਸਨ, ਉਹੀ ਹੱਥ ਫਿਰ ਨਿੱਕੀਆਂ ਗੱਲਾਂ ਉੱਤੇ ਆਪਣੇ ਪਿਆਰਿਆਂ ਤੋਂ ਦੂਰ ਹੋਣ ਲੱਗ ਪਏ।

ਜ਼ਿੰਦਗੀ ਦੀ ਨਾਜ਼ੁਕਤਾ ਸਿਰਫ਼ ਬਿਮਾਰੀਆਂ ਹੀ ਨਹੀਂ, ਸਗੋਂ ਕੁਦਰਤੀ ਆਫ਼ਤਾਂ ਅਤੇ ਮਨੁੱਖ ਵੱਲੋਂ ਪੈਦਾ ਕੀਤੇ ਸੰਕਟ ਵੀ ਵਾਰ-ਵਾਰ ਸਾਹਮਣੇ ਲਿਆਉਂਦੇ ਹਨ। ਕਦੇ ਹੜ੍ਹ ਕੁਝ ਘੰਟਿਆਂ ਵਿਚ ਘਰ, ਖੇਤ ਅਤੇ ਸਾਲਾਂ ਦੀ ਕਮਾਈ ਰੋੜ੍ਹ ਕੇ ਲੈ ਜਾਂਦੇ ਹਨ। ਕਦੇ ਭੂਚਾਲ ਹੱਸਦੇ-ਵੱਸਦੇ ਸ਼ਹਿਰਾਂ ਨੂੰ ਮਲਬੇ ਵਿਚ ਬਦਲ ਦਿੰਦਾ ਹੈ। ਅੱਗ, ਤੂਫ਼ਾਨ ਅਤੇ ਜ਼ਮੀਨ ਖਿਸਕਣ ਵਰਗੀਆਂ ਘਟਨਾਵਾਂ ਮਨੁੱਖ ਨੂੰ ਆਪਣੀ ਬੇਬਸੀ ਦਾ ਅਹਿਸਾਸ ਕਰਵਾਉਂਦੀਆਂ ਹਨ। ਇਸੇ ਤਰ੍ਹਾਂ ਸੜਕ ਹਾਦਸੇ, ਰੇਲ ਦੁਰਘਟਨਾਵਾਂ ਅਤੇ ਹਵਾਈ ਜਹਾਜ਼ ਦਾ ਹਾਦਸਾ ਇਕ ਪਲ ਵਿਚ ਅਨੇਕਾਂ ਪਰਿਵਾਰਾਂ ਦੀ ਦੁਨੀਆ ਬਦਲ ਦਿੰਦੇ ਹਨ। ਜੰਗਾਂ ਵਿਚ ਉਹ ਲੋਕ ਵੀ ਮਾਰੇ ਜਾਂਦੇ ਹਨ, ਜਿਨ੍ਹਾਂ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੁੰਦਾ। ਘਰ ਉੱਜੜ ਜਾਂਦੇ ਹਨ, ਬੱਚੇ ਮਾਪਿਆਂ ਤੋਂ ਵਿਛੜ ਜਾਂਦੇ ਹਨ ਅਤੇ ਮਾਵਾਂ ਆਪਣੇ ਪੁੱਤਾਂ ਦੀ ਉਡੀਕ ਕਰਦੀਆਂ ਰਹਿ ਜਾਂਦੀਆਂ ਹਨ। ਇਹ ਸਾਰੀਆਂ ਘਟਨਾਵਾਂ ਸਾਨੂੰ ਡਰਾਉਣ ਲਈ ਨਹੀਂ, ਸਗੋਂ ਇਹ ਸਮਝਾਉਣ ਲਈ ਕਾਫ਼ੀ ਹਨ ਕਿ ਨਫ਼ਰਤ, ਹੰਕਾਰ ਅਤੇ ਲੜਾਈ ਲਈ ਜ਼ਿੰਦਗੀ ਬਹੁਤ ਛੋਟੀ ਹੈ। ਜੇ ਮਨੁੱਖ ਇਸ ਸੱਚ ਨੂੰ ਸਮਝ ਲਵੇ, ਤਾਂ ਸ਼ਾਇਦ ਦੁਨੀਆ ਵਿਚ ਝਗੜੇ ਘੱਟ ਅਤੇ ਇਕ-ਦੂਜੇ ਦਾ ਹੱਥ ਫੜਨ ਵਾਲੇ ਲੋਕ ਵੱਧ ਜਾਣ। ਹਰ ਮਨੁੱਖ ਦੀ ਜ਼ਿੰਦਗੀ ਵਿਚ ਵੀ ਕਦੇ ਨਾ ਕਦੇ ਅਜਿਹਾ ਮੋੜ ਆ ਸਕਦਾ ਹੈ, ਜਦੋਂ ਉਸ ਨੂੰ ਆਪਣੇ ਸਾਹਾਂ ਦੀ ਕੀਮਤ ਸਮਝ ਆਉਂਦੀ ਹੈ। ਕਦੇ ਕੋਈ ਭਿਆਨਕ ਹਾਦਸਾ, ਕਦੇ ਦਿਲ ਦੀ ਤਕਲੀਫ਼, ਕਦੇ ਸਟ੍ਰੋਕ ਅਤੇ ਕਦੇ ਕੋਈ ਗੰਭੀਰ ਬਿਮਾਰੀ ਮਨੁੱਖ ਨੂੰ ਮੌਤ ਦੇ ਬਹੁਤ ਨੇੜੇ ਲੈ ਜਾਂਦੀ ਹੈ। ਡਾਕਟਰਾਂ ਦੀ ਮਿਹਨਤ, ਦਵਾਈਆਂ, ਆਧੁਨਿਕ ਤਕਨੀਕ ਅਤੇ ਆਪਣਿਆਂ ਦੀਆਂ ਦੁਆਵਾਂ ਨਾਲ ਬਹੁਤ ਸਾਰੇ ਲੋਕ ਮੁੜ ਤੰਦਰੁਸਤ ਹੋ ਜਾਂਦੇ ਹਨ। ਉਸ ਵੇਲੇ ਮਨੁੱਖ ਆਪਣੇ-ਆਪ ਨਾਲ ਕਈ ਵਾਅਦੇ ਕਰਦਾ ਹੈ ਕਿ ਹੁਣ ਉਹ ਗੁੱਸਾ ਨਹੀਂ ਕਰੇਗਾ, ਆਪਣੇ ਪਰਿਵਾਰ ਲਈ ਸਮਾਂ ਕੱਢੇਗਾ, ਸਿਹਤ ਦਾ ਧਿਆਨ ਰੱਖੇਗਾ ਅਤੇ ਕਿਸੇ ਦਾ ਦਿਲ ਨਹੀਂ ਦੁਖਾਵੇਗਾ। ਪਰ ਕੁਝ ਸਮੇਂ ਬਾਅਦ ਉਹ ਮੁੜ ਪੁਰਾਣੀਆਂ ਆਦਤਾਂ ਵਿਚ ਪਰਤ ਜਾਂਦਾ ਹੈ। ਸ਼ਾਇਦ ਜੀਵਨ ਦਾ ਸਭ ਤੋਂ ਵੱਡਾ ਸਬਕ ਇਹੀ ਹੈ ਕਿ ਔਖੇ ਸਮੇਂ ਕੀਤੇ ਵਾਅਦਿਆਂ ਨੂੰ ਚੰਗਾ ਸਮਾਂ ਆਉਣ ਉੱਤੇ ਵੀ ਯਾਦ ਰੱਖਿਆ ਜਾਵੇ।

ਦਿਲ ਦੀ ਬਿਮਾਰੀ ਨੇ ਮੈਨੂੰ ਵੀ ਜ਼ਿੰਦਗੀ ਦਾ ਇਹ ਸੱਚ ਬਹੁਤ ਨੇੜਿਓਂ ਦਿਖਾਇਆ। ਕੁਝ ਪਲ ਅਜਿਹੇ ਆਏ, ਜਦੋਂ ਆਪਣੀ ਤਾਕਤ, ਪਹੁੰਚ ਅਤੇ ਹੌਸਲਾ ਸਭ ਬੇਕਾਰ ਜਾਪਣ ਲੱਗੇ। ਮਨ ਅੰਦਰ ਸਿਰਫ਼ ਇੱਕੋ ਅਰਦਾਸ ਸੀ ਕਿ ਜੇ ਜ਼ਿੰਦਗੀ ਨੇ ਇੱਕ ਹੋਰ ਮੌਕਾ ਦਿੱਤਾ, ਤਾਂ ਇਸ ਨੂੰ ਪਹਿਲਾਂ ਨਾਲੋਂ ਵੱਧ ਪਿਆਰ, ਸਾਦਗੀ ਅਤੇ ਅਰਥ ਨਾਲ ਜੀਵਾਂਗਾ। ਡਾਕਟਰੀ ਇਲਾਜ, ਕਿਸਮਤ ਅਤੇ ਆਪਣਿਆਂ ਦੀਆਂ ਦੁਆਵਾਂ ਨਾਲ ਮੇਰੀ ਜ਼ਿੰਦਗੀ ਬਚ ਗਈ। ਇਸ ਲਈ ਹੁਣ ਮੈਨੂੰ ਆਪਣੇ ਸਾਹ ਵੀ ਕਿਸੇ ਅਮਾਨਤ ਵਾਂਗ ਜਾਪਦੇ ਹਨ। ਮੈਂ ਇਸ ਨੂੰ ਆਪਣੀ ਨਵੀਂ ਜਾਂ 'ਉਧਾਰੀ ਜ਼ਿੰਦਗੀ' ਮੰਨਦਾ ਹਾਂ। ਉਧਾਰੀ ਜ਼ਿੰਦਗੀ ਦਾ ਮਤਲਬ ਡਰ-ਡਰ ਕੇ ਜੀਣਾ ਨਹੀਂ, ਸਗੋਂ ਹਰ ਦਿਨ ਲਈ ਸ਼ੁਕਰਗੁਜ਼ਾਰ ਹੋਣਾ ਹੈ। ਇਸ ਦਾ ਅਰਥ ਹੈ ਕਿ ਜਿਹੜਾ ਸਮਾਂ ਮਿਲਿਆ ਹੈ, ਉਸ ਨੂੰ ਸ਼ਿਕਾਇਤਾਂ, ਈਰਖਾ ਅਤੇ ਨਫ਼ਰਤ ਵਿਚ ਗੁਆਉਣ ਦੀ ਥਾਂ ਪਿਆਰ, ਸੇਵਾ ਅਤੇ ਚੰਗੇ ਕੰਮਾਂ ਵਿਚ ਲਗਾਇਆ ਜਾਵੇ। ਜ਼ਿੰਦਗੀ ਦਾ ਮਕਸਦ ਸਿਰਫ਼ ਵੱਡੀਆਂ ਪ੍ਰਾਪਤੀਆਂ ਕਰਨਾ ਨਹੀਂ ਹੁੰਦਾ। ਕਿਸੇ ਉਦਾਸ ਚਿਹਰੇ ਉੱਤੇ ਮੁਸਕਰਾਹਟ ਲਿਆਉਣਾ, ਦੁਖੀ ਮਨੁੱਖ ਦੀ ਗੱਲ ਸੁਣਨਾ, ਬਜ਼ੁਰਗਾਂ ਕੋਲ ਬੈਠਣਾ, ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ, ਲੋੜਵੰਦ ਦੀ ਮਦਦ ਕਰਨੀ ਅਤੇ ਗ਼ਲਤੀ ਕਰਨ ਵਾਲੇ ਨੂੰ ਮਾਫ਼ ਕਰ ਦੇਣਾ ਵੀ ਵੱਡੀਆਂ ਪ੍ਰਾਪਤੀਆਂ ਹਨ। ਆਪਣੇ ਸਰੀਰ ਅਤੇ ਮਨ ਦਾ ਧਿਆਨ ਰੱਖਣਾ ਵੀ ਜੀਵਨ ਪ੍ਰਤੀ ਸਾਡੀ ਜ਼ਿੰਮੇਵਾਰੀ ਹੈ। ਪੈਸਾ ਕਮਾਉਣਾ ਅਤੇ ਅੱਗੇ ਵਧਣਾ ਗ਼ਲਤ ਨਹੀਂ, ਪਰ ਇਸ ਦੌੜ ਵਿਚ ਆਪਣੇ ਪਰਿਵਾਰ, ਸਿਹਤ ਅਤੇ ਮਨ ਦੀ ਸ਼ਾਂਤੀ ਨੂੰ ਪਿੱਛੇ ਛੱਡ ਦੇਣਾ ਠੀਕ ਨਹੀਂ। ਅੰਤ ਵਿਚ ਨਾ ਦੌਲਤ ਨਾਲ ਜਾਂਦੀ ਹੈ, ਨਾ ਅਹੁਦਾ ਅਤੇ ਨਾ ਹੀ ਸ਼ਾਨੋ-ਸ਼ੌਕਤ। ਪਿੱਛੇ ਸਿਰਫ਼ ਸਾਡਾ ਵਿਹਾਰ, ਸਾਡੇ ਚੰਗੇ ਕਰਮ ਅਤੇ ਲੋਕਾਂ ਦੇ ਦਿਲਾਂ ਵਿਚ ਛੱਡੀਆਂ ਯਾਦਾਂ ਰਹਿ ਜਾਂਦੀਆਂ ਹਨ।

ਸਾਨੂੰ ਹਰ ਸਵੇਰ ਆਪਣੇ ਆਪ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਜੇ ਅੱਜ ਦਾ ਦਿਨ ਮੇਰੀ ਜ਼ਿੰਦਗੀ ਦਾ ਬਹੁਤ ਕੀਮਤੀ ਦਿਨ ਹੈ, ਤਾਂ ਮੈਂ ਇਸ ਨੂੰ ਕਿਵੇਂ ਜੀਵਾਂਗਾ? ਸ਼ਾਇਦ ਫਿਰ ਅਸੀਂ ਨਿੱਕੀਆਂ ਗੱਲਾਂ ਉੱਤੇ ਗੁੱਸਾ ਕਰਨਾ ਛੱਡ ਦੇਈਏ, ਰੁੱਸੇ ਹੋਏ ਆਪਣੇ ਨੂੰ ਮਨਾ ਲਈਏ, ਕਿਸੇ ਲੋੜਵੰਦ ਦਾ ਹੱਥ ਫੜ ਲਈਏ ਅਤੇ ਆਪਣੇ ਕੋਲ ਮੌਜੂਦ ਚੀਜ਼ਾਂ ਲਈ ਧੰਨਵਾਦ ਕਰਨਾ ਸਿੱਖ ਲਈਏ। ਜ਼ਿੰਦਗੀ ਸਾਡੇ ਕੋਲ ਸਦਾ ਲਈ ਰਹਿਣ ਵਾਲੀ ਜਾਇਦਾਦ ਨਹੀਂ, ਸਗੋਂ ਕੁਝ ਸਮੇਂ ਲਈ ਮਿਲੀ ਅਮਾਨਤ ਹੈ। ਇਸ ਲਈ ਇਸ ਨੂੰ ਡਰ ਵਿਚ ਨਹੀਂ, ਪਿਆਰ ਨਾਲ; ਹੰਕਾਰ ਵਿਚ ਨਹੀਂ, ਨਿਮਰਤਾ ਨਾਲ; ਅਤੇ ਕੇਵਲ ਆਪਣੇ ਲਈ ਨਹੀਂ, ਦੂਜਿਆਂ ਦੇ ਭਲੇ ਲਈ ਵੀ ਜੀਣਾ ਚਾਹੀਦਾ ਹੈ। ਸਾਹਾਂ ਦੀ ਗਿਣਤੀ ਸਾਡੇ ਹੱਥ ਵਿਚ ਨਹੀਂ, ਪਰ ਹਰ ਸਾਹ ਨੂੰ ਅਰਥ ਦੇਣਾ ਜ਼ਰੂਰ ਸਾਡੇ ਹੱਥ ਵਿਚ ਹੈ।

# ਦਸਮ ਪਾਤਸ਼ਾਹ ਦਾ ਸੱਚਾ ਸਿੱਖ ਬੰਦਾ ਸਿੰਘ ਬਹਾਦਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪ੍ਰਥਮ ਸਿੱਖ ਰਾਜ ਦੀ ਸਥਾਪਨਾ ਕੋਈ ਸਧਾਰਨ ਮਸਲਾ ਨਹੀਂ ਸੀ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬੰਦਾ ਸਿੰਘ ਬਹਾਦਰ ਨਾਲ ਮੇਲ ਵੱਡੇ ਅਰਥ ਰਖਦਾ ਹੈ। ਇਹ ਮੇਲ ਤਿੰਨ ਸਤੰਬਰ 1708 ਨੂੰ ਹੋਇਆ। ਗੋਦਾਵਰੀ ਦੇ ਕੰਢੇ ਜਿੱਥੇ ਬੰਦਾ ਬਹਾਦਰ ਬੈਰਾਗੀ ਸਾਧੂਆਂ ਵਾਂਗ ਰਹਿੰਦਾ ਸੀ। ਇਸ ਮਿਲਾਪ ਦੀ ਅਸਲ ਨੀਂਹ ਰੱਖਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ ਜਿਨ੍ਹਾਂ ਨੇ ਬਿਹਾਰ ਦੇ ਪਟਨਾ ਸ਼ਹਿਰ ਵਿਚ ਜਨਮ ਧਾਰਿਆ। ਉਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਓਥੇ ਵਿਸ਼ਰਾਮ ਕਰ ਰਹੇ ਸਨ।

ਦਸਮ ਪਾਤਸ਼ਾਹ ਕੇਵਲ ਨੌਂ ਸਾਲ ਦੇ ਸਨ ਜਦੋਂ 1675 ਵਿਚ ਕਸ਼ਮੀਰੀ ਪੰਡਤਾਂ ਦੀ ਰਖਸ਼ਾ ਹਿੱਤ ਦਿੱਲੀ ਦੇ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਨਵੰਬਰ ਮਹੀਨੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਸ਼ਹਾਦਤ ਲਈ ਹੌਸਲਾ ਤਾਂ ਗੁਰੂ ਤੇਗ ਬਹਾਦਰ ਜੀ ਦਾ ਸੀ ਪਰ ਇਸਦੀ ਪੁਸ਼ਟੀ ਕਰਨ ਵਾਲੇ ਉਨ੍ਹਾਂ ਦੇ ਸਪੁੱਤਰ ਗੋਬਿੰਦ ਰਾਇ ਸਨ। ਉਨ੍ਹਾਂ ਵਲੋਂ ਇਹ ਪ੍ਰਵਾਨਗੀ ਦੇਣਾ ਬਹੁਤ ਵੱਡੀ ਗੱਲ ਸੀ।

ਉਹੀਓ ਸਨ ਜਿਨ੍ਹਾਂ ਨੇ 13 ਅਪ੍ਰੈਲ 1699 ਨੂੰ ਵਿਸਾਖੀ ਦੇ ਜਸ਼ਨ ਮਨਾਉਂਦਿਆਂ ਹਾਜ਼ਰੀਨ ਵਿਚੋਂ ਪੰਜ ਪਿਆਰਿਆਂ ਦੇ ਸਿਰਾਂ ਦੀ ਮੰਗ ਕੀਤੀ ਅਤੇ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛਕਾਉਣ ਉਪ੍ਰੰਤ ਉਨ੍ਹਾਂ ਅੱਗੇ ਗੋਡੇ ਟੇਕ ਦਿੱਤੇ ਅਤੇ ਉਨ੍ਹਾਂ ਦੇ ਹਥੋਂ ਖੁਦ ਵੀ ਅੰਮ੍ਰਿਤ ਛਕਿਆ। ਉਸ ਦਿਨ ਤੋਂ ਸਾਰੇ ਅੰਮ੍ਰਿਧਾਰੀਆਂ ਦੇ ਨਾਂ ਨਾਲ ਸਿੰਘ ਅਥਵਾ ਸ਼ੇਰ ਲਾਉਣਾ ਸ਼ੁਰੂ ਕਰ ਦਿੱਤਾ ਅਤੇ ਅੰਮ੍ਰਿਤਧਾਰੀ ਸਿੰਘਣੀਆਂ ਕੌਰ ਅਥਵਾ ਸ਼ਹਿਜ਼ਾਦੀਆਂ ਮੰਨੀਆਂ ਜਾਣ ਲੱਗੀਆਂ। ਉਸ ਦਿਨ ਤੋਂ ਗੁਰੂ ਸਾਹਿਬ ਵੀ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਹੋ ਗਏ।

ਅੰਤਕਾਰ ਉਹ ਯਮੁਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ 1685 ਤੋਂ 1688 ਤੱਕ ਰਹਿ ਕੇ ਸਿੰਘਾਂ-ਸਿੰਘਣੀਆਂ ਦੀ ਸੰਗਤ ਵਿਚ ਲੜਾਈ ਕਰਨ ਦੇ ਦਾਓ-ਪੇਚ ਵੀ ਸਿੱਖਦੇ ਰਹੇ ਤੇ ਦਸਮ ਗ੍ਰੰਥ ਦੀ ਰਚਨਾ ਵੀ ਕਰਦੇ ਰਹੇ।

ਜਦੋਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਚੜ੍ਹਤ ਵੇਖੀ ਤਾਂ ਉਹ ਪਾਸਾ ਪਰਤ ਕੇ ਮੁਗਲਾਂ ਦਾ ਸਾਥ ਦੇਣਾ ਮੰਨ ਗਏ। ਅੰਤਕਾਰ ਗੁਰੂ ਸਾਹਿਬ ਨੂੰ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਉਨ੍ਹਾਂ ਦਾ ਟਾਕਰਾ ਕਰਨ ਲਈ ਮਜਬੂਰ ਹੋਣਾ ਪਿਆ। ਜਿੱਥੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ (ਉਮਰ 18 ਸਾਲ) ਤੇ ਬਾਬਾ ਜੁਝਾਰ ਸਿੰਘ (ਉਮਰ 14 ਸਾਲ) ਸਮੇਤ ਕੇਵਲ 40 ਸਿੰਘਾਂ ਨੂੰ ਕਈ ਹਜ਼ਾਰ ਮੁਗਲਾਂ ਨਾਲ ਲੜਨਾ ਪਿਆ ਅਤੇ ਦੋਵੇਂ ਸਾਹਿਬਜ਼ਾਦੇ ਸ਼ਹੀਦੀ ਪਾ ਗਏ।

ਚੇਤੇ ਰਹੇ ਕਿ ਇਹ ਘਟਨਾ 1704 ਦੀ ਹੈ ਜਦ ਗੁਰੂ ਸਾਹਿਬ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਲਈ ਅਨੰਦਪੁਰ ਸਾਹਿਬ ਤਿਆਗਣਾ ਪੈ ਗਿਆ ਸੀ। ਇਸ ਹਫੜਾ-ਦਫੜੀ ਵਿਚ ਗੁਰੂ ਸਾਹਿਬ ਤੇ ਵੱਡੇ ਸਾਹਿਬਜ਼ਾਦੇ ਆਪਣੇ ਛੋਟੇ ਭਰਾਵਾਂ (ਬਾਬਾ ਫਤਿਹ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਅਤੇ ਮਾਤਾ ਗੁਜਰੀ ਜੀ) ਵਿਛੜ ਗਏ। ਨਤੀਜੇ ਵਜੋਂ ਸਰਹੰਦ ਦੇ ਮਾਲਕ ਨਵਾਬ ਵਜ਼ੀਰ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾ ਦਿੱਤਾ ਤੇ ਮਾਤਾ ਗੁਜਰੀ ਜੀ ਇਹ ਖਬਰ ਸੁਣ ਕੇ ਦਮ ਤੋੜ ਗਏ।

ਜਦੋਂ ਕੋਈ ਵਸੀਲਾ ਨਾ ਰਿਹਾ ਤਾਂ ਗੁਰੂ ਸਾਹਿਬ ਨੇ ਓਥੋਂ ਕੂਚ ਕਰਕੇ ਜ਼ਾਲਿਮ ਔਰੰਗਜ਼ੇਬ ਨੂੰ ਜ਼ਫਰਨਾਮਾ (ਜਿੱਤ ਦਾ ਸੰਦੇਸ਼) ਲਿਖ ਕੇ ਵੰਗਾਰਿਆ ਤੇ 40 ਸਿੰਘਾਂ ਦੀ ਸੰਗਤ ਵਿਚ ਖਿਦਰਾਣਾ, (ਮੁਕਤਸਰ) ਤੱਕ ਮੁਗਲਾਂ ਦਾ ਟਾਕਰਾ ਕਰਦਿਆਂ 1708 ਵਿਚ ਨੰਦੇੜ (ਮਹਾਰਾਸ਼ਟਰ) ਵੱਲ ਰੁਖ ਕੀਤਾ, ਜਿੱਥੇ ਬੰਦਾ ਸਿੰਘ ਬਹਾਦਰ ਉਰਫ ਮਾਧੋ ਦਾਸ ਉਨ੍ਹਾਂ ਦਾ ਚੇਲਾ ਬਣ ਗਿਆ। ਗੁਰੂ ਸਾਹਿਬ ਨੇ ਉਸਨੂੰ ਅੰਮ੍ਰਿਤ ਛਕਾ ਕੇ ਤੇ ਪੰਜ ਤੀਰਾਂ ਨਾਲ ਲੈਸ ਕਰਕੇ ਮੁਗਲ ਅਤਿਆਚਾਰ ਦਾ ਖਾਤਮਾ ਕਰਨ ਲਈ ਸਰਹੰਦ ਵੱਲ ਤੋਰ ਦਿੱਤਾ।

ਬੰਦਾ ਸਿੰਘ ਬਹਾਦਰ ਦੇ ਨੰਦੇੜ ਛੱਡਣ ਦੀ ਦੇਰ ਸੀ ਕਿ ਵਜ਼ੀਰ ਖਾਨ ਨੇ ਦੋ ਕਾਤਲਾਂ ਨੂੰ ਤਿਆਰ-ਬਰ-ਤਿਆਰ ਕਰਕੇ ਅਚੇਤ ਲੰਮੇ ਪਏ ਗੁਰੂ ਸਾਹਿਬ ਜੀ ਦੀ ਹੱਤਿਆ ਲਈ ਭੇਜ ਦਿੱਤਾ। ਉਹ ਸਫਲ ਤਾਂ ਨਹੀਂ ਹੋਏ ਪਰ 1708 ਦੀ ਅੱਠ ਅਕਤੂਬਰ ਨੂੰ ਉਨ੍ਹਾਂ ਦੇ ਜ਼ਖਮ ਦੀ ਪੱਟੀ ਖੁਲ੍ਹ ਗਈ ਤੇ ਗੁਰੂ ਜੀ ਆਪਣਾ ਖਾਕੀ ਜਾਮਾ ਤਿਆਗ ਗਏ। ਉਨ੍ਹਾਂ ਦੇ ਆਖਰੀ ਸ਼ਬਦ ਸਨ:

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ।
ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥

ਜਦੋਂ ਬੰਦਾ ਸਿੰਘ ਬਹਾਦਰ ਨੂੰ ਇਹ ਖਬਰ ਮਿਲੀ ਤਾਂ ਮੁਗਲਾਂ ਤੋਂ ਇਸਦਾ ਬਦਲਾ ਲੈਣ ਲਈ ਹੋਰ ਵੀ ਪ੍ਰਚੰਡ ਹੋ ਗਏ। ਚਪੜਚਿੜੀ ਦੀ ਲੜਾਈ ਇਸਦਾ ਪ੍ਰਤੀਕਰਮ ਸੀ। ਸਿੱਖ ਰਾਜ ਦੀ ਸਥਾਪਨਾ ਵੀ ਇਸਦਾ ਹੀ ਅੰਜਾਮ ਸੀ।



ਇੱਕ ਪਾਸੇ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੇ ਰੂਪ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾ ਕੇ ਨਵੇਂ ਮਨੁੱਖ ਦੀ ਸਿਰਜਣਾ ਕੀਤੀ ਤਾਂ ਬੰਦਾ ਸਿੰਘ ਬਹਾਦਰ ਨੇ ਸਿੱਖ ਪੰਥ ਦੇ ਸਮਾਜਕ ਤੇ ਸਿਆਸੀ ਪਖਨ ਨੂੰ ਉਭਾਰਿਆ।

ਉਹੀਓ ਸੀ ਜਿਸਨੇ ਜ਼ਮੀਨ ਦੇ ਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਇਹੀ ਕਾਰਨ ਹੈ ਕਿ ਜੱਟ ਸਿੱਖ ਭਾਈਚਾਰਾ ਸੁਚੇਤ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਇਨਕਲਾਬ ਨਾਲ ਜੁੜਿਆ ਰਿਹਾ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਕੋਲ ਜੋ ਕੁੱਝ ਵੀ ਹੈ, ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਇਨਕਲਾਬ ਦੇ ਕਾਰਨ ਹੀ ਮਿਲਿਆ ਹੈ। ਇਨਕਲਾਬ ਨਾਲ ਜੁੜਿਆਂ ਨਹੀਂ ਨਜ਼ਰ ਆਉਂਦਾ ਪ੍ਰੰਤੂ ਪੰਜਾਬ ਦੀ ਕਿਸਾਨੀ ਤੇ ਖਾਸ ਕਰਕੇ ਜੱਟ ਕਿਸਾਨੀ ਅੱਜ ਵੀ ਅਚੇਤ ਰੂਪ ਵਿਚ ਬਾਬਾ ਬੰਦਾ ਸਿੰਘ ਦੇ ਇਨਕਲਾਬ ਨਾਲ ਜੁੜੀ ਹੋਈ ਹੈ।

ਹੁਣ ਵੀ ਤਿੰਨ ਸਤੰਬਰ ਵਾਲੇ ਦਿਨ ਦੂਰ ਨੇੜੇ ਦੇ ਅਨੇਕ ਸਿੱਖ ਜਾਏ ਹਜ਼ੂਰ ਸਾਹਿਬ ਜਾ ਕੇ ਵੱਡੀ ਗਿਣਤੀ ਵਿਚ ਹਾਜ਼ਰੀ ਭਰਦੇ ਹਨ ਜਿਨ੍ਹਾਂ ਵਿਚ ਵਿਦੇਸ਼ ਵਸਦੇ ਸਿੱਖ ਜੱਟਾਂ ਦਾ ਵੀ ਘਾਟਾ ਨਹੀਂ ਹੁੰਦਾ। ਪਹਿਲਾਂ-ਪਹਿਲ ਇਹ ਜਥਾ ਲੁਧਿਆਣੇ ਤੋਂ ਸੱਚਖੰਡ ਰੇਲਗੱਡੀ ਰਾਹੀਂ ਨਾਂਦੇੜ ਪਹੁੰਚਦਾ ਸੀ। ਪ੍ਰੰਤੂ ਇਸ ਸਾਲ ਇਹ ਜਥਾ ਇੱਕ ਬੱਸ ਰਾਹੀਂ ਰਵਾਨਾ ਹੋਇਆ। ਰਸਤੇ ਵਿਚ ਆਗਰਾ, ਗਵਾਲੀਅਰ ਅਤੇ ਇੰਦੌਰ ਅਤੇ ਹੋਰ ਕਈ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦਾ ਨਾਂਦੇੜ ਪਹੁੰਚਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਜਥੇ ਨਾਲ ਮਿਲਣੀ ਵੀ ਕਰਦੇ ਹਨ, ਆਸ਼ੀਰਵਾਦ ਵੀ ਦਿੰਦੇ ਹਨ ਅਤੇ ਆਗੂਆਂ ਨੂੰ ਸਿਰੋਪਾ ਦੇ ਕੇ ਸਨਮਾਨ ਵੀ ਕਰਦੇ ਹਨ। ਇਸ ਵਾਰ ਵੀ ਮੇਰੇ 'ਤੇ ਕਿਰਪਾ ਹੋਈ।

ਵੱਡੀ ਗਿਣਤੀ 'ਚ ਨੌਜਵਾਨ ਖਾਸ ਕਰਕੇ ਜੱਟ ਭਾਈਚਾਰੇ ਨਾਲ ਸਬੰਧਿਤ ਨੌਜਵਾਨ, ਵੱਡੀ ਗਿਣਤੀ 'ਚ ਇਥੇ ਆ ਰਹੇ ਹਨ। ਇੱਥੇ ਨਵੀਆਂ ਸਰਾਵਾਂ ਬਣ ਰਹੀਆਂ ਹਨ ਅਤੇ ਪਹਿਲਾਂ ਬਣੀਆਂ ਸਰਾਵਾਂ 'ਚ ਹੋਰ ਕਮਰਿਆਂ ਦਾ ਵਾਧਾ ਕੀਤਾ ਜਾ ਰਿਹਾ। ਸਭ ਤੋਂ ਤੇਜ਼ੀ ਨਾਲ ਰੌਣਕ ਗੁਰਦੁਆਰਾ ਲੰਗਰ ਸਾਹਿਬ, ਜੋ ਕਿ ਗੋਦਾਵਰੀ ਨਦੀ ਦੇ ਬਿਲਕੁਲ ਨੇੜੇ ਹੈ 'ਚ ਵਧ ਰਹੀ ਹੈ।

ਏਥੇ 24 ਘੰਟੇ ਲੰਗਰ ਚਲਦਾ ਰਹਿੰਦਾ ਹੈ ਅਤੇ ਬਹੁਤ ਰੌਣਕ ਹੁੰਦੀ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਲ ਇੱਕ ਬਾਜ਼ਾਰ ਵੀ ਵਿਕਸਿਤ ਹੋ ਗਿਆ ਹੈ ਜੋ ਦੇਰ ਤੱਕ ਖੁੱਲ੍ਹਾ ਰਹਿੰਦਾ ਹੈ। ਦੇਰ ਰਾਤ ਤੱਕ ਕੜਾਈਆਂ 'ਚ ਗਰਮ ਮਲਾਈ ਵਾਲਾ ਦੁੱਧ, ਮਿਲਦਾ ਰਹਿੰਦਾ ਹੈ, ਜੋ ਬਹੁਤ ਹਰਮਨ-ਪਿਆਰਾ ਹੈ, ਫੁੱਲਾਂ ਦੀਆਂ ਦੁਕਾਨਾਂ ਤੇ ਫੜੀਆਂ ਵੀ ਹਨ। ਸਭ ਤੋਂ ਵੱਧ ਵਿਕਣ ਵਾਲਾ ਫਲ ਕੇਲਾ ਹੈ ਕਿਉਂਕਿ ਇਸ ਇਲਾਕੇ 'ਚ ਕੇਲੇ ਦੇ ਬਹੁਤ ਬਾਗ ਹਨ। ਕੇਲੇ ਤੋਂ ਇਲਾਵਾ ਅਨਾਰ, ਸੰਤਰੇ ਤੇ ਸੇਬ ਵੀ ਬਹੁਤ ਮਿਲਦੇ ਹਨ। ਪੰਜਾਬ ਨਾਲੋਂ ਸੱਭ ਤੋਂ ਵੱਡਾ ਫਰਕ ਇਹ ਲੱਗਦਾ ਹੈ ਕਿ ਇਥੇ ਅਨਾਰ ਬਹੁਤ ਖਾਧੇ ਜਾਂਦੇ ਹਨ।

ਬੰਦਾ ਸਿੰਘ ਬਹਾਦਰ ਇੱਕ ਭਰੋਸੇਮੰਦ ਫੌਜੀ ਕਮਾਂਡਰ ਸਨ, ਜਿਨ੍ਹਾਂ ਨੂੰ ਪੰਜਾਬ ਵਿਚ ਮੁਗ਼ਲ ਜ਼ੁਲਮਾਂ ਵਿਰੁੱਧ ਲੜਨ ਲਈ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚੁਣਿਆ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨਾਲ 1708 ਵਿਚ ਨੰਦੇੜ, ਮਹਾਰਾਸ਼ਟਰ ਵਿਖੇ ਹੋਈ ਪਹਿਲੀ ਮੁਲਾਕਾਤ ਸਮੇਂ ਬੰਦਾ ਸਿੰਘ ਬਹਾਦਰ ਦਾ ਨਾਂ ਮਾਧੋ ਦਾਸ ਸੀ, ਜੋ ਇੱਕ ਤਪੱਸਵੀ (ਸਾਧੂ) ਸੀ। ਉਸਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਵੀਕਾਰ ਕੀਤਾ, ਅੰਮ੍ਰਿਤ ਛਕਿਆ, ਅਤੇ ਉਨ੍ਹਾਂ ਦਾ ਨਾਮ ਬਦਲ ਕੇ ਬੰਦਾ ਸਿੰਘ ਬਹਾਦਰ ਰੱਖਿਆ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਇੱਕ ਹੁਕਮਨਾਮਾ (ਹੁਕਮ ਪੱਤਰ), ਇੱਕ ਤਲਵਾਰ ਅਤੇ ਪੰਜ ਤੀਰ ਦਿੱਤੇ, ਅਤੇ ਪੰਜਾਬ ਜਾ ਕੇ ਸਰਹਿੰਦ ਦੇ ਮੁਗ਼ਲ ਗਵਰਨਰ ਵਜ਼ੀਰ ਖ਼ਾਨ ਨੂੰ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਸਜ਼ਾ ਦੇਣ ਦਾ ਨਿਰਦੇਸ਼ ਦਿੱਤਾ। ਬੰਦਾ ਸਿੰਘ ਬਹਾਦਰ ਬਣੇ ਇਸ ਸੂਰਬੀਰ ਯੋਧੇ ਨੇ ਪੰਜਾਬ ਦੀ ਯਾਤਰਾ ਕੀਤੀ ਅਤੇ ਸਿੱਖ ਲੜਾਕਿਆਂ ਤੇ ਸਥਾਨਕ ਕਿਸਾਨਾਂ ਨੂੰ ਇੱਕ ਮਜ਼ਬੂਤ ਫੌਜ ਵਿਚ ਇਕੱਠਾ ਕੀਤਾ ਤੇ ਸਰਹੰਦ ਨੇੜੇ ਚੱਪੜਚਿੜੀ ਦੀ ਲੜਾਈ ਵਿਚ ਮੁਗ਼ਲ ਫੌਜਾਂ ਨੂੰ ਹਰਾਇਆ ਅਤੇ ਸਰਹਿੰਦ ਉੱਤੇ ਕਬਜ਼ਾ ਕਰ ਲਿਆ।

ਇਸ ਪ੍ਰਕਾਰ ਉਸ ਨੇ ਪਹਿਲੇ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਕੀਤੀ ਤੇ ਇਸਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕੇ ਅਤੇ ਸਰਕਾਰੀ ਮੋਹਰਾਂ ਜਾਰੀ ਕੀਤੀਆਂ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਸੱਚੀ ਪ੍ਰਭੂਸੱਤਾ ਗੁਰੂਆਂ ਦੀ ਹੀ ਹੈ।

12 ਮਈ, 1710 ਨੂੰ ਬੰਦਾ ਸਿੰਘ ਬਹਾਦਰ ਦੀ ਕਮਾਂਡ ਥੱਲੇ ਸਿੱਖ ਫੌਜਾਂ ਤੇ ਸਰਹਿੰਦ ਦੇ ਮੁਗ਼ਲ ਗਵਰਨਰ ਵਜ਼ੀਰ ਖ਼ਾਨ ਵਿਚਕਾਰ ਛੱਪੜਚਿੜੀ ਦੀ ਇਤਿਹਾਸਕ ਲੜਾਈ ਸਰਹਿੰਦ ਤੋਂ ਲਗਭਗ 20 ਕਿਲੋਮੀਟਰ ਦੂਰ ਚੱਪੜਚਿੜੀ (ਮੌਜੂਦਾ ਮੋਹਾਲੀ ਜ਼ਿਲ੍ਹਾ) ਦੇ ਮੈਦਾਨ ਵਿਚ ਹੋਈ। ਇਸ ਦਾ ਮੰਤਵ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣਾ ਸੀ। ਇੱਥੋਂ ਦਾ ਇਲਾਕਾ ਉੱਚੇ-ਨੀਵੇਂ ਟਿੱਬਿਆਂ ਅਤੇ ਛੱਪੜਾਂ ਵਾਲਾ ਸੀ, ਜਿਸ ਦਾ ਫ਼ਾਇਦਾ ਸਿੱਖਾਂ ਨੇ ਉਠਾਇਆ।

ਮੁਗ਼ਲਾਂ ਕੋਲ ਤੋਪਖਾਨਾ, ਹਾਥੀ, ਘੋੜਸਵਾਰ ਅਤੇ ਵੱਡੀ ਗਿਣਤੀ ਵਿਚ ਹਥਿਆਰਬੰਦ ਫੌਜ ਸੀ। ਸਿੱਖ ਫੌਜ ਕੋਲ ਤੋਪਾਂ ਨਹੀਂ ਸਨ, ਪਰ ਉਨ੍ਹਾਂ ਕੋਲ ਅਦੁੱਤੀ ਹੌਸਲਾ ਅਤੇ ਸ਼ਰਧਾ ਸੀ। ਯੁੱਧ ਦੌਰਾਨ ਭਾਈ ਫ਼ਤਿਹ ਸਿੰਘ ਨੇ ਵਜ਼ੀਰ ਖ਼ਾਨ 'ਤੇ ਜ਼ਬਰਦਸਤ ਵਾਰ ਕੀਤਾ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਮੁਗਲ ਫੌਜ ਮੈਦਾਨ ਛੱਡ ਕੇ ਭੱਜ ਗਈ। 14 ਮਈ 1710 ਨੂੰ ਸਿੱਖਾਂ ਨੇ ਸਰਹਿੰਦ 'ਤੇ ਕਬਜ਼ਾ ਕਰ ਲਿਆ ਅਤੇ ਇਲਾਕੇ ਵਿਚ ਪਹਿਲੇ ਖ਼ਾਲਸਾ ਰਾਜ ਦਾ ਝੰਡਾ ਲਹਿਰਾਇਆ।

ਸਰਹਿੰਦ ਦੀ ਜਿੱਤ ਤੋਂ ਬਾਅਦ ਮੁਗਲ ਬਾਦਸ਼ਾਹ ਫ਼ਰੁਖ਼ਸੀਅਰ ਨੇ ਸਿੱਖਾਂ ਨੂੰ ਕੁਚਲਣ ਲਈ ਵੱਡੀ ਮੁਹਿੰਮ ਚਲਾਈ ਅਤੇ ਬੰਦਾ ਸਿੰਘ ਬਹਾਦਰ ਦੀ ਫੌਜ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਟਕਰਨ ਲਈ ਅਬਦੁਸ ਸਮਦ ਖ਼ਾਨ ਦੀ ਅਗਵਾਈ ਵਾਲੀ ਮੁਗ਼ਲ ਫ਼ੌਜ ਨੂੰ ਤਿਆਰ ਕੀਤਾ। ਅੰਤ ਮੁਗਲਾਂ ਨੇ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਘੇਰ ਲਿਆ। ਇਹ ਘੇਰਾ ਕਰੀਬ 8 ਮਹੀਨੇ ਚੱਲਿਆ। ਰਾਸ਼ਨ-ਪਾਣੀ ਖ਼ਤਮ ਹੋਣ ਦੇ ਬਾਵਜੂਦ ਸਿੱਖ ਆਖ਼ਰੀ ਦਮ ਤੱਕ ਲੜੇ। ਅਖ਼ੀਰ ਦਸੰਬਰ 1715 ਵਿਚ ਮੁਗ਼ਲਾਂ ਨੇ ਉਨ੍ਹਾਂ ਨੂੰ ਧੋਖੇ ਨਾਲ ਬੰਦੀ ਬਣਾ ਲਿਆ ਅਤੇ ਬੰਦਾ ਸਿੰਘ ਬਹਾਦਰ ਅਤੇ ਸੈਂਕੜੇ ਸਿੱਖ ਕੈਦੀਆਂ ਨੂੰ ਲੋਹੇ ਦੇ ਪਿੰਜਰਿਆਂ ਅਤੇ ਜ਼ੰਜੀਰਾਂ ਵਿਚ ਜਕੜ ਕੇ ਦਿੱਲੀ ਲਿਆਂਦਾ ਗਿਆ। ਕੈਦੀਆਂ ਨੂੰ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ, ਪਰ ਕਿਸੇ ਵੀ ਸਿੱਖ ਨੇ ਧਰਮ ਨਹੀਂ ਛੱਡਿਆ। ਦਿੱਲੀ ਵਿਚ ਰੋਜ਼ਾਨਾ ਦਰਜਨਾਂ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ।

ਦਿੱਲੀ ਵਿਖੇ ਖ਼ਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਨੇੜੇ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਲਈ ਲਿਆਂਦਾ ਗਿਆ। ਸਭ ਤੋਂ ਪਹਿਲਾਂ ਮੁਗ਼ਲ ਫ਼ੌਜਾਂ ਨੇ ਬੰਦਾ ਬਹਾਦਰ ਦੇ 4 ਸਾਲ ਦੇ ਮਾਸੂਮ ਪੁੱਤਰ, ਅਜੈ ਸਿੰਘ, ਨੂੰ ਉਨ੍ਹਾਂ ਦੀ ਗੋਦ ਵਿਚ ਬਿਠਾ ਕੇ ਕਤਲ ਕਰ ਦਿੱਤਾ ਅਤੇ ਉਸ ਦਾ ਕਾਲਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਬਾਬਾ ਜੀ ਅਡੋਲ ਅਤੇ ਅਕਾਲ ਪੁਰਖ ਦੇ ਭਾਣੇ ਵਿਚ ਰਹੇ। ਇਸ ਤੋਂ ਬਾਅਦ ਮੁਗ਼ਲਾਂ ਨੇ ਗਰਮ ਜੰਬੂਰਾਂ (ਚਿਮਟਿਆਂ) ਨਾਲ ਉਨ੍ਹਾਂ ਦਾ ਮਾਸ ਨੋਚਿਆ, ਅੱਖਾਂ ਕੱਢੀਆਂ ਅਤੇ ਅੰਗ-ਅੰਗ ਕੱਟ ਕੇ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ।

ਮਹਿਰੌਲੀ (ਦਿੱਲੀ) ਵਿਖੇ ਅੱਜ ਵੀ ਖ਼ਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਦੇ ਨੇੜੇ ਗੁਰਦਵਾਰਾ ਸ਼ਹੀਦੀ ਅਸਥਾਨ ਬਾਬਾ ਬੰਦਾ ਸਿੰਘ ਬਹਾਦਰ ਸੁਸ਼ੋਭਿਤ ਹੈ।

ਮੈਥੋਂ ਪੁੱਛਦੇ ਹੋ ਤਾਂ ਮੇਰਾ ਜਨਮ ਚਮਕੌਰ ਦੀ ਗੜ੍ਹੀ ਤੇ ਫਤਿਹਗੜ੍ਹ ਸਾਹਿਬ ਦੇ ਵਿਚ-ਵਿਚਾਲੇ ਪੈਂਦੇ ਪਿੰਡ ਕੋਟਲਾ ਬਡਲਾ ਦਾ ਹੈ ਜਿਥੋਂ ਮੇਰੀ ਨਾਨੀ ਦਾ ਪੇਕਾ ਪਿੰਡ ਮਹਿਦੂਦ ਸੱਤ ਕਿਲੋਮੀਟਰ ਦੀ ਦੂਰੀ ਉੱਤੇ ਪੈਂਦਾ ਸੀ। ਇਹ ਪਿੰਡ ਕੋਟਲਾ ਬਡਲਾ ਤੋਂ ਸੱਤ ਕਿਲੋਮੀਟਰ ਹੈ ਤੇ ਫਤਿਹਗੜ੍ਹ ਸਾਹਿਬ ਡੇਢ ਕਿਲੋਮੀਟਰ। ਉਂਝ ਮੇਰੀ ਨਾਨੀ ਨਾਮਧਾਰੀ ਖਾਨਦਾਨ ਵਿਚੋਂ ਸੀ। ਲੋੜ ਪਵੇ ਤਾਂ ਮੇਰੇ ਨਾਨੇ ਉੱਤੇ ਇਸਦਾ ਦਾਬਾ ਵੀ ਰੱਖਦੀ ਸੀ।

ਹੋਰ ਪੁੱਛਦੇ ਹੋ ਤਾਂ ਭਾਰਤ ਸਰਕਾਰ ਦੀ ਗ੍ਰਾਮ ਵਿਕਾਸ ਮਨਿਸਟਰੀ ਵਿਚ ਕੰਮ ਕਰਦਿਆਂ ਮੈਂ ਵੀ ਹਜ਼ੂਰ ਸਾਹਿਬ ਜਾਂਦਾ ਰਿਹਾ ਹਾਂ ਪਰ ਜਿਸ ਫੇਰੀ ਦੀ ਮੇਰੇ ਮਨ ਉੱਤੇ ਅੱਜ ਤੱਕ ਬੀਤੇ ਕੱਲ੍ਹ ਵਰਗੀ ਛਾਪ ਹੈ, ਜਦ ਮੇਰੀ ਨਾਨੀ ਮੈਨੂੰ ਹਜ਼ੂਰ ਸਾਹਿਬ ਲੈ ਕੇ ਗਈ ਸੀ। ਉਹ ਮੈਨੂੰ ਆਪਣੀ ਉਂਗਲੀ ਖੁਦ ਵੀ ਫੜਾ ਦਿੰਦੀ ਤੇ ਮੇਰੀ ਮਾਂ ਨੂੰ ਵੀ। ਉਹ ਵਾਲਾ ਸਫਰ ਜ਼ਿੰਦਾਬਾਦ!

**ਅੰਤਿਕਾ**

—ਮਾਲਵੇ ਦੇ ਲੋਕ ਗੀਤ ਵਿਚੋਂ—
ਬੰਦਾ ਲੋਹੇ ਦਾ ਸੁਹਾਗਾ ਸੂਬਿਆ
ਤੇਰੀ ਦੇਊਗਾ ਉਹ ਅਲਖ ਮੁਕਾ।

# ਇੱਕ ਪੋਸਟ, ਇੱਕ ਕਮੈਂਟ ਤੇ ਸਾਲਾਂ ਦੀ ਇੱਜ਼ਤ ਦਾਅ 'ਤੇ

ਕੁਲਬੀਰ ਸ਼ਰਮਾ

ਜਿਸ ਤਕਨਾਲੋਜੀ ਨੂੰ ਮਨੁੱਖੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਅਤੇ ਦੂਰੀਆਂ ਮਿਟਾਉਣ ਲਈ ਬਣਾਇਆ ਗਿਆ ਸੀ, ਅੱਜ ਉਹੀ ਸੋਸ਼ਲ ਮੀਡੀਆ ਸਾਡੇ ਸਮਾਜ ਲਈ ਇੱਕ ਡਰਾਉਣਾ ਅਤੇ ਜ਼ਹਿਰੀਲਾ ਜਾਲ ਬਣ ਚੁੱਕਾ ਹੈ। ਜਿਸ ਦਲਦਲ ਵਿਚ ਅਸੀਂ ਆਪੇ ਛਾਲ ਮਾਰੀ ਹੈ, ਉਸ ਵਿਚੋਂ ਨਿਕਲਣ ਦਾ ਰਸਤਾ ਹੁਣ ਕਿਸੇ ਨੂੰ ਨਹੀਂ ਲੱਭ ਰਿਹਾ। ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਇੱਕ ਗਲਤ ਪੋਸਟ, ਇੱਕ ਅਪਮਾਨਜਨਕ ਵੀਡੀਓ, ਜਾਂ ਇੱਕ ਗੰਦਾ ਕਮੈਂਟ ਕਿਸੇ ਪਰਿਵਾਰ ਦੀ ਪੀੜ੍ਹੀਆਂ ਤੋਂ ਕਮਾਈ 'ਇੱਜ਼ਤ' ਅਤੇ 'ਸ਼ਰਾਫ਼ਤ' ਨੂੰ ਪਲਾਂ ਵਿਚ ਮਿੱਟੀ ਵਿਚ ਮਿਲਾ ਦਿੰਦਾ ਹੈ। ਅਸੀਂ ਲਾਈਕਸ, ਵਧਦੇ ਫਾਲੋਅਰਜ਼ ਅਤੇ ਕੁਝ ਮਿੰਟਾਂ ਦੀ ਨਕਲੀ ਪ੍ਰਸਿੱਧੀ ਦੇ ਐਸੇ ਅੰਨ੍ਹੇ ਦੌਰ ਵਿਚ ਜੀਅ ਰਹੇ ਹਾਂ, ਜਿੱਥੇ ਸਹੀ ਅਤੇ ਗਲਤ ਦਾ ਫਰਕ ਪੂਰੀ ਤਰ੍ਹਾਂ ਮਿਟ ਚੁੱਕਾ ਹੈ।

ਕਦੇ ਸਮਾਂ ਸੀ, ਜਦੋਂ ਘਰ ਦੀ ਚਾਰਦੀਵਾਰੀ ਅਤੇ ਆਪਣੀ ਨਿੱਜੀ ਜ਼ਿੰਦਗੀ ਨੂੰ ਇੱਕ ਪਰਦਾ ਮੰਨਿਆ ਜਾਂਦਾ ਸੀ। ਪਰ ਅੱਜ ਸ਼ੋਰਟਸ ਅਤੇ ਰੀਲਾਂ ਦੇ ਇਸ ਬੁਖ਼ਾਰ ਨੇ ਅਜਿਹਾ ਪਾਗਲਪਣ ਪੈਦਾ ਕਰ ਦਿੱਤਾ ਹੈ ਕਿ ਲੋਕਾਂ ਨੇ ਆਪਣੇ ਬੈਡਰੂਮਾਂ ਤੱਕ ਦੀਆਂ ਵੀਡੀਓਜ਼ ਬਣਾ ਕੇ ਆਨਲਾਈਨ ਅੱਪਲੋਡ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੀ ਆਪਣੀ ਪ੍ਰਾਈਵੇਸੀ (ਨਿੱਜਤਾ) ਹੁਣ ਸਾਡੇ ਹੱਥਾਂ ਵਿਚ ਹੀ ਨਹੀਂ ਰਹੀ। ਬੱਚੇ ਤੋਂ ਲੈ ਕੇ ਵੱਡੇ ਤੱਕ, ਹਰ ਕੋਈ ਆਪਣੇ ਘਰ ਦੇ ਸੁੱਖ-ਦੁੱਖ ਅਤੇ ਨਿੱਜੀ ਪਲਾਂ ਨੂੰ ਵਲੌਗਸ ਦੇ ਨਾਂ 'ਤੇ ਤਮਾਸ਼ਾ ਬਣਾ ਰਿਹਾ ਹੈ। ਅੱਜ ਦਾ ਨੌਜਵਾਨ ਮਹਿਜ਼ ਕੁਝ 'ਵਿਊਜ਼' ਦੀ ਖ਼ਾਤਰ ਆਪਣੇ ਅਸਲ ਪਹਿਰਾਵੇ, ਆਪਣੇ ਸੰਸਕਾਰਾਂ ਅਤੇ ਸੱਭਿਆਚਾਰ ਨੂੰ ਲਾਂਭੇ ਕਰਕੇ ਨੰਗੇਪਣ ਅਤੇ ਬਿਨਾਂ ਸੋਚੇ-ਸਮਝੇ ਪੱਛਮੀ ਰੁਝਾਨਾਂ ਦੇ ਪਿੱਛੇ ਦੌੜਨ ਲੱਗ ਪਿਆ ਹੈ। ਆਕਰਸ਼ਕ ਦਿੱਖਣ ਅਤੇ ਫੇਮਸ ਹੋਣ ਦੀ ਇਸ ਹੱਦਹੀਣ ਦੌੜ ਵਿਚ ਅਸੀਂ ਆਪਣੇ ਅਸੂਲ ਤੱਕ ਵੇਚ ਦਿੱਤੇ ਹਨ।

ਸੋਸ਼ਲ ਮੀਡੀਆ ਦਾ ਕਮੈਂਟ ਸੈਕਸ਼ਨ ਅੱਜ ਅਜਿਹਾ ਜ਼ਹਿਰੀਲਾ ਅੱਡਾ ਬਣ ਚੁੱਕਾ ਹੈ, ਜਿੱਥੇ ਨਾ ਕੋਈ ਵੱਡਾ ਦੇਖਿਆ ਜਾਂਦਾ ਹੈ, ਨਾ ਕੋਈ ਛੋਟਾ। ਸਕ੍ਰੀਨ ਦੇ ਪਿੱਛੇ ਲੁਕ ਕੇ ਕਿਸੇ ਦੀ ਵੀ ਧੀ-ਭੈਣ ਜਾਂ ਕਿਸੇ ਵੀ ਬਜ਼ੁਰਗ 'ਤੇ ਗੰਦੀ ਤੋਂ ਗੰਦੀ ਸ਼ਬਦਾਵਲੀ ਵਰਤਣੀ ਆਮ ਗੱਲ ਬਣ ਚੁੱਕੀ ਹੈ। ਲੋਕ ਬਿਨਾਂ ਸੋਚੇ-ਸਮਝੇ ਆਪਣੀ ਅੰਦਰਲੀ ਭੜਾਸ ਕੱਢਣ ਲਈ ਅਜਿਹੀਆਂ ਟਿੱਪਣੀਆਂ ਕਰਦੇ ਹਨ ਜੋ ਕਿਸੇ ਦੀ ਆਤਮਾ ਨੂੰ ਛਲਣੀ ਕਰ ਦਿੰਦੀਆਂ ਹਨ। ਇੱਕ ਬੰਦੇ ਦੀ ਸਾਰੀ ਉਮਰ ਦੀ ਇੱਜ਼ਤ, ਉਸਦੀ ਮਿਹਨਤ ਅਤੇ ਉਸਦੀ ਸ਼ਰਾਫ਼ਤ ਨੂੰ ਇੱਕ ਗਲਤ ਕਮੈਂਟ ਜਾਂ ਝੂਠੀ ਅਫ਼ਵਾਹ ਨਾਲ ਪਲ ਵਿਚ ਤਬਾਹ ਕਰ ਦਿੱਤਾ ਜਾਂਦਾ ਹੈ। ਕਿਸੇ ਦੀ ਬਦਨਾਮੀ ਵਿਚੋਂ ਸੁਆਦ ਲੈਣਾ ਅੱਜ ਦੀ ਮਾਨਸਿਕਤਾ ਦਾ ਸਭ ਤੋਂ ਗੰਭੀਰ ਰੋਗ ਬਣ ਗਿਆ ਹੈ।

ਇਸ ਆਨਲਾਈਨ ਦਲਦਲ ਨੇ ਕਿੰਨੇ ਹੀ ਹੱਸਦੇ-ਵਸਦੇ ਘਰ ਉਜਾੜ ਦਿੱਤੇ ਹਨ। ਘਰਾਂ ਦੇ ਘਰ ਤਲਾਕਾਂ ਤੱਕ ਪਹੁੰਚ ਰਹੇ ਹਨ, ਕਿਉਂਕਿ ਰਿਸ਼ਤਿਆਂ ਵਿਚੋਂ ਵਿਸ਼ਵਾਸ ਖ਼ਤਮ ਹੋ ਕੇ ਸ਼ੱਕ ਅਤੇ ਦਿਖਾਵੇ ਨੇ ਜਗ੍ਹਾ ਲੈ ਲਈ ਹੈ। ਮਾਪੇ ਰਾਤਾਂ ਨੂੰ ਸੋਚ-ਸੋਚ ਕੇ ਫਿਕਰਾਂ ਵਿਚ ਘੁਲ ਰਹੇ ਹਨ ਕਿ ਉਨ੍ਹਾਂ ਦੇ ਬੱਚੇ ਦੀ ਕੋਈ ਗਲਤ ਵੀਡੀਓ ਜਾਂ ਗਲਤ ਕਦਮ ਸਮਾਜ ਵਿਚ ਉਨ੍ਹਾਂ ਦਾ ਸਿਰ ਝੁਕਾ ਨਾ ਦੇਵੇ। ਆਏ ਦਿਨ ਅਸੀਂ ਖ਼ਬਰਾਂ ਵਿਚ ਪੜ੍ਹਦੇ ਹਾਂ ਕਿ ਸੋਸ਼ਲ ਮੀਡੀਆ 'ਤੇ ਹੋਈ ਟਰੋਲਿੰਗ, ਕਿਸੇ ਦੀ ਲੀਕ ਹੋਈ ਚੈਟ, ਜਾਂ ਕਿਸੇ ਦੀ ਰੀਲ 'ਤੇ ਕੀਤੇ ਗੰਦੇ ਕਮੈਂਟਾਂ ਤੋਂ ਤੰਗ ਆ ਕੇ ਕਿਸੇ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਖ਼ੁਦਕੁਸ਼ੀਆਂ ਦੇ ਇਹ ਮਾਮਲੇ ਦੱਸਦੇ ਹਨ ਕਿ ਆਨਲਾਈਨ ਬੋਲੇ ਗਏ ਬੋਲ ਬੰਦੂਕ ਦੀ ਗੋਲੀ ਨਾਲੋਂ ਵੀ ਵੱਧ ਖ਼ਤਰਨਾਕ ਸਾਬਤ ਹੋ ਰਹੇ ਹਨ। ਅਸੀਂ ਸਾਰਾ ਦਿਨ ਕੋਈ ਲਾਹੇਵੰਦ ਮਿਹਨਤ ਕਰਨ ਦੀ ਬਜਾਏ, ਬਸ ਮੋਬਾਈਲ ਦੀ ਸਕ੍ਰੀਨ 'ਤੇ ਅੰਗੂਠਾ ਮਾਰ ਕੇ ਆਪਣੀ ਦਿਮਾਗੀ ਤਾਕਤ ਅਤੇ ਕੀਮਤੀ ਸਮਾਂ ਬਰਬਾਦ ਕਰ ਰਹੇ ਹਾਂ।

ਸਥਿਤੀ ਤਦ ਹੋਰ ਵੀ ਭਿਆਨਕ ਹੋ ਜਾਂਦੀ ਹੈ ਜਦੋਂ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀ ਤਕਨਾਲੋਜੀ ਦੀ ਵਰਤੋਂ ਗਲਤ ਕੰਮਾਂ ਲਈ ਕੀਤੀ ਜਾ ਰਹੀ ਹੈ। ਬਿਨਾਂ ਇਹ ਸੋਚੇ ਕਿ ਸਾਹਮਣੇ ਵਾਲੇ ਦੇ ਪਰਿਵਾਰ 'ਤੇ ਕੀ ਬੀਤੇਗੀ, ਲੋਕ ਏਆਈ ਰਾਹੀਂ ਕੁੜੀਆਂ ਅਤੇ ਆਮ ਲੋਕਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨਾਲ ਛੇੜਛਾੜ ਕਰਕੇ ਡੀਪਫੇਕ ਬਣਾ ਰਹੇ ਹਨ ਅਤੇ ਵਾਇਰਲ ਕਰ ਰਹੇ ਹਨ। ਨੈਤਿਕਤਾ ਦਾ ਅੰਤ ਇਹ ਹੈ ਕਿ ਕਿਸੇ ਦੀ ਬਰਬਾਦੀ ਨੂੰ ਵੀ 'ਕੰਟੈਂਟ' ਸਮਝ ਕੇ ਸ਼ੇਅਰ ਕੀਤਾ ਜਾਂਦਾ ਹੈ। ਇਸ ਸਾਰੇ ਗੰਦ ਨੂੰ ਦੇਖ ਕੇ ਸਾਡੇ ਘਰਾਂ ਦੇ ਛੋਟੇ-ਛੋਟੇ ਬੱਚੇ ਵੀ ਇਹੋ ਕੁਝ ਸਿੱਖ ਰਹੇ ਹਨ। ਉਹ ਅਜੇ ਤੋਂ ਹੀ ਲਾਈਕਸ ਅਤੇ ਵਿਊਜ਼ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਮੰਨਣ ਲੱਗ ਪਏ ਹਨ, ਜੋ ਕਿ ਸਾਡੀ ਆਉਣ ਵਾਲੀ ਪੀੜ੍ਹੀ ਲਈ ਬਹੁਤ ਵੱਡਾ ਖ਼ਤਰਾ ਹੈ। ਸੋਸ਼ਲ ਮੀਡੀਆ, ਜੋ ਸਾਡੇ ਲਈ ਗਿਆਨ ਅਤੇ ਸੰਚਾਰ ਦਾ ਸਾਧਨ ਬਣ ਸਕਦਾ ਸੀ, ਅੱਜ ਸਾਡੀ ਆਪਣੀ ਹੀ ਬੇਵਕੂਫ਼ੀ ਕਾਰਨ ਇੱਕ ਮਾਨਸਿਕ ਗੁਲਾਮੀ ਅਤੇ ਤਬਾਹੀ ਦਾ ਦੌਰ ਬਣ ਚੁੱਕਾ ਹੈ। ਜੇਕਰ ਅਸੀਂ ਹੁਣ ਵੀ ਨਾ ਸੰਭਲੇ, ਜੇਕਰ ਅਸੀਂ ਹੁਣ ਵੀ ਸਕ੍ਰੀਨ ਦੇ ਇਸ ਝੂਠੇ ਜਾਲ ਨਾਲੋਂ ਅਸਲ ਜ਼ਿੰਦਗੀ, ਪਰਿਵਾਰਿਕ ਸਾਂਝ ਅਤੇ ਆਪਣੀ ਨੈਤਿਕ ਮਰਿਆਦਾ ਨੂੰ ਉੱਪਰ ਨਾ ਰੱਖਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਕੋਲ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਬਚੇਗਾ। ਇੱਕ ਲਾਈਕ ਜਾਂ ਵਿਊ ਲਈ ਆਪਣੀ ਇੱਜ਼ਤ ਅਤੇ ਖੁਸ਼ੀਆਂ ਨੂੰ ਦਾਅ 'ਤੇ ਲਗਾਉਣਾ ਸਮਝਦਾਰੀ ਨਹੀਂ, ਬਲਕਿ ਖੁਦ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਅੱਗ ਲਗਾਉਣਾ ਹੈ।

## 'ਪੀਚ ਕਿੰਗ' ਸਰਦਾਰ ਦੀਦਾਰ ਸਿੰਘ ਬੈਂਸ

# ਇੱਕ ਸਾਮਰਾਜ ਤੋਂ ਵੀ ਵੱਡੀ ਵਿਰਾਸਤ — ਅਤੇ ਮੇਰੀ ਆਖ਼ਰੀ ਮੁਲਾਕਾਤ

ਅਮਰੀਕਾ ਦੀ ਧਰਤੀ ਉਤੇ ਜੇ ਉਨ੍ਹਾਂ ਮਹਾਨ ਸਿੱਖਾਂ ਦੀ ਗੱਲ ਛਿੜੇ, ਜਿਨ੍ਹਾਂ ਨੇ ਖਾਲੀ ਹੱਥ ਪਰਦੇਸ ਆ ਕੇ ਆਪਣੀ ਮਿਹਨਤ ਨਾਲ ਸਾਮਰਾਜ ਖੜ੍ਹੇ ਕੀਤੇ, ਪਰ ਦੌਲਤ ਦੀਆਂ ਉਚਾਈਆਂ 'ਤੇ ਪਹੁੰਚ ਕੇ ਵੀ ਆਪਣੀ ਮਿੱਟੀ, ਸਿੱਖੀ ਅਤੇ ਆਪਣੇ ਲੋਕਾਂ ਨੂੰ ਨਹੀਂ ਭੁਲਾਇਆ, ਤਾਂ 'ਪੀਚ ਕਿੰਗ' ਸਰਦਾਰ ਦੀਦਾਰ ਸਿੰਘ ਬੈਂਸ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।



ਹੁਸ਼ਿਆਰਪੁਰ ਜ਼ਿਲ੍ਹੇ ਦੀ ਮਿੱਟੀ ਵਿਚੋਂ ਉਠਿਆ ਇੱਕ ਪੰਜਾਬੀ ਨੌਜਵਾਨ ਅਮਰੀਕਾ ਪਹੁੰਚਦਾ ਹੈ। ਸ਼ੁਰੂਆਤ ਸਾਧਾਰਨ ਮਜ਼ਦੂਰ ਵਜੋਂ ਹੁੰਦੀ ਹੈ, ਪਰ ਹੱਥਾਂ ਵਿਚ ਮਿਹਨਤ, ਮਨ ਵਿਚ ਹੌਸਲਾ ਅਤੇ ਅੱਖਾਂ ਵਿਚ ਸੁਪਨੇ ਹੋਣ ਤਾਂ ਪਰਦੇਸ ਦੀ ਧਰਤੀ ਵੀ ਆਪਣੀ ਬਣ ਜਾਂਦੀ ਹੈ। ਸਮਾਂ ਬਦਲਿਆ ਅਤੇ ਉਹੀ ਨੌਜਵਾਨ ਕੈਲੀਫੋਰਨੀਆ ਦੇ ਵੱਡੇ ਖੇਤੀਬਾੜੀ ਕਾਰੋਬਾਰੀਆਂ ਵਿਚ ਸ਼ੁਮਾਰ ਹੋਇਆ। ਦੁਨੀਆ ਨੇ ਉਸ ਨੂੰ 'Peach King' ਦੇ ਨਾਂ ਨਾਲ ਜਾਣਿਆ।

**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

ਪਰ ਮੇਰੇ ਲਈ ਬੈਂਸ ਸਾਹਿਬ ਦੀ ਮਹਾਨਤਾ ਉਨ੍ਹਾਂ ਦੇ ਹਜ਼ਾਰਾਂ ਏਕੜਾਂ, ਕਾਰੋਬਾਰ ਜਾਂ ਦੌਲਤ ਵਿਚ ਨਹੀਂ ਸੀ। ਉਨ੍ਹਾਂ ਦੀ ਸਭ ਤੋਂ ਵੱਡੀ ਦੌਲਤ ਉਨ੍ਹਾਂ ਦਾ ਦਿਲ ਸੀ।

ਉਨ੍ਹਾਂ ਨੇ ਅਮਰੀਕਾ ਵਿਚ ਆਪਣੀ ਤਰੱਕੀ ਦੇ ਨਾਲ ਸਿੱਖੀ ਦੀਆਂ ਜੜ੍ਹਾਂ ਵੀ ਮਜ਼ਬੂਤ ਕੀਤੀਆਂ। ਯੂਬਾ ਸਿਟੀ ਦੀ ਸਿੱਖ ਸੰਗਤ ਨੂੰ ਸੰਗਠਿਤ ਕਰਨ, ਗੁਰਦੁਆਰਾ ਸਾਹਿਬ ਦੇ ਵਿਕਾਸ, ਸਾਲਾਨਾ ਨਗਰ ਕੀਰਤਨ ਨੂੰ ਵਿਸ਼ਾਲ ਰੂਪ ਦੇਣ ਅਤੇ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੀ ਸਹਾਇਤਾ ਕਰਨ ਵਿਚ ਉਨ੍ਹਾਂ ਦੀ ਭੂਮਿਕਾ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ।

ਯੂਬਾ ਸਿਟੀ ਦਾ ਨਗਰ ਕੀਰਤਨ ਅੱਜ ਅਮਰੀਕਾ ਦੇ ਸਭ ਤੋਂ ਵੱਡੇ ਸਿੱਖ ਇਕੱਠਾਂ ਵਿਚ ਗਿਣਿਆ ਜਾਂਦਾ ਹੈ। ਦੂਰ-ਦੂਰ ਤੋਂ ਸੰਗਤ ਉਥੇ ਪਹੁੰਚਦੀ ਹੈ, ਲੰਗਰ ਲੱਗਦੇ ਹਨ ਅਤੇ ਕੇਸਰੀ ਨਿਸ਼ਾਨਾਂ ਹੇਠ ਸਿੱਖੀ ਦੀ ਸ਼ਾਨ ਸੰਸਾਰ ਨੂੰ ਦਿਖਾਈ ਦਿੰਦੀ ਹੈ।

ਮੇਰਾ ਵੀ ਇਸ ਧਰਤੀ ਨਾਲ ਸਿਰਫ਼ ਇੱਕ ਦਰਸ਼ਕ ਵਾਲਾ ਰਿਸ਼ਤਾ ਨਹੀਂ ਰਿਹਾ। ਮੈਂ ਲਗਾਤਾਰ ਅੱਠ-ਨੌਂ ਸਾਲ ਸ਼ਿਕਾਗੋ ਤੋਂ ਯੂਬਾ ਸਿਟੀ ਜਾ ਕੇ ਆਪਣੇ ਨਾਨਕੇ ਪਰਿਵਾਰ ਨਾਲ ਲੰਗਰ ਦੀ ਸੇਵਾ ਕਰਦਾ ਰਿਹਾ। ਇਸ ਸੇਵਾ ਦੌਰਾਨ ਅਨੇਕਾਂ ਸੱਜਣਾਂ ਨਾਲ ਪਿਆਰ ਅਤੇ ਪਰਿਵਾਰਕ ਸਾਂਝ ਬਣੀ।

ਬੈਂਸ ਸਾਹਿਬ ਨਾਲ ਵੀ ਮਿਲਣ ਦੇ ਕਈ ਮੌਕੇ ਮਿਲੇ। ਇੱਕ ਸਾਂਝ ਹੋਰ ਵੀ ਦਿਲ ਦੇ ਨੇੜੇ ਸੀ—ਅਸੀਂ ਦੋਵੇਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਮਿੱਟੀ ਨਾਲ ਜੁੜੇ ਹੋਏ ਸੀ। ਪਰ ਉਨ੍ਹਾਂ ਨਾਲ ਹੋਈ ਆਖ਼ਰੀ ਮੁਲਾਕਾਤ ਮੇਰੀ ਜ਼ਿੰਦਗੀ ਦੀਆਂ ਉਨ੍ਹਾਂ ਯਾਦਾਂ ਵਿਚੋਂ ਹੈ, ਜਿਨ੍ਹਾਂ ਉਤੇ ਸਮੇਂ ਦੀ ਧੂੜ ਕਦੇ ਨਹੀਂ ਪੈ ਸਕਦੀ।

**ਉਹ ਆਖ਼ਰੀ ਮੁਲਾਕਾਤ...**

ਬੈਂਸ ਸਾਹਿਬ ਜੀਵਨ ਦੇ ਆਖ਼ਰੀ ਸਮੇਂ ਦੌਰਾਨ ਇੱਕ ਐਕਸੀਡੈਂਟ ਤੋਂ ਬਾਅਦ ਮੰਜੇ 'ਤੇ ਸਨ। ਮੈਂ ਅਤੇ ਮੇਰਾ ਵੱਡਾ ਭਰਾ ਸ. ਮਨਜੀਤ ਸਿੰਘ, ਰਾਜਪੁਰ ਭਾਈਆਂ (ਹੁਣ ਸਵਰਗਵਾਸੀ), ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ ਉਚੇਚੇ ਤੌਰ 'ਤੇ ਉਨ੍ਹਾਂ ਦੇ ਘਰ ਗਏ।

ਸਰੀਰ ਬਿਮਾਰੀ ਅਤੇ ਸੱਟ ਨਾਲ ਕਮਜ਼ੋਰ ਸੀ, ਪਰ ਦੀਦਾਰ ਸਿੰਘ ਬੈਂਸ ਦਾ ਦਿਲ ਅਜੇ ਵੀ ਉਹੀ ਸੀ।

ਸਾਨੂੰ ਵੇਖ ਕੇ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਕੋਲ ਸੱਦਿਆ



ਅਤੇ ਕਿਹਾ: 'ਇਹ ਮੇਰੇ ਛੋਟੇ ਭਰਾ ਹਨ, ਮੇਰੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਹਨ। ਇੱਕ ਕੈਨੇਡਾ ਰਹਿੰਦਾ ਹੈ ਤੇ ਇੱਕ ਸ਼ਿਕਾਗੋ। ਦੂਰੋਂ ਮੈਨੂੰ ਮਿਲਣ ਆਏ ਹਨ—ਇਨ੍ਹਾਂ ਨੂੰ ਟਿਕਟ ਦੇ ਪੈਸੇ ਦਿਓ।'

ਮੈਂ ਅੱਜ ਵੀ ਉਹ ਪਲ ਨਹੀਂ ਭੁੱਲ ਸਕਦਾ।

ਇੱਕ ਇਨਸਾਨ ਖੁਦ ਮੰਜੇ 'ਤੇ ਪਿਆ ਹੈ। ਆਪਣੀ ਸਿਹਤ ਦੀ ਤਕਲੀਫ਼ ਵਿਚ ਹੈ। ਜੀਵਨ ਸ਼ਾਮ ਵੱਲ ਵਧ ਰਿਹਾ ਹੈ। ਪਰ ਉਸ ਵੇਲੇ ਵੀ ਉਸ ਨੂੰ ਆਪਣਾ ਦਰਦ ਘੱਟ ਅਤੇ ਦੂਰੋਂ ਆਏ ਆਪਣੇ ਲੋਕਾਂ ਦਾ ਖਰਚਾ ਵੱਧ ਯਾਦ ਹੈ।

ਮੈਂ ਤੇ ਮੇਰੇ ਭਰਾ ਨੇ ਬੜੀ ਨਿਮਰਤਾ ਨਾਲ ਕਿਹਾ, 'ਬੈਂਸ ਸਾਹਿਬ, ਅਸੀਂ ਤੁਹਾਡਾ ਹਾਲ ਜਾਣਨ ਆਏ ਹਾਂ। ਵਾਹਿਗੁਰੂ ਜੀ ਦਾ ਦਿੱਤਾ ਸਾਡੇ ਕੋਲ ਬਹੁਤ ਕੁਝ ਹੈ। ਸਾਨੂੰ ਪੈਸਿਆਂ ਦੀ ਨਹੀਂ—ਤੁਹਾਡੀਆਂ ਦੁਆਵਾਂ ਦੀ ਲੋੜ ਹੈ।'

ਅਸੀਂ ਪੈਸੇ ਨਹੀਂ ਲਏ।

ਪਰ ਉਸ ਦਿਨ ਮੈਂ ਆਪਣੇ ਨਾਲ ਇੱਕ ਅਜਿਹੀ ਦੌਲਤ ਲੈ ਕੇ ਵਾਪਸ ਆਇਆ, ਜਿਸ ਦੀ ਕੀਮਤ ਕੋਈ ਬੈਂਕ ਨਹੀਂ ਲਾ ਸਕਦਾ—ਇੱਕ ਵੱਡੇ ਮਨੁੱਖ ਦੇ ਵੱਡੇ ਦਿਲ ਦੀ ਯਾਦ। ਇਹ ਮੇਰੀ ਬੈਂਸ ਸਾਹਿਬ ਨਾਲ ਆਖ਼ਰੀ ਮੁਲਾਕਾਤ ਸਾਬਤ ਹੋਈ।

ਅੱਜ ਮੇਰਾ ਭਰਾ ਸ. ਮਨਜੀਤ ਸਿੰਘ ਵੀ ਇਸ ਸੰਸਾਰ ਵਿਚ ਨਹੀਂ ਅਤੇ ਬੈਂਸ ਸਾਹਿਬ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਪਰ ਜਦੋਂ ਉਸ ਮੁਲਾਕਾਤ ਦੀਆਂ ਤਸਵੀਰਾਂ ਵੇਖਦਾ ਹਾਂ, ਮੇਰੇ ਲਈ ਉਹ ਸਿਰਫ਼ ਤਸਵੀਰਾਂ ਨਹੀਂ ਰਹਿੰਦੀਆਂ—ਉਹ ਸਮੇਂ ਦਾ ਰੁਕਿਆ ਹੋਇਆ ਇੱਕ ਪੰਨਾ ਬਣ ਜਾਂਦੀਆਂ ਹਨ।

ਇੱਕ ਪਾਸੇ ਬੈਂਸ ਸਾਹਿਬ ਹਨ, ਦੂਜੇ ਪਾਸੇ ਮੇਰਾ ਸਵਰਗਵਾਸੀ ਭਰਾ, ਅਤੇ ਵਿਚਕਾਰ ਖੜ੍ਹੀ ਹੈ ਉਹ ਯਾਦ ਜਿਸ ਨੂੰ ਮੌਤ ਵੀ ਮਿਟਾ ਨਹੀਂ ਸਕੀ।

ਬੈਂਸ ਸਾਹਿਬ ਨੇ ਜ਼ਮੀਨਾਂ ਬਣਾਈਆਂ, ਬਾਗ਼ ਲਾਏ, ਕਾਰੋਬਾਰ ਖੜ੍ਹੇ ਕੀਤੇ, ਗੁਰਦੁਆਰਿਆਂ ਅਤੇ ਸੰਸਥਾਵਾਂ ਦੀ ਸੇਵਾ ਕੀਤੀ, ਸਿੱਖ ਕੌਮ ਲਈ ਧਰਤੀ ਅਤੇ ਦੌਲਤ ਸਮਰਪਿਤ ਕੀਤੀ। ਯੂਬਾ ਸਿਟੀ ਵਿਚ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਪਾਰਕ ਵੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਮਹਾਨ ਪਰਵਾਸੀ ਦੀ ਯਾਦ ਦਿਵਾਉਂਦਾ ਰਹੇਗਾ।

ਪਰ ਮੇਰੇ ਦਿਲ ਵਿਚ ਉਨ੍ਹਾਂ ਦੀ ਸਭ ਤੋਂ ਵੱਡੀ ਯਾਦ ਕਿਸੇ ਏਕੜ ਜ਼ਮੀਨ ਦੀ ਨਹੀਂ। ਮੇਰੀ ਯਾਦ ਵਿਚ ਉਹ ਬੈਂਸ ਸਾਹਿਬ ਹਨ, ਜੋ ਮੰਜੇ 'ਤੇ ਪਏ ਹੋਏ ਵੀ ਪੁੱਛ ਰਹੇ ਸਨ—ਮੇਰੇ ਦੂਰੋਂ ਆਏ ਭਰਾਵਾਂ ਦਾ ਖਰਚਾ ਕੌਣ ਦੇਵੇਗਾ?

ਇਹੀ ਤਾਂ ਪੰਜਾਬੀਅਤ ਹੈ, ਇਹੀ ਤਾਂ ਸਿੱਖੀ ਹੈ ਅਤੇ ਇਹੀ ਤਾਂ ਵੱਡੇ ਮਨੁੱਖ ਦੀ ਪਛਾਣ ਹੈ।

ਵੱਡਾ ਆਦਮੀ ਉਹ ਨਹੀਂ ਜਿਸ ਕੋਲ ਬਹੁਤ ਕੁਝ ਹੋਵੇ; ਵੱਡਾ ਉਹ ਹੈ, ਜਿਸ ਕੋਲ ਬਹੁਤ ਕੁਝ ਹੋਣ ਤੋਂ ਬਾਅਦ ਵੀ ਆਪਣੇ ਲੋਕਾਂ ਲਈ ਦਿਲ ਵਿਚ ਥਾਂ ਬਚੀ ਰਹੇ।

ਸਰਦਾਰ ਦੀਦਾਰ ਸਿੰਘ ਬੈਂਸ ਨੇ ਅਮਰੀਕਾ ਵਿਚ 'ਪੀਚ ਕਿੰਗ' ਬਣ ਕੇ ਕਾਰੋਬਾਰੀ ਇਤਿਹਾਸ ਜ਼ਰੂਰ ਰਚਿਆ, ਪਰ ਮੇਰੀ ਨਜ਼ਰ ਵਿਚ ਉਨ੍ਹਾਂ ਦੀ ਇਸ ਤੋਂ ਵੀ ਵੱਡੀ ਪ੍ਰਾਪਤੀ ਸੀ—ਉਨ੍ਹਾਂ ਨੇ ਪਰਦੇਸ ਵਿਚ ਰਹਿ ਕੇ ਵੀ ਪੰਜਾਬੀ ਦਿਲ ਨੂੰ ਮਰਨ ਨਹੀਂ ਦਿੱਤਾ। ਉਹ ਹੁਸ਼ਿਆਰਪੁਰ ਤੋਂ ਚੱਲੇ ਸਨ,



ਕੈਲੀਫੋਰਨੀਆ ਵਿਚ ਸਾਮਰਾਜ ਬਣਾਇਆ, ਅਮਰੀਕਾ ਨੇ ਉਨ੍ਹਾਂ ਨੂੰ 'Peach King' ਕਿਹਾ, ਪਰ ਉਹ ਅਖੀਰ ਤੱਕ ਆਪਣੇ ਲੋਕਾਂ ਨੂੰ 'ਮੇਰੇ ਭਰਾ' ਕਹਿੰਦੇ ਰਹੇ।

ਇਸ ਤੋਂ ਵੱਡੀ ਬਾਦਸ਼ਾਹੀ ਹੋਰ ਕੀ ਹੋ ਸਕਦੀ ਹੈ?

ਅੱਜ ਜਦੋਂ ਮੈਂ ਉਨ੍ਹਾਂ ਨੂੰ ਯਾਦ ਕਰਦਿਆਂ ਇਹ ਸ਼ਬਦ ਲਿਖ ਰਿਹਾ ਹਾਂ, ਮੇਰੀ ਕਲਮ ਸ਼ਰਧਾ ਨਾਲ ਝੁਕਦੀ ਹੈ। ਕੁਝ ਮਨੁੱਖ ਆਪਣੀ ਉਮਰ ਪੂਰੀ ਕਰਕੇ ਚਲੇ ਜਾਂਦੇ ਹਨ, ਪਰ ਕੁਝ ਆਪਣੀ ਉਮਰ ਤੋਂ ਅੱਗੇ ਇੱਕ ਯੁੱਗ ਛੱਡ ਜਾਂਦੇ ਹਨ।

ਸ. ਦੀਦਾਰ ਸਿੰਘ ਬੈਂਸ ਉਸੇ ਯੁੱਗ ਦਾ ਨਾਮ ਹੈ। ਉਨ੍ਹਾਂ ਦੀ ਮਿਹਨਤ, ਸੇਵਾ ਅਤੇ ਉਨ੍ਹਾਂ ਦੀ ਦਰਿਆਦਿਲੀ ਅਤੇ ਉਸ ਪੰਜਾਬੀ-ਸਿੱਖ ਰੂਹ ਨੂੰ ਸਿਜਦਾ, ਜਿਸ ਨੇ ਪਰਦੇਸ ਵਿਚ ਰਹਿ ਕੇ ਵੀ ਆਪਣੀਆਂ ਜੜ੍ਹਾਂ ਨੂੰ ਕਦੇ ਸੁੱਕਣ ਨਹੀਂ ਦਿੱਤਾ।

ਮਨੁੱਖ ਚਲਾ ਜਾਂਦਾ ਹੈ, ਪਰ ਉਸ ਵੱਲੋਂ ਬੀਜੀ ਨੇਕੀ ਨਹੀਂ ਮਰਦੀ—ਕੁਝ ਬਾਗ਼ ਫਲ ਦਿੰਦੇ ਹਨ, ਕੁਝ ਮਨੁੱਖ ਪੀੜ੍ਹੀਆਂ ਨੂੰ ਫਲ ਦਿੰਦੇ ਹਨ। ਦੀਦਾਰ ਸਿੰਘ ਬੈਂਸ ਦੋਵੇਂ ਬਾਗ਼ ਲਾ ਕੇ ਇਸ ਦੁਨੀਆ ਤੋਂ ਗਏ ਹਨ। ਵਾਹਿਗੁਰੂ ਜੀ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖ਼ਸ਼ਣ।

ਸਿਜਦਾ ਉਸ ਮਹਾਨ ਰੂਹ ਨੂੰ।

# ਕੌੜੀ ਨਿੰਮ ਵਰਗਾ-ਤਾਇਆ ਸ਼ਾਹ ਜੀ

## ਮੇਰੇ ਆਪਣੇ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਤਾਇਆ ਸ. ਸੰਤਾ ਸਿੰਘ ਜੀ ਉਰਫ਼ ਤਾਇਆ ਸ਼ਾਹ, ਗੋਰਾ ਚਿੱਟਾ, ਲਾਲ ਸੂਹਾ ਰੰਗ ਤੇ ਬਿੱਲੀਆਂ ਅੱਖਾਂ। ਨਵੇਂ ਖੂਹ 'ਤੇ ਸੀ ਉਸਦਾ ਅੱਡਾ ਜਿਥੇ ਡੰਗਰ ਰੱਖਦੇ ਵੱਡੀ ਸਾਰੀ ਛੰਨ 'ਚ। ਸਿਆਲ ਨੂੰ ਇਕ ਪਾਸੇ ਪਸ਼ੂ ਬੱਧੇ ਹੁੰਦੇ ਅਤੇ ਦੂਜੇ ਪਾਸੇ ਹੁੰਦਾ ਤਾਏ ਦਾ ਮੰਜਾ। ਬੀਤੇ ਸਮਿਆਂ ਵਿਚ ਅਕਸਰ ਹਵੇਲੀ ਜਾਂ ਖੂਹ 'ਤੇ ਹੀ ਸਾਡੇ ਬਜ਼ੁਰਗ ਆਪਣੇ ਪਸ਼ੂਆਂ ਨੂੰ ਰੱਖਿਆ ਕਰਦੇ ਸਨ ਅਤੇ ਉਨ੍ਹਾਂ ਦੇ ਕੋਲ ਡੰਗਰਾਂ ਦੇ ਨਿੱਘ ਵਿਚ ਸਿਆਲ ਦੀਆਂ ਠੰਢੀਆਂ ਰਾਤਾਂ ਕੱਟਦੇ। ਇਕ ਗੇੜਾ ਉਨ੍ਹਾਂ ਦਾ ਪਿੰਡ ਨੂੰ ਰੋਜ਼ ਵੱਜਦਾ ਤਾਂ ਉਨ੍ਹਾਂ ਦੇ ਕੱਪੜੇ ਬਹੁਤ ਸਾਫ਼ ਸੁਥਰੇ ਹੁੰਦੇ।

ਬੜੀਆਂ ਸਾਂਝਾਂ ਸਨ ਉਸ ਦੀਆਂ ਪਿੰਡ ਵਿਚ। ਉਹ ਲੋਕਾਂ ਨੂੰ ਵਿਆਜੂ ਪੈਸੇ ਦਿੰਦਾ। ਕਈ ਵਾਰ ਹੁਧਾਰ ਦਿੱਤੇ ਪੈਸਿਆਂ ਦੇ ਇਵਜ਼ ਵਿਚ ਜ਼ਮੀਨ ਗਹਿਣੇ ਲੈ ਲੈਂਦਾ। ਜੇਕਰ ਕਿਸੇ ਗਰੀਬ ਹਮਾਤੜ ਕੋਲੋਂ ਪੈਸੇ ਵਾਪਸ ਨਾ ਹੁੰਦੇ ਤਾਂ ਉਸਨੂੰ ਤਾਏ ਸ਼ਾਹ ਕੋਲ ਆਪਣੀ ਜ਼ਮੀਨ ਹੀ ਵੇਚਣੀ ਪੈਂਦੀ। ਦਰਅਸਲ ਉਨ੍ਹਾਂ ਦਾ ਨਾਮ ਸ਼ਾਹ ਵੀ ਏਸੇ ਕਰਕੇ ਪਿਆ ਕਿਉਂਕਿ ਉਹ ਪਿੰਡ ਵਿਚ ਸ਼ਾਹੂਕਾਰਾ ਕਰਦਾ ਸੀ। ਪਰ ਉਹ ਪੈਸੇ ਆਦਿ ਦਾ ਭੇਤ ਕਿਸੇ ਨੂੰ ਨਹੀਂ ਸੀ ਦਿੰਦਾ।

ਤਾਏ ਸ਼ਾਹ ਦੇ ਤਿੰਨ ਪੁੱਤਰ ਅਤੇ ਦੋ ਧੀਆਂ ਸਨ। ਇਕ ਵਿਆਹੀ ਵਰੀ ਧੀ ਦਾ ਦੇਹਾਂਤ ਹੋ ਚੁੱਕਾ ਸੀ। ਦੂਸਰੀ ਆਪਣੇ ਘਰ ਰੰਗੀਂ ਵੱਸਦੀ ਸੀ। ਵੱਡੇ ਦੋਵੇਂ ਪੁੱਤਰਾਂ ਦੇ ਵਿਆਹ ਵੀ ਜਲਦੀ ਹੀ ਕਰ ਦਿੱਤੇ ਸਨ। ਪਰ ਆਪਣੇ ਪੁੱਤਰਾਂ ਦੀ ਪੜ੍ਹਾਈ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਵੱਡਾ ਬੇਟਾ ਥੋੜ੍ਹਾ ਜਿਹਾ ਪੜ੍ਹ ਕੇ ਪੁਲਾਂ 'ਤੇ ਕੰਮ ਕਰਨ ਲਈ ਅਸਾਮ ਚਲੇ ਗਿਆ। ਉਸਨੇ ਸਾਰੀ ਉਮਰ ਆਪਣੇ ਪਰਿਵਾਰ ਤੋਂ ਦੂਰ ਰਹਿ ਕੇ ਹੀ ਜ਼ਿੰਦਗੀ ਗੁਜ਼ਾਰੀ ਅਤੇ ਉਮਰ ਦੀ ਢਲਦੀ ਸ਼ਾਮ ਵੇਲੇ ਘਰ ਪਰਤਿਆ। ਪਰ ਉਹ ਆਪਣੇ ਪਰਿਵਾਰ ਲਈ ਉਹ ਕੁਝ ਨਾ ਕਰ ਸਕਿਆ ਜਿਸਦੀ ਤਾਏ ਨੇ ਆਸ ਕੀਤੀ ਸੀ। ਗੱਭਲਾ ਤਾਂ ਸਕੂਲੇ ਗਿਆ ਹੀ ਨਹੀਂ। ਬੜੀ ਜਲਦੀ ਵਾਹੀ ਦੇ ਕੰਮ ਅਤੇ ਗੱਡਾ ਵਾਹੁਣ ਵਿਚ ਮਾਹਰ ਹੋ ਗਿਆ ਜਿਸਦੇ ਸਿਰ 'ਤੇ ਸੀ ਵਾਹੀ ਦਾ ਸਮੁੱਚਾ ਭਾਰ। ਸਭ ਤੋਂ ਛੋਟਾ ਬੇਟਾ ਮੇਰੇ ਤੋਂ ਇਕ ਸਾਲ ਪਿੱਛੇ ਸਕੂਲ ਵਿਚ ਪੜ੍ਹਦਾ ਸੀ। ਉਹ ਨੌਂਵੀਂ ਜਮਾਤ ਵਿਚੋਂ ਫੇਲ੍ਹ ਹੋ ਗਿਆ ਤਾਂ ਤਾਏ ਨੇ ਉਸਨੂੰ ਪੜ੍ਹਨੋਂ ਹੀ ਹਟਾ ਲਿਆ ਅਤੇ ਵਾਹੀ ਕਰਨ ਲਾ ਲਿਆ ਤੇ ਕੁਝ ਸਮੇਂ ਬਾਅਦ ਉਹ ਵੀ ਪੁਲਾਂ 'ਤੇ ਚਲਾ ਗਿਆ। ਮੈਂ ਤਾਏ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਕਿ ਉਸਨੂੰ ਦੁਬਾਰਾ ਸਕੂਲੇ ਪੜ੍ਹਨ ਲਾ ਦਿਓ। ਅਗਲੀ ਵਾਰ ਉਸਨੇ ਪਾਸ ਤਾਂ ਹੋ ਹੀ ਜਾਣਾ ਪਰ ਤਾਏ ਨੂੰ ਤਾਂ ਕੰਮ ਦਾ ਲਾਲਚ ਸੀ ਅਤੇ ਉਹ ਬਿਲਕੁਲ ਨਾ ਮੰਨਿਆ। ਉਹ ਚਾਹੁੰਦਾ ਸੀ ਕਿ ਉਹ ਵੀ ਜਲਦੀ ਕਮਾਈ ਕਰਨ ਲੱਗੇ। ਪੜ੍ਹ ਕੇ ਕਿਹੜਾ ਇਸਨੇ ਅਫ਼ਸਰ ਬਣਨਾ ਆ? ਤਾਏ ਨੇ ਤਾਂ ਮੇਰੇ ਬਾਪ ਨੂੰ ਵੀ ਕਿਹਾ ਸੀ ਕਿ ਬਖਸ਼ੀ ਨੂੰ ਹਲ ਫੜਾ ਅਤੇ ਆਪਣੇ ਆਪ ਨੂੰ ਸੌਖਾ ਕਰ। ਜੱਟਾਂ ਦੇ ਮੁੰਡੇ ਨਹੀਂ ਪੜ੍ਹਦੇ ਹੁੰਦੇ। ਆਖਰ ਨੂੰ ਹਲ



ਹੀ ਵਾਹੁਣਾ ਏ। ਦਰਅਸਲ ਇਹੀ ਵੱਡਾ ਫ਼ਰਕ ਸੀ ਮੇਰੇ ਬਾਪ ਅਤੇ ਤਾਏ ਵਿਚ ਕਿ ਮੇਰੇ ਬਾਪ ਨੇ ਮੇਰੇ ਪ੍ਰੈਪ ਵਿਚੋਂ ਫੇਲ੍ਹ ਹੋਣ 'ਤੇ ਕਿਹਾ ਸੀ ਕਿ ਤੂੰ ਕਿਹੜਾ ਬੁੱਢਾ ਹੋ ਗਿਆਂ? ਅਗਲੇ ਸਾਲ ਪਾਸ ਹੋ ਜਾਵੇਂਗਾ। ਦਰਅਸਲ ਮਾਪਿਆਂ ਦੀ ਇਹੀ ਹੌਂਸਲਾਸ਼ੀ ਹੁੰਦੀ ਜੋ ਔਲਾਦ ਨੂੰ ਅੱਗੇ ਵਧਣ ਅਤੇ ਨਵੀਆਂ ਮੰਜ਼ਲਾਂ ਦਾ ਸਿਰਨਾਵਾਂ ਦਿੰਦੀ।

ਤਾਈ ਦਾ ਦੇਹਾਂਤ ਤਾਂ ਸਭ ਤੋਂ ਛੋਟੇ ਬੇਟੇ ਦੇ ਜਨਮ ਤੋਂ ਬਾਅਦ ਜਲਦੀ ਹੋ ਗਿਆ ਸੀ। ਬੱਚੇ ਮੇਰੀ ਦਾਦੀ ਨੇ ਹੀ ਪਾਲੇ ਸਨ। ਤਾਏ ਨੂੰ ਆਪਣੇ ਬੱਚਿਆਂ ਦੀ ਪ੍ਰਵਰਿਸ਼ ਜਾਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਬਜਾਏ ਉਨ੍ਹਾਂ ਨੂੰ ਜਲਦੀ ਕੰਮ ਧੰਦੀਂ ਲਾ ਕੇ ਖ਼ੁਦ ਸੁਰਖ਼ਰੂ ਹੋਣ ਦੀ ਕਾਹਲ ਸੀ।

ਤਾਏ ਸ਼ਾਹ ਨੇ ਘਰ ਦੀ ਵੰਡ-ਵੰਡਾਈ ਵੇਲੇ ਵੀ ਆਪਣੀ ਮਨਮਰਜ਼ੀ ਕੀਤੀ। ਮੇਰੇ ਬਾਪ ਵਲੋਂ ਜਵਾਨੀ ਵੇਲੇ ਅਣਥੱਕ ਮਿਹਨਤ ਨਾਲ ਕੀਤੀ ਵਾਹੀ ਅਤੇ ਵਾਹੇ ਹੋਏ ਗੱਡੇ ਨਾਲ ਕੀਤੀ ਕਮਾਈ ਵਿਚੋਂ ਇਕ ਵੀ ਛਿਲੜ ਨਾ ਦਿੱਤਾ ਸਗੋਂ ਵੰਡ-ਵੰਡਾਈ ਵਿਚੋਂ ਵੀ ਕਮਾਈ ਕਰਨ ਤੋਂ ਗੁਰੇਜ਼ ਨਾ ਕੀਤਾ। ਦਰਅਸਲ ਉਸਨੂੰ ਪੈਸੇ ਨਾਲ ਬਹੁਤ ਮੋਹ ਸੀ ਅਤੇ ਸਾਂਝੇ ਘਰ ਵਿਚ ਉਸਨੂੰ ਹਿਸਾਬ-ਕਿਤਾਬ ਪੁੱਛਣ ਦੀ ਕੋਈ ਵੀ ਹਿਮਾਕਤ ਨਹੀਂ ਸੀ ਕਰ ਸਕਦਾ।

ਤਾਇਆ ਸ਼ਾਹ ਜੀ ਦੇ ਮੁਕਲਾਵੇ ਨਾਲ ਜੁੜੀ ਬੜੀ ਦਿਲਚਸਪ ਗੱਲ ਰਾਜੇ ਕਿਹਰ ਸਿੰਘ ਨੇ ਸੁਣਾਈ। ਜਦ ਤਾਇਆ ਜੀ ਸਹੁਰਿਆਂ ਦੇ ਪਿੰਡ ਸੰਗੋਜਲਾ ਮੁਕਲਾਵਾ ਲੈਣ ਗਏ ਤਾਂ ਉਨ੍ਹਾਂ ਨਾਲ ਰਾਜਾ ਕਿਹਰ ਸਿੰਘ ਵੀ ਗਿਆ। ਸ਼ਾਮ ਨੂੰ ਜਦ ਉਹ ਜੰਗਲ ਪਾਣੀ ਲਈ ਬਾਹਰ ਖੇਤਾਂ ਵੱਲ ਜਾ ਰਹੇ ਸਨ ਤਾਂ ਰਸਤੇ ਵਿਚ ਕੁਝ ਚੋਬਰ ਛਾਲਾਂ ਮਾਰ ਰਹੇ ਸਨ। ਉਨ੍ਹਾਂ ਨੇ ਟਿੱਚਰ ਨਾਲ ਕਿਹਾ, 'ਪ੍ਰਾਹੁਣਿਆ ਆ। ਸਾਡੇ ਨਾਲ ਛਾਲ ਮਾਰ ਕੇ ਦਿਖਾ ਕਿ ਤੂੰ ਕਿੰਨੀ ਵੱਡੀ ਛਾਲ ਮਾਰ ਲੈਨਾ?' ਇਹ ਸੁਣ ਕੇ ਤਾਇਆ ਤਾਂ ਕੁਝ ਨਾ ਬੋਲਿਆ ਪਰ ਰਾਜਾ ਬੋਲਿਆ, 'ਜਵਾਨੋ! ਪ੍ਰਾਹੁਣੇ ਨੇ ਤਾਂ ਸਹੁਰੀ ਆਉਂਦੇ ਹੀ ਰਹਿਣਾ। ਅੱਜ ਤੁਸੀਂ ਮੇਰੇ ਨਾਲ ਛਾਲ ਮਾਰ ਕੇ ਦੇਖ ਲਓ।' ਤੇ ਉਹ ਕਪੜੇ ਲਾਹ ਕੇ ਛਾਲ ਮਾਰਨ ਲਈ ਤਿਆਰ ਹੋ ਗਿਆ। ਜਦ ਰਾਜੇ ਨੇ ਛਾਲ ਮਾਰੀ ਤਾਂ ਛਾਲ ਚੋਬਰਾਂ ਨਾਲੋਂ ਹੱਥ ਭਰ ਅੱਗੇ ਸੀ। ਚੋਬਰ ਦੇਖਦੇ ਰਹਿ ਗਏ। ਰਾਜੇ ਨੇ ਆਪਣੇ ਕਪੜੇ ਚੁੱਕੇ ਅਤੇ ਕਹਿਣ ਲੱਗਾ, 'ਭਲਵਾਨੋ! ਛੇ ਕੁ ਮਹੀਨੇ ਹੋਰ ਘਿਓ ਖਾਓ ਤੇ ਮਿਹਨਤ ਕਰੋ। ਫਿਰ ਪ੍ਰਾਹੁਣੇ ਨਾਲ ਛਾਲ ਮਾਰ ਲੈਣੀ'। ਛਿੱਥੇ ਹੋਏ ਪਿੰਡ ਦੇ ਮੁੰਡੇ ਆਪਣੀ ਟਿੱਚਰ 'ਤੇ ਖ਼ੁਦ ਹੀ ਸ਼ਰਮਿੰਦਾ ਹੋ ਗਏ।

ਤਾਇਆ ਸ਼ਾਹ ਬੜਾ ਅੜਬ ਅਤੇ ਗੁੱਸੇਖੋਰ ਸੀ। ਪਤਾ ਨਹੀਂ ਕਿਹੜੀ ਗੱਲ ਤੋਂ ਉਹ ਆਪਣੇ ਸਹੁਰਿਆਂ ਨਾਲ ਨਰਾਜ਼ ਹੋਇਆ ਕਿ ਸਾਰੀ ਉਮਰ ਉਨ੍ਹਾਂ ਦੇ ਘਰ ਨਾ ਵੜਿਆ ਅਤੇ ਨਾ ਹੀ ਉਨ੍ਹਾਂ ਨੂੰ ਦੋਹਤੇ/ਦੋਹਤਰੀਆਂ ਦੇ ਵਿਆਹ ਜਾਂ ਕਿਸੇ ਸਮਾਗਮ 'ਤੇ ਘਰ ਵੜਨ ਦਿੱਤਾ। ਉਸਦੇ ਪਰਿਵਾਰ ਦਾ ਕੋਈ ਵੀ ਜੀਅ ਉਸਦੀ ਅਵੱਗਿਆ ਕਰਨ ਦੀ ਜੁਅਰਤ ਨਹੀਂ ਸੀ ਕਰ ਸਕਦਾ। ਉਸਦਾ ਕੋਈ ਬੱਚਾ ਉਸਦੇ ਜਿਉਂਦੇ ਜੀਅ ਨਾਨਕੇ ਨਹੀਂ ਸੀ ਗਿਆ ਜਦ ਕਿ ਉਸਦੀ ਮੌਤ ਤੋਂ ਬਾਅਦ ਦੋਹਤਿਆਂ ਦਾ ਆਪਣੇ ਨਾਨਕੇ ਪਰਿਵਾਰ ਨਾਲ ਆਮ ਵਰਗਾ ਵਰਤਾਰਾ ਹੈ। ਤਾਇਆ ਸਿਰਫ਼ ਕਦੇ-ਕਦਾਈਂ ਮੇਰੀ ਭੂਆ ਦੀ ਗੱਲ ਜ਼ਰੂਰ ਮੰਨਦਾ ਸੀ ਕਿਉਂਕਿ ਉਹ ਪਰਿਵਾਰ ਵਿਚ ਸਭ ਤੋਂ ਵੱਡੀ ਸੀ। ਪਰ ਜ਼ਰੂਰੀ ਨਹੀਂ ਕਿ ਉਸਦੀ ਹਰ ਗੱਲ ਹੀ ਮੰਨ ਲੈਂਦਾ ਸੀ।

ਪਿੰਡ ਵਿਚ ਅਕਸਰ ਵੱਟ-ਬੰਨ੍ਹੇ ਜਾਂ ਖੂਹ ਦੀ ਵਾਰੀ ਤੋਂ ਨਿੱਕਾ ਮੋਟਾ ਬੋਲ-ਬੁਲਾਰਾ ਜਾਂ ਮਨ-ਮੁਟਾਵ ਹੋ ਜਾਣਾ ਸੁਭਾਵਕ ਹੀ ਹੁੰਦਾ ਕਿਉਂਕਿ ਸਾਡੇ ਖੇਤ ਤਾਂ ਨਾਲੋ-ਨਾਲ ਹੀ ਸਨ। ਤੇ ਫਿਰ ਤਾਏ ਦਾ ਗੁੱਸਾ ਸਤਵੇਂ ਅਸਮਾਨ 'ਤੇ ਹੁੰਦਾ। ਉਹ ਸਾਡੇ ਕਿਸੇ ਵੀ ਸਮਾਗਮ ਵਿਚ ਸ਼ਾਮਲ ਹੋਣ ਤੋਂ ਕੋਰੀ ਨਾਂਹ ਕਰਦਾ ਅਤੇ ਆਪਣੇ ਘਰ ਦੇ ਸਾਰੇ ਜੀਆਂ ਨੂੰ ਵੀ ਜਾਣ ਤੋਂ ਵਰਜਿਤ ਕਰ ਦਿੰਦਾ। ਦਰਅਸਲ ਉਸਦਾ ਪਰਿਵਾਰ 'ਤੇ ਪੂਰਾ ਕੰਟਰੋਲ ਸੀ ਅਤੇ ਉਸਦੀ ਹੁਕਮ-ਅਦੂਲੀ ਕਰਨ 'ਤੇ ਬੇਦਖ਼ਲੀ ਦੀ ਧਮਕੀ ਅਕਸਰ ਹੀ ਦੇ ਦਿੰਦਾ। ਪਰ ਇਹ ਵੀ ਕਮਾਲ ਸੀ ਕਿ ਜਦ ਵੀ ਕਿਧਰੇ ਜੱਦੀ ਜ਼ਮੀਨ ਨੂੰ ਮਿਣਨ ਜਾਂ ਵੰਡ-ਵੰਡਾਈ ਦੀ ਗੱਲ ਹੁੰਦੀ ਤਾਂ ਮੈਨੂੰ ਅਵਾਜ਼ ਮਾਰਦਾ। ਮੇਰੀ ਗਿਣਤੀ-ਮਿਣਤੀ 'ਤੇ ਉਹ ਕੋਈ ਉਜਰ ਨਾ ਕਰਦਾ ਅਤੇ ਜਿਵੇਂ ਮੈਂ ਦੱਸਦਾ ਉਵੇਂ ਹੀ ਮੰਨ ਲੈਂਦਾ। ਸ਼ਾਇਦ ਉਸਨੂੰ ਮੇਰੇ 'ਤੇ ਵਿਸ਼ਵਾਸ ਸੀ ਕਿ ਬਖ਼ਸ਼ੀ ਕੁਝ ਗਲਤ ਨਹੀਂ ਕਰੇਗਾ। ਮੇਰੇ ਵਿਆਹ ਵੇਲੇ ਉਹ ਕਿਸੇ ਗੱਲੋਂ ਮੇਰੇ ਬਾਪ ਨਾਲ ਨਰਾਜ਼ ਸੀ ਅਤੇ ਉਸਦੀ ਅੜੀ ਸੀ ਕਿ ਉਹ ਅਤੇ ਉਸਦੇ ਪਰਿਵਾਰ ਦਾ ਕੋਈ ਵੀ ਜੀਅ ਵਿਆਹ ਵਿਚ ਨਹੀਂ ਜਾਵੇਗਾ। ਭੂਆ ਨੇ ਵੀ ਬਥੇਰਾ ਜ਼ੋਰ ਲਾਇਆ ਪਰ

(ਬਾਕੀ ਅਗਲੇ ਸਫੇ 'ਤੇ)

# ਏਸ਼ੀਆ ਦਾ ਉਡਣਾ ਦੌੜਾਕ ਅਬਦੁੱਲ ਖ਼ਾਲਿਕ

**ਵਿਸ਼ਵ ਦੇ ਮਹਾਨ ਖਿਡਾਰੀ**



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪਾਕਿਸਤਾਨ ਦਾ ਅਥਲੀਟ ਅਬਦੁੱਲ ਖ਼ਾਲਿਕ ਭਾਰਤ ਦੇ ਮਿਲਖਾ ਸਿੰਘ ਵਰਗਾ ਹੀ ਉਡਣਾ ਦੌੜਾਕ ਸੀ। ਦੋਹਾਂ ਦਾ ਜਨਮ ਲਹਿੰਦੇ ਪੰਜਾਬ 'ਚ ਹੋਇਆ ਸੀ। ਮਿਲਖਾ ਸਿੰਘ ਦਾ ਪਿੰਡ ਗੋਬਿੰਦਪੁਰਾ, ਜ਼ਿਲ੍ਹਾ ਮੁਜ਼ੱਫਰਗੜ੍ਹ ਤੇ ਅਬਦੁੱਲ ਖ਼ਾਲਿਕ ਦਾ ਪਿੰਡ ਜੰਡ ਅਵਾਨ, ਜ਼ਿਲ੍ਹਾ ਚਕਵਾਲ ਸੀ। 1947 'ਚ ਪੰਜਾਬ ਦੇ ਦੋ ਟੁਕੜੇ ਕਰਨ ਵੇਲੇ ਅਬਦੁੱਲ ਖ਼ਾਲਿਕ ਤਾਂ ਪਾਕਿਸਤਾਨ 'ਚ ਰਹਿ ਗਿਆ ਜਦਕਿ ਮਿਲਖਾ ਸਿੰਘ ਨੂੰ ਉੱਜੜ-ਪੁੱਜੜ ਕੇ ਭਾਰਤ ਆਉਣਾ ਪਿਆ। ਜੁਆਨ ਹੋ ਕੇ ਦੋਵੇਂ ਹਿੰਦ-ਪਾਕਿ ਫੌਜਾਂ 'ਚ ਭਰਤੀ ਹੋਏ ਤੇ ਏਸ਼ੀਆ ਦੇ ਸਭ ਤੋਂ ਤੇਜ਼-ਤਰਾਰ ਦੌੜਾਕ ਬਣੇ। ਦੋਹਾਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਅਤੇ ਏਸ਼ੀਆ ਦੇ ਬੈੱਸਟ ਅਥਲੀਟ ਮੰਨੇ ਗਏ। 1954 'ਚ ਅਬਦੁੱਲ ਖ਼ਾਲਿਕ ਮਨੀਲਾ ਵਿਖੇ ਦੂਜੀਆਂ ਏਸ਼ਿਆਈ ਖੇਡਾਂ 'ਚ ਦੌੜਿਆ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਹਿਰੂ ਨੇ ਉਸ ਨੂੰ 'ਫਲਾਈਂਗ ਬਰਡ ਆਫ ਏਸ਼ੀਆ' ਕਹਿ ਕੇ ਸਲਾਹਿਆ। 1960 ਵਿਚ ਮਿਲਖਾ ਸਿੰਘ ਲਾਹੌਰ 'ਚ ਦੌੜਿਆ ਤਾਂ ਪਾਕਿਸਤਾਨ ਦੇ ਸਦਰ ਅਯੂਬ ਖਾਂ ਨੇ ਉਸ ਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ।

ਅਬਦੁੱਲ ਖ਼ਾਲਿਕ ਪਾਕਿਸਤਾਨ ਦਾ ਪਹਿਲਾ ਅਥਲੀਟ ਸੀ ਜਿਸ ਨੇ ਆਪਣੇ ਦੇਸ਼ ਦਾ ਨਾਂ ਏਸ਼ਿਆਈ ਖੇਡਾਂ 'ਚ ਚਮਕਾਇਆ। ਉਸ ਨੇ 1954 ਤੇ 1958 ਦੀਆਂ ਏਸ਼ਿਆਈ ਖੇਡਾਂ 'ਚੋਂ 5 ਮੈਡਲ ਜਿੱਤੇ। 2 ਸੋਨੇ, 2 ਚਾਂਦੀ ਤੇ 1 ਕਾਂਸੀ ਦਾ। ਉਸ ਦੀ ਪ੍ਰਮੁੱਖ ਦੌੜ 100 ਮੀਟਰ ਸੀ। ਉਂਜ ਉਹ 200 ਮੀਟਰ ਦੌੜ ਦਾ ਵੀ ਨਾਮੀ ਦੌੜਾਕ ਸੀ। 1958 ਵਿਚ ਟੋਕੀਓ ਦੀਆਂ ਏਸ਼ਿਆਈ ਖੇਡਾਂ 'ਚ ਖ਼ਾਲਿਕ ਤੇ ਮਿਲਖਾ ਸਿੰਘ ਵਿਚਕਾਰ 200 ਮੀਟਰ ਦੀ ਦੌੜ ਬੜੀ ਕਾਂਟੇਦਾਰ ਲੱਗੀ ਸੀ। ਕੋਈ ਕਹਿੰਦਾ ਸੀ ਖ਼ਾਲਿਕ ਜਿੱਤੇਗਾ, ਕੋਈ ਮਿਲਖਾ ਸਿੰਘ। ਕਈਆਂ ਦੀਆਂ ਸ਼ਰਤਾਂ ਲੱਗ ਗਈਆਂ ਸਨ। 200 ਮੀਟਰ ਦੌੜ ਤੋਂ ਪਹਿਲਾਂ ਖ਼ਾਲਿਕ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਤੇ ਮਿਲਖਾ ਸਿੰਘ 400 ਮੀਟਰ ਦੀ। ਉਨ੍ਹਾਂ 'ਚੋਂ ਜਿਹੜਾ ਵੀ 200 ਮੀਟਰ ਦੀ ਦੌੜ ਜਿੱਤਦਾ ਉਸੇ ਨੇ ਏਸ਼ਿਆਈ ਖੇਡਾਂ ਦਾ ਬੈੱਸਟ ਅਥਲੀਟ ਬਣਨਾ ਸੀ।

ਖੇਡ ਮੁਕਾਬਲੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਾਲਿਕ ਤੇ ਮਿਲਖਾ ਸਿੰਘ ਮੀਡੀਏ ਦੇ ਫੋਕਸ ਵਿਚ ਸਨ। ਜਦੋਂ ਉਹ ਟੋਕੀਓ ਦੇ ਖੇਡ ਪਿੰਡ ਪਹੁੰਚੇ ਤਾਂ ਵਧੇਰੇ ਕੈਮਰੇ ਉਨ੍ਹਾਂ ਦੋਹਾਂ ਦੁਆਲੇ ਸਨ। ਖ਼ਾਲਿਕ ਤਜਰਬੇ ਪੱਖੋਂ ਪ੍ਰੌਢ ਸੀ। ਉਸ ਨੂੰ 100 ਮੀਟਰ ਦੌੜ ਜਿੱਤ ਲੈਣ ਪਿੱਛੋਂ 200 ਮੀਟਰ ਦੌੜ ਜਿੱਤ ਲੈਣ ਦਾ ਪੂਰਾ ਭਰੋਸਾ ਸੀ। ਉਸ ਨੇ ਮੀਡੀਆ ਨੂੰ ਇਥੋਂ ਤਕ ਕਹਿ ਦਿੱਤਾ ਸੀ ਕਿ ਇਸ ਬਚੂੰਗੜੇ ਨੇ ਮੇਰਾ ਮੁਕਾਬਲਾ ਕੀ ਕਰਨਾ? ਉਥੇ ਹੀ ਇਕ ਲੜਕੀ ਨੇ ਮਿਲਖਾ ਸਿੰਘ ਨੂੰ ਕਿਹਾ ਸੀ, 'ਜੇ ਅੱਜ ਅਬਦੁੱਲ ਖ਼ਾਲਿਕ ਨੂੰ ਹਰਾ ਦੇਵੇਂ ਤਾਂ ਜੋ ਮੰਗੇਂਗਾਂ ਸੋ ਮਿਲੇਗਾ।'

ਖ਼ਾਲਿਕ ਨੂੰ ਥੱਲਵੀਂ ਲੇਨ ਮਿਲੀ ਤੇ ਮਿਲਖਾ ਸਿੰਘ ਨੂੰ ਉਤਲੀ। ਦੌੜ ਸ਼ੁਰੂ ਹੋਈ ਤਾਂ ਕਰਵ 'ਤੇ ਪਤਾ ਨਹੀਂ ਸੀ ਲੱਗਦਾ ਕਿ ਕਿਹੜਾ ਅੱਗੇ ਹੈ ਤੇ ਕਿਹੜਾ ਪਿੱਛੇ। ਸਟਰੇਟ 'ਤੇ ਆਏ ਤਾਂ ਦੋਵੇਂ ਬਰਾਬਰ ਸਨ। ਫਿਨਿਸ਼ ਲਾਈਨ ਤੋਂ ਤਿੰਨ-ਚਾਰ ਮੀਟਰ ਪਿੱਛੇ ਮਿਲਖਾ ਸਿੰਘ ਦੀ ਸੱਜੀ ਲੱਤ ਦਾ ਮਸਲ ਖਿੱਚਿਆ ਗਿਆ ਜਿਸ ਨਾਲ ਸੱਜੀ ਲੱਤ ਖੱਬੀ 'ਚ ਫਸ ਗਈ ਤੇ ਉਹ ਭੁੜਕ ਕੇ ਫਿਨਿਸ਼ ਲਾਈਨ ਉਤੇ ਜਾ ਡਿੱਗਾ। ਖ਼ਾਲਿਕ ਵੀ ਬਰਾਬਰ ਫੀਤੇ ਨੂੰ ਛੋਹਿਆ। ਦਰਸ਼ਕਾਂ ਨੂੰ ਪਤਾ ਹੀ ਨਾ ਲੱਗਾ ਕਿ ਫਸਟ ਕੌਣ ਹੈ ਤੇ ਸੈਕੰਡ ਕੌਣ? ਖ਼ਾਲਿਕ ਜੇਤੂ ਅੰਦਾਜ਼ 'ਚ ਛਾਲਾਂ ਮਾਰਦਾ ਰਿਹਾ ਜਿਵੇਂ ਉਹੀ ਹੀ ਅੱਵਲ ਆਇਆ ਹੋਵੇ। ਆਖ਼ਰ ਕੈਮਰੇ ਦੀ ਫੋਟੋ ਪਰਖ ਕੇ ਅੱਧੇ ਘੰਟੇ ਪਿੱਛੋਂ ਐਲਾਨ ਹੋਇਆ ਕਿ ਮਿਲਖਾ ਸਿੰਘ ਅੱਵਲ, ਅਬਦੁੱਲ ਖ਼ਾਲਿਕ ਦੋਮ। ਐਲਾਨ ਸੁਣਨ ਸਾਰ ਖ਼ਾਲਿਕ ਦੀਆਂ ਅੱਖਾਂ ਭਰ ਆਈਆਂ। ਮਿਲਖਾ ਸਿੰਘ 200 ਤੇ 400 ਮੀਟਰ ਦੌੜਾਂ ਦੀ ਜਿੱਤ ਨਾਲ ਏਸ਼ੀਆ ਦਾ ਬੈੱਸਟ ਅਥਲੀਟ ਬਣ ਗਿਆ। ਹਾਲਾਂਕਿ ਅਬਦੁੱਲ ਖ਼ਾਲਿਕ 1956 ਦੀਆਂ ਓਲੰਪਿਕ ਖੇਡਾਂ ਵਿਚ ਮੈਲਬੋਰਨ ਵਿਖੇ ਮਿਲਖਾ ਸਿੰਘ ਤੋਂ ਕਿਤੇ ਬਿਹਤਰ ਕਾਰਗੁਜ਼ਾਰੀ ਵਿਖਾ ਚੁੱਕਾ ਸੀ।

ਅਬਦੁੱਲ ਖ਼ਾਲਿਕ ਦਾ ਜਨਮ 23 ਮਾਰਚ 1933 ਨੂੰ ਪਿੰਡ ਜੰਡ ਅਵਾਨ 'ਚ ਸਜਾਵਲ ਖਾਂ ਦੇ ਘਰ ਹੋਇਆ ਸੀ ਤੇ ਮ੍ਰਿਤੂ 10 ਮਾਰਚ 1988 ਨੂੰ ਰਾਵਲਪਿੰਡੀ ਵਿਚ ਹੋਈ। ਉਹ ਛੋਟਾ ਹੁੰਦਾ ਹੀ ਪੰਜਾਬ ਦੀ ਦੇਸੀ ਖੇਡ ਕਬੱਡੀ ਖੇਡਣ ਲੱਗ ਪਿਆ ਸੀ। ਪੰਦਰਾਂ ਕੁ ਸਾਲਾਂ ਦਾ ਸੀ ਜਦੋਂ ਪਿੰਡ ਪੰਜਾਲ ਨੇੜੇ ਕਬੱਡੀ ਟੂਰਨਾਮੈਂਟ ਖੇਡਦਾ ਪਾਕਿਸਤਾਨ ਦੀ ਫੌਜ ਦੇ ਬ੍ਰਿਗੇਡੀਅਰ ਸੀ.ਐਚ.ਐਮ. ਰੋਡ੍ਹਮ ਦੀ ਨਜ਼ਰੇ ਚੜ੍ਹ ਗਿਆ। ਉਹ ਪਾਕਿਸਤਾਨ ਆਰਮੀ ਸਪੋਰਟਸ ਕੰਟਰੋਲ ਬੋਰਡ ਦਾ ਮੁਖੀ ਸੀ। ਉਸ ਨੇ ਹੀ ਖ਼ਾਲਿਕ ਨੂੰ 1948 ਵਿਚ ਬੱਚਾ ਕੰਪਨੀ 'ਚ ਭਰਤੀ ਕੀਤਾ। ਫੌਜ 'ਚ ਭਰਤੀ ਹੋ ਕੇ ਉਹ ਰਕਰੂਟੀ ਦੇ ਨਾਲ ਤੇਜ਼ ਤਰਾਰ ਦੌੜਾਂ ਦੀ ਕੋਚਿੰਗ ਵੀ ਲੈਣ ਲੱਗ ਪਿਆ।

ਉਸ ਤੋਂ ਪਹਿਲਾਂ ਸਪਰਿੰਟ ਦੌੜਾਂ ਬਾਰੇ ਉਸ ਨੂੰ ਕੁਝ ਵੀ ਪਤਾ ਨਹੀਂ ਸੀ। ਬਾਅਦ ਵਿਚ ਮਿਲਖਾ ਸਿੰਘ ਵੀ ਫੌਜ 'ਚ ਭਰਤੀ ਹੋ ਕੇ ਦੌੜਾਕ ਬਣਿਆ। ਉਦੋਂ ਤਕ ਮਿਲਖਾ ਸਿੰਘ ਨੂੰ ਵੀ ਨਹੀਂ ਸੀ ਪਤਾ ਕਿ 400 ਮੀਟਰ ਦੌੜ ਟ੍ਰੈਕ ਦੇ ਕਿੰਨੇ ਚੱਕਰ ਹੁੰਦੀ ਹੈ! ਜਦੋਂ ਉਸ ਨੂੰ ਦੱਸਿਆ ਗਿਆ ਕਿ 400 ਮੀਟਰ ਦੌੜ ਟ੍ਰੈਕ ਦਾ ਇਕੋ ਚੱਕਰ ਹੁੰਦੀ ਹੈ ਤਾਂ ਉਸ ਨੇ ਕਿਹਾ ਸੀ, ਮੈਂ ਇਕ ਚੱਕਰ ਦੀ ਥਾਂ ਦਸ ਚੱਕਰ ਦੌੜ ਸਕਦਾਂ। ਫਿਰ ਉਹਦੇ ਉਸਤਾਦ ਨੇ ਸਮਝਾਇਆ ਸੀ ਕਿ ਦਸਾਂ ਚੱਕਰਾਂ ਜਿੰਨਾ ਜ਼ੋਰ ਇਕੋ ਚੱਕਰ 'ਚ ਲਾਉਣਾ ਹੁੰਦਾ। ਖ਼ਾਲਿਕ ਵੀ ਇਸੇ ਤਰ੍ਹਾਂ ਦੌੜਾਕ ਬਣਿਆ ਸੀ। ਟ੍ਰੈਕ ਦੀਆਂ ਦੌੜਾਂ ਦਾ ਉਸ ਨੂੰ ਵੀ ਕੋਈ ਗਿਆਨ ਨਹੀਂ ਸੀ। ਜਿਵੇਂ ਮਿਲਖਾ ਸਿੰਘ ਨੇ ਅੰਤਰਰਾਸ਼ਟਰੀ ਪੱਧਰ ਦੀਆਂ 82 ਦੌੜਾਂ ਵਿਚੋਂ 79 ਮੈਡਲ ਜਿੱਤੇ ਉਵੇਂ ਅਬਦੁੱਲ ਖ਼ਾਲਿਕ ਨੇ ਵੀ ਅੰਤਰਰਾਸ਼ਟਰੀ ਪੱਧਰ ਦੇ 36 ਗੋਲਡ, 15 ਸਿਲਵਰ ਤੇ 12 ਕਾਂਸੀ ਦੇ ਮੈਡਲ ਜੋੜ ਕੇ 63 ਮੈਡਲ ਜਿੱਤੇ!

ਅਬਦੁੱਲ ਖ਼ਾਲਿਕ ਨੇ ਸਕੂਲੀ ਪੜ੍ਹਾਈ ਲਾਗਲੇ ਪਿੰਡ ਹੰਸੋਲਾ ਦੇ ਮਿਡਲ ਸਕੂਲ ਤੋਂ ਕੀਤੀ। ਉਹ ਤਿੰਨ ਮੀਲ ਦੌੜ ਕੇ ਪੜ੍ਹਨ ਜਾਂਦਾ ਤੇ ਦੌੜਦਾ ਹੀ ਮੁੜਦਾ। ਉਹਦਾ ਦਮ ਪੱਕ ਗਿਆ ਸੀ। ਰਹਿੰਦਾ-ਖੂੰਹਦਾ ਰਕਰੂਟੀ ਨੇ ਪਕਾ ਦਿੱਤਾ ਸੀ। ਬੱਚਾ ਕੰਪਨੀ ਦੇ ਮੁਕਾਬਲੇ ਜਿੱਤਦਾ ਉਹ ਦੇਸ਼ ਭਰ ਦੀ ਫੌਜ ਦੇ ਮੁਕਾਬਲੇ ਜਿੱਤਣ ਲੱਗਾ। ਨੈਸ਼ਨਲ ਖੇਡਾਂ 'ਚ ਉਹ ਫੌਜ ਵੱਲੋਂ ਜਾਂਦਾ ਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ 'ਚ ਪਾਕਿਸਤਾਨ ਦੀ ਨੁਮਾਇੰਦਗੀ ਕਰਦਾ। 1954 ਦੀਆਂ ਦੂਜੀਆਂ ਏਸ਼ਿਆਈ ਖੇਡਾਂ ਇੰਡੋਨੇਸ਼ੀਆ ਦੇ ਸ਼ਹਿਰ ਮਨੀਲਾ 'ਚ ਹੋਈਆਂ। ਖ਼ਾਲਕ ਉਥੇ ਪਹਿਲੀ ਵਾਰ ਪਾਕਿਸਤਾਨ ਵੱਲੋਂ ਭਾਗ ਲੈਣ ਗਿਆ। ਉਸ ਨੇ 100 ਮੀਟਰ ਦੌੜ 10.6 ਸੈਕਿੰਡ 'ਚ ਲਾ ਕੇ ਏਸ਼ੀਆ ਦਾ ਨਵਾਂ ਰਿਕਾਰਡ ਰੱਖਿਆ। ਮਨੀਲਾ ਤੋਂ ਖ਼ਾਲਿਕ ਨੇ 1 ਗੋਲਡ ਮੈਡਲ ਜਿੱਤਿਆ ਤੇ 4+100 ਮੀਟਰ ਰਿਲੇਅ ਦੌੜ 'ਚ 1 ਸਿਲਵਰ ਮੈਡਲ ਹਾਸਲ ਕੀਤਾ।

1954 'ਚ ਹੀ ਖ਼ਾਲਿਕ ਨੇ ਕਾਮਨਵੈਲਥ ਤੇ ਬ੍ਰਿਟਿਸ਼ ਅੰਪਾਇਰ ਖੇਡਾਂ 'ਚ ਭਾਗ ਲਿਆ। ਉਥੇ ਉਹ 100 ਗਜ਼ ਦੌੜ ਦੇ ਸੈਮੀ ਫਾਈਨਲ ਅਤੇ 4+110 ਗਜ਼ ਦੌੜ ਦੇ ਫਾਈਨਲ ਵਿਚ ਪੁੱਜਾ। 1955 'ਚ ਉਸ ਨੇ ਏਥਨਜ਼ ਵਿਖੇ ਵਰਲਡ ਮਿਲਟਰੀ ਗੇਮਜ਼ ਵਿਚ ਭਾਗ ਲਿਆ। 1956 'ਚ ਵਰਲਡ ਮਿਲਟਰੀ ਗੇਮਜ਼ ਬਰਲਿਨ ਵਿਖੇ ਉਸ ਨੇ 100 ਮੀਟਰ 10.4 ਸੈਕਿੰਡ ਵਿਚ ਲਾ ਕੇ ਕਾਂਸੀ ਦਾ ਮੈਡਲ ਜਿੱਤਿਆ। ਉਥੇ ਉਸ ਨੇ 200 ਮੀਟਰ ਸਪਾਟ ਤੇ 4+100 ਮੀਟਰ ਰਿਲੇਅ ਦੌੜਾਂ 'ਚ ਵੀ ਕਾਂਸੀ ਦੇ ਤਗਮੇ ਜਿੱਤੇ।

ਫਿਰ ਉਸਨੂੰ ਪਾਕਿਸਤਾਨ ਅਥਲੈਟਿਕਸ ਟ੍ਰੇਨਿੰਗ ਪ੍ਰੋਗਰਾਮ ਅਧੀਨ ਇੰਗਲੈਂਡ ਭੇਜਿਆ ਗਿਆ ਜਿਥੇ ਉਹ ਯੂਰਪੀਨ ਦੌੜਾਕਾਂ ਨਾਲ ਦੌੜਿਆ। ਉਸ ਨੇ 15 ਮੁਲਕਾਂ ਦੇ ਸਪਰਿੰਟਰਾਂ ਵਿਰੁੱਧ ਦੌੜਾਂ ਲਾਈਆਂ ਜਿਨ੍ਹਾਂ ਨਾਲ ਚੋਖਾ ਤਜਰਬਾ ਹਾਸਲ ਕੀਤਾ। ਓਲੰਪਿਕ ਪਾਰਕ ਵਿਚ 100 ਮੀਟਰ ਦੌੜ ਫਿਰ 10.4 ਸੈਕਿੰਡ 'ਚ ਲਾਈ ਜੋ ਓਲੰਪਿਕ ਚੈਂਪੀਅਨ ਬੌਬੀ ਮਾਰੋ ਦੇ 10.3 ਸੈਕਿੰਡ ਦੇ ਕਰੀਬ ਸੀ। ਪਾਕਿਸਤਾਨੀਆਂ ਨੂੰ ਜਾਪਣ ਲੱਗ ਪਿਆ ਕਿ ਓਲੰਪਿਕ ਖੇਡਾਂ-1956 'ਚ ਉਹ ਕੋਈ ਮੈਡਲ ਜ਼ਰੂਰ ਜਿੱਤ ਸਕਦਾ ਹੈ। ਉਸ ਦਾ ਟਾਈਮ ਵਿਸ਼ਵ 'ਚ ਸੱਤਵੇਂ ਥਾਂ ਗਿਣਿਆ ਗਿਆ। ਓਲੰਪਿਕ ਖੇਡਾਂ-1956 'ਚ ਉਹ 100 ਮੀਟਰ ਤੇ 200 ਮੀਟਰ ਦੌੜਾਂ ਦੇ ਸੈਮੀ ਫਾਈਨਲ 'ਚ ਪੁੱਜ ਗਿਆ ਪਰ ਕੋਈ ਮੈਡਲ ਨਾ ਜਿੱਤ ਸਕਿਆ।




1956 'ਚ ਹੀ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਪਹਿਲੀ ਇੰਡੋ/ਪਾਕਿ ਮੀਟ ਹੋਈ। ਉਥੇ ਉਸ ਨੇ 100 ਤੇ 200 ਮੀਟਰ ਦੌੜਾਂ ਦੇ ਨਵੇਂ ਏਸ਼ਿਆਈ ਰਿਕਾਰਡ ਰੱਖੇ। 100 ਮੀਟਰ ਦਾ 10.4 ਸੈਕਿੰਡ ਤੇ 200 ਮੀਟਰ ਦਾ 21.4 ਸੈਕਿੰਡ। 1957 ਵਿਚ ਖ਼ਾਲਿਕ ਨੇ ਇੰਗਲੈਂਡ, ਇਰਾਨ, ਯੂਨਾਨ ਤੇ ਸਕਾਟਲੈਂਡ ਦੀਆਂ ਅਥਲੈਟਿਕਸ ਮੀਟਾਂ 'ਚੋਂ 1 ਸਿਲਵਰ ਤੇ 11 ਗੋਲਡ ਮੈਡਲ ਜਿੱਤੇ। 1958 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 100 ਮੀਟਰ ਦੌੜ ਦਾ ਗੋਲਡ, 200 ਮੀਟਰ ਦੌੜ ਦਾ ਸਿਲਵਰ ਤੇ 4+100 ਮੀਟਰ ਰਿਲੇਅ ਦੌੜ ਦਾ ਬਰਾਂਜ਼ ਮੈਡਲ ਜਿੱਤ ਕੇ ਧੰਨ-ਧੰਨ ਕਰਾਈ। ਉਹਦੀਆਂ ਜਿੱਤਾਂ ਸਦਕਾ ਏਸ਼ਿਆਈ ਖੇਡ ਦੀ ਤਗਮਾ ਸੂਚੀ 'ਚ ਪਾਕਿਸਤਾਨ ਛੇਵੇਂ ਥਾਂ ਰਿਹਾ। 1958 'ਚ ਖ਼ਾਲਿਕ ਨੇ ਜਪਾਨ, ਚੀਨ ਤੇ ਸਕਾਟਲੈਂਡ 'ਚ ਦੌੜਦਿਆਂ 3 ਹੋਰ ਮੈਡਲ ਜਿੱਤੇ। 1958 'ਚ ਕਾਰਡਿਫ ਦੀਆਂ ਕਾਮਨਵੈਲਥ ਖੇਡਾਂ ਦੇ ਸੈਮੀ ਫਾਈਨਲ 'ਚ ਉਸ ਨੇ 100 ਗਜ਼ ਦੀ ਦੌੜ 9.8 ਸੈਕਿੰਡ 'ਚ ਲਾਈ। 1959 'ਚ ਯੂ.ਕੇ., ਸਵੀਡਨ ਤੇ ਆਇਰਲੈਂਡ ਦੀਆਂ ਕੌਮਾਂਤਰੀ ਮੀਟਾਂ 'ਚੋਂ 9 ਗੋਲਡ, 7 ਸਿਲਵਰ ਤੇ 4 ਬਰਾਂਜ਼ ਮੈਡਲ ਜਿੱਤੇ।

1960 'ਚ ਰੋਮ ਦੀਆਂ ਓਲੰਪਿਕ ਖੇਡਾਂ ਸਮੇਂ ਮਿਲਖਾ ਸਿੰਘ ਪੂਰੀ ਤਿਆਰੀ 'ਚ ਸੀ ਜਦਕਿ ਅਬਦੁੱਲ ਖ਼ਾਲਿਕ ਓਨਾ ਆਸਵੰਦ ਨਹੀਂ ਸੀ। ਮਿਲਖਾ ਸਿੰਘ 400 ਮੀਟਰ ਦੌੜ 'ਚ ਚੌਥੇ ਸਥਾਨ 'ਤੇ ਰਿਹਾ ਪਰ ਖ਼ਾਲਿਕ ਨਾ 100 ਮੀਟਰ ਦੀ ਦੌੜ ਵਿਚ ਤੇ ਨਾ 4+100 ਮੀਟਰ ਦੀ ਰਿਲੇਅ ਰੇਸ 'ਚ ਕੋਈ ਜਲਵਾ ਵਿਖਾ ਸਕਿਆ। 1960 'ਚ ਲਾਹੌਰ ਵਿਖੇ ਪਾਕਿਸਤਾਨ, ਭਾਰਤ ਤੇ ਇਰਾਨ ਦੀ ਅਥਲੈਟਿਕਸ ਮੀਟ ਹੋਈ। ਮਿਲਖਾ ਸਿੰਘ ਅਣਮੰਨੇ ਜਿਹੇ ਮਨ ਨਾਲ ਪਾਕਿਸਤਾਨ ਗਿਆ ਕਿਉਂਕਿ 1947 'ਚ ਮਾਰੇ ਗਏ ਉਹਦੇ ਮਾਂ-ਬਾਪ ਤੇ ਘਰ ਦੇ ਜੀਅ ਯਾਦ ਆ ਰਹੇ ਸਨ। ਪਰ ਭਾਰਤ ਦੇ ਪ੍ਰਧਾਨ ਮੰਤਰੀ ਨਹਿਰੂ ਦੀ ਇੱਛਾ ਮੁਤਾਬਿਕ ਉਸ ਨੂੰ ਲਾਹੌਰ ਜਾਣਾ ਪਿਆ। ਉਹ ਸਟੇਡੀਅਮ 'ਚ ਦਾਖਲ ਹੋਇਆ ਤਾਂ ਔਰਤਾਂ ਨੇ ਬੁਰਕੇ ਹਟਾ ਕੇ ਮਿਲਖਾ ਸਿੰਘ ਦੇ ਦਰਸ਼ਨ ਕੀਤੇ। ਉਥੇ ਵੀ ਟੋਕੀਓ ਵਾਲੇ ਹੀ ਨਤੀਜੇ ਨਿਕਲੇ। 100 ਮੀਟਰ ਦੀ ਦੌੜ ਅਬਦੁੱਲ ਖ਼ਾਲਿਕ ਨੇ ਜਿੱਤੀ ਸੀ ਤੇ 400 ਮੀਟਰ ਦੀ ਦੌੜ ਮਿਲਖਾ ਸਿੰਘ ਨੇ। 200 ਮੀਟਰ ਦੌੜ ਦਾ ਮੁਕਾਬਲਾ ਦੋਹਾਂ ਦੌੜਾਕਾਂ ਤੇ ਦੋਹਾਂ ਦੇਸ਼ਾਂ ਵਿਚਕਾਰ ਮੁੱਛ ਦਾ ਸਵਾਲ ਸੀ।

ਮਿਲਖਾ ਸਿੰਘ ਉਸ ਦੌੜ ਨੂੰ ਆਪਣੀ ਸਿਖਰ ਦੀ ਦੌੜ ਮੰਨਦਾ ਸੀ ਜੋ 'ਭਾਗ ਮਿਲਖਾ ਭਾਗ' ਫਿਲਮ ਵਿਚ ਵੀ ਫਿਲਮਾਈ ਗਈ। ਅਬਦੁੱਲ ਖ਼ਾਲਿਕ ਆਪਣੇ ਦੇਸ਼ ਵਿਚ ਇਸ ਦੌੜ ਨੂੰ ਹਰ ਹੀਲੇ ਜਿੱਤਣਾ ਚਾਹੁੰਦਾ ਸੀ। ਲਾਹੌਰ ਦੇ ਸਟੇਡੀਅਮ ਦਾ ਸਮੁੱਚਾ ਮਾਹੌਲ ਬੇਸ਼ਕ ਅਬਦੁੱਲ ਖ਼ਾਲਿਕ ਦੇ ਹੱਕ ਵਿਚ ਸੀ, ਉਹਦੀ ਜ਼ਿੰਦਾਬਾਦ ਵੀ ਹੋਰ ਰਹੀ ਸੀ ਪਰ ਮਿਲਖਾ ਸਿੰਘ ਨੇ ਉਹ ਦੌੜ ਐਨੇ ਜੋਸ਼ ਨਾਲ ਲਾਈ ਕਿ ਅਬਦੁੱਲ ਖ਼ਾਲਿਕ ਨੂੰ 10 ਮੀਟਰ ਪਿੱਛੇ ਛੱਡ ਗਿਆ। ਇਥੋਂ ਤਕ ਕਿ ਭਾਰਤ ਦਾ ਇਕ ਹੋਰ ਦੌੜਾਕ ਮੱਖਣ ਸਿੰਘ ਵੀ ਉਸ ਤੋਂ ਮੂਹਰੇ ਨਿਕਲ ਗਿਆ। ਅਨਾਊਂਸਰ ਨੇ ਕਿਹਾ ਕਿ ਇਹ ਦੌੜ ਮਿਲਖਾ ਸਿੰਘ ਨੇ ਦੌੜ ਕੇ ਨਹੀਂ ਉੱਡ ਕੇ ਲਾਈ ਹੈ। ਉਸ ਸਮੇਂ ਪਾਕਿਸਤਾਨ ਦਾ ਸਦਰ ਜਨਰਲ ਅਯੂਬ ਖਾਂ ਵੀ ਸਟੇਡੀਅਮ ਵਿਚ ਸੁਸ਼ੋਭਿਤ ਸੀ। ਉਸ ਨੇ ਵਿਕਟਰੀ ਸਟੈਂਡ ਉੱਤੇ ਮਿਲਖਾ ਸਿੰਘ ਨੂੰ ਮੈਡਲ ਪਹਿਨਾਉਂਦਿਆਂ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ ਜੋ ਹਮੇਸ਼ਾਂ ਲਈ ਮਿਲਖਾ ਸਿੰਘ ਦੇ ਨਾਂ ਨਾਲ ਜੁੜ ਗਿਆ।

ਅਬਦੁੱਲ ਖ਼ਾਲਿਕ ਨੇ 1948 ਤੋਂ 78 ਤਕ ਪਾਕਿਸਤਾਨੀ ਫੌਜ 'ਚ ਨੌਕਰੀ ਕੀਤੀ ਅਤੇ ਸੂਬੇਦਾਰ ਬਣ ਕੇ ਰਿਟਾਇਰ ਹੋਇਆ। ਇਸ ਦੌਰਾਨ ਉਹ ਪਾਕਿਸਤਾਨ ਦੀ ਫੌਜ ਅਤੇ ਪੰਜਾਬ ਖੇਡ ਮਹਿਕਮੇ ਦੇ ਅਥਲੀਟਾਂ ਨੂੰ ਗਾਹੇ ਬਗਾਹੇ ਕੋਚਿੰਗ ਵੀ ਦਿੰਦਾ ਰਿਹਾ। 1974 ਤੋਂ 78 ਤਕ ਉਹ ਨੈਸ਼ਨਲ ਕੋਚ ਰਿਹਾ। ਉਸ ਨੇ ਪਾਕਿਸਤਾਨ ਦੀ ਫੌਜ ਵੱਲੋਂ 1965 ਤੇ 71 ਦੀਆਂ ਜੰਗਾਂ ਵੀ ਲੜੀਆਂ। 1971 ਵਿਚ ਬੰਗਲਾ ਦੇਸ਼ ਦੀ ਲੜਾਈ ਦੌਰਾਨ ਪਾਕਿਸਤਾਨ ਦੇ 93 ਹਜ਼ਾਰ ਫੌਜੀਆਂ ਨੂੰ ਜਨਰਲ ਨਿਆਜ਼ੀ ਦੀ ਅਗਵਾਈ ਵਿਚ ਹਥਿਆਰ ਸੁੱਟਣੇ ਪਏ ਤਾਂ ਉਨ੍ਹਾਂ ਫੌਜੀਆਂ ਵਿਚ ਅਬਦੁੱਲ ਖ਼ਾਲਿਕ ਵੀ ਸ਼ਾਮਲ ਸੀ। ਉਹ ਕੁਝ ਸਮਾਂ ਗਵਾਲੀਅਰ ਤੇ ਕੁਝ ਸਮਾਂ ਮੇਰਠ ਦੀਆਂ ਜੇਲ੍ਹਾਂ ਵਿਚ ਕੈਦ ਰਿਹਾ। ਖੇਡ ਹਲਕਿਆਂ ਰਾਹੀਂ ਜਦੋਂ ਉਸ ਦਾ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪਤਾ ਲੱਗਾ ਤਾਂ ਉਸ ਨੂੰ ਰਿਹਾਅ ਕਰਨ ਦੀ ਪੇਸ਼ਕਸ਼ ਹੋਈ। ਅਬਦੁੱਲ ਖ਼ਾਲਿਕ ਜਿਥੇ ਉੱਚ ਪੱਧਰ ਦਾ ਖਿਡਾਰੀ ਸੀ ਉਥੇ ਦੇਸ਼ਭਗਤ ਫੌਜੀ ਵੀ ਸੀ। ਉਸ ਨੇ ਇਕੱਲਿਆਂ ਰਿਹਾਅ ਹੋਣ ਦੀ ਪੇਸ਼ਕਸ਼ ਠੁਕਰਾਉਂਦਿਆਂ ਕਿਹਾ ਕਿ ਮੈਂ 'ਕੱਲਾ ਨਹੀਂ, ਆਪਣੇ ਸਾਰੇ ਫੌਜੀ ਸਾਥੀਆਂ ਨਾਲ ਹੀ ਰਿਹਾਅ ਹੋਵਾਂਗਾ। ਤੇ ਹੋਇਆ ਵੀ ਇੰਜ ਹੀ।

ਹਾਂ ਇਹ ਜ਼ਰੂਰ ਹੋਇਆ ਕਿ ਉਸ ਨੇ ਏਸ਼ੀਆ ਦੇ ਚੈਂਪੀਅਨ ਪ੍ਰਦੁੱਮਣ ਸਿੰਘ, ਮਿਲਖਾ ਸਿੰਘ ਤੇ ਗੁਰਬਚਨ ਸਿੰਘ ਨੂੰ ਮਿਲਣ ਦੀ ਇੱਛਾ ਪਰਗਟ ਕੀਤੀ ਜੋ ਪੂਰੀ ਕਰ ਦਿੱਤੀ ਗਈ। ਪ੍ਰਦੁੱਮਣ ਸਿੰਘ ਤਾਂ ਫੌਜ 'ਚ ਡਿਊਟੀ 'ਤੇ ਹੋਣ ਕਰਕੇ ਉਸ ਨੂੰ ਮਿਲ ਨਾ ਸਕਿਆ ਜਿਸ ਦਾ ਉਸ ਨੂੰ ਮਰਦੇ ਦਮ ਤਕ ਮਲਾਲ ਰਿਹਾ! ਮਿਲਖਾ ਸਿੰਘ ਉਸ ਨੂੰ ਬੜੇ ਅਦਬ-ਪਿਆਰ ਨਾਲ ਮਿਲਿਆ ਤੇ ਘੁੱਟ ਗਲਵਕੜੀਆਂ ਪਾਈਆਂ। ਗੁਰਬਚਨ ਸਿੰਘ ਨੇ ਵੱਡਾ ਪੁਲਿਸ ਅਫਸਰ ਹੋਣ ਕਾਰਨ ਜੇਲ੍ਹ ਦੇ ਸਟਾਫ ਨੂੰ ਤਾਕੀਦ ਵੀ ਕੀਤੀ ਕਿ ਏਸ਼ੀਆ ਦੇ ਉਡਣੇ ਦੌੜਾਕ ਅਬਦੁੱਲ ਖ਼ਾਲਿਕ ਦੀ ਖ਼ੁਰਾਕ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ।

ਅਬਦੁੱਲ ਖ਼ਾਲਿਕ ਦਾ ਸਾਰਾ ਪਰਿਵਾਰ ਹੀ ਖਿਡਾਰੀਆਂ ਦਾ ਪਰਿਵਾਰ ਕਿਹਾ ਜਾਂਦਾ ਹੈ। ਉਸ ਦਾ ਛੋਟਾ ਭਰਾ ਅਬਦੁੱਲ ਮਲਿਕ ਵੀ ਇੰਟਰਨੈਸ਼ਨਲ ਅਥਲੀਟ ਰਿਹਾ। ਖ਼ਾਲਿਕ ਦੇ ਅੱਗੋਂ ਚਾਰ ਪੁੱਤਰ ਹੋਏ। ਵੱਡਾ ਗੁਲਾਮ ਅੱਬਾਸ ਤੇ ਉਸ ਤੋਂ ਛੋਟਾ ਮੁਹੰਮਦ ਅਸ਼ਫਾਕ ਪਾਕਿਸਤਾਨ ਦੀ ਫੌਜ 'ਚ ਨੌਕਰੀ ਕਰਦੇ ਖੇਡਦੇ ਵੀ ਰਹੇ। ਮੁਹੰਮਦ ਅਸ਼ਫਾਕ ਦੀ ਟ੍ਰੈਕਟਰ ਚਲਾਉਂਦਿਆਂ ਟ੍ਰੈਕਟਰ ਉਲਟ ਜਾਣ ਕਾਰਨ ਮੌਤ ਹੋ ਗਈ। ਤੀਜਾ ਪੁੱਤਰ ਮੁਹੰਮਦ ਏਜਾਜ਼ ਪਾਕਿਸਤਾਨ ਸਪੋਰਟਸ ਬੋਰਡ ਵਿਚ ਕੋਚ ਤੇ ਸਭ ਤੋਂ ਛੋਟਾ ਪਿੰਡ ਦੇ ਸਕੂਲ ਵਿਚ ਪੀਟੀ ਮਾਸਟਰ ਰਿਹਾ। ਅਬਦੁੱਲ ਖ਼ਾਲਿਕ 10 ਮਾਰਚ 1988 ਨੂੰ ਕੇਵਲ 55 ਸਾਲ ਦੀ ਉਮਰੇ ਰਾਵਲਪਿੰਡੀ ਵਿਚ ਫੌਤ ਹੋਇਆ। ਪਾਕਿਸਤਾਨ ਦੇ ਉਸ ਮਹਾਨ ਅਥਲੀਟ ਨੂੰ 'ਪ੍ਰਾਈਡ ਆਫ ਪਾਕਿਸਤਾਨ' ਦੇ ਸਭ ਤੋਂ ਵੱਡੇ ਖ਼ਿਤਾਬ ਨਾਲ ਸਨਮਾਨਿਆ ਗਿਆ ਅਤੇ ਉਸ ਦਾ ਸਟੈਚੂ ਰਾਵਲਪਿੰਡੀ ਦੇ ਅਯੂਬ ਪਾਰਕ ਵਿਚ ਸਥਾਪਿਤ ਕੀਤਾ ਗਿਆ।

---

*(ਪਿਛਲੇ ਸਫੇ ਦਾ ਬਾਕੀ)*

ਉਹ ਟੱਸ ਤੋਂ ਮੱਸ ਨਾ ਹੋਇਆ। ਭਾਈਚਾਰੇ ਦੇ ਵੀ ਕੁਝ ਸਿਆਣੇ ਲੋਕਾਂ ਨੇ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਜ਼ਿੱਦ 'ਤੇ ਕਾਇਮ ਸੀ। ਆਖਰ ਨੂੰ ਜੰਝ ਜਾਣ ਤੋਂ ਇਕ ਦਿਨ ਪਹਿਲਾਂ ਹਨੇਰੇ ਪਏ ਮੈਂ ਸਕੂਟਰ 'ਤੇ ਆਪਣੇ ਤਾਏ ਕੋਲ ਉਸਦੇ ਡੇਰੇ 'ਤੇ ਗਿਆ ਅਤੇ ਮਿੰਨਤ ਕੀਤੀ ਕਿ ਤੁਸੀਂ ਵੱਡੇ ਹੋ। ਇੰਝ ਨਾ ਕਰੋ। ਮੇਰੇ ਵਾਸਤੇ ਮੇਰੇ ਵਿਆਹ ਵਿਚ ਤਾਂ ਸ਼ਾਮਲ ਹੋਵੋ। ਸ਼ਰੀਕੇ ਵਿਚ ਅਤੇ ਨਵੇਂ ਬਣੇ ਰਿਸ਼ਤੇਦਾਰਾਂ ਨੂੰ ਚੰਗਾ ਲੱਗੇਗਾ। ਬੜੇ ਤਰਲੇ ਕੀਤੇ ਪਰ ਉਹ ਬਿਲਕੁਲ ਨਾ ਮੰਨਿਆ, ਸਗੋਂ ਡੇਰੇ ਤੋਂ ਘਰ ਆਉਂਦੇ ਹੋਏ ਸਕੂਟਰ ਦਾ ਐਕਸੀਡੈਂਟ ਹੋ ਗਿਆ। ਮੈਂ ਡਿੱਗ ਪਿਆ ਅਤੇ ਸੱਜਾ ਗੁੱਟ ਠੁੱਕ ਗਿਆ। ਕਈ ਦਿਨਾਂ ਤੱਕ ਦਰਦ ਕਰਦਾ ਗੁੱਟ, ਆਪਣੇ ਤਾਏ ਦੀ ਜ਼ਿੱਦ ਦੇ ਸਾਹਮਣੇ ਮੈਨੂੰ ਠਿੱਠ ਕਰਦਾ ਰਿਹਾ।

ਤਾਇਆ ਸ਼ਾਹ ਖੂਹ 'ਤੇ ਹੀ ਦਿਨ-ਰਾਤ ਰਹਿੰਦਾ ਸੀ। ਉਥੇ ਕਈ ਵਾਰ ਮੈਂ ਮਾਹਲ ਸਿੰਘ ਉਰਫ ਮਾਹਲੇ ਨੂੰ ਦੇਖਣਾ। ਤਾਏ ਦਾ ਯਾਰ ਸੀ। ਮਾਹਲਾ ਸਾਡੇ ਪਿੰਡ ਦਾ ਵੈਲੀ ਦਸ ਨੰਬਰੀਆ ਬੰਦਾ ਅਤੇ ਇਲਾਕੇ ਵਿਚ ਉਸਦੀ ਬਦਮਾਸ਼ੀ ਦੇ ਚਰਚੇ ਪ੍ਰਚਲਤ ਸਨ। ਉਸਦਾ ਆਉਣਾ ਮੇਰੇ ਲਈ ਅਚੰਭਾ ਸੀ ਪਰ ਪਤਾ ਨਹੀਂ ਤਾਏ ਅਤੇ ਮਾਹਲੇ ਦੀ ਕਿਹੜੀ ਆੜੀ ਸੀ? ਮਾਹਲੇ ਦੀ ਆਪਣੀ ਢਾਣੀ ਵੀ ਖੂਹ 'ਤੇ ਹੀ ਸੀ। ਤਾਏ ਦੀ ਮਾਹਲੇ ਨਾਲ ਨੇੜਤਾ ਇਕ ਰਹੱਸ ਸੀ ਜੋ ਮੇਰੇ ਲਈ ਹੁਣ ਤੀਕ ਵੀ ਬਣਿਆ ਹੋਇਆ ਹੈ।

ਤਾਏ ਨੇ ਸ਼ਾਹੂਕਾਰੇ ਰਾਹੀਂ ਬਹੁਤ ਕਮਾਈ ਕੀਤੀ ਅਤੇ ਇਸ ਉਪਰ ਕੁੰਡਲੀ ਮਾਰੀ ਰੱਖੀ। ਬੁਢਾਪੇ ਵੇਲੇ ਉਸਨੇ ਆਪਣੀ ਜੋੜੀ ਹੋਈ ਕਮਾਈ ਤਾਂ ਇਕ ਪੁੱਤ ਨੂੰ ਦੇ ਦਿੱਤੀ ਜਦ ਕਿ ਜ਼ਮੀਨ ਤਿੰਨਾਂ ਪੁੱਤਾਂ ਵਿਚ ਵੰਡ ਦਿੱਤੀ। ਉਸਨੂੰ ਆਸ ਸੀ ਕਿ ਇਕ ਹੀ ਪੁੱਤ ਨੂੰ ਦਿੱਤੇ ਪੈਸੇ ਕਾਰਨ ਉਸਦਾ ਬੁਢਾਪਾ ਬਹੁਤ ਸੁਖਾਲਾ ਹੋਵੇਗਾ ਪਰ ਹੋਇਆ ਇਸਦੇ ਉਲਟ। ਜੀਵਨ ਦੇ ਆਖਰੀ ਪਹਿਰ ਵਿਚ ਉਸ ਵਲੋਂ ਬਹੁਤ ਅਣਗੌਲਿਆ ਜਾਣ ਲੱਗਾ ਜਿਸ ਨੂੰ ਆਪਣਾ ਸੱਭ ਤੋਂ ਨੇੜਲਾ ਸਮਝਦਾ ਸੀ। ਉਹ ਅਕਸਰ ਹੀ ਮੇਰੇ ਬਾਪ ਯਾਨੀ ਆਪਣੇ ਛੋਟੇ ਭਰਾ ਨਾਲ ਮਨ ਦਾ ਭਾਰ ਹਲਕਾ ਕਰਦਾ। ਭਲੇ ਸਮਿਆਂ ਵਿਚ ਇਕ-ਦੂਜੇ ਨੂੰ ਦੇਖ ਕੇ ਨਾ ਸੁਖਾਣ ਵਾਲੇ ਭਰਾਵਾਂ ਦੀ ਸਾਂਝ ਆਖਰੀ ਉਮਰੇ ਪੀਚੀ ਹੋ ਗਈ ਜਦ ਤਾਏ ਕੋਲੋਂ ਉਸਦੇ ਆਪਣਿਆਂ ਨੇ ਮੋਢਾ ਖਿਸਕਾ ਲਿਆ ਜਿਸ 'ਤੇ ਸਿਰ ਰੱਖ ਕੇ ਉਹ ਆਪਣਾ ਦੁੱਖੜਾ ਸੁਣਾ ਸਕਦਾ ਸੀ। ਉਸਨੇ ਆਪਣੇ ਜੀਵਨ ਦੀਆਂ ਆਖਰੀ ਘੜੀਆਂ ਉਸ ਪੁੱਤ ਕੋਲੋਂ ਸੇਵਾ ਕਰਵਾ ਕੇ ਲੰਘਾਈਆਂ ਜਿਸਨੂੰ ਉਹ ਸਾਰੀ ਉਮਰ ਹੀ ਨਕਾਰਦਾ ਰਿਹਾ।

ਜੀਵਨ ਦੀਆਂ ਰੰਗ-ਬਰੰਗੀਆਂ ਰੁੱਤਾਂ ਮਾਣ, ਸ਼ਾਹ ਜੀ ਵਜੋਂ ਨਾਮਣਾ ਖੱਟਣ ਵਾਲੇ, ਸਾਰੀ ਉਮਰ ਮਨਮਰਜ਼ੀ ਕਰਨ ਵਾਲੇ ਅਤੇ ਆਪਣੀ ਜ਼ਿੱਦ ਪੁਗਾਉਣ ਵਾਲੇ ਤਾਏ ਸ਼ਾਹ ਨੂੰ ਜਦ ਹੁਣ ਵੀ ਯਾਦ ਕਰਦਾ ਹਾਂ ਤਾਂ ਸੱਜੇ ਗੁੱਟ ਦੀ ਪੀੜ ਫਿਰ ਜਾਗ ਪੈਂਦੀ ਹੈ ਜੋ ਤਾਏ ਦੀ ਜ਼ਿੱਦ ਨੇ ਮੈਨੂੰ ਉਸ ਵਕਤ ਦਿੱਤੀ ਜਦ ਮੈਂ ਆਪਣੀ ਨਵੀਂ ਜ਼ਿੰਦਗੀ ਦਾ ਆਗਾਜ਼ ਕਰਨ ਲਈ, ਉਸਦੀ ਅਸੀਸ ਲੈਣ ਵਾਸਤੇ, ਉਸਦੇ ਸਾਹਵੇਂ ਬਹਿ ਕੇ ਮਿੰਨਤਾਂ ਕੀਤੀਆਂ ਸਨ।

ਖ਼ੈਰ! ਤਾਇਆ ਸ਼ਾਹ ਜਿਥੇ ਵੀ ਹੋਵੇ ਰੱਬ ਉਸਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ। ਬੱਚੇ ਤਾਂ ਆਪਣੇ ਵਡੇਰਿਆਂ ਦੀਆਂ ਅਰਦਾਸਾਂ ਦਾ ਹੀ ਖੱਟਿਆ ਖਾਂਦੇ ਹਨ।

# ਇਹੁ ਜਨਮੁ ਤੁਮਹਾਰੇ ਲੇਖੇ!

## ਕਿਸ਼ਤ - 26

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 26ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




ਘਰ ਦੀ ਸਜਾਵਟ ਬਾਰੇ ਸੋਚਦਿਆਂ ਜਗਦੀਪ ਦੇ ਮਨ ਵਿਚ ਚਰਨਜੀਤ ਦਾ ਚੇਤਾ ਜੇਠ-ਹਾੜ੍ਹ ਦੇ ਬੱਦਲ ਵਾਂਗ ਉਭਰਿਆ ਤਾਂ ਸਹੀ ਪਰ ਜੇਠ-ਹਾੜ੍ਹ ਦੇ ਬੱਦਲ ਵਾਂਗ ਹੀ ਝੱਟ ਖੁਰ ਵੀ ਗਿਆ। ਪਰਦੇ, ਸੋਫ਼ਿਆਂ ਦਾ ਕੱਪੜਾ ਤੇ ਬੈੱਡ-ਕਵਰ, ਵਗ਼ੈਰਾ ਉਹ ਦੋਵੇਂ ਪਸੰਦ ਕਰ ਲਿਆਈਆਂ ਕਿਉਂਕਿ ਗੁਰਮੁਖ ਸਿੰਘ ਮੁਤਾਬਿਕ ਇਹ ਇਸਤਰੀਆਂ ਦੇ ਕਰਨ ਵਾਲਾ ਕੰਮ ਸੀ। ਜਦੋਂ ਕਮਰਿਆਂ ਦੀ ਪੱਕੀ ਆਰਟਿਸਟਿਕ ਡੈਕੋਰੇਸ਼ਨ ਦੇ ਖਰਚ ਦੀ ਗੱਲ ਆਈ, ਮਿਸਿਜ਼ ਖੰਨਾ ਬੋਲੀ, ਇਹ ਫ਼ੈਸਲਾ ਤਾਂ ਤੁਸੀਂ ਕਰਨਾ ਹੈ। ਬਹੁਤਾ ਮੱਥਾ ਮਾਰਨ ਦੀ ਥਾਂ ਅਜਿਹੇ ਮੌਕੇ ਉਹ ਬਹੁਤ ਪਹਿਲਾਂ ਇਕ ਬਜ਼ੁਰਗ ਤੋਂ ਸੁਣੀ ਹੋਈ ਕਹਾਵਤ ਬੋਲ ਦਿੰਦੀ, ਜਿੰਨਾ ਗੁੜ ਪਾਉਗੇ, ਓਨਾ ਮਿੱਠਾ ਹੋ ਜਾਵੇਗਾ; ਤੁਸੀਂ ਆਪਣਾ ਬਜਟ ਦੱਸੋ, ਕੁਛ ਹਜ਼ਾਰ ਤੋਂ ਲੈ ਕੇ ਲੱਖਾਂ ਤੱਕ ਜੋ ਮਰਜ਼ੀ ਖਰਚ ਲਵੋ ਤੇ ਉਹੋ ਜਿਹਾ ਨਤੀਜਾ ਲੈ ਲਵੋ। ਪਰ ਇਸ ਦੇ ਨਾਲ ਹੀ ਉਸ ਨੂੰ ਏਨੀ ਕੁ ਪਰਖ ਹੈ ਸੀ ਕਿ ਉਸ ਤੋਂ ਕੰਮ ਕਰਵਾ ਰਹੇ ਮਕਾਨ-ਮਾਲਕ ਕਿੰਨੇ ਕੁ ਖਰਚ ਦੇ ਸਮਰੱਥ ਹਨ। ਗੁਰਮੁਖ ਸਿੰਘ ਨੇ ਹੱਸ ਕੇ ਕਿਹਾ, "ਬੀਬੀ, ਸਜਾਵਟ ਦੀ ਸਲਾਹ ਤਾਂ ਤੁਸੀਂ ਜਗਦੀਪ ਨਾਲ ਹੀ ਕਰੋ ਪਰ ਖਰਚ ਵੇਲੇ ਜ਼ਰੂਰ ਮੈਨੂੰ ਚੇਤੇ ਰੱਖਿਉ ਕਿ ਇਹ ਬਿਚਾਰਾ ਗੁਰਮੁਖ ਸਿੰਘ ਕੋਈ ਰਾਜਾ-ਮਹਾਰਾਜਾ ਜਾਂ ਬਿਰਲਾ-ਟਾਟਾ ਨਹੀਂ, ਬੱਸ ਸਾਧਾਰਨ ਦੁਕਾਨਦਾਰ ਹੈ!"



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਮਿਸਿਜ਼ ਖੰਨਾ ਨੇ ਜਗਦੀਪ ਨੂੰ ਐਲਬਮ ਦਿਖਾਏ ਤੇ ਵੱਖ-ਵੱਖ ਕਮਰਿਆਂ ਵਾਸਤੇ ਵੱਖ-ਵੱਖ ਕਿਸਮ ਦੀ ਕਲਾ ਚੁਣ ਲਈ। ਉਸ ਦੇ ਲਿਖਣ-ਕਮਰੇ ਵਿਚ ਕਈ ਰੰਗਾਂ ਤੇ ਪੈਟਰਨਾਂ ਦੀਆਂ ਇਟਲੀ ਦੀਆਂ ਟਾਇਲਾਂ ਦਾ ਕੋਲਾਜ ਬਣਾ ਕੇ ਉਸ ਦੇ ਨਾਲ ਉੱਪਰ ਇਕ ਬਦੇਸੀ ਚਿਤਰਕਾਰ ਦੀ ਖ਼ੂਬਸੂਰਤ ਕਲਾ-ਕਿਰਤ ਦਾ ਮੂਲ ਦਾ ਭੁਲੇਖਾ ਪਾਉਣ ਜਿੰਨਾ ਵਧੀਆ ਉਤਾਰਾ ਸਜਾ ਦਿੱਤਾ। ਉਸ ਵਿਚ ਲੇਖਕ ਦਾ ਹੱਥ ਲਿਖ ਰਿਹਾ ਸੀ ਤੇ ਉਸਦੇ ਲਿਖੇ ਸ਼ਬਦਾਂ ਵਿਚੋਂ ਉਪਜ ਰਿਹਾ ਨੂਰ ਧਰਤੀ ਨੂੰ ਹੀ ਨਹੀਂ, ਪੂਰੇ ਬ੍ਰਹਿਮੰਡ ਨੂੰ ਪ੍ਰਕਾਸ਼ ਰਿਹਾ ਸੀ। ਸੌਣ-ਕਮਰੇ ਵਿਚ ਪੂਰੇ ਸੈੱਟ ਦੇ ਰੂਪ ਵਿਚ ਮਿਲਦੇ ਗਲੇਜ਼ਡ ਟੁਕੜਿਆਂ ਤੋਂ ਬਣੇ ਮਿਊਰਲ ਵਿਚ ਸੁੱਤੇ ਹੋਏ ਪ੍ਰੇਮੀ ਉੱਤੇ ਬੁੱਕ ਭਰ ਫੁੱਲ ਕੇਰ ਕੇ ਪ੍ਰੇਮਿਕਾ ਉਸ ਨੂੰ ਜਗਾਉਣ ਦੇ ਆਹਰ ਵਿਚ ਸੀ। ਡਰਾਇੰਗ ਰੂਮ ਦੇ ਪ੍ਰਵੇਸ਼ ਦੇ ਸਾਹਮਣੀ ਕੰਧ ਦੇ ਵਿਚਕਾਰ ਇਕ ਨਿਪੁੰਨ ਕਾਠ-ਕਲਾਕਾਰ ਬੁਲਾ ਕੇ ਫ਼ਰਸ਼ ਤੋਂ ਛੱਤ ਤੱਕ ਪੰਜ ਫੁੱਟ ਚੌੜੇ ਸਾਗਵਾਨੀ ਫੱਟੇ ਵਿਚੋਂ ਕਈ ਥਾਂਵਾਂ ਤੋਂ ਛੋਟੇ-ਵੱਡੇ ਪੱਤੇ ਤੇ ਫੁੱਲ ਕੱਟ ਕੇ ਉਸੇ ਦੀਆਂ ਹੋਰ ਥਾਂਵਾਂ ਉੱਤੇ ਚੇਪ ਦਿੱਤੇ ਗਏ ਸਨ। ਇਹਨਾਂ ਕੱਟਵੇਂ ਤੇ ਉੱਭਰਵੇਂ ਪੱਤਿਆਂ ਤੇ ਫੁੱਲਾਂ ਨੇ ਅਨੋਖੀ ਖ਼ੂਬਸੂਰਤੀ ਪੈਦਾ ਕਰ ਦਿੱਤੀ ਸੀ। ਬਾਕੀ ਸਭ ਕਮਰਿਆਂ ਵਿਚ ਕਈ ਕਿਸਮਾਂ ਦਾ ਵਾਲ-ਪੇਪਰ ਵਰਤ ਕੇ ਵੱਖ-ਵੱਖ ਪ੍ਰਭਾਵ ਸਿਰਜ ਦਿੱਤਾ ਗਿਆ ਸੀ।

ਮਕਾਨ ਸਭ ਪੱਖੋਂ ਸੰਪੂਰਨ ਹੋਇਆ ਤਾਂ ਚੱਠ ਦੀ ਤਾਰੀਖ਼ ਮਿਥ ਕੇ ਗਿਣਤੀ ਦੇ ਮਹਿਮਾਨਾਂ ਨੂੰ ਸੱਦਾ ਭੇਜ ਦਿੱਤਾ ਗਿਆ। ਉਹਨਾਂ ਵਿਚ ਲੇਖਕ ਹੋਣ ਦੇ ਨਾਤੇ ਕੋਈ ਸ਼ਾਮਲ ਨਹੀਂ ਸੀ। ਕੀਰਤਨ ਮਗਰੋਂ ਭਾਈ ਜੀ ਨੇ ਨਵੇਂ ਗ੍ਰਿਹ ਵਿਚ 'ਸਰਦਾਰ ਗੁਰਮੁਖ ਸਿੰਘ ਅਤੇ ਬੀਬੀ ਜਗਦੀਪ ਕੌਰ' ਦੇ ਲੰਮੇ, ਸੁਖੀ ਤੇ ਸ਼ੱਕਰ-ਸ਼ੀਰ ਜੀਵਨ ਦੀ ਅਰਦਾਸ ਕੀਤੀ। ਸੁਰਮੁਖ ਸਿੰਘ ਰਾਹੀ ਨੇ ਨੇਮਪਲੇਟ ਤੋਂ ਫੁੱਲਾਂ ਦੀ ਝਾਲਰ ਹਟਾ ਕੇ ਗੂੰਜਵੀਆਂ ਤਾੜੀਆਂ ਵਿਚ ਉਦਘਾਟਨ ਕਰ ਦਿੱਤਾ। ਲੰਗਰ ਦੇ ਨਾਂ ਉੱਤੇ ਪਕਵਾਨ ਵਰਤਾਏ ਗਏ। ਤੇ ਇਉਂ ਉਹਨਾਂ ਨੇ ਮੁੱਢੋਂ ਸ਼ੁਰੂ ਕਰ ਕੇ ਨਵਾਂ ਜੀਵਨ ਜਿਉਣ ਲਈ ਗ੍ਰਿਹ-ਪ੍ਰਵੇਸ਼ ਕਰ ਲਿਆ। ਜਗਦੀਪ ਖ਼ੁਸ਼ ਸੀ, ਕਰੋਲਬਾਗ਼ ਵਾਲੇ ਮਕਾਨ ਵਿਚਲੀ ਅਤੀਤ ਦੇ ਪਰਛਾਵਿਆਂ ਦੀ ਪਰੇਸ਼ਾਨ ਕਰਨ ਵਾਲੀ ਭੀੜ ਤੋਂ ਮੁਕਤੀ ਮਿਲੀ ਤੇ ਮਨਚਾਹੇ 'ਸ਼ਾਂਤੀ ਕੁੰਜ' ਦੀ ਰੀਝ ਪੂਰੀ ਹੋਈ। ਗੁਰਮੁਖ ਸਿੰਘ ਖ਼ੁਸ਼ ਸੀ, ਜਗਦੀਪ ਆਪਣੇ ਅਤੀਤ ਤੋਂ ਟੁੱਟਣ ਵਾਸਤੇ ਖ਼ੁਦ ਏਨੀ ਦ੍ਰਿੜ੍ਹ ਸੀ ਜਿਸ ਕਰਕੇ ਹੁਣ ਉਹ ਪਹਿਲਾਂ ਵਾਲੇ ਗੁਰੂ ਤੇ ਦੀਪੀ ਬਣ ਕੇ ਸੁਹਣਾ ਜੀਵਨ ਬਿਤਾ ਸਕਣਗੇ। ਬੱਚਿਆਂ ਦਾ ਤਾਂ ਸੁਹਣੇ ਘਰ ਵਿਚ ਆ ਕੇ ਤੇ ਵੱਡਿਆਂ ਨੂੰ ਖ਼ੁਸ਼ ਦੇਖ ਕੇ ਖ਼ੁਸ਼ ਹੋਣਾ ਸੁਭਾਵਿਕ ਹੀ ਸੀ।

ਦੋਵਾਂ ਦਾ ਦਿਲ ਕਰਦਾ, ਬਦਲ ਕੇ ਸੁਖਾਵੇਂ ਹੋਏ ਇਸ ਮਾਹੌਲ ਵਿਚ ਬੱਚੇ ਵੀ ਨਾਲ ਹੋਣ। ਪਰ ਨਾ ਤਾਂ ਅੱਧ-ਵਿਚਕਾਰੋਂ ਉਹ ਦੁਰੇਡਾ ਸਕੂਲ ਛੁਡਾਉਣਾ ਸੰਭਵ ਸੀ ਤੇ ਨਾ ਨੇੜੇ ਦੇ ਕਿਸੇ ਚੰਗੇ ਨਵੇਂ ਸਕੂਲ ਵਿਚ ਦਾਖ਼ਲਾ ਮਿਲਣਾ। ਵੈਸੇ ਵੀ ਉਸ ਪ੍ਰਸਿੱਧ ਰਿਹਾਇਸ਼ੀ ਸਕੂਲ ਵਿਚ ਦਾਖ਼ਲੇ ਲਈ ਲੋਕ ਤਰਸਦੇ ਸਨ। ਇਹ ਤਾਂ ਗੁਰਮੁਖ ਸਿੰਘ ਦੀ ਹਿੰਮਤ ਤੇ ਅਸਰ-ਰਸੂਖ਼ ਦਾ ਨਤੀਜਾ ਸੀ ਕਿ ਬੱਚੇ ਉਥੇ ਦਾਖ਼ਲ ਹੋ ਸਕੇ ਸਨ। ਜੈਪੁਰ ਵਾਲੀ ਸੜਕ ਉੱਤੇ ਦਿੱਲੀ ਤੋਂ ਕੋਈ ਪੰਜਾਹ ਮੀਲ ਬਾਹਰ ਖੁੱਲ੍ਹੀ ਥਾਂ ਲੈ ਕੇ ਸੰਘਣੇ ਹਰੇ ਬਿਰਛਾਂ ਅਤੇ ਫੁੱਲ-ਬੂਟਿਆਂ ਦੇ ਖੇੜੇ ਵਿਚਕਾਰ ਕਿਸੇ ਆਸ਼ਰਮ ਵਰਗਾ ਸ਼ਾਂਤ ਮਾਹੌਲ ਸੀ।

ਦੋਵੇਂ ਇਕੱਠੇ ਨਾਸ਼ਤਾ ਕਰਦੇ। ਗੁਰਮੁਖ ਸਿੰਘ ਦੁਕਾਨ ਚਲਿਆ ਜਾਂਦਾ ਤੇ ਜਗਦੀਪ ਆਪਣੇ ਲਿਖਣ-ਕਮਰੇ ਵਿਚ ਪੁਸਤਕਾਂ, ਕਾਗ਼ਜ਼ਾਂ ਤੇ ਕਲਮਾਂ ਵਿਚਕਾਰ ਗੱਦੀ-ਨਸ਼ੀਨ ਹੋ ਜਾਂਦੀ। ਨਵੇਂ ਮਾਹੌਲ ਵਿਚ ਉਹ ਰਚਨਾ-ਕਾਰਜ ਵਿਚ ਲੀਨ ਹੋਣ ਲੱਗ ਪਈ ਸੀ। ਕਈ ਕਹਾਣੀਆਂ ਹਿੰਦੀ ਵਿਚ ਜਾਂ ਅਨੁਵਾਦ ਹੋ ਰਹੀਆਂ ਸਨ ਜਾਂ ਛਪ ਰਹੀਆਂ ਸਨ ਜਿਥੋਂ ਉਹਨਾਂ ਨੇ ਅੱਗੇ ਹੋਰ ਜ਼ਬਾਨਾਂ ਵਿਚ ਪਹੁੰਚਣਾ ਸੀ। ਚਰਨਜੀਤ ਦੀ ਬੇਵਫ਼ਾਈ ਦਾ ਉਸ ਦਾ ਗੁੱਸਾ ਮੱਠਾ ਨਹੀਂ ਸੀ ਪਿਆ। ਮੁਹੱਬਤ ਦੇ ਅਫ਼ਸਾਨੇ ਨੂੰ ਇਕ ਖ਼ੂਬਸੂਰਤ ਮੋੜ ਦੇਣਾ ਆਖ ਕੇ ਸਾਹਿਰ ਭਾਵੇਂ ਉਸ ਦੀ ਦੁਨੀਆ ਵਿਚੋਂ ਨਿੱਕਲ ਗਿਆ ਸੀ ਪਰ ਉਸ ਨੇ ਉਹ ਆਪਣੇ ਵੱਲੋਂ ਜਾਣ ਨਹੀਂ ਸੀ ਦਿੱਤਾ। ਹੁਲਾਸੀ ਪਲਾਂ ਵਿਚ ਤਾਂ ਉਹ ਯਾਦ ਆਉਂਦਾ ਹੀ, ਰਚਨਾ ਦੇ ਸਮੇਂ ਵੀ ਉਹ ਜਿਵੇਂ ਕੋਲ ਆ ਬੈਠਦਾ। ਉਹ ਚੇਤੇ ਕਰਦੀ, ਉਸ ਨਾਲ ਸਾਂਝੀਆਂ ਘੜੀਆਂ ਦੇ ਨਿੱਘ ਵਿਚ ਕਵਿਤਾ ਕਿਵੇਂ ਇਉਂ ਵਗਦੀ ਆਉਂਦੀ ਸੀ ਜਿਵੇਂ ਪਿੱਛੇ ਪਰਬਤਾਂ ਵਿਚ ਬਰਫ਼ ਖੁਰਨ ਨਾਲ ਨਦੀ ਦਾ ਵਹਿਣ ਤੇਜ਼ੀ ਫੜ ਲੈਂਦਾ ਹੈ। ਤੇ ਉਸ ਦੀ ਮੁਹੱਬਤ ਵਿਚੋਂ ਉਪਜੀਆਂ ਰਚਨਾਵਾਂ ਪਾਠਕਾਂ ਨੇ ਕਿਵੇਂ ਪਲਕਾਂ ਉੱਤੇ ਰੱਖ ਲਈਆਂ ਸਨ!

ਜਗਦੀਪ ਨੂੰ ਬਹੁਤ ਤਸੱਲੀ ਸੀ, ਹਰਜਸ ਕੋਈ ਕੰਮ-ਚਲਾਊ ਜਿਹਾ ਅਨੁਵਾਦਕ ਨਹੀਂ ਸੀ। ਆਖ਼ਰ ਉਹ ਸਾਹਿਤ ਦੀ ਡਾਕਟਰੇਟ ਕਰ ਰਿਹਾ ਸੀ ਤੇ ਆਪ ਵੀ ਤਾਂ ਵਾਹਵਾ ਕਵਿਤਾ-ਕਹਾਣੀ ਲਿਖ ਲੈਂਦਾ ਸੀ। ਉਸ ਦੀ ਇਕ ਗੱਲ ਬੜੀ ਚੰਗੀ ਸੀ। ਉਹ ਆਮ ਅਨੁਵਾਦਕਾਂ ਵਾਂਗ ਇਹ ਨਹੀਂ ਸੀ ਕਰਦਾ ਕਿ ਅਨਪੜ੍ਹੀ-ਅਨਜਾਣੀ ਕਹਾਣੀ ਸਾਹਮਣੇ ਰੱਖੀ ਤੇ ਇਕ-ਇਕ ਫ਼ਿਕਰਾ ਲੈ ਕੇ ਅਨੁਵਾਦਣੀ ਸ਼ੁਰੂ ਕਰ ਦਿੱਤੀ। ਪਹਿਲਾਂ ਉਹ ਪੂਰੀ ਕਹਾਣੀ ਪੜ੍ਹਦਾ, ਮਾਣਦਾ, ਸਮਝਦਾ ਤੇ ਪੂਰੀ ਤਰ੍ਹਾਂ ਸਪੱਸ਼ਟ ਹੋ ਕੇ ਹੀ ਅਨੁਵਾਦ ਕਰਨ ਲਗਦਾ। ਇਸੇ ਕਰਕੇ ਕਿਸੇ ਕਹਾਣੀ ਦਾ ਕੋਈ ਸ਼ਬਦ ਜਾਂ ਕੋਈ ਹੋਰ ਪੱਖ ਵਿਚਾਰਨ ਲਈ ਉਹ ਅਕਸਰ ਆ ਜਾਂਦਾ। ਕਹਾਣੀ ਦਾ ਪੂਰਾ ਹੋਇਆ ਅਨੁਵਾਦ ਦੇਣ ਵਾਸਤੇ ਤਾਂ ਉਹ ਆਉਂਦਾ ਹੀ। ਜਗਦੀਪ ਤੇ ਹਰਵਿੰਦਰ ਉਸ ਦੇ ਕੀਤੇ ਅਨੁਵਾਦ ਤੋਂ ਬਹੁਤ ਸੰਤੁਸ਼ਟ ਸਨ। ਉਹ ਪੜ੍ਹਦੇ ਤਾਂ ਇਉਂ ਲਗਦਾ ਜਿਵੇਂ ਮੂਲ ਹਿੰਦੀ ਵਿਚ ਲਿਖੀ ਗਈ ਕਹਾਣੀ ਹੋਵੇ!

ਜਗਦੀਪ ਦੇ ਜਲੌਅ ਸਦਕਾ ਉਹ ਕਾਫ਼ੀ ਪ੍ਰਭਾਵਿਤ, ਸਗੋਂ ਸੰਮੋਹਿਤ ਸੀ। ਜਗਦੀਪ ਨੂੰ ਕਿਸੇ ਦੀ ਅਜਿਹੀ ਮਾਨਸਿਕ ਅਵਸਥਾ ਦਾ ਫ਼ਾਇਦਾ ਖ਼ੂਬ ਉਠਾਉਣਾ ਆਉਂਦਾ ਸੀ। ਇਕ ਦਿਨ ਪੁੱਛਣ ਲੱਗੀ, "ਤੇਰੇ ਥੀਸਿਸ ਦਾ ਕੀ ਹਾਲ ਹੈ, ਹਰਜਸ?" ਇਸ ਤੋਂ ਪਹਿਲਾਂ ਕਿ ਉਹ ਕੋਈ ਉੱਤਰ ਦਿੰਦਾ, ਉਹ ਹੱਸੀ, "ਬਈ ਹਰਜਸ, ਥੀਸਿਸ ਦੀ ਗੱਲ ਫੇਰ ਕਰਦੇ ਹਾਂ, ਪਹਿਲਾਂ ਤੇਰੇ ਨਾਂ ਦੀ ਗੱਲ ਕਰੀਏ। ਇਹ ਹਰਜਸ ਵੈਸੇ ਰੋਜ਼ਾਨਾ ਜ਼ਿੰਦਗੀ ਵਿਚ ਤਾਂ ਵਧੀਆ ਨਾਂ ਹੈ ਪਰ ਸਾਹਿਤ ਵਿਚ ਇਉਂ ਲਗਦਾ ਹੈ ਜਿਵੇਂ ਕਵਿਤਾ-ਕਹਾਣੀ ਕਿਸੇ ਲਾਲਾ ਹਰਜਸ ਲਾਲ ਨੇ ਲਿਖੀ ਹੋਵੇ। ਬਈ ਸਾਹਿਤਕ ਨਾਂ ਤਾਂ ਅਨੇਕ ਲੇਖਕਾਂ ਨੇ ਅਸਲ ਨਾਂ ਤੋਂ ਵੱਖਰੇ ਰੱਖੇ ਹੋਏ ਹੁੰਦੇ ਨੇ। ਤੇਰਾ ਸਾਹਿਤਕ ਨਾਂ ਵੀ ਕੋਈ ਚੁਸਤ ਜਿਹਾ ਹੋਣਾ ਚਾਹੀਦਾ ਹੈ!"

ਉਹ ਕੱਚਾ ਜਿਹਾ ਹੋ ਗਿਆ, "ਮੈਂ ਤਾਂ ਕਦੇ ਇਸ ਬਾਰੇ ਸੋਚਿਆ ਹੀ ਨਹੀਂ। ਨਾਲੇ ਸਾਹਿਤਕ ਨਾਂ ਰੱਖਣ ਨੂੰ ਮੈਂ ਕਿੰਨਾ ਕੁ ਵੱਡਾ ਲੇਖਕ ਹਾਂ ਜੀ!"

"ਤੇਰੇ ਵਿਚ ਚੰਗੀ ਸੰਭਾਵਨਾ ਹੈ। ਜੇ ਸਿਦਕ-ਸਿਰੜ ਰੱਖੇਂ, ਇਕ ਦਿਨ ਤੇਰਾ ਸ਼ੁਮਾਰ ਚੰਗੇ ਲੇਖਕਾਂ ਵਿਚ ਜ਼ਰੂਰ ਹੋਵੇਗਾ।... ਹਾਂ, ਆਪਾਂ ਤੇਰੇ ਨਾਂ ਦੀ ਗੱਲ ਕਰ ਰਹੇ ਸੀ। ਇਉਂ ਕਰੀਏ, ਤੇਰੇ ਇਸੇ ਨਾਂ ਵਿਚ ਥੋੜ੍ਹੇ ਫੇਰ-ਬਦਲ ਨਾਲ ਸਾਹਿਤਕ ਨਾਂ ਬਣਾ ਲਈਏ।"

"ਜਿਵੇਂ?"

"ਜਿਵੇਂ... ਜਿਵੇਂ... ਜਿਵੇਂ ਹਰਜਸ ਤੋਂ ਹਰਜੀ! ਕਿੰਨਾ ਸੋਹਣਾ ਸਾਹਿਤਕ ਨਾਂ ਹੈ। ਨਾਲੇ ਹਰ ਜੀ ਲੋਕ ਰੱਬ ਨੂੰ ਆਖਦੇ ਨੇ। ਅੱਜ ਤੋਂ ਤੂੰ ਹਰਜੀ ਹੋਇਆ। ਤੈਨੂੰ ਤਾਂ ਕੋਈ ਇਤਰਾਜ਼ ਨਹੀਂ ਨਾ?"

ਹਰਜਸ ਸੰਗਿਆ, "ਤੁਸੀਂ ਸਾਹਿਤਕ ਨਾਂ ਰੱਖੋਂ, ਇਸ ਤੋਂ ਮਾਣ ਵਾਲੀ ਗੱਲ ਮੇਰੇ ਵਾਸਤੇ ਹੋਰ ਕੀ ਹੋ ਸਕਦੀ ਹੈ ਜੀ? ਵੈਸੇ ਵੀ, ਜਿਵੇਂ ਤੁਸੀਂ ਕਿਹਾ ਹੈ, ਇਹ ਨਾਂ ਵਧੀਆ ਹੈ।"

"ਚਲੋ... ਹਰਜੀ, ਆਪਾਂ ਤੇਰੇ ਥੀਸਿਸ ਦੀ ਗੱਲ ਕਰ ਰਹੇ ਸੀ।"

"ਥੀਸਿਸ ਤਾਂ ਮੇਰਾ ਮੁੱਕਿਆਂ ਵਰਗਾ ਹੈ ਜੀ, ਪਰ ਮੇਰਾ ਗਾਈਡ, ਜਿਵੇਂ ਸਾਰੇ ਗਾਈਡਾਂ ਨੂੰ ਹੀ ਆਦਤ ਹੁੰਦੀ ਹੈ, ਛੋਟੀਆਂ-ਛੋਟੀਆਂ ਢੁੱਚਰਾਂ ਜਿਹੀਆਂ ਡਾਹੁੰਦਾ ਰਹਿੰਦਾ ਹੈ। ਫੇਰ ਵੀ ਲਗਦਾ ਹੈ, ਮਨਜ਼ੂਰ ਕਰ ਹੀ ਲਵੇਗਾ।"

"ਕੌਣ ਹੈ ਉਹ?"

"ਹੈ ਇਕ ਡਾਕਟਰ ਰਾਕੇਸ਼ ਰਾਜਪੂਤ। ਬੰਦਾ ਤਾਂ ਬੁਰਾ ਨਹੀਂ ਪਰ ਗਾਈਡੀ ਘੋਟਦਾ ਰਹਿੰਦਾ ਹੈ।"

ਜਗਦੀਪ ਨੇ ਪੁੱਛਿਆ, "ਇਹ ਉਹੋ ਰਾਕੇਸ਼ ਰਾਜਪੂਤ ਤਾਂ ਨਹੀਂ ਜਿਸ ਨੇ ਅਸ਼ਕ ਬਾਰੇ ਕਿਤਾਬ ਲਿਖੀ ਹੈ?"

ਹਰਜੀ ਕਾਹਲੀ ਨਾਲ ਬੋਲਿਆ, "ਉਹੋ ਹੀ ਹੈ ਜੀ, ਉਹੋ ਰਾਕੇਸ਼ ਰਾਜਪੂਤ। ਜਾਣਦੇ ਹੋ ਤੁਸੀਂ?"

"ਤੇਰੇ ਕੋਲ ਉਸ ਦਾ ਫੋਨ ਨੰਬਰ ਹੈ? ਲੈ ਉਹਨੂੰ ਤਾਂ ਮੈਂ ਹੁਣੇ ਫੋਨ ਕਰ ਦਿਆਂਗੀ।"

ਹਰਜੀ ਨੇ ਫੋਨ ਮਿਲਾ ਕੇ ਜਗਦੀਪ ਨੂੰ ਦੇ ਦਿੱਤਾ। ਫੋਨ ਉਸੇ ਨੇ ਚੁੱਕਿਆ ਤੇ ਪੁੱਛਿਆ, "ਕੌਣ?"

ਜਗਦੀਪ ਹੱਸੀ, "ਰਾਜਪੂਤ ਜੀ, ਕੌਨ ਬਤਾ ਕਰ ਕਿਆ ਹੋ ਗਾ। ਆਪ ਕਹਾਂ ਪਹਿਚਾਨਨੇ ਲਗੇ ਮੁਝੇ! ਮੈਂ ਜਗਦੀਪ ਬੋਲ ਰਹੀ ਹੂੰ। ਕੁਛ ਯਾਦ ਆਇਆ?"

"ਅਰੇ ਅਰੇ ਅਰੇ", ਰਾਜਪੂਤ ਉੱਚੀ ਆਵਾਜ਼ ਵਿਚ ਬੋਲਿਆ, "ਆਜ ਮੁਝੇ ਸੁਬਹ ਸੇ ਹੀ ਆਭਾਸ ਥਾ ਕਿ ਕੁਛ ਹੋ ਗਾ ਜ਼ਰੂਰ। ਆਜ ਸੂਰਯ ਆਪਣੀ ਰੋਜ਼ ਵਾਲੀ ਜਗਹ ਸੇ ਕੁਛ ਹਟ ਕੇ ਚੜ੍ਹਾ ਥਾ।... ਆਜ ਕੈਸੇ ਯਾਦ ਕੀਆ? ਮਗਰ ਭਈ ਕੈਸੇ ਭੀ ਕੀਆ, ਬਹੁਤ ਅੱਛਾ ਕੀਆ।"

"ਰਾਜਪੂਤ ਜੀ, ਸੱਚ ਕਹੂੰ ਤੋ ਆਪ ਤੱਕ ਕਾਮ ਪੜਾ ਔਰ ਕਹੀਂ ਸੇ ਫੋਨ ਢੂੰਡਾ। ਕਾਮ ਤੋ ਕੋਈ ਬੜਾ ਨਹੀਂ, ਸੋਚਾ, ਇਸੀ ਬਹਾਨੇ ਸੰਬੰਧ ਤਾਜ਼ਾ ਹੋ ਜਾਏਂਗੇ।... ਰਾਜਪੂਤ ਜੀ, ਆਪ ਕੇ ਪਾਸ ਹਰਜਸ ਨਾਮ ਕਾ ਲੜਕਾ ਸ਼ੋਧ ਕਰ ਰਹਾ ਹੈ। ਮੇਰਾ ਅਜੀਜ਼ ਹੈ, ਬੱਸ ਇਤਨਾ ਹੀ ਕਹੂੰਗੀ।"

"ਜਗਦੀਪ ਜੀ, ਆਪ ਕਾ ਅਜੀਜ਼ ਹੈ ਤੋ ਹਮਾਰਾ ਭੀ ਤੋ ਅਜੀਜ਼ ਹੂਆ ਨਾ! ਆਪ ਨਿਸ਼ਚਿੰਤ ਰਹੀਏ। ਵੈਸੇ ਭੀ ਲੜਕਾ ਮਿਹਨਤੀ ਹੈ, ਅੱਛਾ ਕਾਮ ਕਰ ਰਹਾ ਹੈ।"

ਅਗਲੇਰੇ ਦਿਨ ਹਰਜੀ ਆਇਆ ਤਾਂ ਬਹੁਤ ਖ਼ੁਸ਼ ਸੀ। ਰਾਜਪੂਤ ਦਾ ਤਾਂ ਪੂਰਾ ਰਵਈਆ ਹੀ ਬਦਲ ਗਿਆ ਸੀ। ਜਗਦੀਪ ਨੇ ਵੱਡਾ ਜਾਲ ਸੁੱਟਿਆ, "ਹਰਜੀ, ਡਾਕਟਰੇਟ ਕਰ ਲੈ, ਲੈਕਚਰਾਰ ਵੀ ਇਥੇ ਦਿੱਲੀ ਯੂਨੀਵਰਸਿਟੀ ਵਿਚ ਹੀ ਲੱਗ ਜਾਈਂ। ਕਰ ਲਵਾਂਗੇ ਸਾਰਾ ਗੇੜ-ਫੇੜ।"

ਹਰਵਿੰਦਰ ਨੂੰ ਹਰਜਸ ਦਾ ਨਾਂ ਬਦਲਣ ਬਾਰੇ ਤੇ ਥੀਸਿਸ ਬਾਰੇ ਦੱਸਿਆ ਤਾਂ ਉਹ ਕਹਿੰਦਾ, "ਦੀਦੀ ਇਸ ਦਾ ਮਤਲਬ ਹੈ, ਹੁਣ ਨਹੀਂ ਜਾਂਦਾ ਹਰਜੀ ਕਿਧਰੇ। ਕਬੂਤਰ ਤਾਂ ਆਪਣੀ ਛਤਰੀ ਉੱਤੇ ਬੈਠ ਗਿਆ!"

'ਭਾਰਤੀਯ ਸਾਹਿਤਯ ਨਿਧੀ ਪ੍ਰਕਾਸ਼ਨ' ਦਾ ਮਾਲਕ ਗਿਆਨ ਤਨੇਜਾ ਦੇਗਚੀ ਵਿਚੋਂ ਦਾਣਾ ਟੋਹਣ ਵਾਂਗ ਛਪਣ ਲਈ ਆਏ ਹਰ ਖਰੜੇ ਦੇ ਕੁਛ ਪੰਨੇ ਪੜ੍ਹ ਕੇ ਦੇਖਦਾ। ਜਦੋਂ ਉਹ ਜਗਦੀਪ ਦੇ ਅਨੁਵਾਦਿਤ ਖਰੜੇ ਦੀ ਪਹਿਲੀ ਕਹਾਣੀ ਉੱਤੇ ਸਰਸਰੀ ਨਜ਼ਰ ਮਾਰਨ ਲੱਗਿਆ, ਉਹ ਕਾਫ਼ੀ ਦਿਲਚਸਪ ਨਿੱਕਲੀ। ਉਸ ਦੀ ਰੁਚੀ ਕਿਸੇ-ਕਿਸੇ ਖਰੜੇ ਵਿਚ ਹੀ ਜਾਗਦੀ। ਸਾਹਿਤ ਨਾਲ ਵਾਹ ਉਹ ਖਰੜਿਆਂ ਤੱਕ ਹੀ ਰਖਦਾ ਸੀ। ਪੁਸਤਕ ਛਪ ਗਈ ਤਾਂ ਉਸ ਦਾ ਸੰਬੰਧ ਉਸ ਨਾਲ ਜੁੜੀਆਂ ਗਿਣਤੀਆਂ ਤੱਕ ਰਹਿ ਜਾਂਦਾ—ਕੋਈ ਪੁਸਤਕ ਕਿੰਨੀ ਛਪੀ ਹੈ, ਕਿੰਨੀ ਵਿਕ ਗਈ, ਕਿੰਨੀ ਰਹਿ ਗਈ। ਸਾਹਿਤ ਦੇ, ਭਾਵ ਖਰੜਿਆਂ ਦੇ ਉਹ ਸਿਰਫ਼ ਦੋ ਰੂਪ ਤੇ ਦੋ ਮਿਆਰ ਜਾਣਦਾ ਸੀ, ਵਿਕਣਜੋਗ ਭਾਵ ਛਾਪਣਜੋਗ ਵਧੀਆ ਸਾਹਿਤ ਤੇ ਵਿਕਣ ਦੀ ਸੰਭਾਵਨਾ ਤੋਂ ਕੋਰਾ ਭਾਵ ਰੱਦਣਜੋਗ ਘਟੀਆ ਸਾਹਿਤ। ਲੇਖਕਾਂ ਨਾਲ ਵਰਤੋਂ-ਵਿਹਾਰ ਵਿਚ ਉਹ ਠੱਗ ਪ੍ਰਕਾਸ਼ਕ ਨਹੀਂ ਸੀ ਸਮਝਿਆ ਜਾਂਦਾ। ਆਮ ਪ੍ਰਭਾਵ ਸੀ, ਉਹ ਜੋ ਸ਼ਰਤਾਂ ਪਹਿਲਾਂ ਮਿਥਦਾ ਹੈ, ਉਹਨਾਂ ਉੱਤੇ ਪੂਰਾ ਉੱਤਰਦਾ ਹੈ।

ਲਗਭਗ ਸਾਰੀਆਂ ਕਹਾਣੀਆਂ ਕੂਲ਼ੀ-ਕੂਲ਼ੀ ਭਾਸ਼ਾ ਵਿਚ ਬਿਆਨ ਕੀਤੇ ਗਏ ਜਜ਼ਬਾਤੀ ਨਾਇਕ-ਨਾਇਕਾ ਦੇ ਗੁਦਗੁਦੇ ਰੁਮਾਂਸ ਦੁਆਲੇ ਘੁੰਮਦੀਆਂ ਸਨ ਜੋ ਕਈ ਵਾਰ ਕਾਮ-ਕਲੋਲ ਦੀ ਕੰਨੀ ਜਾ ਛੂੰਹਦਾ ਸੀ। ਇਸ ਸਦਕਾ ਇਹ ਕਹਾਣੀਆਂ ਉਸ ਨੂੰ ਵਧੀਆ ਵਿਕਣਜੋਗ ਤੇ ਛਾਪਣਜੋਗ ਸਾਹਿਤ ਲੱਗੀਆਂ। ਇਹਨਾਂ ਨੂੰ ਸਕੂਲੀ-ਕਾਲਜੀ ਮੁੰਡੇ-ਕੁੜੀਆਂ ਨੇ ਕੋਰਸ ਦੀਆਂ ਕਿਤਾਬਾਂ ਵਿਚ ਰੱਖ ਕੇ ਤੇ ਸੁਆਣੀਆਂ ਨੇ ਦਾਲ-ਸਬਜ਼ੀ ਦੇ ਮਸਾਲੇ ਵਿਚ ਕੜਛੀ ਮਾਰਦਿਆਂ ਪੜ੍ਹਨਾ ਸੀ। ਇਹੋ ਦੋ ਪਾਠਕ ਹਨ ਜੋ ਕਿਸੇ ਪੁਸਤਕ ਦੀ ਵਿਕਰੀ ਦੀ ਟੇਕ ਬਣਦੇ ਹਨ। ਇਹਨਾਂ ਵਿਚੋਂ ਵੱਡੀ ਗਿਣਤੀ ਪੁਸਤਕ ਖ਼ੁਦ ਖਰੀਦਦੀ ਹੈ ਤੇ ਬਾਕੀ ਦੇਸ ਭਰ ਦੇ ਉਹਨਾਂ ਹਜ਼ਾਰਾਂ ਦੁਕਾਨਦਾਰਾਂ ਵਿਚੋਂ ਕਿਸੇ ਕੋਲ ਜਾ ਪਹੁੰਚਦੇ ਹਨ ਜੋ ਮੰਗ ਅਨੁਸਾਰ ਇਕੋ ਪੁਸਤਕ ਦੇ ਕਈ-ਕਈ ਨਗ ਮੰਗਵਾ ਕੇ ਕੁਛ ਦਿਨਾਂ ਵਾਸਤੇ ਕਿਰਾਏ ਉੱਤੇ ਦਿੰਦੇ ਹਨ। ਬੁੱਧੀਮਾਨ ਤਬਕਾ ਪੁਸਤਕਾਂ ਖਰੀਦਦਾ ਨਹੀਂ, ਜਾਂ ਤਾਂ ਲਾਇਬਰੇਰੀਆਂ ਵਿਚੋਂ ਲੈ ਕੇ ਪੜ੍ਹਦਾ ਹੈ ਜਾਂ ਇਧਰੋਂ-ਉਧਰੋਂ ਮੰਗ-ਪਿੰਨ ਕੇ। ਉਸ ਨੇ ਫੋਨ ਘੁਮਾਇਆ, "ਜਗਦੀਪ ਜੀ, ਮੈਂ ਨਿਧੀ ਪ੍ਰਕਾਸ਼ਨ ਤੋਂ ਗਿਆਨ ਤਨੇਜਾ।" ਹਰਵਿੰਦਰ ਜਦੋਂ ਦਾ ਖਰੜਾ ਦੇ ਕੇ ਆਇਆ ਸੀ, ਜਗਦੀਪ ਦੁਬਿਧਾ ਵਿਚ ਸੀ, ਪਤਾ ਨਹੀਂ ਉਹ ਕੀ ਕਹੇ। ਉਹ ਜਾਣਦੀ ਸੀ, ਜੇ ਕਹਾਣੀਆਂ ਪ੍ਰਕਾਸ਼ਕ ਨੂੰ ਪਸੰਦ ਵੀ ਆ ਗਈਆਂ, ਉਹ ਇਹ ਤੱਥ ਏਨਾ ਸੌਖਾ ਮੰਨੇਗਾ ਨਹੀਂ। ਲੇਖਕ ਦੀ ਕਦਰ ਉਸ ਦੀ ਆਪਣੀ ਨਜ਼ਰ ਵਿਚ ਘਟਾਉਣ ਲਈ ਤੇ ਆਪਣੀਆਂ ਸ਼ਰਤਾਂ ਉੱਤੇ ਪੁਸਤਕ ਛਾਪਣ ਲਈ ਉਹ ਭਾਰਾ ਪਵੇਗਾ। ਪ੍ਰਕਾਸ਼ਨ ਦੇ ਖਰਚੇ ਗਿਣਾਵੇਗਾ ਤੇ ਪਾਠਕਾਂ ਦੀ ਘਾਟ ਜਾਂ ਸਗੋਂ ਅਣਹੋਂਦ ਦਾ ਰੋਣਾ ਰੋਵੇਗਾ। ਪਰ ਇਸ ਤਨੇਜਾ ਨੇ ਆਪ ਫੋਨ ਕੀਤਾ ਹੈ, ਭਾਵ ਉਸ ਨੇ ਖਰੜਾ ਛਾਪਣ ਵਾਸਤੇ ਰੱਖ ਲਿਆ ਹੈ। ਜਗਦੀਪ ਨੇ ਪੁੱਛਿਆ, "ਤਨੇਜਾ ਜੀ, ਕੀ ਕੀਤਾ ਮੇਰੀ ਕਿਤਾਬ ਦਾ?"

"ਜਗਦੀਪ ਜੀ, ਪੁਸਤਕ ਛਾਪਣ ਤੋਂ ਪਹਿਲਾਂ ਕਈ ਗੱਲਾਂ ਵਿਚਾਰਨ ਵਾਲੀਆਂ ਹੁੰਦੀਆਂ ਨੇ ਤੇ ਉਹ ਮਿਲ ਕੇ ਹੀ ਹੋ ਸਕਦੀਆਂ ਨੇ।... ਭਲਕੇ ਕਿਸੇ ਸਮੇਂ ਹਾਜ਼ਰ ਹੁੰਦਾ ਹਾਂ। ਤੁਹਾਡਾ ਬਹੁਤਾ ਸਮਾਂ ਨਹੀਂ ਲਵਾਂਗਾ।"

ਜਗਦੀਪ ਨੇ ਸੋਚਿਆ, ਚੰਗਾ ਹੋਇਆ, ਗੱਲ ਇਕ ਦਿਨ ਪਿੱਛੇ ਪੈ ਗਈ। ਪਹਿਲਾਂ ਅੱਜ ਸ਼ਾਮ ਹਰਵਿੰਦਰ ਨਾਲ ਗੱਲ ਕਰਨੀ ਜ਼ਰੂਰੀ ਹੈ। ਉਹ ਪ੍ਰਕਾਸ਼ਨ ਵਗ਼ੈਰਾ ਦੇ ਸਭ ਦਾਅਪੇਚ ਜਾਣਦਾ ਹੈ। ਕਹਿੰਦੀ, "ਤਨੇਜਾ ਜੀ, ਠੀਕ ਹੈ, ਭਲਕੇ ਆ ਜਾਓ।"

ਉਹਨੇ ਹਰਵਿੰਦਰ ਨੂੰ ਫੋਨ ਮਿਲਾਇਆ, "ਵਿੰਦੀ, ਸ਼ਾਮੀਂ ਇਧਰ ਹੋ ਕੇ ਜਾਈਂ, ਹੁਣੇ-ਹੁਣੇ ਤਨੇਜਾ ਦਾ ਫ਼ੋਨ ਆਇਆ ਸੀ।"

"ਦੀਦੀ, ਕੋਈ ਹਾਂ-ਨਾਂਹ ਦਾ ਸੰਕੇਤ ਮਿਲਿਆ?" ਉਸ ਨੇ ਕਾਹਲਾ ਪੈ ਕੇ ਪੁੱਛਿਆ।

"ਬਈ ਭਲਕੇ ਮਿਲਣ ਆਵੇਗਾ। ਲਗਦੀ ਤਾਂ 'ਹਾਂ' ਹੀ ਹੈ। ਨਹੀਂ ਤਾਂ ਉਹ ਕਿਸ ਲਈ ਆਉਂਦਾ।"

"ਲਗਦੀ ਨਹੀਂ, ਫੇਰ ਤਾਂ 'ਹਾਂ' ਹੀ ਹੈ, ਦੀਦੀ! ਮੈਂ ਜਦੋਂ ਹੀ ਵਿਹਲਾ ਹੋ ਸਕਿਆ, ਆ ਜਾਵਾਂਗਾ।"

ਹਰਵਿੰਦਰ ਆਇਆ ਤਾਂ ਜਗਦੀਪ ਨੇ ਜ਼ੋਰ ਦਿੱਤਾ, "ਵਿੰਦੀ, ਭਲਕੇ ਤਨੇਜਾ ਦੇ ਆਉਣ ਸਮੇਂ ਮੇਰੇ ਕੋਲ ਹੋਵੀਂ।"

ਪੰਜਾਬੀ ਦੀਆਂ ਉਸ ਦੀਆਂ ਪੁਸਤਕਾਂ ਹਿਤੈਸ਼ੀ ਜੀ ਛਾਪਦੇ ਸਨ ਤੇ ਜੋ ਬਣਦਾ, ਆਪੇ ਦੇ ਦਿੰਦੇ ਸਨ। ਪਰ ਤਨੇਜਾ ਨਾਲ ਗੱਲ ਖੋਲ੍ਹਣੀ ਜ਼ਰੂਰੀ ਸੀ। ਨਾਲੇ ਉਹ ਆ ਵੀ ਤਾਂ ਇਸੇ ਮੰਤਵ ਲਈ ਰਿਹਾ ਸੀ। ਹਰਵਿੰਦਰ ਇਹਨਾਂ ਕੰਮਾਂ ਵਿਚ ਹੁਸ਼ਿਆਰ ਸੀ। ਆਖ਼ਰ ਉਸੇ ਨੇ ਰਾਹ ਕੱਢਿਆ, "ਦੀਦੀ, ਭਲਕੇ ਮੈਂ ਕੁਛ ਘੰਟਿਆਂ ਦੀ ਛੁੱਟੀ ਲੈ ਕੇ ਆ ਜਾਵਾਂਗਾ ਪਰ ਤਨੇਜੇ ਦੇ ਸਾਹਮਣੇ ਤੁਸੀਂ ਮੇਰੇ ਨਾਲ ਸਲਾਹ ਕਰਦੇ ਚੰਗੇ ਨਹੀਂ ਲਗਦੇ। ਛਪਣ-ਗਿਣਤੀ ਪੁੱਛ ਲੈਣੀ, ਰਾਇਲਟੀ ਦਸ ਪਰਸੈਂਟ ਤੋਂ ਘੱਟ ਨਾ ਹੋਵੇ। ਪੁਸਤਕ ਛਪਦਿਆਂ ਹੀ ਰਾਇਲਟੀ ਦੀ ਪੇਮੈਂਟ ਦੀ ਮੰਗ ਕਰਨਾ। ਹਾਂ, ਜੇ ਸਭ ਕੁਛ ਠੀਕ ਹੁੰਦਾ ਰਿਹਾ, ਮੈਂ ਬੈਠਾ ਰਹਾਂਗਾ, ਪਰ ਜੇ ਮੈਂ ਕੋਈ ਬਹਾਨਾ ਬਣਾ ਕੇ ਕਮਰੇ ਵਿਚੋਂ ਬਾਹਰ ਚਲਿਆ ਗਿਆ, ਤੁਸੀਂ ਇਸ਼ਾਰਾ ਸਮਝ ਲੈਣਾ ਕਿ ਗੱਲ ਠੀਕ ਨਹੀਂ। ਕਹਿਣਾ, ਠੀਕ ਹੈ, ਮੈਂ ਸੋਚ ਕੇ ਕੱਲ੍ਹ ਨੂੰ ਤੁਹਾਨੂੰ ਫੋਨ ਕਰਦੀ ਹਾਂ।"

ਰਾਇਲਟੀ ਵਗ਼ੈਰਾ ਦੀ ਗੱਲ ਚੱਲੀ ਤਾਂ ਤਨੇਜਾ ਬੋਲਿਆ, "ਤੁਸੀਂ ਤਾਂ ਮੇਰੀ ਮਾਂ-ਬੋਲੀ ਦਾ ਮਾਣ ਹੋ, ਤੁਹਾਡੇ ਨਾਲ ਕਾਹਦੀਆਂ ਸ਼ਰਤਾਂ! ਜੇ ਤੁਸੀਂ ਪੁੱਛਣ ਦੀ ਜ਼ਿੱਦ ਹੀ ਕਰਦੇ ਹੋ, ਜਗਦੀਪ ਜੀ, ਪਹਿਲਾਂ ਮੈਂ ਗਿਆਰਾਂ ਸੌ ਕਾਪੀ ਹਾਰਡਬਾਊਂਡ ਕੱਢਾਂਗਾ। ਸੌ ਚੋਣਵੇਂ ਲੇਖਕਾਂ, ਆਲੋਚਕਾਂ ਤੇ ਰੀਵਿਊਕਾਰਾਂ ਦੇ ਲੇਖੇ ਲੱਗ ਜਾਂਦੀ ਹੈ, ਹਿਸਾਬ ਵਿਚ ਅਸੀਂ ਇਕ ਹਜ਼ਾਰ ਹੀ ਲੈਂਦੇ ਹਾਂ। ਮੁੱਲ ਮੈਂ ਪੰਝੀ ਰੁਪਏ ਰੱਖਾਂਗਾ। ਪਹਿਲੀ ਵਾਰ ਮੌਲਕ ਹਿੰਦੀ ਲੇਖਕਾਂ ਨੂੰ ਸਾਢੇ ਸੱਤ ਪਰਸੈਂਟ ਦਿੰਦਾ ਹਾਂ, ਚਲੋ, ਤੁਹਾਨੂੰ ਵੀ ਇਹੋ ਦੇ ਦੇਵਾਂਗਾ। ਅੱਧੀ ਰਕਮ ਪੁਸਤਕ ਛਪਦਿਆਂ ਹੀ, ਪੰਝੀ ਪਰਸੈਂਟ ਅਗਲੀ ਤੇ ਬਾਕੀ ਪੰਝੀ ਪਰਸੈਂਟ ਅਗਲੇਰੀ ਅਪਰੈਲ ਵਿਚ। ਛੇ ਮਹੀਨਿਆਂ ਮਗਰੋਂ ਇੱਕੀ ਸੌ ਪੇਪਰਬੈਕ ਕੱਢਾਂਗਾ ਦਸ ਰੁਪਏ ਮੁੱਲ ਰੱਖ ਕੇ। ਉਸ ਦੀ ਰਾਇਲਟੀ ਪੰਜ ਪਰਸੈਂਟ ਹੋਵੇਗੀ।" ਉਹ ਜਗਦੀਪ ਨੂੰ ਬੋਲਣ ਦਾ ਸਮਾਂ ਦਿੱਤੇ ਬਿਨਾਂ ਬੋਲਦਾ ਗਿਆ ਤੇ ਬੈਗ ਖੋਲ੍ਹ ਕੇ ਕਹਿੰਦਾ, "ਐਹ ਲਵੋ ਦੋਵਾਂ ਰਾਇਲਟੀਆਂ ਦੇ ਅੱਧੇ ਦਾ ਚੌਦਾਂ ਸੌ ਅਠੱਤੀ ਰੁਪਏ ਦਾ ਪੋਸਟ-ਡੇਟਿਡ ਚੈੱਕ।"

ਜਗਦੀਪ ਹੱਸੀ, "ਅਠੱਤੀ? ਤਨੇਜਾ ਜੀ, ਜੇ ਚਾਲ਼ੀ ਨਹੀਂ ਸਨ ਕਰਨੇ, ਤੀਹ ਜਾਂ ਪੈਂਤੀ ਹੀ ਰਹਿਣ ਦਿੰਦੇ!"

ਉਸ ਨੂੰ ਵੀ ਮਖੌਲ ਸੁੱਝਿਆ, "ਬਣਦੇ ਤਾਂ ਜੀ ਚੌਦਾਂ ਸੌ ਸਾਢੇ ਸੈਂਤੀ ਨੇ, ਅਠਿਆਨੀ ਤੁਹਾਨੂੰ ਆਪਣੇ ਹੋਣ ਸਦਕਾ ਵੱਧ ਦੇ ਦਿੱਤੀ।... ਹਾਸਾ-ਠੱਠਾ ਇਕ ਪਾਸੇ ਰਿਹਾ, ਇਹ ਕਾਰਨਾਮਾ ਅਕਾਊਂਟੈਂਟ ਦਾ ਹੈ ਜੀ, ਮੇਰਾ ਨਹੀਂ।"

ਇਕ ਵਾਰ ਤਾਂ ਕੁਛ ਕਹਿਣਾ ਹੀ ਬਣਦਾ ਸੀ। ਉਹਨੇ ਅੱਗੇ ਵਧਾਇਆ ਹੋਇਆ ਚੈੱਕ ਫੜਨ ਦੀ ਥਾਂ ਕਿਹਾ, "ਤਨੇਜਾ ਜੀ, ਦਸ ਪਰਸੈਂਟ ਤਾਂ ਕਰੋ!" ***

# ਦਵਿੰਦਰ ਪਾਲ ਕੌਰ ਦੇ ਜਜ਼ਬਾਤਾਂ ਤੇ ਸ਼ਬਦਾਂ ਭਰੀ ਇਬਾਦਤ – ਸ਼ਾਇਰੀ ਇੱਕ ਇਬਾਦਤ...

ਕੁਝ ਪੁਸਤਕਾਂ ਦੇ ਸਿਰਲੇਖ ਹੀ ਪਾਠਕ ਦੇ ਮਨ ਨੂੰ ਧੂਹ ਪਾਉਂਦਿਆਂ ਆਪਣੇ ਨਾਲ ਤੋਰ ਲੈਂਦੇ ਹਨ। 'ਸ਼ਾਇਰੀ' ਤੇ 'ਇਬਾਦਤ' ਦੇ 'ਰੂਹਾਨੀ' ਮਿਲਾਪ ਵਾਲੀ ਪੁਸਤਕ 'ਸ਼ਾਇਰੀ ਇੱਕ ਇਬਾਦਤ' ਨੂੰ ਪੜ੍ਹਨ ਦਾ ਮੌਕਾ ਮਿਲਿਆ ਤਾਂ ਇੰਜ ਮਹਿਸੂਸ ਹੋਇਆ ਜਿਵੇਂ ਸ਼ਾਇਰ ਦੇ ਦਿਲ ਦੀਆਂ ਗਹਿਰਾਈਆਂ ਵਿਚੋਂ ਨਿਕਲੇ ਸੱਚੇ-ਸੁੱਚੇ ਸ਼ਬਦ ਮੁਰਸ਼ਦ ਜਾਂ ਮਹਿਬੂਬ ਦੀ ਬੰਦਗੀ ਵਿਚ ਲੀਨ ਹੋਵਣ!

ਸ਼ਾਇਰ ਅਤੇ ਪੁਸਤਕ ਬਾਰੇ ਗੱਲ ਅੱਗੇ ਤੋਰਨ ਤੋਂ ਪਹਿਲਾਂ, ਇਸ ਪੁਸਤਕ ਵਿਚੋਂ ਹੀ ਚਾਰ ਲਾਈਨਾਂ ਸੁਹਿਰਦ ਪਾਠਕਾਂ ਦੇ ਨਜ਼ਰੀਂ ਕਰਦੇ ਹਾਂ...

ਬਾਤ ਕੋਈ ਕਰ ਮੁਹੱਬਤ ਦੀ
ਦਿਮਾਗ਼ਾਂ ਨੂੰ ਪਰੇ ਰੱਖ ਕੇ
ਮਿਲਣ ਦੀ ਆਸ ਜਾਰੀ ਰੱਖ
ਹਿਸਾਬਾਂ ਨੂੰ ਪਰੇ ਰੱਖ ਕੇ।

ਦੂਸਰੀ ਬਾਤ,... ਜਿਸ ਕਾਵਿ-ਸੰਗ੍ਰਹਿ ਦੀ ਨੀਂਹ ਅਤੇ ਪ੍ਰੇਰਨਾ ਦਾ ਸ੍ਰੋਤ ਇੱਕ ਛੋਟੀ ਜਿਹੀ ਬੱਚੀ ਹੋਵੇ ਅਤੇ ਉਸ ਵਿਚਲੀ ਸ਼ਾਇਰੀ ਇਨਸਾਨ ਨੂੰ ਖ਼ੁਦ ਦੇ ਅੰਦਰ ਝਾਕ ਕੇ ਅੰਤਰੀਵ ਨਾਲ ਸੰਵਾਦ ਰਚਾਉਣ ਲਈ ਪ੍ਰੇਰਿਤ ਕਰਦੀ ਹੋਵੇ, ਓਸ ਸ਼ਾਇਰੀ ਨੂੰ ਇਬਾਦਤ ਤੋਂ ਘੱਟ ਕੀ ਨਾਮ ਦਈਏ?



ਕੈਨੇਡਾ ਵਿਚ ਵੱਸਦੀ ਲੇਖਿਕਾ ਡਾ. ਦਵਿੰਦਰ ਪਾਲ ਕੌਰ ਦੁਆਰਾ ਰਚਿਤ 'ਸ਼ਾਇਰੀ ਇੱਕ ਇਬਾਦਤ' ਇੱਕ

**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਅਜਿਹਾ ਖ਼ੂਬਸੂਰਤ ਕਾਵਿ-ਸੰਗ੍ਰਹਿ ਹੈ, ਜਿਸ ਦੀਆਂ ਵਿਭਿੰਨ ਰੰਗਾਂ-ਰੂਪਾਂ ਵਿਚ ਰੰਗੀਆਂ ਰਚਨਾਵਾਂ ਕੋਈ ਸ਼ਬਦਾਂ ਦੀ ਖੇਡ ਨਹੀਂ ਹਨ! ਇਹ ਤਾਂ, ਲੇਖਿਕਾ ਦੇ ਦਿਲ ਦੇ ਉੱਚੇ-ਸੁੱਚੇ ਜਜ਼ਬਾਤਾਂ ਨੂੰ ਪ੍ਰਗਟਾਉਂਦੀ ਅਤੇ 'ਇਬਾਦਤੀ ਰਮਜ਼ਾਂ' ਦੀ ਨਿਸ਼ਾਨਦੇਹੀ ਕਰਦੀ ਸ਼ਾਇਰੀ ਹੈ।

ਅਧਿਆਪਨ ਦੇ ਕਿੱਤੇ ਨਾਲ ਸਬੰਧਿਤ ਡਾ. ਦਵਿੰਦਰ ਪਾਲ ਕੌਰ ਪੰਜਾਬ ਯੂਨੀਵਰਸਿਟੀ ਤੋਂ ਰਿਟਾਇਰਮੈਂਟ ਲੈ ਕੇ ਕੈਨੇਡਾ ਪਰਵਾਸ ਕਰ ਗਏ। ਅੱਜ-ਕੱਲ੍ਹ ਕੈਨੇਡਾ ਦੇ ਖ਼ੂਬਸੂਰਤ ਸੂਬੇ 'ਬ੍ਰਿਟਿਸ਼ ਕੋਲੰਬੀਆ' ਵਿਚ ਰਹਿੰਦਿਆਂ ਅਤੇ 'ਸਾਹਿਤ ਸਭਾ ਸਰੀ', 'ਪੰਜਾਬੀ ਲੇਖਕ ਮੰਚ ਵੈਨਕੂਵਰ' ਤੇ 'ਕੇਂਦਰੀ ਪੰਜਾਬੀ ਲੇਖਕ ਸਭਾ' ਦੇ ਸਰਗਰਮ ਮੈਂਬਰ ਹੁੰਦਿਆਂ ਸਾਹਿਤਕ ਸਰਗਰਮੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹਿਆ, ਮਾਣਿਆ ਅਤੇ ਕਾਫ਼ੀ ਸਰਾਹਿਆ ਵੀ ਜਾਂਦਾ ਹੈ।

ਡਾ. ਦਵਿੰਦਰ ਪਾਲ ਕੌਰ ਦੀ ਖ਼ੂਬਸੂਰਤ ਸ਼ਾਇਰੀ ਜਿੱਥੇ ਮੋਹ-ਮੁਹੱਬਤਾਂ ਦਾ ਰਾਗ ਅਲਾਪਦੀ ਹੋਈ ਪਾਠਕ ਦੀ ਰੂਹ ਦੇ ਧੁਰ ਅੰਦਰ ਉਤਰਦੀ ਜਾਂਦੀ ਹੈ, ਉੱਥੇ ਹੀ ਸਮਾਜਿਕ ਨਾ-ਬਰਾਬਰੀ ਅਤੇ ਵਿਤਕਰਿਆਂ ਦੇ ਵਿਰੁੱਧ ਜੂਝਣ ਲਈ ਉਸ ਦੀ ਜ਼ਮੀਰ ਨੂੰ ਹੁੱਝਾਂ ਮਾਰ-ਮਾਰ ਜਗਾਉਂਦੀ ਵੀ ਹੈ। ਇਨਸਾਨ ਨੂੰ ਖ਼ੁਦ ਦੇ ਅੰਦਰ ਝਾਕਣ ਲਈ ਪ੍ਰੇਰਦੀ ਹੈ।

ਵਿਭਿੰਨ ਵਿਸ਼ਿਆਂ ਨਾਲ ਸੰਬੰਧਿਤ 74 ਕਵਿਤਾਵਾਂ/ਗੀਤਾਂ ਨਾਲ ਸ਼ਿੰਗਾਰੇ ਇਸ ਸੰਗ੍ਰਹਿ ਨੂੰ ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ ਨੇ ਤਿਆਰ ਕੀਤਾ ਹੈ।

'ਸ਼ਾਇਰੀ ਇਕ ਇਬਾਦਤ' ਕਾਵਿ-ਸੰਗ੍ਰਹਿ ਦੀ ਪਹਿਲੀ ਕਵਿਤਾ 'ਸੱਜਣ ਸੋਹਣਾ' ਅੰਦਰ ਮੁਹੱਬਤ ਦੀ ਗੱਲ ਕਰਦਿਆਂ, ਡਾ. ਦਵਿੰਦਰ ਪਾਲ ਕੌਰ ਮਨੁੱਖ ਦੇ 'ਬਾਹਰੀ ਸੁਹੱਪਣ' ਅਤੇ 'ਅੰਦਰੂਨੀ ਰੂਹ' ਦੇ ਸੁਹਜਮਈ ਮਿਲਾਪ ਨੂੰ ਉਭਾਰਨ ਦੀ ਕੋਸ਼ਿਸ਼ ਕਰਦੀ ਹੈ। ਇਹ ਬਿਲਕੁਲ ਸੱਚ ਹੈ ਕਿ 'ਸੂਰਤ' ਦੇ ਸੰਗ 'ਸੀਰਤ' ਵੀ ਚੰਗੀ ਹੋਣੀ ਚਾਹੀਦੀ ਹੈ। ਇਨਸਾਨ ਦਾ ਮਨ ਸਾਫ਼ ਵੀ ਹੋਣਾ ਚਾਹੀਦਾ ਹੈ...

ਮੈਂ ਓਹਦੀ ਸੀਰਤ ਤੱਕ ਕੇ
ਮਰਦੀ ਜਾਵਾਂ ਓਹਦੇ ਤੇ
ਓਹ ਵੀ ਮੇਰੀ ਸੂਰਤ ਤੱਕ ਕੇ
ਪਾਗ਼ਲ ਹੋਣਾ ਚਾਹੀਦਾ..

ਮਿੱਠੀ ਧੁਨ ਤੇ ਸੋਹਣੇ ਸੁਰ ਵਿਚ
ਖ਼ਬਰੇ ਕਿਧਰੋਂ ਬੋਲ ਪਿਆ
ਲੱਭਦੀ ਫਿਰਦੀ ਏ ਮੈਨੂੰ
ਮੈਂ ਤਾਂ ਅੰਦਰ ਹੋਣਾ ਚਾਹੀਦਾ।

ਜਦ ਮਨੁੱਖ ਦੇ ਮਨ ਅੰਦਰ ਵਿਹਾਰਾਂ, ਵਿਕਾਰਾਂ, ਮਾੜੇ-ਵਿਚਾਰਾਂ, ਚਿੰਤਾਵਾਂ, ਉਮੀਦਾਂ, ਅਤੇ ਇੱਛਾਵਾਂ ਦਾ 'ਖ਼ੌਰੂ' ਪੈਂਦਾ ਹੋਵੇ ਤਾਂ ਉਸ ਨੂੰ ਕਾਇਨਾਤ ਦਾ ਮਨਮੋਹਣਾ ਗੀਤ-ਸੰਗੀਤ ਕੀ ਸੁਣਨਾ, ਉਸ ਨੂੰ ਤਾਂ ਆਪਣੇ ਆਪ ਦੀ ਗੱਲ ਵੀ ਨਹੀਂ ਸੁਣਦੀ! ਅਜੋਕੇ ਸਮੇਂ ਦੌਰਾਨ ਇਹ ਵਰਤਾਰਾ ਆਮ ਹੋ ਰਿਹਾ ਹੈ। 'ਮੋਰਾਂ ਦੀ ਰੁਣਝੁਣ' ਕਵਿਤਾ ਅੰਦਰ ਡਾ. ਦਵਿੰਦਰ ਪਾਲ ਕੌਰ ਨੇ ਮਨੁੱਖ ਦੇ ਕੁਦਰਤ, ਚਾਰ-ਚੁਫੇਰੇ ਅਤੇ ਖ਼ੁਦ ਨਾਲੋਂ ਹੀ ਟੁੱਟੇ ਜਾਣ ਦੇ ਸੱਚ ਨੂੰ ਪਾਠਕਾਂ ਦੇ ਰੂਬਰੂ ਕੀਤਾ ਹੈ।

ਮੋਰਾਂ ਦੀ ਰੁਣਝੁਣ ਨਈਂ ਸੁਣਦੀ
ਬਾਰਿਸ਼ ਦੀ ਕਿਣਮਿਣ ਨਈਂ ਸੁਣਦੀ

ਮੇਰੇ ਅੰਦਰ ਐਨਾ ਰੌਲਾ ਏ
ਮੈਨੂੰ ਆਪਣੀ ਗੱਲ ਵੀ ਨਈਂ ਸੁਣਦੀ।

ਪਿਆਰ ਅਤੇ ਮੁਹੱਬਤ ਮਨੁੱਖੀ ਜੀਵਨ ਦੇ ਖ਼ੂਬਸੂਰਤ ਅਹਿਸਾਸ ਹਨ ਜੋ ਜ਼ਿੰਦਗੀ ਨੂੰ ਰੰਗੀਨ ਬਣਾ ਦਿੰਦੇ ਹਨ ਅਤੇ ਜਸ਼ਨਾਂ ਨਾਲ ਭਰ ਦਿੰਦੇ ਹਨ। ਸੱਚ ਇਹ ਵੀ ਹੈ ਕਿ ਜੀਵਨ ਜਿਉਂਦਿਆਂ ਅਤੇ ਪ੍ਰੇਮ-ਪਿਆਰ ਵਿਚ ਮਨੁੱਖ ਬਹੁਤ ਕੁਝ ਜਾਣਦਾ ਤੇ ਸਿੱਖਦਾ ਵੀ ਹੈ। 'ਇਤਬਾਰ' ਨਜ਼ਮ ਨੂੰ ਪਾਠਕਾਂ ਨਾਲ ਸਾਂਝਾ ਕਰਦੇ ਹਾਂ...

ਜਦੋਂ ਦਾ ਪਿਆਰ ਕਰਨਾ ਆ ਗਿਆ ਮੈਨੂੰ
ਖ਼ੁਦ ਤੇ ਇਤਬਾਰ ਕਰਨਾ ਆ ਗਿਆ ਮੈਨੂੰ

ਉਸ ਨੂੰ ਆ ਗਿਆ ਨਜ਼ਰਾਂ ਚੁਰਾਉਣਾ
ਜਦ ਅੱਖਾਂ ਚਾਰ ਕਰਨਾ ਆ ਗਿਆ ਮੈਨੂੰ

ਸਾਥ ਛੁਟ ਗਏ ਸਾਰੇ ਗੁਨਾਹਾਂ ਤੋਂ ਜਦੋਂ
ਇਨਕਾਰ ਕਰਨਾ ਆ ਗਿਆ ਮੈਨੂੰ।

ਸ਼ਬਦਾਂ ਦੀ ਤਾਕਤ ਸ਼ਬਦ ਜਾਲ ਵਿਚ ਨਹੀਂ, ਬਲਕਿ, ਸ਼ਬਦਾਂ ਦੀ ਅੰਤਰੀਵੀ ਰੂਹ ਅਤੇ ਭਾਵਨਾਵਾਂ ਵਿਚ ਹੁੰਦੀ ਹੈ, ਜਿਨ੍ਹਾਂ ਦੇ ਰੰਗ-ਰਸ ਪਾਠਕਾਂ ਦੀ ਰੂਹ ਨੂੰ ਟੁੰਬ ਜਾਵਣ, ਜ਼ਮੀਰ ਨੂੰ ਹਲੂਣਾ ਦੇ ਕੇ ਜਗਾ ਜਾਵਣ, ਅਤੇ ਗਹਿਰਾ ਪ੍ਰਭਾਵ ਪਾ ਜਾਵਣ। ਇਸ ਪੁਸਤਕ ਵਿਚ ਸ਼ਾਮਲ ਕਵਿਤਾਵਾਂ ਦੇ ਸ਼ਬਦ ਲੇਖਿਕਾ ਦੇ ਮਨ ਦੀਆਂ ਭਾਵਨਾਵਾਂ ਤੇ ਅਹਿਸਾਸਾਂ ਨੂੰ ਪ੍ਰਗਟਾਉਂਦੇ ਹਨ। 'ਪਰਦਾਦਾਰੀ' ਅਤੇ 'ਹਿਸਾਬਾਂ ਨੂੰ ਪਰੇ ਰੱਖ ਕੇ' ਵੀ ਅਜਿਹੀਆਂ ਹੀ ਬਾਕਮਾਲ ਰਚਨਾਵਾਂ ਹਨ...

ਮਹਿਫਿਲ ਆਸ਼ਕਾਂ ਦੀ ਹੈ
ਪਰਦਾਦਾਰੀ ਨਹੀਂ ਚਲਦੀ
ਸੌਂਪ ਦੇ ਨੈਣ ਨੈਣਾਂ ਨੂੰ
ਖ਼ਿਤਾਬਾਂ ਨੂੰ ਪਰੇ ਰੱਖ ਕੇ

ਕਿੰਨੀ ਉਮਰ ਲਾ ਛੱਡੀ
ਕਿੰਨੀ ਵਾਟ ਹੋਈ ਤੈਅ
ਮਿਲਣ ਦਾ ਆਸ ਜਾਰੀ ਰੱਖ
ਹਿਸਾਬਾਂ ਨੂੰ ਪਰੇ ਰੱਖ ਕੇ।

ਲੋਕਾਂ ਸਾਹਮਣੇ ਬੰਦਾ ਭਾਵੇਂ ਕੁਝ ਵੀ ਬਣ-ਬਣ ਕੇ ਦਿਖਾਵੇ ਜਾਂ ਜਿਤਨੇ ਚਾਹੇ ਮਖੌਟੇ ਪਹਿਨ ਲਵੇ, ਪਰ ਉਸ ਦੇ ਕਿਰਦਾਰ ਦਾ ਸ਼ੀਸ਼ਾ ਹਕੀਕਤ ਬਿਆਨ ਕਰ ਜਾਂਦਾ ਹੈ। 'ਕਿਰਦਾਰ' ਕਵਿਤਾ ਦੇ ਸ਼ਬਦਾਂ ਵਿਚਲੀ ਗਹਿਰਾਈ ਬਾਖ਼ੂਬੀ ਬਹੁਤ ਕੁਛ ਕਹਿ ਰਹੀ ਹੈ...

ਕਿਸੇ ਬਦਨੀਤ ਅੱਧੀ ਰਾਤੀਂ ਲੀਕ ਪਾ ਦਿੱਤੀ
ਹਰ ਬਦਜ਼ਾਤ ਨੂੰ ਸੌਖਾ ਲੁੱਟਣਾ ਪੰਜਾਬ ਲੱਗਦਾ ਏ

ਦੂਜੇ ਦੇ ਘਰ ਦੀ ਅੱਗ ਬਸੰਤਰ ਜਿਹੀ ਲੱਗੇ
ਆਪਣੇ ਜਦ ਲੱਗੇ ਤਦ ਈ ਤਾਪ ਲੱਗਦਾ ਏ।

ਸ਼ਬਦ ਜਦੋਂ ਗੀਤਾਂ ਦੇ ਸੁਰਾਂ ਦਾ ਰੂਪ ਧਾਰਨ ਕਰਕੇ ਸਾਡੇ ਸੱਭਿਆਚਾਰ ਅਤੇ ਰੋਜ਼ਮਰ੍ਹਾ ਦੇ ਜੀਵਨ ਦੀ ਧੜਕਣ ਬਣ ਜਾਣ ਤਾਂ ਇਹ ਰੰਗਾਂ-ਰਸਾਂ ਦਾ ਸੁਮੇਲ ਵਿਲੱਖਣ ਹੀ ਪੈੜਾਂ ਪਾਉਂਦਾ ਹੈ। 'ਮਾਹੀ', 'ਜ਼ੋਰੋ-ਜ਼ੋਰੀ', 'ਦਿਲਾਸਾ', 'ਮਾਏ ਮੇਰੀਏ' ਵਰਗੇ ਗੀਤਾਂ ਦੀ ਸ਼ਮੂਲੀਅਤ ਇਸ ਕਾਵਿ-ਸੰਗ੍ਰਹਿ ਨੂੰ ਹੋਰ ਖ਼ੂਬਸੂਰਤੀ ਪ੍ਰਦਾਨ ਕਰਦੀ ਹੈ...

ਰੁੱਸੇ ਹੋਏ ਮਾਹੀ ਨੂੰ ਮਨਾਉਣਾ ਸੌਖਾ ਨਈਂ
ਬਾਝੋਂ ਉਹਦੇ ਦਿਲ ਨੂੰ ਵਲਾਉਣਾ ਸੌਖਾ ਨਈਂ

ਰੋਕਾਂ ਕਿਵੇਂ ਓਸਦਾ ਗ਼ੁਲਾਮ ਹੋਈ ਜਾਂਦਾ ਏ
ਜ਼ੋਰੋ-ਜ਼ੋਰੀ ਦਿਲ ਉਹਦੇ ਨਾਮ ਹੋਈ ਜਾਂਦਾ ਏ।

ਗਿਓਂ ਵੱਟ ਕੇ ਤੂੰ ਪਾਸਾ
ਨਾ ਕੋਈ ਦੇ ਗਿਓਂ ਦਿਲਾਸਾ
ਤੇਰੀ ਰਾਹ ਵਿਚ ਬੈਠੀ ਦੀ ਹਯਾਤ ਲੰਘ ਗਈ
ਚੰਨਾਂ ਅੱਜ ਵੀ ਨਾ ਆਇਓਂ ਸਾਰੀ ਰਾਤ ਲੰਘ ਗਈ।

'ਮੁੜ ਆ ਢੋਲਣਾ' ਵੀ ਬਹੁਤ ਪਿਆਰੀ ਰਚਨਾ ਹੈ ਜਿਸ ਵਿਚ ਇੱਕ ਪੰਜਾਬੀ ਮੁਟਿਆਰ ਆਪਣੇ ਢੋਲ ਮਾਹੀ ਨੂੰ ਉਦਾਸ ਮਨ ਤੇ ਦਿਲ ਦੀਆਂ ਗਹਿਰਾਈਆਂ ਤੋਂ ਯਾਦ ਕਰਦੀ ਹੈ...

ਮੁੜ ਆ ਸ਼ਾਮਾਂ ਪੈ ਗਈਆਂ
ਘਰ ਗਈਆਂ ਸਭ ਸਈਆਂ
ਤੇਰੇ ਰਾਹ ਤੇ ਬੇਸੁਧ ਪਈਆਂ
ਮੁੜ ਆ ਮੁੜ ਆ ਢੋਲਣਾ
ਮੁੜ ਨਾ ਬਬੀਹਾ ਬੋਲਣਾ।

'ਕਾਗਜ਼ੀ ਬੰਦੇ' ਬਾਕਮਾਲ ਰਚਨਾ ਹੈ ਜਿਸ ਦੇ ਸ਼ਬਦ ਬੋਲ ਰਹੇ ਹਨ...

ਫੁੱਲਾਂ ਨਾਲੋਂ ਹੌਲੇ ਵਜੂਦ ਰਹਿ ਗਏ
ਆਰਜ਼ੀ ਬੰਦੇ ਤੇ ਕਈ ਕਾਗਜ਼ੀ ਬੰਦੇ
ਆਪਸੀ ਮੁਹੱਬਤਾਂ ਜ਼ਰੂਰਤਾਂ ਨੇ ਖਾ ਲਈਆਂ
ਪਿਆਰ ਦੀਆਂ ਜ਼ੰਜੀਰਾਂ ਬਣੀਆਂ ਜਾਨ ਦੇ ਫੰਦੇ।




*ਡਾ. ਦਵਿੰਦਰ ਪਾਲ ਕੌਰ ਅਤੇ ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਸ਼ਾਇਰੀ ਇੱਕ ਇਬਾਦਤ' ਦਾ ਸਰਵਰਕ।*

ਪੰਜ-ਆਬਾਂ ਦੇ ਰੰਗਲੇ ਅਤੇ ਮੁਹੱਬਤਾਂ ਭਰੇ ਪੰਜਾਬ ਦਾ ਪੰਜਾਬ ਵਿਚੋਂ ਹੀ ਮਨਫ਼ੀ ਹੋ ਜਾਣਾ ਡਾ. ਦਵਿੰਦਰ ਪਾਲ ਕੌਰ ਸਮੇਤ ਹਰੇਕ ਓਸ ਪੰਜਾਬੀ ਦੀ ਰੂਹ ਨੂੰ ਧੂਹ ਪਾਉਂਦਾ ਹੈ ਜਿਸ ਨੂੰ 'ਪੰਜਾਬੀ' ਹੋਣ ਦਾ ਮਾਣ ਹੈ। ਸਮੇਂ ਦੇ ਸ਼ਾਸਕਾਂ ਨੇ ਪੰਜਾਬ ਨੂੰ ਮਨਮਰਜ਼ੀ ਨਾਲ ਕੱਟਿਆ, ਵੱਢਿਆ, ਉਜਾੜਿਆ, ਛਲਣੀ ਕੀਤਾ ਅਤੇ ਅੱਜ ਵੀ ਕਰ ਰਹੇ ਨੇ। ਪੰਜਾਬ ਰੋਂਦਾ ਰਿਹਾ ਅਤੇ ਦੁਸ਼ਮਣ ਹੱਸਦਾ ਰਿਹਾ। ਪੰਜਾਬ ਮਹਿਜ਼ ਜ਼ਮੀਨ ਦਾ ਟੋਟਾ ਨਹੀਂ, ਬਲਕਿ, ਇਸ ਵਿਚ ਸਾਡੇ ਗੁਰੂਆਂ, ਸੰਤਾਂ, ਪੀਰਾਂ, ਫ਼ਕੀਰਾਂ ਅਤੇ ਵਡੇਰਿਆਂ ਦੀ ਰੂਹ ਸ਼ਾਮਲ ਹੈ। ਪੰਜਾਬ ਦੇ ਇਸ ਦੁਖਾਂਤ ਅਤੇ ਤ੍ਰਾਸਦੀ ਨੂੰ ਪ੍ਰਗਟਾਉਂਦੀ ਰਚਨਾ 'ਪੰਜਾਬ' ਅੰਦਰ ਵੀ ਅਜਿਹੀ ਬੇਵੱਸੀ ਅਤੇ ਉਦਾਸ ਰੂਹ ਦੀ ਪੁਕਾਰ ਹੈ, ਫ਼ਰਿਆਦ ਹੈ ਅਤੇ ਆਸ-ਉਮੀਦ ਵੀ ਹੈ...

ਕੋਈ ਆਓ ਮੇਰੇ ਪੰਜਾਬ
ਨੂੰ ਫਿਰ ਪੰਜਾਬ ਕਰ ਦੇਵੇ

ਇਹ ਇੱਕ ਧਰਤੀ ਦਾ ਟੁਕੜਾ ਨਹੀਂ
ਰੂਹ ਹੈ ਗੁਰੂ ਪੀਰਾਂ ਫ਼ਕੀਰਾਂ ਦੀ
ਨੀਅਤ ਠੀਕ ਨਹੀਂ ਲੱਗਦੀ
ਦੁਸ਼ਮਣ ਦੇ ਤੀਰਾਂ ਦੀ...।

ਡਿਗ ਰਹੀਆਂ ਮਨੁੱਖੀ ਕਦਰਾਂ-ਕੀਮਤਾਂ ਅਤੇ ਸਰੋਕਾਰਾਂ ਦੇ ਨਿਘਾਰ ਨੂੰ ਉਭਾਰਦੀ ਰਚਨਾ 'ਕੁੱਤਾ ਕੁੱਤੇ ਦਾ ਵੈਰੀ' ਵੀ ਪੜ੍ਹਨਯੋਗ ਅਤੇ ਸਿੱਖਣਯੋਗ ਹੈ। ਭਾਵੇਂ ਆਦਮੀ ਦਾ ਆਦਮੀ ਨਾਲ ਵੈਰ ਕਦੀਮ ਤੋਂ ਚੱਲਦਾ ਆ ਰਿਹਾ ਹੈ, ਪਰ ਅਜੋਕੇ ਪਦਾਰਥਵਾਦੀ ਯੁੱਗ ਵਿਚ ਤਾਂ ਸੁਆਰਥੀ ਬੰਦਾ ਸਭ ਹੱਦਾਂ ਬੰਨ੍ਹੇ ਟੱਪਦਾ ਜਾਨਵਰਾਂ ਨੂੰ ਵੀ ਪਿੱਛੇ ਛੱਡ ਰਿਹਾ ਹੈ! ਇਹ ਖ਼ੂਬਸੂਰਤ ਰਚਨਾ ਅਜੋਕੇ ਮਨੁੱਖ ਦੇ ਕਿਰਦਾਰ ਨੂੰ ਦਰਪਣ ਮੂਹਰੇ ਖੜ੍ਹਾ ਕਰਦੀ ਹੈ।

ਦੋਵੇਂ ਭਰਾ ਅੰਦਰ ਇੱਕ ਦੂਜੇ ਦੇ ਕਤਲ ਵਿਚ
ਜ਼ਮੀਨ ਦੇ ਟੁਕੜੇ ਫਿਰ ਵੀ ਵੱਖਰੇ ਨਹੀਂ ਹੁੰਦੇ
ਰੱਬ ਪੁੱਛਿਆ ਕੁੱਤੇ ਨੂੰ ਬਣਨਾ ਈ ਆਦਮੀ
ਕਹਿੰਦਾ ਨਾ ਜੀ ਨਾ ਐਸੇ ਤਾਂ ਕੁੱਤੇ ਵੀ ਨਹੀਂ ਹੁੰਦੇ।

ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਅਨੇਕਾਂ ਦੁੱਖ-ਸੁੱਖ ਦੀਆਂ ਬਾਰਸ਼ਾਂ, ਮੁਸ਼ਕਲਾਂ ਅਤੇ ਨਾ-ਬਰਾਬਰੀਆਂ ਨਾਲ ਨਿਪਟਣਾ ਪੈਂਦਾ ਹੈ। ਫਿਰ ਵੀ ਔਰਤ ਨੂੰ ਔਰਤ ਹੋਣ 'ਤੇ ਮਾਣ ਹੈ ਅਤੇ ਮਾਣ ਹੋਵੇ ਵੀ ਕਿਉਂ ਨਾ? ਮਰਦ ਦੇ ਮੋਢੇ ਨਾਲ ਮੋਢਾ ਡਾਹੁਣ ਵਾਲੀ ਔਰਤ ਕਮਜ਼ੋਰ, ਬਲਹੀਣ ਨਹੀਂ ਹੈ ਅਤੇ 'ਅਬਲਾ' ਤਾਂ ਬਿਲਕੁਲ ਹੀ ਨਹੀਂ ਹੈ! ਅਸੀਂ ਤਾਂ ਗੁਰੂ ਦੀ ਬਾਣੀ ਤੋਂ ਹੀ ਪਾਸਾ ਵੱਟ ਲੈਂਦੇ ਹਾਂ। ਸਮਾਜ ਦਾ ਨਜ਼ਰੀਆ ਬਦਲਣਾ ਚਾਹੀਦਾ ਹੈ। ਕੋਈ ਜੀਵ ਇਸਤਰੀ ਤੋਂ ਬਗੈਰ ਪੈਦਾ ਨਹੀਂ ਹੋ ਸਕਦਾ - ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥

ਮੈਨੂੰ ਮਾਣ ਹੈ ਮੈਂ ਔਰਤ ਹਾਂ
ਮਨੁੱਖਾਂ ਵਿਚ ਵਿਚਰਦੀ ਹਾਂ
ਕਦੇ ਲੋਹੇ ਜਿਹਾ ਹੁੰਦੀ
ਕਦੇ ਸੋਨੇ ਚ ਢਲਦੀ ਹਾਂ
ਮੈਂ ਮੋਢੇ ਨਾਲ ਮੋਢਾ ਡਾਹ ਕੇ
ਕਰ ਸਕਨੀ ਆਂ ਸਭ ਕਾਰੇ
ਮੈਨੂੰ ਸ਼ੇਰਨੀ ਸਮਝ
ਮਗਰ ਅਬਲਾ ਨਾ ਪੁਕਾਰੋ।

ਹਮੇਸ਼ਾ 'ਹੋਰ ਅਤੇ ਹੋਰ' ਦੀ ਚਾਹਤ ਅਤੇ ਲਾਲਚ ਵਿਚ ਗੁਆਚਾ ਨਾਸ਼ੁਕਰਾ ਮਨੁੱਖ ਅੱਵਲ ਤਾਂ ਪਾਲਣਹਾਰ ਦਾ ਸ਼ੁਕਰਾਨਾ ਕਰਦਾ ਹੀ ਨਹੀਂ! ਜੇਕਰ ਕਰਦਾ ਵੀ ਹੈ ਤਾਂ ਸ਼ੁਕਰਾਨੇ ਦੀ ਅਰਦਾਸ ਨਾਲ ਕਈ ਕੁਝ ਹੋਰ ਜੋੜ ਕੇ ਮੰਗ ਲੈਂਦਾ ਹੈ। ਝੋਲੀਆਂ ਡੂੰਘੀਆਂ ਕਰ ਲੈਂਦਾ ਹੈ। ਪਰਵਰਦਗਾਰ ਦੇ ਸ਼ੁਕਰਾਨੇ ਵਾਲੀ ਪ੍ਰਭਾਵਸ਼ਾਲੀ ਕਵਿਤਾ 'ਔਕਾਤ' ਵਿਚ ਡਾ. ਦਵਿੰਦਰ ਪਾਲ ਕੌਰ ਮਨੁੱਖ ਦੀ ਮਾਨਸਿਕ ਸੰਤੁਸ਼ਟੀ ਅਤੇ ਸ਼ਾਂਤੀ ਦੀ ਗੱਲ ਕਰਦੀ ਹੈ।

ਤੂੰ ਜਿੰਨਾ ਮੈਨੂੰ ਦਿੱਤਾ ਏ
ਐਨੀ ਮੇਰੀ ਔਕਾਤ ਨਹੀਂ
ਝੋਲੀਆਂ ਮੇਰੀਆਂ ਭਰ ਗਈਆਂ
ਹੁਣ ਹੋਰ ਦੀ ਮੈਨੂੰ ਤਾਕ ਨਹੀਂ।

ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਸਮੇਤ ਇਸ ਕਾਵਿ-ਸੰਗ੍ਰਹਿ ਵਿਚ ਕਈ ਧਾਰਮਿਕ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ, ਜਿਵੇਂ ਘੋੜੀਆਂ, ਖੰਡੇ ਦੀ ਧਾਰ, ਲਲਕਾਰ ਖੰਡੇ ਦੀ, ਚੋਜ ਨਿਆਰੇ, ਮਾਂ ਗੁਜਰੀ ਦਾ ਲਾਲ, ਯਾਰੜਾ ਸਾਹਿਬ ਏ ਕਮਾਲ ਅਤੇ ਗੁਰੂ ਅਰਜਨ ਦੇਵ। 'ਚਰਖਾ' ਅਤੇ 'ਮੇਰੀਆਂ ਜੁੱਤੀਆਂ' ਵੀ ਸੋਹਣੀਆਂ ਕਵਿਤਾਵਾਂ ਹਨ ਜਿਨ੍ਹਾਂ ਦੇ ਸ਼ਬਦ ਖ਼ੁਦ-ਬ-ਖ਼ੁਦ ਪਾਠਕ ਨਾਲ ਸੰਵਾਦ ਰਚਾਉਣ ਨੂੰ ਕਾਹਲ਼ੇ ਪੈਂਦੇ ਹਨ... ਅਤੇ ਪਾਠਕ ਨੂੰ ਨਾਲ ਤੋਰਦੇ ਹਨ।

ਇਸ ਕਾਵਿ ਸੰਗ੍ਰਹਿ ਨੂੰ ਪੜ੍ਹਦਿਆਂ ਮੈਨੂੰ ਇੰਜ ਵੀ ਮਹਿਸੂਸ ਹੋਇਆ ਕਿ ਡਾ. ਦਵਿੰਦਰ ਪਾਲ ਕੌਰ ਕਵਿਤਾ ਆਪਣੀ ਅੰਦਰਲੀ ਕਵਿਤਾ ਮਰਨ ਨਹੀਂ ਦਿੰਦੇ ਅਤੇ ਨਾ ਹੀ ਲਫ਼ਜ਼ਾਂ ਦਾ ਗ਼ਲਾ ਘੁੱਟਦੇ ਹਨ। ਸ਼ਬਦਾਂ ਨੂੰ ਬੋਲ ਲੈਣ ਦਿੰਦੇ ਹਨ। ਪੁਸਤਕ ਦੀ ਆਖਰੀ ਕਵਿਤਾ 'ਬੇਬਾਕ ਧੜਕਨ' ਵੀ ਬੇਬਾਕ ਅਤੇ ਲਾਜਵਾਬ ਰਚਨਾ ਹੈ।

ਸ਼ਹਿਰ ਖਾਮੋਸ਼ ਹੈ ਕੈਸਾ ਫਿਰ ਇਹ ਸ਼ੋਰ ਹੈ
ਕਿਤੇ ਬੇਬਾਕ ਧੜਕਨ ਦਿਲ ਤੋਂ ਬਾਗ਼ੀ ਤਾਂ ਨਹੀਂ
ਧਾਰ ਉੱਤੇ ਤੋਰ ਕੇ ਤੇ ਕਸਵੱਟੀ ਤੇ ਪਰਖ ਆਖੇ
ਸੌ ਪ੍ਰਤੀਸ਼ਤ ਨਾ ਸਹੀ ਇੰਨੀ ਖ਼ਰਾਬੀ ਤਾਂ ਨਹੀਂ।

'ਸ਼ਾਇਰੀ ਇੱਕ ਇਬਾਦਤ' ਦੀਆਂ ਰਚਨਾਵਾਂ ਦੇ 'ਸ਼ਬਦਾਂ ਦੀ ਰੂਹ' ਪਾਠਕ ਦੇ ਮਨ ਅੰਦਰ ਅਤੇ ਜੀਵਨ ਵਿਚ ਲਾਹੇਵੰਦ ਅਤੇ ਸਕਾਰਾਤਮਕ ਤਬਦੀਲੀ ਲਿਆਉਣ ਦੀ ਕਾਬਲੀਅਤ ਰੱਖਦੀ ਹੈ...। ਸਾਹਿਤ ਪ੍ਰੇਮੀਆਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਮੇਰੇ ਵੱਲੋਂ ਡਾ. ਦਵਿੰਦਰ ਪਾਲ ਕੌਰ ਨੂੰ ਦਿਲੀ ਮੁਬਾਰਕਾਂ!

ਜ਼ਿੰਦਗੀ ਜ਼ਿੰਦਾਬਾਦ।

## ਹਾਇਕੂ

1) ਖਿਲੇ ਕਮਲ
ਜਲ ਚਿ ਜਲ ਹੋਏ
ਲਾਭ ਅਨੇਕ

2) ਫੁੱਲਾਂ ਚਿ ਛਿਪੀ
ਮਹਿਕਾਂ ਦੀ ਚੁਗਲੀ
ਮਨ ਮਚਲੇ

3) ਚਮੇਲੀ ਫੁੱਲ
ਸੁਗੰਧਿਤ ਧਰਤੀ
ਫੈਲੀ ਖੁਸ਼ਬੂ

4) ਰੰਗ ਬਿਰੰਗੀ
ਨੀਲੀ ਨੀਲੀ ਤਿੱਤਲੀ
ਫੁੱਲਾਂ ਤੇ ਨੱਚੇ

5) ਚੇਤੇ ਚਿਹਰਾ
ਗੁਲਾਬੀ ਗੰਧ ਰੱਖੇ
ਗੁਲਾਬ ਫੁੱਲ

6) ਮੇਰਾ ਵਿਹੜਾ
ਜੋ ਰੇਗਿਸਤਾਨ ਸੀ
ਅੱਜ ਚਮਨ।

**-ਕਸ਼ਮੀਰੀ ਲਾਲ ਚਾਵਲਾ**

# ਕੀ ਭਾਰਤ ਵਿਚੋਂ ਲੋਕਤੰਤਰ ਸਚਮੁੱਚ ਹੀ ਖ਼ਤਮ ਹੋਣ ਵਾਲਾ ਹੈ?

**‘ਕੌਮਾਂਤਰੀ ਲੋਕਤੰਤਰ ਦਿਵਸ’ ‘ਤੇ ਵਿਸ਼ੇਸ਼**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਡਾ. ਭੀਮ ਰਾਓ ਅੰਬੇਦਕਰ ਦੀ ਪ੍ਰਧਾਨਗੀ ਵਿਚ ਬਣੀ ‘ਸੰਵਿਧਾਨ ਸਭਾ’ ਵਿਚ ਸ਼ਾਮਿਲ ਸਮੂਹ ਵਿਦਵਾਨਾਂ ਦੁਆਰਾ ਤਿਆਰ ਕੀਤੇ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਦੀ ਪਹਿਲੀ ਹੀ ਸਤਰ ਵਿਚ ਲਿਖ਼ਿਆ ਹੈ: ‘ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ’ ਬਣਾਉਣ ਲਈ ਇਸ ਸੰਵਿਧਾਨ ਨੂੰ ਅਪਣਾਉਂਦੇ ਹਾਂ, ਲਾਗੂ ਕਰਦੇ ਹਾਂ ਅਤੇ ਆਪਣੇ ਆਪ ਨੂੰ ਇਹ ਸੰਵਿਧਾਨ ਸਮਰਪਿਤ ਕਰਦੇ ਹਾਂ।’

ਸੰਵਿਧਾਨ ਦੀ ਉਪਰੋਕਤ ਪ੍ਰਸਤਾਵਨਾ ਇਹ ਸਪੱਸ਼ਟ ਕਰਦੀ ਹੈ ਕਿ ਭਾਰਤ ਇਕ ਲੋਕਤੰਤਰੀ ਗਣਰਾਜ ਹੈ ਤੇ ਇਥੇ ਅਸਲ ਵਿਚ ਵੋਟ ਪ੍ਰਣਾਲੀ ਰਾਹੀਂ ‘ਲੋਕ ਰਾਜ’ ਹੀ ਸਥਾਪਿਤ ਕੀਤਾ ਜਾ ਸਕਦਾ ਹੈ, ਪਰ ਬੀਤੇ ਕੁਝ ਵਰ੍ਹਿਆਂ ਤੋਂ ਇਹ ਵੇਖਣ ਵਿਚ ਆ ਰਿਹਾ ਹੈ ਕਿ ਭਾਰਤੀ ਲੋਕਤੰਤਰ ਦੀਆਂ ਨੀਹਾਂ ਕੰਬ ਰਹੀਆਂ ਹਨ ਤੇ ਸਮੁੱਚਾ ਲੋਕਤੰਤਰ ਆਪਣੀਆਂ ਸੁਚੱਜੀਆਂ ਕਦਰਾਂ-ਕੀਮਤਾਂ ਨੂੰ ਖ਼ਤਮ ਹੁੰਦਾ ਹੋਇਆ ਵੇਖ਼ ਕੇ ਕੁਰਲਾ ਰਿਹਾ ਹੈ। ਅੱਜ ਭਾਰਤ ਦੇ ਸਮੂਹ ਸੂਬਿਆਂ ਵਿਚ ਮੌਜੂਦ ਸਰਕਾਰਾਂ ਅਸਲ ਵਿਚ ਉਨ੍ਹਾਂ ਸੂਬਿਆਂ ਦੇ ਲੋਕਾਂ ਦੁਆਰਾ ਚੁਣੀਆਂ ਨਹੀਂ ਗਈਆਂ। ਇਹ ਸਰਕਾਰਾਂ ਸਾਮ, ਦਾਮ, ਦੰਡ, ਭੇਦ ਅਤੇ ਅਨੈਤਿਕ ਜੋੜ-ਤੋੜ ਨਾਲ ਬਣੀਆਂ ਹਨ ਜਿਨ੍ਹਾਂ ਨੂੰ ਸੰਵਿਧਾਨਕ ਜਾਮਾ ਪਹਿਨਾ ਕੇ ਜਾਇਜ਼ ਕਰਾਰ ਦੇ ਦਿੱਤਾ ਗਿਆ ਹੈ। ਮਹਾਂਰਾਸ਼ਟਰ ਅਤੇ ਬਿਹਾਰ ਵਿਖੇ ਭਲਾ ਉਥੋਂ ਦੀ ਜਨਤਾ ਨੇ ਜਿਸ ਸਿਆਸੀ ਦਲ ਦੇ ਚਿਹਰੇ ‘ਤੇ ਬਹੁਮਤ ਦਿੱਤਾ ਸੀ, ਕੀ ਇਸ ਵਕਤ ਉਹ ਸਿਆਸੀ ਦਲ ਉਥੇ ਸਰਕਾਰ ਚਲਾ ਰਿਹਾ ਹੈ? ਕੇਂਦਰੀ ਜਾਂਚ ਏਜੰਸੀਆਂ ਦੇ ਡਰਾਵਿਆਂ ਅਤੇ ਸੰਸਦ ਮੈਂਬਰਾਂ ਜਾਂ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਭਲਾ ਕਿਸ ਕੋਲੋਂ ਛੁਪੀ ਹੈ? ਕੋਈ ਦੱਸ ਸਕਦਾ ਹੈ ਕਿ ਕਿਸੇ ਰਾਜਪਾਲ ਵੱਲੋਂ ਅੱਧੀ ਰਾਤ ਨੂੰ ਕਿਸੇ ਸਰਕਾਰ ਦੇ ਮੰਤਰੀਆਂ ਨੂੰ ਚੋਰੀ ਨਾਲ ਸਹੁੰ ਚੁਕਵਾਉਣਾ ਕਿਹੜੇ ਲੋਕਤੰਤਰੀ ਨਿਯਮ ਦੀ ਪਾਲਣਾ ਹੈ? ਸਰਕਾਰਾਂ ਦੇ ਗਠਨ ਸਮੇਂ ਵਿਧਾਇਕਾਂ ਜਾਂ ਸੰਸਦ ਮੈਂਬਰਾਂ ਨੂੰ ਲਗ਼ਜ਼ਰੀ ਬੱਸਾਂ ਜਾਂ ਚਾਰਟਡ ਹਵਾਈ ਜਹਾਜ਼ਾਂ ‘ਚ ਬਿਠਾ ਕੇ ਵੱਡੇ-ਵੱਡੇ ਆਲੀਸ਼ਾਨ ਰਿਜ਼ੌਰਟਾਂ ਵਿਚ ਭਲਾ ਕਿਉਂ ਠਹਿਰਾਇਆ ਜਾਂਦਾ ਹੈ? ਕਿਸੇ ਕੌਮੀ ਜਾਂ ਸੂਬਾਈ ਪਾਰਟੀ ਦੇ ਚੋਣ ਨਿਸ਼ਾਨ ‘ਤੇ ਚੋਣ ਲੜਨ ਅਤੇ ਜਿੱਤਣ ਵਾਲੇ ਸਿਆਸਤਦਾਨ ਲੋਕਤੰਤਰ ਨੂੰ ਤਿਲਾਂਜਲੀ ਦਿੰਦਿਆਂ ਹੋਇਆਂ ਰਾਤੋ-ਰਾਤ ਪਾਰਟੀ ਬਦਲ ਲੈਂਦੇ ਹਨ ਜਾਂ ਨਵਾਂ ਦਲ ਬਣਾ ਕੇ ਤੇ ਬਗ਼ਾਵਤ ਕਰਕੇ ਵਿਰੋਧੀਆਂ ਨਾਲ ਰਲ ਜਾਂਦੇ ਹਨ ਅਤੇ ਉਨ੍ਹਾਂ ਦਲਾਂ ਦੀਆਂ ਸਰਕਾਰਾਂ ਬਣਾ ਦਿੰਦੇ ਹਨ ਜਿਨ੍ਹਾਂ ਦਲਾਂ ਨੂੰ ਵੋਟਰਾਂ ਨੇ ਚੋਣਾਂ ਦੌਰਾਨ ਠੁਕਰਾ ਦਿੱਤਾ ਹੁੰਦਾ ਹੈ। ਹਾਰੇ ਹੋਏ ਵਿਧਾਨ ਸਭਾ ਜਾਂ ਲੋਕ ਸਭਾ ਉਮੀਦਵਾਰਾਂ ਨੂੰ ਮੰਤਰੀ ਦਾ ਅਹੁਦਾ ਪ੍ਰਦਾਨ ਕਰ ਦੇਣਾ ਕਿੰਨਾ ਕੁ ਸੰਵਿਧਾਨਿਕ ਕਿਹਾ ਜਾ ਸਕਦਾ ਹੈ?

ਭਾਰਤ ਦੇ ਸਮੂਹ ਵੱਡੇ ਕੇਂਦਰੀ ਅਤੇ ਸੂਬਾਈ ਸਿਆਸੀ ਦਲਾਂ ਨੇ ਆਪੋ-ਆਪਣੇ ਢੰਗ ਨਾਲ ਲੋਕਤੰਤਰ ਦੀ ਮੂਲ ਆਤਮਾ ਨੂੰ ਕੁਚਲਣ ‘ਚ ਕੋਈ ਕਸਰ ਨਹੀਂ ਛੱਡੀ ਹੈ। ਜੇਕਰ ਕਾਂਗਰਸ ਭਾਰਤ ਵਿਚ ‘ਐਮਰਜੈਂਸੀ’ ਜਿਹਾ ਗ਼ੈਰ-ਲੋਕਤੰਤਰੀ ਕਦਮ ਚੁੱਕਣ ਲਈ ਜ਼ਿੰਮੇਵਾਰ ਹੈ ਤਾਂ ਭਾਜਪਾ ਅਤੇ ਉਸਦੇ ਸਹਿਯੋਗੀ ਦਲ ਵੀ ਲੋਕਤੰਤਰੀ ਮਰਿਆਦਾਵਾਂ ਨੂੰ ਤਾਰ-ਤਾਰ ਕਰਦਿਆਂ ਤੇ ਵੋਟਰਾਂ ਦੇ ਫ਼ਤਵੇ ਦਾ ਅਪਮਾਨ ਕਰਦਿਆਂ ਹੋਇਆਂ ‘ਜੋੜ ਤੋੜ’ ਦੀਆਂ ਸਰਕਾਰਾਂ ਕਾਇਮ ਕਰ ਚੁੱਕੇ ਹਨ। ‘ਅਬ ਕੀ ਬਾਰ ਚਾਰ ਸੌ ਪਾਰ’ ਦੇ ਨਾਅਰੇ ਨਾਲ ਪਿਛਲੀਆਂ ਲੋਕ ਸਭਾ ਚੋਣਾਂ ਲੜਨ ਵਾਲੀ ਭਾਜਪਾ 270 ‘ਤੇ ਸਿਮਟ ਗਈ ਸੀ ਤੇ ਹੁਣ ਜਿਸ ਤਰੀਕੇ ਨਾਲ ਦੂਜੇ ਸਿਆਸੀ ਦਲਾਂ ਦੇ ਸੰਸਦ ਮੈਂਬਰਾਂ ਨੂੰ ਤੋੜ ਕੇ ਅਤੇ ‘ਦਾਗ਼ੀ ਸੰਸਦ ਮੈਂਬਰਾਂ’ ਨੂੰ ਆਪਣੀ ‘ਵਾਸ਼ਿੰਗ ਮਸ਼ੀਨ’ ‘ਚ ਧੋ ਕੇ ‘ਸਾਫ਼’ ਕਰ ਦੇਣ ਵਾਲੀ ਭਾਜਪਾ ਆਪਣਾ ‘400 ਪਾਰ ਵਾਲਾ’ ਨਾਅਰਾ ਪੂਰਾ ਕਰਨ ਲਈ ਬਜ਼ਿੱਦ ਹੈ, ਉਹ ਤਰੀਕਾ ਪੂਰੀ ਤਰ੍ਹਾਂ ਗ਼ੈਰ-ਸੰਵਿਧਾਨਿਕ ਹੈ ਪਰ ਉੱਚ-ਅਦਾਲਤਾਂ ਵੀ ਸੰਵਿਧਾਨ ਦੇ ਇਸ ਦਿਨ-ਦੀਵੀਂ ਹੋ ਰਹੇ ਘਾਣ ਵੇਖ਼ ਕੇ ਖ਼ਾਮੋਸ਼ ਹਨ ਤੇ ਭਾਰਤੀ ਲੋਕਤੰਤਰ ਦੇ ਮੰਦਿਰ ਦਾ ਰਖਵਾਲਾ ‘ਭਾਰਤੀ ਚੋਣ ਕਮਿਸ਼ਨ’ ਤਾਂ ਆਪਣੀ ਅਸਾਵੀਂ ਅਤੇ ਉਲਾਰੂ ਕਾਰਗੁਜ਼ਾਰੀ




ਕਰਕੇ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਭਾਰਤ ਦੇ ਇਤਿਹਾਸ ਵਿਚ ਆਪਣੀ ਕਾਰਗੁਜ਼ਾਰੀ ਨੂੰ ਲੈ ਕੇ ਚੋਣ ਕਮਿਸ਼ਨ ਦੀ ਐਨੀ ਫ਼ਜ਼ੀਹਤ ਪਹਿਲਾਂ ਕਦੇ ਨਹੀਂ ਹੋਈ ਹੈ। ਐਸ.ਆਈ.ਆਰ. ਦੇ ਰਾਹੀਂ ਸੱਤਾਧਾਰੀ ਧਿਰ ਨੂੰ ਫ਼ਾਇਦਾ ਪਹੁੰਚਾਉਣ ਦਾ ‘ਖੇਲਾ’ ਚੋਣ ਕਮਿਸ਼ਨ ਨੇ ਕਈ ਰਾਜਾਂ ਵਿਚ ਸ਼ਰ੍ਹੇਆਮ ਕੀਤਾ ਹੈ। ਬਿਹਾਰ ਵਿਚ ਵੀ ਨੀਤਿਸ਼ ਕੁਮਾਰ ਦੇ ਚਿਹਰੇ ‘ਤੇ ਚੋਣ ਲੜਨ ਤੇ ਜਿੱਤਣ ਪਿੱਛੋਂ ਭਾਜਪਾ ਨੇ ਆਪਣਾ ਮੁੱਖ ਮੰਤਰੀ ਬਣਾ ਦਿੱਤਾ ਸੀ ਜੋ ਕਿ ਲੋਕਤੰਤਰ ਦੀ ਭਾਵਨਾ ਅਨੁਸਾਰ ਬਿਲਕੁਲ ਜਾਇਜ਼ ਨਹੀਂ ਸੀ।

ਅਕਸਰ ਹੀ ਵੇਖਣ ਵਿਚ ਆਇਆ ਹੈ ਕਿ ਭਾਰਤੀ ਲੋਕਤੰਤਰ ਵਿਚ ਕੁੱਲ ਮਤਦਾਨ ਪ੍ਰਤੀਸ਼ਤ ਔਸਤਨ 55 ਫ਼ੀਸਦੀ ਦੇ ਕਰੀਬ ਰਹਿੰਦਾ ਹੈ ਜਿਸਦਾ ਭਾਵ ਹੈ ਕਿ 45 ਫ਼ੀਸਦੀ ਜਨਤਾ ਵੋਟ ਪਾਉਣਾ ਹੀ ਪਸੰਦ ਨਹੀਂ ਕਰਦੀ ਜਾਂ ਇਸ ਵਰਗ ਨੂੰ ਸਮੂਹ ਪਾਰਟੀਆਂ ਦੁਆਰਾ ਖੜ੍ਹੇ ਕੀਤੇ ਉਮੀਦਵਾਰ ਜਾਂ ਪਾਰਟੀਆਂ ਹੀ ਪਸੰਦ ਨਹੀਂ ਹਨ। ਹੁਣ ਪਾਈਆਂ ਗਈਆਂ ਕੁੱਲ 55 ਫ਼ੀਸਦੀ ਵੋਟਾਂ ਵਿਚੋਂ 15 ਜਾਂ 20 ਫ਼ੀਸਦੀ ਵੋਟਾਂ ਲੈਣ ਵਾਲੀ ਸਿਆਸੀ ਪਾਰਟੀ ਜੇਕਰ ਦੂਜੀਆਂ ਪਾਰਟੀਆਂ ਨਾਲ ‘ਗਠਜੋੜ’ ਕਰਕੇ ਕਿਸੇ ਸੂਬੇ ਵਿਚ ਜਾਂ ਕੇਂਦਰ ਵਿਚ ਸਰਕਾਰ ਬਣਾ ਲੈਂਦੀ ਹੈ ਤਾਂ ਇਹ ਲੋਕਤੰਤਰੀ ਭਾਵਨਾ ਅਤੇ ਲੋਕਤੰਤਰ ਦੀ ਮੂਲ ਆਤਮਾ ਦਾ ਪੂਰੀ ਤਰ੍ਹਾਂ ਅਪਮਾਨ ਹੈ ਕਿਉਂਕਿ ਸੱਤਾ ਵਿਚ ਆਈ ਪਾਰਟੀ ਨੂੰ ਸਬੰਧਿਤ ਸੂਬੇ ਦੀਆਂ ਕੁੱਲ ਵੋਟਾਂ ਵਿਚੋਂ ਕੇਵਲ 15 ਤੋਂ 20 ਫ਼ੀਸਦੀ ਵੋਟ ਹੀ ਮਿਲੇ ਹਨ ਜਦੋਂ ਕਿ ਅਸਲ ਵਿਚ 80 ਫ਼ੀਸਦੀ ਕਰੀਬ ਜਨਤਾ ਨੇ ਇਸ ਪਾਰਟੀ ਨੂੰ ਨਕਾਰਿਆ ਹੁੰਦਾ ਹੈ।

ਦੇਸ਼ ਦੀ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਸੰਗੀਨ ਅਪਰਾਧੀਆਂ ਦਾ ਵੋਟਾਂ ਰਾਹੀਂ ਚੁਣ ਕੇ ਚਲੇ ਜਾਣਾ ਬਹੁਤ ਹੀ ਸ਼ਰਮਨਾਕ ਹੈ ਤੇ ਲੋਕਤੰਤਰ ਦੀ ਵੱਡੀ ਹਾਰ ਹੈ। ਸ਼ਰਾਬ, ਪੈਸਾ, ਆਟਾ, ਸੂਟ, ਬੂਟ ਅਤੇ ਹੋਰ ਪਦਾਰਥ ਵੰਡ ਕੇ ਭ੍ਰਿਸ਼ਟ ਅਤੇ ਗੁੰਡਾ ਕਿਸਮ ਦੇ ਸਿਆਸੀ ਆਗੂ ਵੋਟਾਂ ਹਾਸਿਲ ਕਰ ਲੈਂਦੇ ਹਨ ਤੇ ਚੋਣ ਕਮਿਸ਼ਨ ਅੱਖਾਂ ਮੀਚ ਕੇ ਘੇਸਲਾ ਹੋਇਆ ਰਹਿੰਦਾ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਉੱਤਰ ਪ੍ਰਦੇਸ਼ ਵਿਖੇ ਸਰਕਾਰ ਸੰਭਾਲਦਿਆਂ ਯੋਗੀ ਆਦਿਤਯ ਨਾਥ ਜੀ ਨੇ ਆਪਣੇ ਖ਼ਿਲਾਫ਼ ਚੱਲ ਰਹੇ ਸਾਰੇ ਮੁਕੱਦਮੇ ਵਾਪਸ ਲੈ ਲਏ ਸਨ। ਇਸ ਕਰਕੇ ਇਹ ਵੀ ਸੋਚਣਾ ਬਣਦਾ ਹੈ ਕਿ ਅਪਰਾਧਿਕ ਪਿਛੋਕੜ ਵਾਲਿਆਂ ਨੂੰ ਟਿਕਟਾਂ ਵੰਡਣ ਅਤੇ ਜਿਤਵਾਉਣ ਵਾਲੀਆਂ ਸਿਆਸੀ ਪਾਰਟੀਆਂ ਦੀ ਨੈਤਿਕਤਾ ਭਲਾ ਕਿੰਨੀ ਕੁ ਜ਼ਿੰਦਾ ਹੁੰਦੀ ਹੈ? ਸਾਫ਼-ਸੁਥਰੀ ਅਤੇ ਈਮਾਨਦਾਰ ਛਵੀ ਵਾਲੇ ਆਗੂ ਜਦੋਂ ਸੰਸਦ ਜਾਂ ਵਿਧਾਨ ਸਭਾਵਾਂ ਵਿਚ ਚੁਣ ਕੇ ਭੇਜੇ ਜਾਣਗੇ, ਉਦੋਂ ਹੀ ਲੋਕਤੰਤਰ ਅਸਲ ਵਿਚ ਕੰਮ ਕਰੇਗਾ ਅਤੇ ਜ਼ਿੰਦਾ ਰਹੇਗਾ।

ਅਜੋਕੇ ਸਮੇਂ ਅੰਦਰ ‘ਕਾਕਰੋਚ ਜਨਤਾ ਪਾਰਟੀ’ ਭਾਵ ‘ਸੀ.ਜੇ.ਪੀ.‘ ਜਿਹੇ ਨਵੇਂ ਅਤੇ ਕੁਝ ਦਿਨ ਪਹਿਲਾਂ ਹੀ ਜਨਮੇ ਦਲ ਵੱਲੋਂ ‘ਜ਼ੋਰਦਾਰ ਅੰਦੋਲਨ’ ਕਰਕੇ ਕੇਂਦਰੀ ਸਿੱਖਿਆ ਮੰਤਰੀ ਦਾ ਅਸਤੀਫ਼ਾ ਲੈ ਲਏ ਜਾਣਾ ਇਹ ਸੰਕੇਤ ਹੈ ਕਿ ਲੋਕਤੰਤਰ ਨੂੰ ਬਚਾਉਣ ਹਿਤ ਨੌਜਵਾਨਾਂ ਅੰਦਰ ਜਾਗਰੂਕਤਾ ਆ ਚੁੱਕੀ ਹੈ ਤੇ ਉਹ ਆਪਣੀ ਲੜਾਈ ਹਥਿਆਰਾਂ ਦੀ ਥਾਂ ਦਿਮਾਗ ਅਤੇ ਜ਼ਬਰਦਸਤ ਯੋਜਨਾਬੰਦੀ ਸਦਕਾ ਲੜਨਾ ਜਾਣਦੇ ਹਨ। ਪਰ ਦੁੱਖ ਦੀ ਗੱਲ ਹੈ ਕਿ ਲੋਕਤੰਤਰੀ ਢੰਗ ਨਾਲ ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਇਨ੍ਹਾਂ ਨੌਜਵਾਨਾਂ ਨੂੰ ਵੀ ‘ਦਿਮਾਗੀ ਨਕਸਲ’ ਜਿਹੇ ਘਟੀਆ ਲਕਬ ਦਿੱਤੇ ਜਾ ਰਹੇ ਹਨ। ‘ਮਹਾਂਮਾਨਵ’ ਆਖੇ ਜਾਂਦੇ ਸਿਆਸਤਦਾਨਾਂ ਨੂੰ ਗੋਡਿਆਂ ਭਾਰ ਲੈ ਆਉਣਾ ਦੱਸਦਾ ਹੈ ਕਿ ਜੇਕਰ ਦੇਸ਼ ਦਾ ਸਮੁੱਚਾ ਨੌਜਵਾਨ ਵਰਗ (ਸਮੇਤ ਅੰਧ ਭਗਤਾਂ ਦੇ) ਜਾਗ ਪਏ ਅਤੇ ਲੋਕਤੰਤਰ ਦਾ ਸ਼ਰ੍ਹੇਆਮ ਘਾਣ ਕਰ ਰਹੀਆਂ ਸਮੂਹ ਸਿਆਸੀ ਪਾਰਟੀਆਂ ਨੂੰ ‘ਨੋਟਾ’ ਦੇ ਤਾਕਤਵਰ ਹਥਿਆਰ ਰਾਹੀਂ ਨਕਾਰ ਦੇਵੇ ਤਾਂ ਇਸ ਦੇਸ਼ ਵਿਚੋਂ ਲੋਕਤੰਤਰ ਦਾ ਦੀਵਾ ਬੁਝਣ ਤੋਂ ਬਚ ਸਕਦਾ ਹੈ। ਦੇਸ਼ ਦੇ ਪੜ੍ਹੇ-ਲਿਖੇ ਅਤੇ ਜਾਗਰੂਕ ਨੌਜਵਾਨਾਂ ਤੋਂ ਹੀ ਹੁਣ ਮਾੜੀ ਮੋਟੀ ਆਸ ਬਚੀ ਹੈ ਵਰਨਾ ਬਹੁਤੇ ‘ਸਿਆਣਿਆਂ’ ਨੇ ਦੇਸ਼ ਵਿਚ ਲੋਕਤੰਤਰ ਨੂੰ ਜਿਨ੍ਹਾਂ ਨਿਵਾਣਾਂ ਵੱਲ ਧੱਕ ਦਿੱਤਾ ਹੈ, ਉਨ੍ਹਾਂ ਨਿਵਾਣਾਂ ‘ਚੋਂ ਲੋਕਤੰਤਰ ਕੱਢ ਲਿਆਉਣਾ ‘ਕੋਈ ਖ਼ਾਲਾ ਜੀ ਦਾ ਵਾੜਾ ਨਹੀਂ।’ ਦੇਸ਼ ਦਾ ਸਮੂਹ ਵੋਟਰ ਜੇਕਰ ਜਾਗਰੂਕ ਹੋ ਜਾਵੇ ਅਤੇ ਸਹੀ, ਸੱਚੇ-ਸੁੱਚੇ, ਈਮਾਨਦਾਰ ਅਤੇ ਮਿਹਨਤੀ ਆਗੂਆਂ ਨੂੰ ਵੋਟਾਂ ਪਾ ਕੇ ਜਿਤਾਵੇ ਤਾਂ ਦੇਸ਼ ਵਿਚ ਲੋਕਤੰਤਰ ਦਾ ਬਚਾਅ ਜ਼ਰੂਰ ਹੋ ਸਕਦਾ ਹੈ ਵਰਨਾ ਲੋਕਤੰਤਰ ਦੀ ਵਰਤਮਾਨ ਹਾਲਤ ਤਾਂ ਚਿੰਤਾ ਅਤੇ ਅਫ਼ਸੋਸ ਦੇ ਹੀ ਲਾਇਕ ਹੈ।

# ਕਦੋਂ ਹੋਣਗੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ?

## ਜਥੇਦਾਰ ਗੜਗੱਜ ਤੇ ਧਾਮੀ ਵੱਲੋਂ ਧਾਰੀ ਚੁੱਪ ਕੀ ਸੰਕੇਤ ਦਿੰਦੀ ਹੈ



**ਕੁਲਦੀਪ ਧਨੌਲਾ**
**ਫੋਨ: 94642-91023**

ਵੈਸੇ ਤਾਂ ਇਹ ਗੱਲ ਹੋ ਨਹੀਂ ਸਕਦੀ ਪਰ ਮੰਨ ਲਓ ਜੇ ਇਕ ਪ੍ਰਤੀਸ਼ਤ ਹੋ ਵੀ ਜਾਵੇ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤਿੰਨ-ਚਾਰ ਮਹੀਨੇ ਲੇਟ ਹੋਣਗੀਆਂ ਤਾਂ ਸਾਰੀਆਂ ਸਿਆਸੀ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕਾਵਾਂ-ਰੌਲੀ ਪਾ ਲੈਣੀ ਐ ਕਿ ਅਜਿਹਾ ਕਿਵੇਂ ਹੋ ਸਕਦਾ ਹੈ, ਜਦੋਂ ਵਿਧਾਨ ਸਭਾ ਦੀ ਮਿਆਦ ਹੀ ਫਰਵਰੀ-ਮਾਰਚ ਵਿਚ ਖ਼ਤਮ ਹੋ ਰਹੀ ਹੈ ਭਾਵ ਉਹ ਅਜਿਹਾ ਫੈਸਲਾ ਜਾਂ ਐਲਾਨ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਕਈ ਇਸ ਵਿਰੁੱਧ ਮੋਰਚਾ ਲਾਉਣ ਤਕ ਦੀਆਂ ਧਮਕੀਆਂ ਦੇਣ ਉਤੇ ਵੀ ਉਤਰ ਆਉਣਗੇ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਭਗਵੰਤ ਸਿੰਘ ਮਾਨ (ਭਾਵੇਂ ਰਾਜ ਆਮ ਆਦਮੀ ਬਜਾਏ ਕਿਸੇ ਹੋਰ ਪਾਰਟੀ ਦਾ ਵੀ ਹੁੰਦਾ) ਐਨੇ ਮਹੀਨੇ ਤਾਂ ਕੀ, ਚਾਰ ਦਿਨ ਵੀ ਹੋਰ ਮੁੱਖ ਮੰਤਰੀ ਬਣਿਆ ਰਹੇ, ਪ੍ਰੰਤੂ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਸਿੱਖਾਂ ਦੀ ਮਿਨੀ ਪਾਰਟੀਮੈਂਟ ਆਖੀ ਜਾਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਆਖ਼ਰੀ ਵਾਰ ਸਤੰਬਰ 2011 ਨੂੰ ਹੋਈਆਂ ਸਨ। ਯਾਨੀ ਪੰਜ ਸਾਲ ਬਾਅਦ ਹੋਣ ਵਾਲੀਆਂ ਇਨ੍ਹਾਂ ਚੋਣਾਂ ਹੋਈਆਂ ਨੂੰ ਡੇਢ ਦਹਾਕੇ ਤੋਂ ਉਪਰ ਸਮਾਂ ਹੋ ਚੱਲਿਆ ਹੈ ਪਰ ਅਜੇ ਵੀ ਕੋਈ ਤਾਰੀਖ਼ ਨਿਸ਼ਚਿਤ ਨਹੀਂ, ਭਾਵ ਚੋਣਾਂ ਦਾ ਹਾਲ ਟੋਭੇ ‘ਚ ਗੁਆਚੀ ਇੱਟ ਵਾਲਾ ਹੈ ਕਿ ਹੱਥ ਲੱਗ ਗਈ ਤਾਂ ਲੱਗ ਗਈ, ਨਹੀਂ ਫੇਰ ਆਈ-ਗਈ ਹੋ ਗਈ।

ਦੁੱਖ ਅਤੇ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਪਾਰਲੀਮੈਂਟ ਵਿਚ 13 ਐਮ.ਪੀ., ਰਾਜ ਸਭਾ ਵਿਚ 7 ਅਤੇ ਪੰਜਾਬ ਵਿਧਾਨ ਸਭਾ ਵਿਚ 117 ਵਿਧਾਇਕ ਭਾਵ 137 ਪ੍ਰਤੀਨਿਧ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਕੋਈ ਵੀ ਇਸ ਮੁੱਦੇ ਨੂੰ ਚੁੱਕਣ ਲਈ ਤਿਆਰ ਹੀ ਨਹੀਂ, ਪਾਰਲੀਮੈਂਟ ਅਤੇ ਵਿਧਾਨ ਸਭਾ ਦੇ ਸੈਸ਼ਨਾਂ ਵਿਚ ਕਿਸੇ ਨੇ ਇਸ ਪ੍ਰਤੀ ਮੂੰਹ ਤਕ ਨਹੀਂ ਖੋਲ੍ਹਿਆ। ਆਖ਼ਰ ਵਜ੍ਹਾ ਕੀ ਹੈ? ਉਧਰ, ਕਾਬਜ਼ ਧੜਾ ਨਵੰਬਰ ਮਹੀਨੇ ਸਾਲਾਨਾ ਚੋਣ ਕਰਵਾ ਕੇ ਕੱਛਾਂ ਵਜਾਉਂਦਾ ਹੋਇਆ ਕਹਿੰਦਾ ਹੈ ਕਿ ਇਹ ਇਤਿਹਾਸਕ ਜਿੱਤ ਹੈ। ਜੇ ਪਾਰਲੀਮੈਂਟ ਜਾਂ ਵਿਧਾਨ ਸਭਾ ਦਾ ਕੋਈ ਮੈਂਬਰ ਅਸਤੀਫ਼ਾ ਦੇ ਦੇਵੇ ਜਾਂ ਰੱਬ ਨੂੰ ਪਿਆਰਾ ਹੋ ਜਾਵੇ ਤਾਂ ਝੱਟ ਉਸ ਹਲਕੇ ਵਿਚ ਜ਼ਿਮਨੀ ਚੋਣ ਹੋ ਜਾਂਦੀ ਹੈ ਪ੍ਰੰਤੂ ਇਥੇ ਜ਼ਿਮਨੀ ਚੋਣ ਦੀ ਗੱਲ ਛੱਡੋ, ਇਥੇ ਤਾਂ ਜਨਰਲ ਚੋਣਾਂ ਵੀ ਨਹੀਂ ਹੋ ਰਹੀਆਂ।

ਜੇ ਸਿਆਸੀ ਪ੍ਰਤੀਨਿਧਾਂ ਦੀ ਗੱਲ ਆਪਾਂ ਨਾ ਵੀ ਕਰੀਏ ਤਾਂ ਫੇਰ ਅਕਾਲ ਤਖ਼ਤ ਦਾ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਇਸ ਦੇ ਮੈਂਬਰ ਇਸ ਮੁੱਦੇ ਉਤੇ ਬੋਲਦੇ ਤਕ ਨਹੀਂ ਕਿਉਂਕਿ ਉਨ੍ਹਾਂ ਨੂੰ ਕੁਰਸੀਆਂ ਮਿਲੀਆਂ ਹੋਈਆਂ ਹਨ, ਸੋਚਦੇ ਹੋਣਗੇ ਅਗਲੀ ਵਾਰ ਪਤਾ ਨੀ, ਜਨਤਾ ਚੁਣਦੀ ਵੀ ਹੈ ਕਿ ਨਹੀਂ। ਜੇ ਜਥੇਦਾਰ ਪੰਜਾਬ ਦੇ ਸਿੱਖ ਵਿਧਾਇਕਾਂ ਨੂੰ ਅਕਾਲ ਤਖ਼ਤ ਉਤੇ ਬੁਲਾ ਸਕਦਾ ਹੈ ਫੇਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਕਰਵਾਉਣ ਤੇ ਕੇਂਦਰ ਸਰਕਾਰ ਦੇ ਸਿੱਖ ਵਜ਼ੀਰਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਕਿਉਂ ਨੀ ਬੁਲਾਉਂਦਾ, ਇਸ ਦਾ ਮਤਲਬ ਦਾਲ ‘ਚ ਕਾਲਾ ਨੀ ਪੂਰੀ ਦਾਲ ਹੀ ਕਾਲੀ ਐ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਜਦੋਂ ਪਿਛੋਕੜ ਉਤੇ ਝਾਤ ਮਾਰੀ ਤਾਂ ਪਤਾ ਲੱਗਿਆ ਕਿ ਇਹ ਵਰਤਾਰਾ ਪਹਿਲੀ ਵਾਰ ਨਹੀਂ ਵਰਤ ਨਹੀਂ ਰਿਹਾ, ਜੋ ਸਥਿਤੀ ਅੱਜ-ਕੱਲ੍ਹ ਹੈ, ਬਿਲਕੁਲ ਇਹੋ ਜਿਹੇ ਹੀ ਹਾਲਾਤ 47 ਵਰ੍ਹੇ ਪਹਿਲਾਂ ਯਾਨੀ 1979 ਵਿਚ ਸਨ, ਜਦੋਂ 14 ਵਰ੍ਹਿਆਂ ਬਾਅਦ ਚੋਣਾਂ ਹੋਈਆਂ ਸਨ। ਲਗਪਗ ਅੱਧੀ ਸਦੀ ਪਹਿਲਾਂ ਗਿਆਨੀ ਗੁਰਦਿੱਤ ਸਿੰਘ (ਮੇਰਾ ਪਿੰਡ) ਨੇ ਸਿੰਘ ਸਭਾ ਪੱਤ੍ਰਿਕਾ ਦੀ ਸੰਪਾਦਕੀ ਵਿਚ ਖ਼ਦਸ਼ਾ ਪ੍ਰਗਟ ਕੀਤਾ ਸੀ ਕਿ ਕਿਤੇ ਇਨ੍ਹਾਂ ਚੋਣਾਂ ਨੂੰ ਸਮੇਂ ਸਿਰ ਨਾ ਕਰਵਾਉਣ ਦੀ ਪਿਰਤ ਹੀ ਨਾ ਪੈ ਜਾਵੇ ਪ੍ਰੰਤੂ ਸਿੱਖ ਨੇਤਾਵਾਂ ਅਤੇ ਸ਼੍ਰੋਮਣੀ ਕਮੇਟੀ ਨੇ ਕੰਧ ‘ਤੇ ਲਿਖਿਆ ਨਾ ਪੜ੍ਹਿਆ, ਨਾ ਹੀ ਵਿਚਾਰਿਆ। ਉਨ੍ਹਾਂ ਦੀ ਉਸ ਸਮੇਂ ਦੀ ਲਿਖੀ ਸੰਪਾਦਕੀ ਪਾਠਕਾਂ ਲਈ ਹਾਜ਼ਰ ਹੈ

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 14 ਸਾਲਾਂ ਦੇ ਲੰਮੇ ਅਰਸੇ ਪਿੱਛੋਂ ਹੋ ਰਹੀਆਂ ਹਨ। ਐਨਾ ਸਮਾਂ ਚੋਣਾਂ ਨਾ ਹੋਣ ‘ਤੇ ਭਵਿੱਖ ਬਾਰੇ ਵੀ ਖ਼ਦਸ਼ਾ ਸਮਝਿਆ ਜਾ ਸਕਦਾ ਹੈ ਕਿ ਅਗਲੀਆਂ ਚੋਣਾਂ ਖ਼ਬਰੇ ਕਦੋਂ ਹੋਣ? ਇਹ ਵੀ ਪਹਿਲੀ ਵਾਰ ਹੋ ਰਿਹਾ ਹੈ ਕਿ ਅਜਿਹੇ ਸਮੇਂ ਪੰਜਾਬ ਵਿਚ ਅਕਾਲੀ ਸਰਕਾਰ ਹੈ ਅਤੇ ਕੇਂਦਰ ਸਰਕਾਰ ਵਿਚ ਵੀ ਇਹ ਭਾਈਵਾਲ ਹੈ। ਪਹਿਲਾਂ ਨਾਲੋਂ ਵੱਖਰੇ ਮਾਹੌਲ ਵਿਚ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਸਿੱਖ ਸੰਗਤਾਂ ਤੇ ਵੋਟਰਾਂ ਨੇ ਕੀ ਕਰਨਾ ਹੈ, ਪੰਜਾਬ ਸਰਕਾਰ ਵੱਲੋਂ ਇਨ੍ਹਾਂ ਚੋਣਾਂ ਵਿਚ ਕਿਸ ਕਿਸਮ ਦਾ ਰੋਲ ਅਦਾ ਕੀਤਾ ਜਾਣਾ ਜ਼ਰੂਰੀ ਹੈ, ਜਿਸ ਤੋਂ ਆਉਂਦੇ ਜ਼ਮਾਨੇ ਵਿਚ ਬਣਨ ਵਾਲੀਆਂ ਸਰਕਾਰਾਂ ਲਈ ਇਕ ਰੀਤ ਪੈਣੀ ਹੈ, ਇਨ੍ਹਾਂ ਸਾਰੇ ਪੱਖਾਂ ਨੂੰ ਗੰਭੀਰਤਾ ਨਾਲ ਵਿਚਾਰਨਾ ਜ਼ਰੂਰੀ ਹੈ।

ਪਹਿਲੀ ਅਤੇ ਦੂਜੀ ਫਰਵਰੀ ਨੂੰ ਗੁਰਦੁਆਰਾ ਰਕਾਬ ਗੰਜ ਦਿੱਲੀ ਦੇ ਕੇਂਦਰੀ ਸਿੰਘ ਸਭਾ ਦੇ ਦਫ਼ਤਰ ਵਿਚ ਕੇਂਦਰੀ ਸਿੰਘ ਸਭਾ ਦੇ ਪ੍ਰਧਾਨ ਹੁਕਮ ਸਿੰਘ (ਸਾਬਕਾ ਸਪੀਕਰ ਲੋਕ ਸਭਾ) ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਇਕੱਤਰਤਾ ਹੋਈ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਮਸਲਾ ਖ਼ਾਸ ਤੌਰ ‘ਤੇ ਵਿਚਾਰਿਆ ਗਿਆ। ਦੀਰਘ ਸੋਚ-ਵਿਚਾਰ ਪਿੱਛੋਂ ਕਮੇਟੀ ਦੀਆਂ ਚੋਣਾਂ ਬਾਰੇ, ਕੇਂਦਰੀ ਸਿੰਘ ਸਭਾ ਵੱਲੋਂ ਚੰਗੇ ਗੁਣਵਾਨ ਸਿੱਖਾਂ ਨੂੰ ਚੁਣੇ ਜਾਣ ਲਈ ਪ੍ਰੇਰਨਾ ਦੇਣ ਅਤੇ ਹਮਾਇਤ ਕਰਨ ਲਈ ਕੁਝ ਕਦਮ ਚੁੱਕੇ ਜਾਣ ਦਾ ਫ਼ੈਸਲਾ ਹੋਇਆ। ਇਸ ਸਮੇਂ ਹੇਠ ਲਿਖੀ ਅਪੀਲ ਜਾਰੀ ਕਰਨੀ ਪ੍ਰਵਾਨ ਹੋਈ।

ਸਤਿਕਾਰ ਯੋਗ ਖ਼ਾਲਸਾ ਜੀ“,

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 14 ਸਾਲਾਂ ਦੇ ਲੰਮੇ ਅਰਸੇ ਪਿੱਛੋਂ ਹੋ ਰਹੀਆਂ ਹਨ। ਏਨਾ ਸਮਾਂ ਚੋਣਾਂ ਨਾ ਹੋਣ ਤੋਂ ਭਵਿੱਖ ਬਾਰੇ ਵੀ ਖ਼ਦਸ਼ਾ ਸਮਝਿਆ ਜਾ ਸਕਦਾ ਹੈ ਕਿ ਅਗਲੀਆਂ ਚੋਣਾਂ ਖ਼ਬਰੇ ਕਦੋਂ ਹੋਣ? ਇਨ੍ਹਾਂ ਚੋਣਾਂ ਵਿਚ ਸਿੱਖ ਸੰਗਤਾਂ ਤੇ ਵੋਟਰਾਂ ਨੇ ਕੀ ਕਰਨਾ ਹੈ, ਪੰਜਾਬ ਸਰਕਾਰ ਵੱਲੋਂ ਇਨ੍ਹਾਂ ਚੋਣਾਂ ਵਿਚ ਕਿਸ ਕਿਸਮ ਦਾ ਰੋਲ ਅਦਾ ਕੀਤਾ ਜਾਣਾ ਜ਼ਰੂਰੀ ਹੈ, ਜਿਸ ਤੋਂ ਆਉਂਦੇ ਜ਼ਮਾਨੇ ਵਿਚ ਬਣਨ ਵਾਲੀਆਂ ਸਰਕਾਰਾਂ ਲਈ ਇਕ ਰੀਤ ਪੈਣੀ ਹੈ, ਇਨ੍ਹਾਂ ਸਾਰੇ ਪੱਖਾਂ ਨੂੰ ਗੰਭੀਰਤਾ ਨਾਲ ਵਿਚਾਰਨਾ ਜ਼ਰੂਰੀ ਹੈ।

ਸਿੱਖ ਸੰਗਤਾਂ ਦੀ ਸੇਵਾ ਵਿਚ ਬੇਨਤੀ:- ਪਹਿਲੀ ਬੇਨਤੀ ਸਮੂਹ ਪੰਥ ਹਿਤੈਸ਼ੀ ਪ੍ਰੇਮੀ ਸਿੱਖ ਸੰਗਤਾਂ ਦੀ ਸੇਵਾ ਵਿਚ ਕੀਤੀ ਜਾਂਦੀ ਹੈ ਕਿ ਸੰਗਤਾਂ ਨੇ ਹੀ ਭਵਿੱਖ ਦੇ ਖ਼ਾਲਸਾਈ ਸਮਾਜ ਦੀ ਰਚਨਾ ਕਰਨੀ ਹੈ। ਸੰਗਤਾਂ ਵਿਚ ਹੀ ਉਹ ਗੁਰਮੁਖ ਹਸਤੀਆਂ ਬਿਰਾਜ ਰਹੀਆਂ ਹਨ, ਜਿਨ੍ਹਾਂ ਦੇ ਹਿਰਦਿਆਂ ਵਿਚ ‘ਗੁਰੂ ਪੰਥ’ ਦਾ ਨਿਵਾਸ ਹੈ। ਸਮੂਹ ਸਿੱਖ ਸੰਗਤਾਂ ਨੂੰ ਚਾਹੀਦਾ ਹੈ ਕਿ ਉਹ ਹਰ ਪੜਾਅ ਉੱਤੇ ਆਪਣੀਆਂ ਜ਼ਾਤੀ ਗ਼ਰਜ਼ਾਂ, ਪਕੜਾਂ ਤੇ ਦੋਸਤੀਆਂ ਤੋਂ ਉੱਚੇ ਉੱਠ ਕੇ, ਜ਼ੋਰਦਾਰ ਯਤਨ ਕਰਨ ਤੇ ਕਰਾਉਣ ਕਿ ਸ਼੍ਰੋਮਣੀ ਕਮੇਟੀ ਲਈ ਅਜਿਹੇ ਉਮੀਦਵਾਰ ਚੁਣੇ ਜਾਣ, ਜੋ ਸੱਚੇ ਅਰਥਾਂ ਵਿਚ ਗੁਰਸਿੱਖ ਹੋਣ ਅਤੇ ਨਾਲ ਹੀ ਪੰਥ ਦੀ ਸਾਰੇ ਪੱਖਾਂ ਤੋਂ ਬਿਹਤਰੀ ਹਿਤ ਸੋਚ-ਵਿਚਾਰ ਕੇ ਸੇਵਾ ਕਰਨ ਦੀ ਸਮਰੱਥਾ ਵੀ ਰੱਖਦੇ ਹੋਣ, ਅਜਿਹੇ ਨਿਸ਼ਕਾਮ ਅਤੇ ਨਿਰਮਾਣ ਗੁਰਸਿੱਖਾਂ ਨੂੰ ਮੈਂਬਰ ਬਣਾਉਣ ਲਈ ਉਭਾਰ ਕੇ ਸਾਹਮਣੇ ਲਿਆਂਦਾ ਜਾਵੇ, ਜਿਨ੍ਹਾਂ ਦਾ ਸਿੱਖੀ ਪ੍ਰੇਮ ਭਰਪੂਰ ਚਰਿੱਤਰ ਹੋਵੇ, ਖ਼ਾਲਸਾ ਜੀ ਦੇ ਬੋਲ-ਬਾਲੇ ਕਰਨ ਲਈ ਤਤਪਰ ਹੋਣ ਤੇ ਪੰਥ ਦੀ ਭਲਾਈ ਤੋਂ ਬਿਨਾਂ ਇਸ ਮੈਂਬਰੀ ਨੂੰ ਕਿਸੇ ਹੋਰ ਕਿਸਮ ਦੀ ਪ੍ਰਾਪਤੀ ਦਾ ਸਾਧਨ ਨਾ ਬਣਾਉਣ।

ਅਕਾਲੀ ਦਲ:- ਦੂਜੀ ਬੇਨਤੀ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਲੀਡਰਾਂ ਦੀ ਸੇਵਾ ਵਿਚ ਹੈ, ਜਿਨ੍ਹਾਂ ਦੇ ਹੱਥਾਂ ਵਿਚ ਸ਼੍ਰੋਮਣੀ ਕਮੇਟੀ ਦੀ ਵਾਗਡੋਰ ਹੈ, ਸਿੱਖ ਆਗੂ ਵਕਤ ਦੀ ਨਜ਼ਾਕਤ ਨੂੰ ਗੰਭੀਰਤਾ ਨਾਲ ਦੇਖਣ, ਬਿਨਾਂ ਕਿਸੇ ਦੀ ਲੋਭ ਲਿਹਾਜ਼, ਪਾਰਟੀ ਧੜਾ, ਆਪਣੇ-ਬਿਗਾਨੇ ਗੁੱਟ ਦੇ ਵੱਧ-ਘੱਟ ਮੈਂਬਰ ਲਿਆਉਣ ਦੀ ਸੋਚ ਤੋਂ ਉੱਚਾ ਉੱਠ ਕੇ ਨਿਰੋਲ ਪੰਥਕ ਭਲਾਈ ਮੁੱਖ ਰੱਖਣ ਵਾਲੇ ਗੁਰਸਿੱਖਾਂ ਨੂੰ ਟਿਕਟ ਦੇ ਕੇ ਚੋਣ ਵਿਚ ਖੜ੍ਹਾ ਕਰਨ। ਇੰਜ ਕੀਤਿਆਂ ਸ਼੍ਰੋਮਣੀ ਅਕਾਲੀ ਦਲ ਅਤੇ ਉਨ੍ਹਾਂ ਦੇ ਖੜ੍ਹੇ ਕੀਤੇ ਮੈਂਬਰਾਂ ਦਾ ਵਿਰੋਧ ਵੀ ਘਟ ਹੋਵੇਗਾ ਅਤੇ ਚੰਗੇ ਸਿੱਖਾਂ ਨੂੰ ਅੱਗੇ ਲਿਆਉਣ ਕਾਰਨ ਸਿੱਖ ਸੰਗਤਾਂ ਵਿਚ ਪੰਥਕ ਆਗੂਆਂ ਦੀ ਸੂਝ ਦੀ ਸ਼ਾਖ਼ ਵੀ ਜੰਮੇਗੀ। ਹੋਰ ਵੀ ਚੰਗਾ ਹੋਵੇ ਕਿ ਤਿੰਨੇ ਸ਼ਕਤੀਆਂ ਦੇ ਮੁਖੀ ਇੱਕਮੁੱਠ ਹੋ ਕੇ ਅਜਿਹੇ ਉਮੀਦਵਾਰ ਖੜ੍ਹੇ ਕਰਨ, ਜਿਨ੍ਹਾਂ ਵਿਚੋਂ ਕੁਝ ਨਿਰਵਿਰੋਧ ਹੀ ਚੁਣੇ ਜਾਣ।

ਇਸ ਪ੍ਰਸਤਾਵ ਪਿੱਛੋਂ ਹਾਲਾਤ ਅੱਗੇ ਵਧੇ ਹਨ, ਸ਼੍ਰੋਮਣੀ ਅਕਾਲੀ ਦਲ ਦੇ ਚੋਣ ਬੋਰਡ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਲੰਮੀ ਸੋਚ-ਵਿਚਾਰ ਪਿੱਛੋਂ ਕਰ ਦਿੱਤਾ ਹੈ, ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਟਿਕਟਾਂ ਉੱਚੇ ਸਿੱਖੀ ਜੀਵਨ ਵਾਲਿਆਂ ਨੂੰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚ ਪ੍ਰਿੰਸੀਪਲ, ਡਾਕਟਰ ਅਤੇ ਹੋਰ ਪੜ੍ਹੇ-ਲਿਖੇ ਸੱਜਣ ਵੀ ਹਨ। ਜਥੇਦਾਰ ਜੀਵਨ ਸਿੰਘ ਉਮਰਾਨੰਗਲ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਚੋਣ ਲੜ ਰਹੇ ਹਨ, ਉਨ੍ਹਾਂ ਦਾ ਟਾਕਰਾ ਮਹਿਤੇ ਵਾਲੇ ਸੰਤਾਂ ਦੇ ਡੇਰੇ ਦੇ ਡਿਪਟੀ ਲੀਡਰ ਨਾਲ ਹੈ।

ਕੇਂਦਰੀ ਸਿੰਘ ਸਭਾ ਨੂੰ ਕੁਝ ਸੱਜਣ ਜ਼ੋਰ ਪਾ ਰਹੇ ਸਨ ਕਿ ਚੋਣਾਂ ਵਿਚ ਨਿੱਤਰੇ! ਪਰ ਸਭਾ ਨੇ ਇਨ੍ਹਾਂ ਚੋਣਾਂ ਨੂੰ ਅਕਾਲੀ ਲੀਡਰਾਂ ਸਾਹਮਣੇ ਪ੍ਰੀਖਿਆ ਦਾ ਪਰਚਾ ਸਮਝ ਕੇ ਨਿਰਲੇਪ ਰਹਿਣ ਦਾ ਫ਼ੈਸਲਾ ਕਰ ਲਿਆ ਹੈ। ਜਿਵੇਂ ਬੀਰ ਖ਼ਾਲਸਾ ਦਲ, ਇਸਤਰੀ ਅਕਾਲੀ ਦਲ ਅਤੇ ਕੁਝ ਅਜਿਹੇ ਸੱਜਣਾਂ ਨੂੰ ਖ਼ੁਦ ਜਾ-ਜਾ ਕੇ ਲੀਡਰਾਂ ਨੇ ਕਾਗ਼ਜ਼ ਭਰਵਾ ਕੇ ਟਿਕਟ ਦਿੱਤੇ ਹਨ, ਕੇਂਦਰੀ ਸਿੰਘ ਸਭਾ ਦੇ ਕਿਸੇ ਸੇਵਕ ਤਕ ਅਕਾਲੀ ਦਲ ਦੇ ਮੁਖੀਆਂ ਨੇ ਅਜਿਹੀ ਕੋਈ ਵਿਚਾਰ ਤਕ ਨਹੀਂ ਕੀਤੀ, ਸਗੋਂ ਕਈ ਸਰਗਰਮ ਮੁਖੀਆਂ ਨੂੰ, ਜੋ ਪਹਿਲਾਂ ਮੈਂਬਰ ਹੀ ਨਹੀਂ ਸਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤਕ ਰਹਿ ਚੁੱਕੇ ਹਨ, ਨਜ਼ਰ-ਅੰਦਾਜ਼ ਕਰ ਦਿੱਤਾ ਹੈ। ਸ਼ਾਇਦ ਉਨ੍ਹਾਂ ਸੇਵਕਾਂ ਦੀ ਨਿਰਮਾਣ ਸੇਵਾ ਕਾਰਨ? ਅਜਿਹੇ ਗੁਰਮੁਖਾਂ ਵਿਚ ਸ. ਅਜੀਤ ਸਿੰਘ ਬਾਲਾ ਦਾ ਨਾਂ ਸਭ ਤੋਂ ਪਹਿਲਾਂ ਉੱਭਰ ਕੇ ਸਾਹਮਣੇ ਆਉਂਦਾ ਹੈ, ਜੋ ਕਮੇਟੀ ਦੇ ਪ੍ਰਧਾਨ ਵੀ ਰਹੇ ਹਨ, ਉਹ ਰੋਪੜ ਦੀ ਸਿੰਘ ਸਭਾ ਕਮੇਟੀ ਦੇ ਨਿਸ਼ਕਾਮ ਪ੍ਰਧਾਨ ਹਨ। ਜਾਪਦਾ ਹੈ ਨਿਰਮਾਣਤਾ ਨਿਸ਼ਕਾਮਤਾ ਦਾ ਅੱਜ ਦੇ ਪੰਥ ਉੱਤੇ ਕੋਈ ਪ੍ਰਭਾਵ ਨਹੀਂ, ਜਦੋਂ ਕਿ ਹੋਰ ਭਾਂਤਾਂ ਦੇ ਪ੍ਰਭਾਵਸ਼ੀਲ ਬੰਦਿਆਂ ਦੇ ਗੂੜ੍ਹੇ ਪ੍ਰਭਾਵ ਹਨ। ਕੁਝ ਅਜਿਹੀਆਂ ਗੱਲਾਂ ਚੋਣਾਂ ਸਮੇਂ ਪ੍ਰਗਟ ਹੋ ਰਹੀਆਂ ਹਨ, ਜਿਨ੍ਹਾਂ ਤੋਂ ਕੇਂਦਰੀ ਸਿੰਘ ਸਭਾ ਨੇ ਫ਼ੈਸਲਾ ਕਰਨਾ ਹੋਵੇਗਾ ਕਿ ਇਸ ਸੰਸਥਾ ਦੇ ਧੜੇ ਤੇ ਪਾਰਟੀ ਤੋਂ ਨਿਰਲੇਪ ਰਹਿ ਕੇ ਚਲਾਏ ਜਾ ਰਹੇ ਪੰਥਕ ਪ੍ਰੋਗਰਾਮਾਂ ਦੀ ਪੂਰਤੀ ਅੱਗੇ ਨੂੰ ਕਿਵੇਂ ਹੋ ਸਕਦੀ ਹੈ? ਕੀ ਅਜਿਹੇ ਕਾਰਜਾਂ ਲਈ ਇਸ ਮਾਹੌਲ ਵਿਚ ਮੁਨਾਸਬ ਭੂਮੀ ਰਚੀ ਵੀ ਜਾ ਸਕਦੀ ਹੈ? ਤਾਂ ਕਿਵੇਂ? ਨਹੀਂ ਫੇਰ ਕੀ ਕਰਨਾ ਹੈ?

# ਫ਼ਿਲਮ ਲੋਕ

## ਮਾਂ ਬਣਨ ਮਗਰੋਂ ਕਰੀਨਾ ਕਪੂਰ ਬਣੀ ਹੋਰ ਬਿਹਤਰ ਕਲਾਕਾਰ



ਅਦਾਕਾਰਾ ਕਰੀਨਾ ਕਪੂਰ ਫਿਲਮ 'ਦਾਇਰਾ' ਵਿੱਚ ਇੱਕ ਵਾਰ ਫਿਰ ਪੁਲਿਸ ਅਧਿਕਾਰੀ ਦੀ ਭੂਮਿਕਾ 'ਚ ਨਜ਼ਰ ਆਵੇਗੀ। ਫਿਲਮ ਵਿੱਚ ਉਹ ਇੱਕ ਅਜਿਹੀ ਔਰਤ ਦੇ ਕਿਰਦਾਰ 'ਚ ਹੈ, ਜਿਸ ਦਾ ' ਅਤੀਤ ਬਹੁਤ ਹੀ ਦਰਦਨਾਕ ਰਿਹਾ ਹੈ। ਕਰੀਨਾ ਆਪਣੇ ਇਸ ਕਿਰਦਾਰ ਨੂੰ ਲੈ ਕੇ ਕਾਫ਼ੀ ਉਤਸ਼ਾਹਤ ਹੈ। ਉਸ ਦਾ ਕਹਿਣਾ ਹੈ ਕਿ 'ਦਾਇਰਾ' ਇੱਕ ਬਹੁਤ ਹੀ ਸੰਵੇਦਨਸ਼ੀਲ ਤੇ ਆਕਰਸ਼ਕ ਫਿਲਮ ਹੈ। ਉਸ ਦੇ ਕਿਰਦਾਰ ਦੀਆਂ ਕਈ ਪਰਤਾਂ ਹਨ ਅਤੇ 'ਇਹ ਭੂਮਿਕਾ ਨਿਭਾਉਣਾ ਉਸ ਲਈ ਇੱਕ ਨਵਾਂ ਤਜਰਬਾ ਹੈ। ਕਰੀਨਾ ਅਨੁਸਾਰ, ਇੱਕ ਪੁਲਿਸ ਅਧਿਕਾਰੀ ਹੋਣ ਦਾ ਮਤਲਬ ਇਹ ਨਹੀਂ ਕਿ ਇਕ ਔਰਤ ਦੀ ਮਮਤਾ ਜਾਂ ਉਸ ਦੀ ਕੋਮਲਤਾ ਖ਼ਤਮ ਹੋ ਜਾਂਦੀ ਹੈ। ਉਸ ਵਿੱਚ ਵੀ ਭਾਵਨਾਵਾਂ, ਸੰਵੇਦਨਾਵਾਂ ਤੇ ਇੱਕ ਨਰਮ ਦਿਲ ਹੁੰਦਾ ਹੈ। ਕਰੀਨਾ ਨੇ ਕਿਹਾ ਕਿ ਉਹ ਹਮੇਸ਼ਾ ਆਪਣੇ ਕਿਰਦਾਰ ਨੂੰ ਪੂਰੀ ਇਮਾਨਦਾਰੀ ਤੇ ਸੱਚਾਈ ਨਾਲ ਪਰਦੇ 'ਤੇ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਕਿਸੇ ਵੀ ਕਿਰਦਾਰ ਨੂੰ ਸਿਰਫ਼ ਉਸ ਦੇ ਪੇਸ਼ੇ ਜਾਂ ਬਾਹਰੀ ਰੂਪ ਦੇ ਆਧਾਰ 'ਤੇ ਨਹੀਂ ਸਮਝਣਾ ਚਾਹੀਦਾ, ਸਗੋਂ ਉਸ ਦੇ ਅੰਦਰਲੇ ਇਨਸਾਨ ਤੇ ਉਸ ਦੀਆਂ ਭਾਵਨਾਵਾਂ ਨੂੰ ਵੀ ਸਮਝਣਾ ਜ਼ਰੂਰੀ ਹੁੰਦਾ ਹੈ।

ਕਰੀਨਾ ਕਪੂਰ ਦਾ ਕਹਿਣਾ ਹੈ ਕਿ ਮਾਂ ਬਣਨ ਤੋਂ ਬਾਅਦ ਉਸ ਦੀ ਸ਼ਖ਼ਸੀਅਤ ਅਤੇ ਅਦਾਕਾਰੀ ਵਿੱਚ ਇੱਕ ਨਵੀਂ ਪਰਪੱਕਤਾ ਆਈ ਹੈ। ਮਮਤਾ' ਦੇ ਅਨੁਭਵ ਨੇ ਉਸ ਨੂੰ ਪਹਿਲਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਬਣਾਇਆ ਹੈ ਅਤੇ ਉਹ ਆਪਣੇ ਆਪ ਨੂੰ ਹੁਣ ਇੱਕ । ਬਿਹਤਰ ਕਲਾਕਾਰ ਮੰਨਦੀ ਹੈ। ਉਸ ਦਾ ਮੰਨਣਾ ਹੈ ਕਿ ਕਿਸੇ ਵੀ ਕਿਰਦਾਰ ਨੂੰ ਰਵਾਇਤੀ ਸੋਚ ਦੇ ਦਾਇਰੇ ਵਿੱਚ ਬੰਨ੍ਹ ਕੇ ਨਹੀਂ ਦੇਖਣਾ ਚਾਹੀਦਾ। ਹਰ ਕਿਰਦਾਰ ਦੇ ਆਪਣੇ ਵੱਖਰੇ ਰੰਗ ਤੇ ਪਰਤਾਂ ਹੁੰਦੀਆਂ ਹਨ ਅਤੇ ਇੱਕ ਕਲਾਕਾਰ ਲਈ ਉਨ੍ਹਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ ਹੈ। ਅਦਾਕਾਰੀ ਉਸ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਉਹ ਹਰ ਕਿਰਦਾਰ ਨਾਲ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਜੁੜਨ ਦੀ ਕੋਸ਼ਿਸ਼ ਕਰਦੀ ਹੈ। ਭਾਵੇਂ ਉਹ ਇੱਕ ਪ੍ਰਸਿੱਧ ਫਿਲਮੀ ਪਰਿਵਾਰ ਨਾਲ ਸਬੰਧ ਰੱਖਦੀ ਹੈ ਪਰ ਉਸ ਨੇ ਆਪਣੀ ਵੱਖਰੀ ਪਛਾਣ ਆਪਣੀ ਮਿਹਨਤ ਅਤੇ ਕਾਬਲੀਅਤ ਦੇ ਬਲਬੂਤੇ ਬਣਾਈ ਹੈ। ਉਸ ਅਨੁਸਾਰ, ਕਿਸੇ ਵੀ ਕਲਾਕਾਰ ਲਈ ਸਫ਼ਲਤਾ ਦਾ ਕੋਈ ਤੈਅ ਫਾਰਮੂਲਾ ਨਹੀਂ ਹੁੰਦਾ। ਹਰ ਨਵਾਂ ਕਿਰਦਾਰ ਇੱਕ ਨਵੀਂ ਚੁਣੌਤੀ ਲੈ ਕੇ ਆਉਂਦਾ ਹੈ ਅਤੇ ਉਸ ਨੂੰ ਪਰਦੇ 'ਤੇ ਵਿਸ਼ਵਾਸਯੋਗ ਬਣਾਉਣ ਲਈ ਕਲਾਕਾਰ ਨੂੰ ਆਪਣੇ ਅੰਦਰੋਂ ਬਹੁਤ ਕੁਝ ਖੋਜਣਾ ਪੈਂਦਾ ਹੈ। ਆਪਣੇ ਇਸ ਨਵੇਂ ਪ੍ਰੋਜੈਕਟ ਫਿਲਮ ਦਾਇਰਾ ਨਾਲ ਜੁੜਨ ਬਾਰੇ ਕਰੀਨਾ ਨੇ ਦੱਸਿਆ ਕਿ ਜਦੋਂ ਉਸ ਕੋਲਇਸ ਫਿਲਮ ਦੀ ਤਜਵੀਜ਼ ਆਈ ਤਾਂ ਉਹ ਪਹਿਲਾਂ ਹੀ ਹੋਰ ਕੰਮਾਂ ਵਿੱਚ ਰੁੱਝੀ ਹੋਈ ਸੀ ਪਰ ਕਹਾਣੀ ਤੇ ਕਿਰਦਾਰ ਨੇ ਉਸ ਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਉਹ ਇਸ ਪ੍ਰੋਜੈਕਟ ਨਾਲ ਜੁੜਨ ਲਈ ਤਿਆਰ ਹੋ ਗਈ। ਉਸ ਦਾ ਮੰਨਣਾ ਹੈ ਕਿ ਸਮੇਂ ਦੇ ਨਾਲ ਇੱਕ ਕਲਾਕਾਰ ਦਾ ਤਜਰਬਾ ਹੀ ਉਸ ਦੀ ਸਭ ਤੋਂ ਵੱਡੀ ਪੂੰਜੀ ਬਣਦਾ ਹੈ।



## ਆਲੀਆ ਭੱਟ ਦੀ ਫਿਲਮ ਦਾ ਟ੍ਰੇਲਰ ਰਿਲੀਜ਼

**ਮੁੰਬਈ:**ਅਭਿਨੇਤਰੀ ਆਲੀਆ ਭੱਟ ਦਾ ਕਹਿਣਾ ਹੈ ਕਿ ਉਸ ਦੀ ਆਉਣ ਵਾਲੀ ਫਿਲਮ 'ਡੈਂਟ ਬੀ ਸ਼ਾਈ", ਜਿਸ ਦੀ ਉਹ ਨਿਰਮਾਤਾ ਵੀ ਹੈ, ਨੇ ਉਸ ਨੂੰ ਵੱਖਰੀ ਕਿਸਮ ਦੀ ਤਸੱਲੀ ਦਿੱਤੀ ਹੈ ਕਿਉਂਕਿ ਇਸ ਰਾਹੀਂ ਉਸ ਨੂੰ ਚਾਰ ਨਵੇਂ ਕਲਾਕਾਰਾਂ ਅਤੇ ਇੱਕ ਨਵੀਂ ਨਿਰਦੇਸ਼ਕਾ ਨੂੰ ਦਰਸ਼ਕਾਂ ਸਾਹਮਣੇ ਲਿਆਉਣ ਦਾ ਮੌਕਾ ਮਿਲਿਆ ਹੈ। ਆਲੀਆ ਭੱਟ, ਜਿਸ ਨੇ 14 ਸਾਲ ਪਹਿਲਾਂ ਧਰਮਾ ਪ੍ਰੋਡਕਸ਼ਨਜ਼ ਦੀ ਫ਼ਿਲਮ 'ਸਟੂਡੈਂਟ ਆਫ਼ ਦਿ ਈਅਰ' ਨਾਲ ਆਪਣੇ ਫਿਲਮ ਕਰੀਅਰ ਦੀ ਸ਼ੁਰੂਆਤ ਕੀਤੀ ਸੀ, ਨੇ ਇਸ ਫਿਲਮ ਦਾ ਨਿਰਮਾਣ ਆਪਣੀ ਭੈਣ ਸ਼ਾਹੀਨ ਨਾਲ ਮਿਲ ਕੇ ਆਪਣੇ ਬੈਨਰ 'ਇਟਰਨਲ ਸਨਸ਼ਾਈਨ ਪ੍ਰੋਡਕਸ਼ਨ' ਤਹਿਤ ਕੀਤਾ ਹੈ। ਸ੍ਰੀਤੀ ਮੁਖਰਜੀ ਦੀ ਨਿਰਦੇਸ਼ਕ ਵਜੋਂ ਇਹ ਪਹਿਲੀ ਫਿਲਮ ਹੈ, ਜਿਸ ਨੇ ਇਸ ਦੀ ਪਟਕਥਾ ਵੀ ਲਿਖੀ ਹੈ। ਨੌਜਵਾਨਾਂ 'ਤੇ ਆਧਾਰਿਤ ਫਿਲਮ 'ਚ ਚਾਰ ਨਵੇਂ ਕਲਾਕਾਰਾਂ- ਆਰੂਸ਼ੀ ਬਜਾਜ, ਅੰਸ਼ ਦੁੱਗਲ, ਬਿਆਂਕਾ ਅਰੋੜਾ ਅਤੇ ਪੀਯੂਸ਼ ਖਾਤੀ ਨੂੰ ਪੇਸ਼ ਕੀਤਾ ਗਿਆ ਹੈ। ਫਿਲਮ ਵਿੱਚ ਕੁਨਾਲ ਰੌਏ ਕਪੂਰ, ਅਨੁਰਾਗ ਬਾਸੂ, ਨੇਹਾ ਧੂਪੀਆ ਦੀ ਵੀ ਅਹਿਮ ਭੂਮਿਕਾ ਹੈ। ਫਿਲਮ 25 ਸਤੰਬਰ ਨੂੰ ਪ੍ਰਾਈਮ ਵੀਡੀਓ ਉੱਤੇ ਰਿਲੀਜ਼ ਹੋਵੇਗੀ। ਆਲੀਆ ਨੇ ਸ਼ੁੱਕਰਵਾਰ ਸ਼ਾਮ ਇੱਥੇ ਫ਼ਿਲਮ ਦੇ ਟ੍ਰੇਲਰ ਲਾਂਚ ਮੌਕੇ ਕਿਹਾ, "ਇਹ ਸਾਡੇ ਲਈ ਬਹੁਤ ਵੱਡਾ ਪਲ ਹੈ 14 ਸਾਲ ਪਹਿਲਾਂ ਮੈਂ ਇੱਕ ਅਦਾਕਾਰਾ ਵਜੋਂ ਸ਼ੁਰੂਆਤ ਕੀਤੀ ਸੀ। ਅਤੇ 14 ਸਾਲ ਬਾਅਦ, ਮੈਂ ਅੱਜ ਚਾਰ ਨਵੇਂ ਕਲਾਕਾਰਾਂ ਅਤੇ ਇੱਕ ਨਵੀਂ ਨਿਰਦੇਸ਼ਕਾ ਨੂੰ ਪੇਸ਼ ਕਰ ਰਹੀ ਹਾਂ। ਅਤੇ ਮੈਂ ਇਸ ਸਮੇਂ ਉਨ੍ਹਾਂ ਨਾਲੋਂ ਕਿਤੇ ਵੱਧ ਘਬਰਾਹਟ ਮਹਿਸੂਸ ਕਰ ਰਹੀ ਹਾਂ।"

## ਫਿਲਮ 'ਮਿੱਟੀ ਦੇ ਪੁੱਤ' ਦੇ ਕਲਾਕਾਰਾਂ ਨੇ ਰੌਣਕ ਲਾਈ



**ਫਿਰੋਜ਼ਪੁਰ:**ਪੰਜਾਬੀ ਫਿਲਮ 'ਮਿੱਟੀ ਦੇ ਪੁੱਤ ਦੇ ਕਲਾਕਾਰ ਅੱਜ ਫਿਲਮ ਦੇ ਪ੍ਰਚਾਰ ਲਈ ਜੈਨੇਸਿਸ ਡੈਂਟਲ ਐਂਡ ਨਰਸਿੰਗ ਕਾਲਜ ਪਹੁੰਚੇ। ਅਦਾਕਾਰ ਦੇਵ ਖਰੌੜ ਅਤੇ ਹੋਰ ਕਲਾਕਾਰਾਂ ਦੇ ਕਾਲਜ ਕੈਂਪਸ 'ਚ ਪਹੁੰਚਦੇ ਹੀ ਵਿਦਿਆਰਥੀਆਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਸੀ ਏ ਵਰਿੰਦਰ ਮੋਹਨ ਸਿੰਘਲ, ਮੀਨਾਕਸ਼ੀ ਸਿੰਘਲ, ਨਵੀਤਾ ਸਿੰਘਲ ਅਤੇ ਅਰਸ਼ ਸਿੰਘਲ ਵੱਲੋਂ ਫ਼ਿਲਮ ਦੀ ਟੀਮ ਦਾ ਸਵਾਗਤ ਕੀਤਾ ਗਿਆ। ਕਲਾਕਾਰਾਂ ਨੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਫਿਲਮ ਨਾਲ ਜੁੜੇ ਆਪਣੇ ਤਜਰਬੇ ਵੀ ਸਾਂਝੇ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ 18 ਸਤੰਬਰ ਨੂੰ ਰਿਲੀਜ਼ ਹੋਣ ਵਾਲੀ ਫਿਲਮ 'ਮਿੱਟੀ ਦੇ ਪੁੱਤ' ਦੇਖਣ ਅਤੇ ਪੰਜਾਬੀ ਸਿਨੇਮਾ ਨੂੰ 'ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੇ ਕਲਾਕਾਰਾਂ ਨਾਲ ਤਸਵੀਰਾਂ ਖਿਚਵਾਈਆਂ ਅਤੇ ਇਸ ਮੁਲਾਕਾਤ ਨੂੰ ਯਾਦਗਾਰ ਬਣਾਇਆ। ਸੀ ਏ ਵਰਿੰਦਰ ਮੋਹਨ ਸਿੰਘਲ ਨੇ ਕਿਹਾ ਕਿ ਪੰਜਾਬੀ ਸਿਨੇਮਾ ਸਾਡੀ ਮਿੱਟੀ, ਸੱਭਿਆਚਾਰ ਅਤੇ ਵਿਰਾਸਤ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਦਾ ਮਜ਼ਬੂਤ ਮਾਧਿਅਮ ਹੈ। ਉਨ੍ਹਾਂ ਨੇ ਫਿਲਮ 'ਮਿੱਟੀ ਦੇ ਪੁੱਤ' ਦੇ ਕਲਾਕਾਰਾਂ ਨੂੰ ਫਿਲਮ ਦੀ ਰਿਲੀਜ਼ ਲਈ ਸ਼ੁਭਕਾਮਨਾਵਾਂ -ਦਿੱਤੀਆਂ। ਚੇਅਰਮੈਨ ਸਿੰਘਲ ਨੇ ਕਿਹਾ ਕਿ ਕਲਾਕਾਰਾਂ ਦਾ ਵਿਦਿਆਰਥੀਆਂ ਕੋਲ ਪਹੁੰਚਣਾ ਉਨ੍ਹਾਂ ਲਈ ਯਾਦਗਾਰ ਅਨੁਭਵ ਹੁੰਦਾ ਹੈ ਅਤੇ ਇਸ ਨਾਲ ਨੌਜਵਾਨਾਂ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਸਿਨੇਮਾ ਨੂੰ ਨੇੜਿਓਂ ਸਮਝਣ ਦਾ ਮੌਕਾ ਵੀ ਮਿਲਦਾ ਹੈ।




## ਬਰਿਕਸ ਸੰਮੇਲਨ 'ਚ ਕਲਾ ਅਤੇ ਸੱਭਿਆਚਾਰ ਦਾ ਸੁਮੇਲ ਨਜ਼ਰ ਆਇਆ

* 11 ਦੇਸ਼ਾਂ ਦੇ ਕਲਾਕਾਰਾਂ ਨੇ 11 ਦਿਨਾਂ ਵਿੱਚ ਤਿਆਰ ਕੀਤੀ ਕਲਾਕ੍ਰਿਤ

* ਬਰਿਕਸ ਬਾਜ਼ਾਰ ਵਿੱਚ 18 ਦੇਸ਼ਾਂ ਦੇ ਦਸਤਕਾਰਾਂ ਨੇ ਪ੍ਰਦਰਸ਼ਨੀ ਲਾਈ

**ਨਵੀਂ ਦਿੱਲੀ:**ਭਾਰਤ ਦੀ ਮੇਜ਼ਬਾਨੀ ਹੇਠ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਸ਼ੁਰੂ ਹੋਏ ਬਰਿਕਸ ਸੰਮੇਲਨ ਵਿੱਚ ਕਲਾ ਅਤੇ ਸੱਭਿਆਚਾਰ ਦਾ ਸ਼ਾਨਦਾਰ ਸੁਮੇਲ ਦੇਖਣ ਨੂੰ ਮਿਲ ਰਿਹਾ ਹੈ। ਇੱਥੇ ਭਾਰਤ ਦੇ 'ਸੰਗਮ' ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ ਬਰਿਕਸ ਦੇ 11 ਮੈਂਬਰ ਦੇਸ਼ਾਂ ਦੇ ਕਲਾਕਾਰਾਂ ਨੇ ਮਿਲ ਕੇ ਕਲਾਕ੍ਰਿਤ ਤਿਆਰ ਕੀਤੀ ਹੈ, ਜੋ ਆਪਸੀ ਦੋਸਤੀ ਅਤੇ ਸੱਭਿਆਚਾਰਕ ਸਾਂਝ ਦੀ ਪ੍ਰਤੀਕ ਹੈ।

11 ਦਿਨਾਂ ਵਿੱਚ ਤਿਆਰ ਕੀਤੀ ਗਈ ਇਸ ਕਲਾਕ੍ਰਿਤ ਦੇ ਕੇਂਦਰ ਵਿੱਚ ਬਰਿਕਸ ਦਾ ਲੋਗੋ, ਜੈਪੁਰ ਦਾ ਮਸ਼ਹੂਰ ਹਵਾ ਮਹਿਲ ਅਤੇ ਦੋ ਹਾਥੀ ਬਣਾਏ ਗਏ। ਹਨ। ਇਸ ਤੋਂ ਇਲਾਵਾ ਰੂਸ, ਬ੍ਰਾਜ਼ੀਲ ਅਤੇ ਹੋਰ ਮੈਂਬਰ ਦੇਸ਼ਾਂ ਦੀ ਕਲਾ, ਕੁਦਰਤ ਅਤੇ ਵਿਰਾਸਤ ਨੂੰ ਵੀ ਖ਼ੂਬਸੂਰਤੀ ਨਾਲ ਦਰਸਾਇਆ ਗਿਆ ਹੈ। 29 ਅਗਸਤ ਤੋਂ 8 ਸਤੰਬਰ ਤੱਕ ਇਨ੍ਹਾਂ ਕਲਾਕਾਰਾਂ ਨੇ ਇੱਕੋ ਥਾਂ ਇਕੱਠੇ ਕੰਮ ਕਰਦਿਆਂ ਆਪੋ- ਆਪਣੇ ਦੇਸ਼ਾਂ ਦੇ ਖੇਤਰੀ ਡਿਜ਼ਾਈਨਾਂ ਅਤੇ ਰਵਾਇਤੀ ਨਮੂਨਿਆਂ ਨੂੰ ਇੱਕੋ ਕੈਨਵਸ ਉੱਤੇ ਉਤਾਰਿਆ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਇਹ ਕਲਾਕ੍ਰਿਤ ਵੱਖ-ਵੱਖ ਦਰਿਆਵਾਂ ਦੇ ਇੱਕ ਥਾਂ ਮਿਲਣ ਵਾਂਗ ਹੈ, ਜਿੱਥੇ ਵੱਖ-ਵੱਖ ਸੱਭਿਆਚਾਰਾਂ ਦੀ ਏਕਤਾ ਨਜ਼ਰ ਆ ਰਹੀ ਹੈ।



ਸੰਮੇਲਨ ਦੇ ਨਾਲ-ਨਾਲ ਕੌਮੀ ਸ਼ਿਲਪ ਮਿਊਜ਼ੀਅਮ ਵਿੱਚ 'ਬਰਿਕਸ ਬਾਜ਼ਾਰ ਵੀ ਲਾਇਆ ਗਿਆ ਹੈ। ਇੱਥੇ 18 ਮੈਂਬਰ ਅਤੇ ਭਾਈਵਾਲ ਦੇਸ਼ਾਂ ਦੇ ਦਸਤਕਾਰਾਂ ਨੇ ਆਪਣੀ ਕਲਾਕ੍ਰਿਤੀ ਦੀ ਪ੍ਰਦਰਸ਼ਨੀ ਲਾਈ ਹੈ। ਇਨ੍ਹਾਂ ਵਿੱਚ ਬੇਲਾਰੂਸ ਦੀ ਵਿਲੋ ਬੁਣਾਈ, ਬ੍ਰਾਜ਼ੀਲ ਦੀ ਮਿੱਟੀ ਦੀ ਕਲਾ, ਇਰਾਨ ਦੀ ਬਲੋਚੀ ਕਢਾਈ ਅਤੇ ਕਜ਼ਾ ਖ਼ਿਸਤਾਨ ਦੇ ਗਹਿਣੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਹੋਏ ਹਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 3284 Faith Ct San Jose CA 95127
2. 5405 Farina Ln Fremont CA 94538
3. 32432 Deborah Dr Union City CA 94587
4. 5560 Boscell Commom Ter, Fremont, CA 94538
5. 116 Mahogany Ln Union City CA, 94587
6. 2447 Capri Ct Manteca CA 95337
7. 830 Heaven Court Hayward CA 94544
8. 38573 Farwell Drive Fremont CA 94536
9. 4737 Valencia Way Union City CA 94587
10. 333 Raymundo Dr Woodside, CA 94062
11. 3690 Cowell Rd Concord, CA, 94518
12. 4201 Saturn way Union city CA 94587
13. 6746 Sapphire Street Dublin CA 94568
14. 7722 Curry Dr Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20